ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 33 | 26 August 2020 to 01 September 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

➤ ਅੰਦਰ ਪੜ੍ਹੋ

9 ਰਾਜਨੀਤੀ
ਕਾਂਗਰਸ ਵਿਚ ਲੈਟਰ ਬੰਬ 'ਤੇ ਸਿਆਸਤ ਗਰਮਾਈ



14 ਵਿਸ਼ੇਸ਼ ਲੇਖ
"ਅਸੀਂ ਜਿੱਤਾਂਗੇ ਜਾਂ ਮਰ ਜਾਵਾਂਗੇ ਪਰ ਯੁੱਧ ਜਾਰੀ ਰਹੇਗਾ"



23 ਵਿਸ਼ੇਸ਼ ਰਿਪੋਰਟ
ਸੁਮੇਧ ਸੈਣੀ ਨੂੰ ਹੋ ਸਕਦੀ ਏ ਉਮਰ ਕੈਦ ਦੀ ਸਜ਼ਾ !



# ਅਫਰੀਕਨ ਮੂਲ ਦੇ ਬਲੇਕ 'ਤੇ ਪੁਲਸ ਗੋਲੀਬਾਰੀ ਖਿਲਾਫ ਪ੍ਰਦਰਸ਼ਨ ਦੌਰਾਨ ਚੱਲੀ ਗੋਲੀ; 2 ਮੌਤਾਂ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਵਿਸਕੋਨਸਿਨ ਵਿਚ ਐਤਵਾਰ ਵਾਲੇ ਦਿਨ ਅਫਰੀਕੀ ਮੂਲ ਦੇ ਅਮਰੀਕਨ ਨਾਗਰਿਕ ਜੈਕਬ ਬਲੇਕ 'ਤੇ ਪੁਲਸ ਵੱਲੋਂ ਚਲਾਈ ਗੋਲੀ ਦੇ ਵਿਰੁੱਧ ਹੋ ਰਹੇ ਪ੍ਰਦਰਸ਼ਨ ਦੌਰਾਨ ਹਥਿਆਰਬੰਦ ਵਿਅਕਤੀ ਵੱਲੋਂ ਪ੍ਰਦਰਸ਼ਨਕਾਰੀਆਂ 'ਤੇ ਗੋਲੀ ਚਲਾ ਦਿੱਤੀ ਗਈ। ਮੰਗਲਵਾਰ ਰਾਤ ਨੂੰ ਹੋਈ ਇਸ ਘਟਨਾ 'ਚ 2 ਲੋਕਾਂ ਦੀ ਮੌਤ ਹੋ ਗਈ ਹੈ ਅਤੇ ਇਕ ਵਿਅਤਕੀ ਜ਼ਖਮੀ ਦੱਸਿਆ ਜਾ ਰਿਹਾ ਹੈ।

ਕੇਨੋਸ਼ਾ ਪੁਲਸ ਦੇ ਪੀਆਈਓ ਜੋਸੇਫ ਨੋਸਾਲਿਕ ਨੇ ਦੱਸਿਆ ਕਿ ਇਹ ਗੋਲੀਬਾਰੀ ਦੀ ਘਟਨਾ ਰਾਤ 11.45 ਦੇ ਕਰੀਬ ਵਾਪਰੀ। ਜ਼ਖਮੀ ਵਿਅਤਕੀ ਦਾ ਸਥਾਨਕ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ। ਮੀਡੀਆ ਰਿਪੋਰਟਾਂ ਮੁਤਾਬਕ ਗੋਲੀਆਂ ਚਲਾਉਣ ਵਾਲਾ ਵਿਅਕਤੀ ਗੈਸ ਸਟੇਸ਼ਨ ਦਾ ਗਾਰਡ ਸੀ। ਪਰ ਪੁਲਿਸ ਨੇ ਅਧਿਕਾਰਤ ਤੌਰ 'ਤੇ ਦੋਸ਼ੀ ਦੀ ਪੁਸ਼ਟੀ ਨਹੀਂ ਕੀਤੀ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਵਿਚ ਪਿਛਲੇ ਲਗਭਗ ਦੋ ਮਹੀਨਿਆਂ ਤੋਂ ਸੰਸਥਾਗਤ ਨਸਲੀ ਹਿੰਸਾ ਖਿਲਾਫ ਜ਼ਬਰਦਸਤ ਵਿਰੋਧ ਹੋ ਰਿਹਾ ਹੈ। ਐਤਵਾਰ ਨੂੰ ਬਲੇਕ 'ਤੇ ਚੱਲੀ ਪੁਲਿਸ ਗੋਲੀ ਨੇ ਇੱਥੇ ਵਿਰੋਧ ਨੂੰ ਤਿੱਖਾ ਕਰ ਦਿੱਤਾ ਅਤੇ ਪੁਲਿਸ ਤੇ ਪ੍ਰਦਰਸ਼ਨਕਾਰੀਆਂ ਦੌਰਾਨ ਝੜਪਾਂ ਵੀ ਹੋਈਆਂ। ਬਲੇਕ ਦੇ 7 ਗੋਲੀਆਂ ਵੱਜੀਆਂ ਹਨ ਅਤੇ ਉਸਦਾ ਇਲਾਜ ਚੱਲ ਰਿਹਾ ਹੈ। ਬਲੇਕ 'ਤੇ ਪੁਲਸ ਵੱਲੋਂ ਗੋਲੀ ਚਲਾਉਣ ਦੀ ਸਾਰੀ ਘਟਨਾ ਕੈਮਰੇ ਵਿਚ ਰਿਕਾਰਡ ਹੋ ਗਈ ਸੀ। ਬਲੇਕ ਆਪਣੀ ਕਾਰ ਵਿਚ ਬੈਠ ਰਿਹਾ ਸੀ ਜਦੋਂ ਪੁਲਸ ਨੇ ਉਸਦੇ ਗੋਲੀਆਂ ਮਾਰੀਆਂ। ਉਸ ਸਮੇਂ ਕਾਰ ਵਿਚ ਤਿੰਨ ਬੱਚੇ ਵੀ ਮੌਜੂਦ ਸਨ। ਪੁਲਿਸ ਦੀ ਰਿਪੋਰਟ ਮੁਤਾਬਕ ਘਰੇਲੂ ਵਿਵਾਦ ਸਬੰਧੀ ਸ਼ਿਕਾਇਤ ਆਉਣ 'ਤੇ ਪੁਲਸ ਮੌਕੇ 'ਤੇ ਗਈ ਸੀ। ਬਲੇਕ ਦੇ ਵਕੀਲ ਦਾ ਕਹਿਣਾ ਹੈ ਕਿ ਉਹ ਮਹਿਜ਼ ਘਰੇਲੂ ਲੜਾਈ ਨੂੰ ਖਤਮ ਕਰਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਜਦੋਂ ਪੁਲਸ ਆਈ ਤੇ ਉਸ ਦੇ ਗੋਲੀਆਂ ਮਾਰ ਦਿੱਤੀਆਂ ਗਈਆਂ।



## ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ 22 ਸਤੰਬਰ ਨੂੰ ਮਨਾਇਆ ਜਾਵੇਗਾ ਗੁਰੂ ਨਾਨਕ ਪਾਤਸ਼ਾਹ ਦਾ ਜੋਤੀ-ਜੋਤ ਦਿਹਾੜਾ; ਭਾਰਤ ਸਰਕਾਰ ਨੂੰ ਲਾਂਘਾ ਖੋਲ੍ਹਣ ਦੀ ਅਪੀਲ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਲਹਿੰਦੇ ਪੰਜਾਬ ਵਿਚ ਸਥਿਤ ਗੁਰਦੁਰਆਰਾ ਕਰਤਾਰਪੁਰ ਸਾਹਿਬ ਵਿਖੇ ਗੁਰੂ ਨਾਨਕ ਪਾਤਸ਼ਾਹ ਦਾ ਜੋਤੀ ਜੋਤ ਦਿਹਾੜਾ ਮਨਾਉਣ ਦੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਗਈਆਂ ਹਨ। ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਤੋਂ ਬਾਅਦ ਇਹ ਪਹਿਲਾ ਜੋਤੀ ਜੋਤ ਦਿਹਾੜਾ ਆ ਰਿਹਾ ਹੈ।

ਗੁਰੂ ਨਾਨਕ ਪਾਤਸ਼ਾਹ 1539 ਈਸਵੀ ਵਿਚ ਕਰਤਾਰਪੁਰ ਸਾਹਿਬ ਵਿਖੇ ਜੋਤੀ ਜੋਤ ਸਮਾਏ ਸਨ। 22 ਸਤੰਬਰ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਇਸ ਦਿਹਾੜੇ ਦੀ ਯਾਦ ਵਿਚ ਸਮਾਗਮ ਉਲੀਕੇ ਜਾ ਰਹੇ ਹਨ। ਇਸ ਸਬੰਧੀ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਵਕਫ ਬੋਰਡ ਦੀ ਅਹਿਮ ਬੈਠਕ ਹੋਈ। ਪਾਕਿਸਤਾਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਭਾਈ ਸਤਵੰਤ ਸਿੰਘ ਨੇ ਦੱਸਿਆ ਕਿ ਗੁਰੂ ਨਾਨਕ ਪਾਤਸ਼ਾਹ ਦੇ ਜੋਤੀ-ਜੋਤ ਸਮਾਗਮ ਸਬੰਧੀ 20 ਸਤੰਬਰ ਤੋਂ 22 ਸਤੰਬਰ ਤਕ ਸਮਾਗਮ ਉਲੀਕੇ ਜਾਣਗੇ। ਉਹਨਾਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਚੜ੍ਹਦੇ ਪੰਜਾਬ ਤੋਂ ਅਤੇ ਭਾਰਤ ਤੋਂ ਸਿੱਖ ਸੰਗਤਾਂ ਨੂੰ ਇਹਨਾਂ ਸਮਾਗਮਾਂ ਵਿਚ ਸ਼ਾਮਲ ਹੋਣ ਦੀ ਖੁੱਲ੍ਹ ਦਿੱਤੀ ਜਾਵੇ। ਜ਼ਿਕਰਯੋਗ ਹੈ ਕਿ ਕੋਰੋਨਾਵਾਇਰਸ ਕਾਰਨ ਯਾਤਰਾ 'ਤੇ ਲੱਗੀਆਂ ਪਾਬੰਦੀਆਂ ਦੇ ਚਲਦਿਆਂ ਕਰਤਾਰਪੁਰ ਸਾਹਿਬ ਦਾ ਲਾਂਘਾ ਬੰਦ ਕਰ ਦਿੱਤਾ ਗਿਆ ਸੀ। ਪਰ ਪਾਕਿਸਤਾਨ ਸਰਕਾਰ ਨੇ 29 ਜੂਨ ਨੂੰ ਲਾਂਘਾ ਖੋਲ੍ਹਦਿਆਂ ਭਾਰਤ ਨੂੰ ਵੀ ਲਾਂਘਾ ਖੋਲ੍ਹਣ ਲਈ ਕਿਹਾ ਸੀ। ਭਾਰਤ ਸਰਕਾਰ ਨੇ ਫਿਲਹਾਲ ਲਾਂਘਾ ਖੋਲ੍ਹਣ ਦਾ ਕੋਈ ਸੰਕੇਤ ਨਹੀਂ ਦਿੱਤਾ ਹੈ। ਹਲਾਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਕਈ ਵਾਰ ਭਾਰਤ ਸਰਕਾਰ ਨੂੰ ਲਾਂਘਾ ਖੋਲ੍ਹਣ ਲਈ ਕਹਿ ਚੁੱਕੇ ਹਨ। ਪੰਜਾਬ ਦੇ ਕਈ ਸਿਆਸੀ ਆਗੂਆਂ ਵੱਲੋਂ ਵੀ ਲਾਂਘਾ ਖੋਲ੍ਹਣ ਦੀਆਂ ਅਪੀਲਾਂ ਕੀਤੀਆਂ ਜਾ ਚੁੱਕੀਆਂ ਹਨ। ਪਾਕਿਸਤਾਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ ਨੇ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੋਂਗੋਵਾਲ ਨੂੰ ਅਪੀਲ ਕੀਤੀ ਕਿ ਉਹ ਜੋਤੀ-ਜੋਤ ਦਿਹਾੜੇ ਦੇ ਸਮਾਗਮਾਂ ਲਈ ਆਉਣ ਵਾਲੇ ਜਥੇ ਦੀ ਖੁਦ ਅਗਵਾਈ ਕਰਨ। ਉਹਨਾਂ ਭਰੋਸਾ ਦਿਵਾਇਆ ਕਿ ਇਹਨਾਂ ਸਮਾਗਮਾਂ ਵਿਚ ਕੋਰੋਨਾਵਾਇਰਸ ਦੇ ਚਲਦਿਆਂ ਸਾਰੀਆਂ ਸਿਹਤ ਹਦਾਇਤਾਂ ਦਾ ਧਿਆਨ ਰੱਖਿਆ ਜਾਵੇਗਾ।

## ਲੰਡਨ ਵਿੱਚ ਭਾਈ ਜਗਤਾਰ ਸਿੰਘ ਜੱਗੀ ਜੌਹਲ ਦੇ ਹੱਕ ਵਿੱਚ ਕੀਤਾ ਗਿਆ ਭਾਰੀ ਰੋਸ ਮੁਜ਼ਾਹਰਾ

### 'ਵਰਦੇ ਮੀਂਹ ਵਿੱਚ ਦੇਸ਼ ਦੇ ਕੋਨੇ ਕੋਨੇ ਤੋਂ ਪੁੱਜ ਕੇ ਸਿੱਖ ਸੰਗਤਾਂ ਨੇ ਜਤਾਈ ਇੱਕਜੁੱਟਤਾ'

**ਲੰਡਨ/ਏ.ਟੀ.ਨਿਊਜ਼:** ਭਾਈ ਜਗਤਾਰ ਸਿੰਘ ਜੱਗੀ ਜੌਹਲ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਨ ਲਈ ਬਰਤਾਨਵੀ ਪ੍ਰਧਾਨ ਮੰਤਰੀ ਦਾ ਦਫ਼ਤਰ ਦੇ ਬਾਹਰ ਡਾਊਨਿੰਗ ਸਟਰੀਟ ਲੰਡਨ ਵਿਖੇ ਸਿੱਖ ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਇਕੱਤਰ ਹੋ ਕੇ ਅਵਾਜ਼ ਬੁਲੰਦ ਕੀਤੀ ਗਈ। ਗੌਰਤਲਬ ਹੈ ਕਿ ਬਰਤਾਨਵੀ ਨਾਗਰਿਕ ਭਾਈ ਜਗਤਾਰ ਸਿੰਘ ਜੱਗੀ ਜੌਹਲ ਜੋ ਕਿ ਪੰਜਾਬ ਗਿਆ ਸੀ।ਪੰਜਾਬ ਪੁਲਿਸ ਵੱਲੋਂ ਅਗਵਾ ਕਰ ਲਿਆ ਗਿਆ ਜਦੋਂ ਉਹ ਜਲੰਧਰ ਦੇ ਰਾਮਾ ਮੰਡੀ ਵਿਖੇ ਆਪਣੇ ਪਰਿਵਾਰ ਨਾਲ ਖ਼ਰੀਦੋ ਫ਼ਰੋਖ਼ਤ ਕਰ ਰਿਹਾ ਸੀ । ਵੱਖ ਵੱਖ ਠਾਣਿਆਂ ਵਿੱਚ ਰੱਖ ਕੇ ਉਸਤੇ ਭਾਰੀ ਤਸ਼ੱਦਦ ਕਰਨ ਮਗਰੋਂ ਦਸ ਕੇਸਾਂ ਵਿੱਚ ਗ੍ਰਿਫ਼ਤਾਰੀ ਪਾ ਦਿੱਤੀ ਗਈ। ਪੰਜਾਬ ਤੋਂ ਬਾਅਦ ਦਿੱਲੀ ਦੀ ਜੇਲ ਵਿੱਚ ਬੰਦ ਕੀਤਾ ਹੋਇਆ ਹੈ। ਯੂ,ਕੇ ਸਰਕਾਰ ਵੱਲੋਂ ਉਸਦੀ ਰਿਹਾਈ ਲਈ ਠੋਸ ਕਾਰਵਾਈ ਨਹੀਂ ਕੀਤੀ ਜਾ ਰਹੀ ਜਦਕਿ ਉਸਨੂੰ ਪੁਲਿਸ ਅਤੇ ਜੁਡੀਸ਼ੀਅਲ ਹਿਰਾਸਤ ਵਿੱਚ ਤਿੰਨ ਸਾਲ ਦਾ ਸਮਾਂ ਹੋਣ ਵਾਲਾ ਹੈ। ਭਾਈ ਜਗਤਾਰ ਸਿੰਘ ਜੌਹਲ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਨ ਅਤੇ ਸਰਕਾਰ ਨੂੰ ਭਾਈ ਜਗਤਾਰ ਸਿੰਘ ਜੌਹਲ ਦੀ ਰਿਹਾਈ ਲਈ ਠੋਸ ਕਾਰਵਾਈ ਲਈ ਮਜਬੂਰ ਕਰਨ ਲਈ ਸਿੱਖ ਜਥੇਬੰਦੀਆਂ ਵੱਲੋਂ ਭਾਰੀ ਰੋਸ ਮੁਜ਼ਾਹਰਾ ਕੀਤਾ ਗਿਆ । ਕੋਚਾਂ ,ਕਾਰਾਂ ,ਟਰੇਨਾਂ ਰਾਹੀ ਵੱਖ-ਵੱਖ ਸ਼ਹਿਰਾਂ ਤੋਂ ਸਿੱਖ ਸੰਗਤਾਂ ਨੇ ਇਕੱਠੇ ਹੋ ਕੇ ਸਪਸ਼ਟ ਸੁਨੇਹਾ ਦਿੱਤਾ ਕਿ ਅਸੀਂ ਸਭ ਜਗਤਾਰ ਸਿੰਘ ਜੱਗੀ ਜੌਹਲ ਦੇ ਨਾਲ ਹਾਂ । ਭਾਰੀ ਮੀਂਹ ਦੇ ਬਾਵਜੂਦ ਸਿੱਖ ਨੌਜਵਾਨਾਂ, ਸਿੱਖ ਬੀਬੀਆਂ, ਸਿੱਖ ਬਜ਼ੁਰਗਾਂ ਨੇ ਭਾਈ ਜਗਤਾਰ ਸਿੰਘ ਜੱਗੀ ਜੌਹਲ ਨੂੰ ਰਿਹਾਅ ਕਰਵਾਉਣ ਅਤੇ ਵਾਪਸ ਆਪਣੇ ਪਰਿਵਾਰ ਵਿੱਚ ਲਿਆਉਣ ਲਈ ਪ੍ਰਧਾਨ ਮੰਤਰੀ ਨੂੰ ਆਖਿਆ। ਇਸ ਮੌਕੇ ਰੋਸ ਮੁਜ਼ਾਹਰੇ ਨੂੰ ਭਾਈ ਜਗਤਾਰ ਸਿੰਘ ਜੱਗੀ ਜੌਹਲ ਦੇ ਭਰਾ ਭਾਈ ਗੁਰਪ੍ਰੀਤ ਸਿੰਘ ਜੌਹਲ, ਫੈਡਰੇਸ਼ਨ ਸਿੱਖ ਆਰਗੇਨਾਈਜ਼ੇਸ਼ਨ ਯੂ,ਕੇ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ , ਸਿੱਖ ਫੈਡਰੇਸ਼ਨ ਯੂ,ਕੇ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਗਿੱਲ, ਭਾਈ ਦਵਿੰਦਰਜੀਤ ਸਿੰਘ,ਨੈਸ਼ਨਲ ਸਿੱਖ ਫੈਡਰੇਸ਼ਨ ਦੇ ਪ੍ਰਧਾਨ ਭਾਈ ਸਮਸ਼ੇਰ ਸਿੰਘ, ਸਿੱਖ ਯੂਥ ਯੂ,ਕੇ ਦੇ ਭਾਈ ਦੀਪਾ ਸਿੰਘ, ਗੁਰਦਵਾਰਾ ਗੁਰੂ ਤੇਗ ਬਹਾਦਰ ਸਾਹਿਬ ਲੈਸਟਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਰਾਜਮਨਵਿੰਦਰ ਸਿੰਘ ਕੰਗ, ਭਾਈ ਕੈਮ ਸਿੰਘ, ਭਾਈ ਅਵਤਾਰ ਸਿੰਘ ਖੰਡਾ , ਭਾਈ ਅਵਤਾਰ ਸਿੰਘ ਲਿੱਧੜ ਡਰਬੀ, ਭਾਈ ਜੱਸ ਸਿੰਘ ਡਰਬੀ, ਸਿੱਖ ਕੌਂਸਲ ਦੇ ਸਕੱਤਰ ਜਨਰਲ ਭਾਈ ਜਤਿੰਦਰ ਸਿੰਘ, ਭਾਈ ਸਰਬਜੀਤ ਸਿੰਘ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਰਜਿਸਟਰਡ, ਭਾਈ ਰਜਿੰਦਰ ਸਿੰਘ ਚਿੱਟੀ ਅਤੇ ਭਾਈ ਜਸਪਾਲ ਸਿੰਘ ਬੈਂਸ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ , ਭਾਈ ਅਮਰਜੀਤ ਸਿੰਘ ਖਾਲੜਾ ਸਮੇਤ ਸਿੱਖ ਬੀਬੀਆਂ ਨੇ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਨੂੰ ਅਪੀਲ ਕੀਤੀ ਕਿ ਭਾਰਤ ਸਰਕਾਰ ਤੇ ਕੂਟਨੀਤਕ ਦਬਾਅ ਬਣਾ ਕੇ ਜਗਤਾਰ ਸਿੰਘ ਜੌਹਲ ਦੀ ਰਿਹਾਈ ਕਰਵਾਏ । ਸਿੱਖ ਨੌਜਵਾਨਾਂ ਅਤੇ ਸਿੱਖ ਬੀਬੀਆਂ ਨੇ ਵੱਡੀ ਗਿਣਤੀ ਵਿੱਚ ਰੋਸ ਮੁਜ਼ਾਹਰੇ ਵਿੱਚ ਸ਼ਮੂਲੀਅਤ ਕਰਕੇ ਦਰਸਾ ਦਿੱਤਾ ਕਿ ਜਗਤਾਰ ਸਿੰਘ ਜੱਗੀ ਜੌਹਲ ਦੀ ਰਿਹਾਈ ਲਈ ਯਤਨ ਜਾਰੀ ਰੱਖਣਗੇ। ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਅਵਤਾਰ ਸਿੰਘ ਖੰਡਾ ਨੇ ਮੋਗਾ ਦੇ ਜ਼ਿਲਾ ਕੰਪਲੈਕਸ ਤੇ ਖ਼ਾਲਿਸਤਾਨ ਦਾ ਝੰਡਾ ਲਗਾਉਣ ਵਾਲੇ ਸਿੱਖ ਨੌਜਵਾਨ ਦੀ ਭੈਣ, ਛੋਟੇ ਭਰਾ ਅਤੇ ਪੰਜ ਸਿੱਖ ਨੌਜਵਾਨਾਂ ਦੀ ਮੋਗਾ ਪੁਲਿਸ ਵੱਲੋਂ ਗ੍ਰਿਫ਼ਤਾਰ ਕਰਨ ਦੀ ਸਖ਼ਤ ਨਿਖੇਧੀ ਕੀਤੀ ਗਈ। ਪੁਲਿਸ ਦੀ ਇਸ ਧੱਕੜ ਅਤੇ ਜ਼ਾਲਮਾਨਾ ਕਾਰਵਾਈ ਨੂੰ ਮੁਗ਼ਲੀਆ ਹਕੂਮਤ ਦੇ ਜ਼ੁਲਮਾਂ ਦਾ ਰੂਪ ਕਰਾਰ ਦਿੱਤਾ ਗਿਆ।








City of Burnaby

OFFICE OF THE MAYOR

Proclamation

JASWANT SINGH KHALRA DAY

Whereas Jaswant Singh Khalra was a strong advocate for the democratic and civil rights of the people and a highly respected leader of the Sikh community; and

WHEREAS Jaswant Singh Khalra died fighting for the human rights and dignity of the Sikhs and others; and

WHEREAS September 6 is historically important date recognized by the Sikhs and South Asians all across Canada each year in commemoration of his death in 1995; and

WHEREAS the City of Burnaby honours the Sikh history and culture, Jaswant Singh Khalra's place in South Asian history, and the City's valued relationship with the Sikh community and its strong commitment to social justice.

NOW THEREFORE I, MIKE HURLEY, MAYOR OF BURNABY, DO HEREBY PROCLAIM SEPTEMBER 6 AS

"JASWANT SINGH KHALRA DAY"

IN THE CITY OF BURNABY.

Dated this Twenty-fourth Day of August, 2020 A.D.

Mike Hurley
MAYOR

# ਯੂ.ਐੱਸ. ਕਾਂਗਰਸ ਦੇ ਮਤੇ ਦਾ ਹਿੰਦੂਆਂ ਅਤੇ ਹੋਰਨਾਂ ਫ਼ਿਰਕਿਆਂ ਪ੍ਰਤੀ ਕੀਤੇ ਗਏ ਅੱਤਵਾਦੀ ਹਮਲਿਆਂ ਦੀ ਨਿੰਦਾ ਕਰਦੇ ਹੋਏ ਸਿੱਖ ਸਵਾਗਤ ਕਰਦੇ ਹਨ

## ਅਮਰੀਕਾ ਦੇ ਸਿੱਖਾਂ ਨੇ ਇਸ ਕਦਮ ਨਾਲ ਖ਼ੁਸ਼ੀ ਜ਼ਾਹਿਰ ਕੀਤੀ ਅਤੇ ਸਿੱਖ ਕਮੇਟੀ ਦੀ ਤਰਫ਼ੋਂ ਡਾਕਟਰ ਸੁਰਿੰਦਰ ਗਿੱਲ ਨੇ ਘੱਟਗਿਣਤੀ ਭਾਈਚਾਰਿਆਂ ਦੀ ਰਾਖੀ ਲਈ ਕੀਤੇ ਜਾ ਰਹੇ ਠੋਸ ਉਪਰਾਲੇ ਲਈ ਕਾਂਗਰਸ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।

***- ਕਾਂਗ੍ਰੇਸਮੈਨ ਜੈਕੀ ਸਪੀਅਰ ਨੇ ਇੱਕ ਹਾਊਸ ਰੈਜ਼ੋਲੂਸ਼ਨ ਪੇਸ਼ ਕੀਤਾ ਸੀ ਜੋ ਲੜਾਈ ਤੋਂ ਪ੍ਰਭਾਵਿਤ ਅ.ਫ.ਗਾਨਿਸਤਾਨ ਵਿੱਚ ਸਿੱਖ, ਹਿੰਦੂ ਅਤੇ ਹੋਰ ਧਾਰਮਿਕ ਘੱਟਗਿਣਤੀ ਭਾਈਚਾਰਿਆਂ ਵਿਰੁੱਧ ਕੀਤੇ ਗਏ ਅੱਤਵਾਦੀ ਹਮਲਿਆਂ ਦੀ ਨਿੰਦਾ ਕਰਦਾ ਹੈ।***

***-ਪ੍ਰਤੀਨਿਧ ਸਦਨ ਨੇ ਐੱਚ. ੧੦੮੫ ਅਤੇ ਇਨਾਂ ਘੱਟਗਿਣਤੀ ਭਾਈਚਾਰਿਆਂ ਦੀ ਸੁਰੱਖਿਆ ਲਈ ਚਿੰਤਾ ਜ਼ਾਹਿਰ ਕੀਤੀ।***

***- ਸਦਨ ਨੇ ਸੰਯੁਕਤ ਰਾਜ ਵਿਚ ਅ.ਫ.ਗਾਨਿਸਤਾਨ ਤੋਂ ਸਿੱਖਾਂ ਅਤੇ ਹਿੰਦੂਆਂ ਦੇ ਮੁੜ ਵਸੇਬੇ ਲਈ ਵੀ ਆਪਣੀ ਆਵਾਜ਼ ਬੁਲੰਦ ਕੀਤੀ।***

**ਵਾਸ਼ਿੰਗਟਨ//ਏ.ਟੀ.ਨਿਊਜ਼:** ਇਸ ਹਫ਼ਤੇ ਦੇ ਸ਼ੁਰੂ ਵਿਚ ਅਮਰੀਕੀ ਕਾਂਗਰਸ ਦੁਆਰਾ ਲਿਆਂਦੇ ਗਏ ਮਤੇ ਦਾ ਘੱਟ ਗਿਣਤੀ ਭਾਈਚਾਰਿਆਂ ਨਾਲ ਕੀਤੇ ਗਏ ਧਾਰਮਿਕ ਅੱਤਿਆਚਾਰਾਂ ਅਤੇ ਅੱਤਿਆਚਾਰਾਂ ਦੀ ਨਿੰਦਾ ਕਰਦਿਆਂ ਅਮਰੀਕਾ ਵਿਚ ਸਿੱਖਾਂ ਨੇ ਪੂਰੇ ਦਿਲ ਨਾਲ ਸਵਾਗਤ ਕੀਤਾ ਹੈ ਅਤੇ ਕਾਂਗਰਸ ਦੇ ਮੈਂਬਰਾਂ ਦਾ ਅਫ਼ਗਾਨਿਸਤਾਨ ਵਿਚ ਹਿੰਦੂਆਂ ਅਤੇ ਸਿੱਖਾਂ ਨੂੰ ਬਚਾਉਣ ਦੀ ਕੋਸ਼ਿਸ਼ ਲਈ ਧੰਨਵਾਦ ਕੀਤਾ ਹੈ।

ਕਾਂਗਰਸ ਦੇ ਮੈਂਬਰ ਜੈਕੀ ਸਪੀਅਰ ਨੇ ਇੱਕ ਹਾਊਸ ਰੈਜ਼ੋਲੂਸ਼ਨ ਪੇਸ਼ ਕੀਤਾ ਸੀ ਜੋ ਲੜਾਈ ਤੋਂ ਪ੍ਰਭਾਵਿਤ ਅਫ਼ਗਾਨਿਸਤਾਨ ਵਿੱਚ ਸਿੱਖ, ਹਿੰਦੂ ਅਤੇ ਹੋਰ ਧਾਰਮਿਕ ਘੱਟਗਿਣਤੀ ਭਾਈਚਾਰਿਆਂ ਖ਼ਿਲਾਫ਼ ਕੀਤੇ ਗਏ ਅੱਤਵਾਦੀ ਹਮਲਿਆਂ ਦੀ ਨਿੰਦਾ ਕਰਦਾ ਹੈ।

ਇਸ ਮਤੇ ਨੇ ਅਫ਼ਗਾਨਿਸਤਾਨ ਵਿਚ ਸਿੱਖਾਂ ਅਤੇ ਹਿੰਦੂਆਂ ਲਈ ਸ਼ਰਨਾਰਥੀ ਸੁਰੱਖਿਆ ਦੀ ਵਿਵਸਥਾ ਕੀਤੀ, ਜਿਸ ਨਾਲ ਵਿਤਕਰਾ, ਧਾਰਮਿਕ ਅੱਤਿਆਚਾਰ ਅਤੇ ਇਨਾਂ ਭਾਈਚਾਰਿਆਂ ਦੇ ਹੋਂਦ ਵਿਚ ਆਏ ਖ਼ਤਰੇ ਦੇ ਮੈਂਬਰਾਂ ਨੂੰ ਦਿਨੋਂ-ਦਿਨ ਸਾਹਮਣਾ ਕਰਨਾ ਪੈਂਦਾ ਹੈ।

ਪ੍ਰਤੀਨਿਧ ਸਦਨ ਨੇ ਐੱਚ-1085 ਅਤੇ ਅਫ਼ਗਾਨਿਸਤਾਨ ਵਿੱਚ ਇਨਾਂ ਘੱਟਗਿਣਤੀ ਭਾਈਚਾਰਿਆਂ ਦੀ ਸੁਰੱਖਿਆ ਲਈ ਚਿੰਤਾ ਜ਼ਾਹਿਰ ਕੀਤੀ।

ਇਸ ਕਦਮ ਨਾਲ ਅਮਰੀਕਾ ਦੇ ਸਿੱਖਾਂ ਨੇ ਖ਼ੁਸ਼ੀ ਜ਼ਾਹਿਰ ਕੀਤੀ ਅਤੇ ਸਿੱਖ ਕਮੇਟੀ ਦੀ ਤਰਫ਼ੋਂ ਹਰਪ੍ਰੀਤ ਸਿੰਘ ਸੰਧੂ ਨੇ ਹਿੰਦੂ ਅਤੇ ਸਿੱਖ ਪਰਿਵਾਰਾਂ ਦੀ ਰਾਖੀ ਲਈ ਕੀਤੇ ਜਾ ਰਹੇ ਇਸ ਠੋਸ ਉਪਰਾਲੇ ਲਈ ਕਾਂਗਰਸ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।

ਡਾਕਟਰ ਸੁਰਿੰਦਰ ਸਿੰਘ ਗਿੱਲ ਚੇਅਰਮੈਨ ਸਿੱਖ ਕਮਿਊਨਿਟੀ ਸੈਂਟਰ ਨੇ ਕਿਹਾ ਕਿ ਘੱਟਗਿਣਤੀਆਂ ਦੀ ਦੁਰਦਸ਼ਾ ਨੂੰ ਉਜਾਗਰ ਕਰਨ ਅਤੇ ਉਨਾਂ ਨੂੰ ਅਮਰੀਕਾ ਵਿੱਚ ਸ਼ਰਨਾਰਥੀ ਵਜੋਂ ਲਿਆਉਣ ਦੇ ਯਤਨ ਲਈ ਅਸੀਂ ਕਾਂਗਰਸ ਦਾ ਧੰਨਵਾਦ ਕਰਦੇ ਹਾਂ।

ਅਮਰੀਕਨ ਸਿੱਖਾਂ ਤੇ ਨਿਰਦੇਸ਼ਕਾਂ ਨੇ ਸਾਰੀਆਂ ਕੱਕਸ ਚੇਅਰਾਂ, ਕਾਂਗਰਸ ਦੇ ਮੈਂਬਰਾਂ ਅਤੇ ਸੈਨੇਟਰਾਂ ਨੂੰ ਤੁਰੰਤ ਮਨੁੱਖਤਾਵਾਦੀ ਅਧਾਰ ਤੇ ਕਦਮ ਚੁੱਕਣ ਦੀ ਅਪੀਲ ਕੀਤੀ। ਉਨਾਂ ਕਿਹਾ, ਅਮਰੀਕਾ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਜੀਵਨ ਦੀ ਪਵਿੱਤਰਤਾ ਨੂੰ ਕਾਇਮ ਰੱਖੇ ਅਤੇ ਅਫ਼ਗਾਨ ਸਿੱਖਾਂ ਅਤੇ ਹਿੰਦੂਆਂ ਨੂੰ ਧਾਰਮਿਕ ਬਰਾਬਰੀ, ਸੁਰੱਖਿਆ, ਆਜ਼ਾਦੀ ਅਤੇ ਖ਼ੁਸ਼ਹਾਲੀ ਦੀ ਭਾਲ ਲਈ ਅਸਲ ਮੌਕਾ ਦੇਵੇ।

ਪ੍ਰਤੀਨਿਧ ਸਦਨ ਨੇ ਇਮੀਗ੍ਰੇਸ਼ਨ ਐਂਡ ਨੈਸ਼ਨਲਿਟੀ ਐਕਟ (8 ਯੂ.ਐੱਸ. ਸੀ. 1157) ਦੀ ਧਾਰਾ 207 ਦੇ ਅਨੁਸਾਰ, ਸੰਯੁਕਤ ਰਾਜ ਅਮਰੀਕਾ ਦੇ ਸ਼ਰਨਾਰਥੀ ਦਾਖ਼ਲੇ ਪ੍ਰੋਗਰਾਮ ਦੇ ਇੱਕ ਹਿੱਸੇ ਵਜੋਂ, ਸੰਯੁਕਤ ਰਾਜ ਵਿੱਚ ਅਫ਼ਗਾਨਿਸਤਾਨ ਤੋਂ ਸਿੱਖਾਂ ਅਤੇ ਹਿੰਦੂਆਂ ਦੇ ਮੁੜ ਵਸੇਬੇ ਲਈ ਆਪਣੀ ਆਵਾਜ਼ ਵਧਾ ਦਿੱਤੀ।

ਇਨਾਂ ਪਰਿਵਾਰਾਂ ਦੇ ਲਚਕੀਲੇਪਣ ਤੇ ਹੈਰਾਨ ਹਾਂ ਜਿਨਾਂ ਨੂੰ ਨਿਰਾਸ਼ਾ ਦੇ ਬਾਵਜੂਦ ਵੀ ਭਰੋਸਾ ਅਤੇ ਉਮੀਦ ਹੈ।ਇਹ ਬਹੁਤ ਵੱਡੀ ਬੇਇਨਸਾਫ਼ੀ ਹੋਵੇਗੀ ਜੇ ਅਸੀਂ ਉਨਾਂ ਦੀ ਮੁਸੀਬਤਾਂ ਦੇ ਸਾਹਮਣੇ ਅੱਖਾਂ ਬੰਦ ਕਰ ਲੈਂਦੇ ਹਾਂ।

ਯੂਨਾਈਟਿਡ ਸਿੱਖਸ ਦੇ ਐਡਵੋਕੇਟ ਡਾਇਰੈਕਟਰ ਜਸਮੀਤ ਸਿੰਘ ਨੇ ਕਿਹਾ ਕਿ ਅਮਰੀਕਾ ਇਕ ਅਜਿਹਾ ਸਥਾਨ ਹੈ ਜੋ ਉਨਾਂ ਨੂੰ ਇਕ ਮੌਕਾ ਅਤੇ ਘਰ ਦੇਵੇਗਾ।

# ਰਾਜਸਥਾਨ ਅਦਾਲਤ ਨੇ ਜਗਮੋਹਨ ਸਿੰਘ ਨੂੰ ਯੁਆਪਾ ਤਹਿਤ 8 ਉਮਰ ਕੈਦਾਂ ਸੁਣਾਈਆਂ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਲੰਘੇ ਦਿਨ ਰਾਜਸਥਾਨ ਦੀ ਇੱਕ ਅਦਾਲਤ ਵੱਲੋਂ ਬੰਦੀ ਸਿੰਘ ਜਗਮੋਹਨ ਸਿੰਘ ਅਤੇ ਦੋ ਹੋਰਾਂ ਨੂੰ ਯੁਆਪਾ ਕਾਨੂੰਨ ਤਹਿਤ ਚੱਲੇ ਇੱਕ ਮੁਕੱਦਮੇ ਵਿੱਚ ਅੱਠ ਉਮਰ ਕੈਦਾਂ ਦੀ ਸਜ਼ਾ ਸੁਣਾਈ ਗਈ ਹੈ।

ਇਸ ਫੈਸਲੇ ਬਾਰੇ ਪਤਾ ਲੱਗਣ ਉੱਤੇ ਜਦੋਂ ਸਿੱਖ ਸਿਆਸਤ ਵੱਲੋਂ ਬੰਦੀ ਸਿੰਘਾਂ ਦੀ ਸੂਚੀ ਬਣਾਉਣ ਵਾਲੇ ਵਕੀਲ ਜਸਪਾਲ ਸਿੰਘ ਮੰਝਪੁਰ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਰਾਜਸਥਾਨ ਦੀ ਅਦਾਲਤ ਇਸ ਮਾਮਲੇ ਦਾ ਮੁਕਦਮਾ ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ ਯੁਆਪਾ, ਹਥਿਆਰਾਂ ਅਤੇ ਬਾਰੂਦ ਦੀ ਬਰਾਮਦਗੀ, ਅਸਲਾ ਕਾਨੂੰਨ ਬਾਰੂਦ ਅਤੇ ਧਮਾਕਾ ਖੇਜ ਸਮੱਗਰੀ ਕਾਨੂੰਨ ਅਤੇ ਇੰਡੀਅਨ ਪੀਨਲ ਕੋਡ ਤਹਿਤ ਚੱਲਿਆ ਜਿਸ ਦਾ ਫ਼ੈਸਲਾ ਮੰਗਲਵਾਰ 25 ਅਗਸਤ ਨੂੰ ਸੁਣਾਇਆ ਗਿਆ।

ਉਨ੍ਹਾਂ ਦੱਸਿਆ ਕਿ ਜਗਮੋਹਨ ਸਿੰਘ ਖ਼ਿਲਾਫ਼ ਪੰਜਾਬ ਵਿੱਚ ਵੀ ਕੁਝ ਮਾਮਲੇ ਚੱਲ ਰਹੇ ਸਨ ਜਿਹਨਾਂ ਵਿੱਚੋਂ ਫਰਵਰੀ 2015 ਵਿੱਚ ਰੁਲਦਾ ਸਿੰਘ ਮਾਮਲੇ ਚ ਪਟਿਆਲਾ ਦੀ ਅਦਾਲਤ ਵੱਲੋਂ ਜਗਮੋਹਨ ਸਿੰਘ ਤੇ ਹੋਰਾਂ ਨੂੰ ਬਰੀ ਕਰ ਦਿੱਤਾ ਗਿਆ ਸੀ।

ਰਾਜਸਥਾਨ ਦੀ ਅਦਾਲਤ ਵਿੱਚ ਚੱਲੇ ਉਕਤ ਮਾਮਲੇ ਬਾਰੇ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਇਹ ਮਾਮਲਾ ਸਿਰਫ ਬਰਾਮਦਗੀ ਦੇ ਆਧਾਰ ਉੱਤੇ ਹੀ ਦਰਜ ਕੀਤਾ ਗਿਆ ਸੀ ਅਤੇ ਇਸ ਮਾਮਲੇ ਵਿੱਚ ਕੋਈ ਵੀ ਵਾਰਦਾਤ ਜਾਂ ਘਟਨਾ ਨਹੀਂ ਸੀ ਵਾਪਰੀ।

ਉਨ੍ਹਾਂ ਕਿਹਾ ਕਿ ਇਹੋ ਜਿਹੇ ਹੀ ਬਰਾਮਦਗੀ ਦੇ ਇੱਕ ਹੋਰ ਮਾਮਲੇ ਵਿੱਚ ਪੰਜਾਬ ਦੀ ਇੱਕ ਅਦਾਲਤ ਵੱਲੋਂ ਜਗਮੋਹਨ ਸਿੰਘ ਨੂੰ ਯੁਆਪਾ ਕਾਨੂੰਨ ਤਹਿਤ ਦਸ ਸਾਲ ਦੀ ਸਜ਼ਾ ਸੁਣਾਈ ਗਈ ਸੀ ਪਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਹੇਠਲੀ ਅਦਾਲਤ ਦੇ ਫੈਸਲੇ ਨੂੰ ਚੁਣੌਤੀ ਦੇਣ ਤੋਂ ਬਾਅਦ ਹਾਈ ਕੋਰਟ ਨੇ ਜਗਮੋਹਨ ਸਿੰਘ ਨੂੰ ਯੁਆਪਾ



ਕਾਨੂੰਨ ਦੇ ਦੋਸ਼ਾਂ ਵਿੱਚੋਂ ਬਰੀ ਕਰ ਦਿੱਤਾ ਸੀ।

ਸਿਰਫ ਬਰਾਮਦਗੀ ਦੇ ਆਧਾਰ ਉੱਪਰ ਅਤੇ ਬਿਨਾਂ ਕਿਸੇ ਵਾਰਦਾਤ ਦੇ ਵਾਪਰਨ ਤੋਂ ਯੁਆਪਾ ਜਿਹੇ ਕਾਨੂੰਨ ਤਹਿਤ ਸਜ਼ਾ ਸੁਣਾਏ ਜਾਣਾ ਕਾਨੂੰਨੀ ਤੌਰ ਉੱਪਰ ਸੁਆਲਾਂ ਦੇ ਘੇਰੇ ਵਿੱਚ ਹੈ ਇਸ ਲਈ ਇਸ ਮਾਮਲੇ ਦੇ ਫੈਸਲੇ ਦੀ ਪੜਤਾਲ ਕਰਨ ਤੋਂ ਬਾਅਦ ਰਾਜਸਥਾਨ ਹਾਈ ਕੋਰਟ ਵਿੱਚ ਅਪੀਲ ਦਾਖ਼ਲ ਕੀਤੀ ਜਾਵੇਗੀ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਕਿਹਾ।

ਜ਼ਿਕਰਯੋਗ ਹੈ ਕਿ ਫੈਸਲਾ ਸੁਣਾਉਣ ਵਾਲੀ ਬਾੜਮੇਰ ਅਦਾਲਤ ਵੱਲੋਂ ਕਿਹਾ ਗਿਆ ਹੈ ਕਿ ਇਸ ਫ਼ੈਸਲੇ ਵਿੱਚ ਸੁਣਾਈਆਂ ਗਈਆਂ ਸਾਰੀਆਂ ਸਜ਼ਾਵਾਂ ਇਕੱਠੀਆਂ ਹੀ ਚੱਲਣਗੀਆਂ ਅਤੇ ਅਦਾਲਤ ਵੱਲੋਂ ਉਮਰ ਕੈਦ ਦੀ ਮਿਆਦ ਚੌਦਾਂ ਸਾਲ ਮਿੱਥੀ ਗਈ ਹੈ।

ਦੱਸ ਦੇਈਏ ਕਿ ਇਸ ਮਾਮਲੇ ਵਿੱਚ ਇੰਡੀਅਨ ਪੁਲਿਸ ਵੱਲੋਂ ਇੰਗਲੈਂਡ ਵਾਸੀ ਪਰਮਜੀਤ ਸਿੰਘ ਪੰਮਾ ਨੂੰ ਵੀ ਨਾਮਜ਼ਦ ਕੀਤਾ ਗਿਆ ਸੀ ਅਤੇ ਇਸੇ ਮਾਮਲੇ ਦੇ ਆਧਾਰ ਉੱਪਰ ਇੰਡੀਆ ਦੇ ਸਰਕਾਰ ਨੇ ਬਰਤਾਨੀਆ ਕੋਲੋਂ ਪਰਮਜੀਤ ਸਿੰਘ ਪੰਮਾ ਦੀ ਹਵਾਲਗੀ ਮੰਗੀ ਸੀ।

# ਬੌਬੀ ਸਿੰਘ ਐਲਨ ਐਲਕ ਗਰੋਵ ਦੀ ਮੇਅਰ ਵਜੋਂ ਉਮੀਦਵਾਰ, ਪੰਜਾਬੀ ਭਾਈਚਾਰੇ ਵੱਲੋਂ ਹਰ ਸੰਭਵ ਮਦਦ। ਜਿੱਤਣ ਦੇ ਅਸਾਰ।

**ਸੈਕਰਾਮੈਂਟੋ, ਕੈਲੇਫੋਰਨੀਆ/ਹੁਸਨ ਲੜੋਆ ਬੰਗਾ:** ਸੈਕਰਾਮੈਂਟੋ ਦੇ ਲਾਗਲੇ ਸ਼ਹਿਰ ਐਲਕ ਗਰੋਵ ਦੀ ਸਕੂਲ ਟਰੱਸਟੀ ਬੌਬੀ ਸਿੰਘ ਐਲਨ ਐਤਕਾਂ ਮੇਅਰ ਦੀ ਚੋਣ ਲਈ ਖੜੀ ਹੈ ਜਿਸਦਾ ਪੰਜਾਬੀ ਭਾਈਚਾਰੇ ਨਾਲ ਗਹਿਰਾ ਤੁਅੱਲਕ ਹੈ ਉਸਦੇ ਪਿਤਾ ਭਾਈਚਾਰੇ ਵਿੱਚ ਵਿਚਰਨ ਵਾਲੇ ਲਖਵਿੰਦਰ ਸਿੰਘ ਉਰਫ਼ ਲੱਖੀ ਸਿੰਘ ਜਲੰਧਰ ਸ਼ਹਿਰ ਨਾਲ ਸਬੰਧ ਰੱਖਦੇ ਹਨ। ਬੌਬੀ ਸਿੰਘ ਹੋਟਲ ਮੋਟਲ ਐਸੋਸੀਏਸ਼ਨ ਦੀ ਵਾਇਸ ਪ੍ਰੈਜ਼ੀਡੈਂਟ ਵੀ ਹੈ ਤੇ ਲਾਅ ਡਿਗਰੀ ਹੋਲਡਰ ਹੈ।

ਇਸ ਵਾਰ ਉਸਦਾ ਸਿੱਧਾ ਮੁਕਾਬਲਾ ਪੁਰਾਣੇ ਮੇਅਰ ਸਟੀਵ ਲੀ ਨਾਲ ਹੈ ਭਾਵੇਂ ਕੁਲ ਛੇ ਉਮੀਦਵਾਰ ਮੇਅਰ ਦੀ ਚੋਣ ਲੜ ਰਹੇ ਸਨ ਪਰ ਤਿੰਨਾਂ ਨੇ ਬੌਬੀ ਸਿੰਘ ਐਲਨ ਦੇ ਪੱਖ ਚ ਬੈਠਣ ਦਾ ਐਲਾਨ ਵੀ ਕਰ ਦਿੱਤਾ ਹੈ। ਇਸ ਤੋਂ ਇਲਾਵਾ ਕਈ ਸੰਸਥਾਵਾਂ ਤੇ ਸਥਾਨਿਕ ਤੇ ਕੇਂਦਰੀ ਆਗੂਆਂ ਤੋਂ ਵੀ ਇਨਡੋਰਸਮੈਂਟ ਮਿਲ ਗਈ ਹੈ, ਜਿਨਾਂ ਚ ਸੈਨੇਟਰ ਰਿਚਰਡ ਪੈਨ, ਕਾਂਗਰਸਮੈਨ ਐਮੀ ਬੇਰਾ, ਅਸੈਂਬਲੀਮੈਂਨ ਜਿੰਮ ਕੂਪਰ, ਅਸੈਂਬਲੀਮੈਂਨ ਐਸ਼ ਕਾਲੜਾ, ਸੈਕਰਾਮੈਂਟੋ ਮੇਅਰ ਡੈਰਲ ਸਟੀਨਬਰਗ, ਟੀਚਰ ਅਸੋਸੀਏਸ਼ਨ, ਐਲਕ ਗਰੋਵ ਪੁਲੀਸ ਡਿਪਾਰਟਮੈਂਟ ਆਦਿ ਬੌਬੀ ਸਿੰਘ ਦੀ ਮਦਦ ਲਈ ਅੱਗੇ ਆਏ ਹਨ। ਬੌਬੀ ਸਿੰਘ ਨੇ ਮੌਜੂਦਾ ਮੇਅਰ ਸਟੀਵ ਲੀ ਉੱਪਰ ਗੰਭੀਰ ਦੋਸ਼ ਲਗਾਉਂਦਿਆਂ ਕਿਹਾ ਕਿ ਹਿਰਾਸਮੈਂਟ ਤੇ ਹੋਰ ਕੇਸਾਂ ਦਾ ਸਾਹਮਣਾ ਕਰ ਰਹੇ ਸਟੀਵ ਲੀ ਉਹ ਤੀਜੀ ਵਾਰ ਮੇਅਰ ਦੇ ਉਮੀਦਵਾਰ ਕਿਵੇਂ ਹੋ ਸਕਦੇ ਹਨ। ਪੰਜਾਬੀ ਭਾਈਚਾਰੇ ਨੇ ਬੌਬੀ ਸਿੰਘ ਲਈ ਫ਼ੰਡ ਰੇਜਿੰਗ ਦਾ ਵੀ ਪ੍ਰਬੰਧ ਕੀਤਾ ਹੈ। ਉਸਨੇ ਕਿਹਾ ਕਿ ਉਹ ਐਲਕ ਗਰੋਵ ਦੀ ਤਰੱਕੀ ਚ ਆਈ ਖੜੋਤ ਅਤੇ ਸਕੂਲਾਂ ਦੀ ਸਥਿਤੀ ਦੇ ਨਾਲ ਨਾਲ ਸਿਟੀ ਹਾਲ ਵਿੱਚ ਚੰਗੀ ਗਵਰਨੈਂਸ ਨੂੰ ਮੁੜ ਬਹਾਲ ਕਰੇਗੀ। ਦੂਸਰੇ ਪਾਸੇ ਉਨਾਂ ਸੋਸ਼ਲ ਮੀਡੀਏ ਤੇ ਉਨਾਂ ਦੇ ਵਿਰੋਧੀਆਂ ਵੱਲੋਂ ਭਾਈਚਾਰੇ ਪ੍ਰਤੀ ਉਨਾਂ ਦੇ ਕੁੜੱਤਣ ਭਰੇ ਸ਼ਬਦਾਂ ਦੀ ਨਿਖੇਧੀ ਕੀਤੀ ਤੇ ਉਨਾਂ ਕਿਹਾ ਕਿ ਉਹ ਹਮੇਸ਼ਾ ਭਾਈਚਾਰੇ ਨਾਲ



ਖੜੀ ਹੈ ਜਿਸ ਭਾਈਚਾਰੇ ਵਿੱਚ ਉਸਨੇ ਜਨਮ ਲਿਆ। ਉਨਾਂ ਅੱਜ ਇੱਕ ਇੰਟਰਵਿਊ ਵਿੱਚ 1984 ਵਿੱਚ ਸਿੱਖਾਂ ਦੀ ਹੋਈ ਨਸਲਕੁਸ਼ੀ ਦੀ ਪੁਰਜ਼ੋਰ ਨਿਖੇਧੀ ਕੀਤੀ ਤੇ ਕਿਹਾ ਅਜੇ ਤੱਕ ਦੋਸ਼ੀਆਂ ਨੂੰ ਸਜਾਵਾਂ ਨਹੀਂ ਮਿਲੀਆਂ।




# ਓਬਾਮਾ ਨੇ ਨਸਲੀ ਨਫ਼ਰਤ ਫੈਲਾਉਣ ਲਈ ਟਰੰਪ ਨੂੰ ਜ਼ਿੰਮੇਵਾਰ ਠਹਿਰਾਇਆ

## ਕਿਹਾ ਕਿ ਜਾਰੀ ਹੈ ਅਮਰੀਕਾ ਵਿਚ ਸਿੱਖਾਂ, ਮੁਸਲਮਾਨਾਂ ਤੇ ਹੋਰ ਭਾਈਚਾਰਿਆਂ ਨਾਲ ਨਸਲੀ ਵਰਤਾਰਾ

**ਨਿਊਯਾਰਕ/ਏ.ਟੀ.ਨਿਊਜ਼:** ਅਮਰੀਕੀ ਚੋਣਾਂ ਤੋਂ ਪਹਿਲਾਂ ਦੇਸ਼ ਦਾ ਸਿਆਸੀ ਮਾਹੌਲ ਗਰਮਾ ਰਿਹਾ ਹੈ। ਅਜਿਹੇ ਸਮੇਂ ਸਾਰੀਆਂ ਸਿਆਸੀ ਪਾਰਟੀਆਂ ਭਾਰਤੀ ਮੂਲ ਦੇ ਨਾਗਰਿਕਾਂ ਨੂੰ ਆਪਣੇ ਵੱਲ ਖਿੱਚਣ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ। ਇਸ ਲਈ ਅਮਰੀਕਾ ਵਿੱਚ ਨਸਲੀ ਨਫ਼ਰਤ ਵੀ ਵੱਡਾ ਮੁੱਦਾ ਬਣਦਾ ਜਾ ਰਿਹਾ ਹੈ। ਇਸ ਬਾਰੇ ਹੁਣ ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਵੱਡਾ ਖ਼ੁਲਾਸਾ ਕੀਤਾ ਹੈ। ਓਬਾਮਾ ਨੇ ਕਿਹਾ ਕਿ ਮੁਲਕ ਵਿੱਚ ਰਹਿੰਦੇ ਸਿੱਖਾਂ, ਮੁਸਲਮਾਨਾਂ ਤੇ ਹੋਰਨਾਂ ਭਾਈਚਾਰਿਆਂ ਨੂੰ ਕਈ ਪੀੜੀਆਂ ਤੋਂ ਉਨਾਂ ਦੇ ਰੱਬ ਦੀ ਬੰਦਗੀ ਕਰਨ ਦੇ ਢੰਗ ਤਰੀਕਿਆਂ ਕਰਕੇ 'ਸ਼ੱਕ ਦੀ ਨਿਗਾ' ਨਾਲ ਵੇਖਣ ਦਾ ਅਹਿਸਾਸ ਕਰਵਾਇਆ ਜਾਂਦਾ ਹੈ। ਓਬਾਮਾ ਨੇ ਅਮਰੀਕੀਆਂ ਨੂੰ ਸੱਦਾ ਦਿੱਤਾ ਕਿ ਉਹ 'ਅਜਿਹੇ ਰਾਸ਼ਟਰਪਤੀ ਤੇ ਸੱਤਾ ਵਿੱਚ ਬੈਠੇ



ਹੋਰਨਾਂ' ਨੂੰ ਵੋਟਾਂ ਰਾਹੀਂ ਲਾਂਭੇ ਕਰ ਦੇਣ। ਉਸ ਨੇ ਕਿਹਾ ਕਿ ਸਿਖਰਲਾ ਰਿਪਬਲਿਕਨ ਆਗੂ (ਰਾਸ਼ਟਰਪਤੀ ਦੇ) ਅਹੁਦੇ ਦੇ ਹਾਣ ਦਾ ਨਹੀਂ ਬਣ ਸਕਿਆ। ਡੈਮੋਕਰੈਟਿਕ ਪਾਰਟੀ ਦੀ ਕੌਮੀ ਕਨਵੈਂਨਸ਼ਨ 2020 ਮੌਕੇ ਸਾਬਕਾ ਰਾਸ਼ਟਰਪਤੀ ਨੇ ਅਮਰੀਕੀ ਸਦਰ ਟਰੰਪ 'ਤੇ ਹੱਲਾ ਬੋਲਦਿਆਂ ਦੇਸ਼ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਟਰੰਪ ਤੇ ਉਸ ਦੇ ਪ੍ਰਸ਼ਾਸਨ ਨੂੰ 'ਆਪਣੀਆਂ ਤਾਕਤਾਂ ਖੋਹਣ' ਦੀ ਇਜਾਜ਼ਤ ਨਾ ਦੇਣ। ਉਨਾਂ ਕਿਹਾ, 'ਧਿਆਨ ਰੱਖਿਓ ਕਿਤੇ ਇਹ ਤੁਹਾਡੀ ਜਮਹੂਰੀਅਤ ਨਾ ਖੋਹ ਲੈਣ।' ਓਬਾਮਾ ਨੇ ਕਿਹਾ, 'ਆਇਰਿਸ਼, ਇਤਾਲਵੀਆਂ, ਏਸ਼ੀਅਨਜ਼ ਤੇ ਲਾਤੀਨੀਆਂ ਨੂੰ ਉਨਾਂ ਦੇ ਜੱਦੀ ਮੁਲਕਾਂ ਵਿੱਚ ਵਾਪਸ ਜਾਣ ਲਈ ਆਖਿਆ ਗਿਆ। ਯਹੂਦੀਆਂ ਤੇ ਕੈਥੋਲਿਕਾਂ, ਸਿੱਖਾਂ ਤੇ ਮੁਸਲਿਮਾਂ ਨੂੰ ਇਹ ਅਹਿਸਾਸ ਕਰਵਾਇਆ ਗਿਆ ਕਿ ਉਨਾਂ ਦੇ ਰੱਬ ਦੀ ਅਕੀਦਤ ਕਰਨ ਦੇ ਢੰਗ ਤਰੀਕੇ ਨੂੰ ਸ਼ੱਕ ਦੀ ਨਿਗਾ ਨਾਲ ਵੇਖਿਆ ਜਾਂਦਾ ਹੈ। ਲੰਗਰ ਦੀਆਂ ਕਤਾਰਾਂ ਵਿਚ ਬੈਠਣ ਲਈ ਉਨਾਂ 'ਤੇ ਥੁੱਕਿਆ ਗਿਆ।'

# 'ਸਿੱਖਸ ਫ਼ਾਰ ਟਰੰਪ' ਸੰਸਥਾ ਵੱਲੋਂ ਵੱਖ-ਵੱਖ ਪ੍ਰਾਂਤਾਂ ਵਿੱਚ 'ਵਾਚ ਪਾਰਟੀ' ਆਯੋਜਿਤ

## ਸਿੱਖਾਂ ਨੂੰ ਵੋਟ ਰਜਿਸਟਰ ਕਰਨ ਲਈ ਕੀਤਾ ਜਾ ਰਿਹੈ ਉਤਸ਼ਾਹਿਤ : ਜੱਸੀ ਸਿੰਘ

**ਵਾਸ਼ਿੰਗਟਨ, ਡੀ. ਸੀ./ਰਾਜ ਗੋਗਨਾ:** ਸਿੱਖਸ ਫ਼ਾਰ ਟਰੰਪ ਚੋਣ ਪ੍ਰਕਿਰਿਆ ਦੇ ਮੁਖੀ ਜੱਸੀ ਸਿੰਘ ਵੱਲੋਂ ਜਿੱਥੇ ਸਿੱਖਾਂ ਨੂੰ ਵੋਟ ਰਜਿਸਟਰ ਕਰਨ ਲਈ ਪ੍ਰਤੀਕਿਰਿਆ ਕਰ ਰਹੇ ਹਨ, ਉੱਥੇ ਆਰ. ਐੱਨ. ਸੀ. ਟਰੰਪ ਵਾਚ ਪਾਰਟੀ ਦਾ ਆਯੋਜਿਤ ਕੀਤਾ ਗਿਆ ਹੈ। ਚੋਣ ਪ੍ਰਕਿਰਿਆ ਨੂੰ ਹੁਲਾਰਾ ਦੇਣ ਲਈ ਵੱਖ-ਵੱਖ ਡਾਇਰੈਕਟਰਾਂ ਵੱਲੋਂ ਰਜਿਸਟਰ ਕਰਨ ਲਈ ਗੁਰੂਘਰਾਂ, ਸਹਿਯੋਗੀਆਂ ਅਤੇ ਰਿਸ਼ਤੇਦਾਰਾਂ ਨੂੰ ਟਰੰਪ ਦੀਆਂ ਕਾਰਗੁਜ਼ਾਰੀਆਂ ਪ੍ਰਤੀ ਜਾਣੂ ਕਰਵਾ ਕੇ ਉਨਾਂ ਨੂੰ ਟਰੰਪ ਦੇ ਹੱਕ ਵਿੱਚ ਨਿੱਤਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਸੂਤਰਾਂ ਮੁਤਾਬਿਕ ਮੈਰੀਲੈਂਡ, ਵਰਜੀਨੀਆ, ਨਿਊਜਰਸੀ, ਨਿਊਯਾਰਕ ਅਤੇ ਕੈਲੇਫੋਰਨੀਆ ਵਿੱਚ ਸੈਂਕੜੇ ਸਿੱਖਾਂ ਵੱਲੋਂ ਨਿੱਜੀ ਤੌਰ 'ਤੇ 'ਸਿੱਖਸ ਫ਼ਾਰ ਟਰੰਪ' ਵੈੱਬ ਰਾਹੀਂ ਆਪਣੇ ਆਪ ਨੂੰ ਰਜਿਸਟਰ ਕਰ ਦਿੱਤਾ ਹੈ। 'ਵਾਚ ਪਾਰਟੀ' ਲਈ ਧੜਾਧੜ ਨੁੱਕੜ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।ਆਸ ਹੈ ਕਿ 25-26-27



ਅਗਸਤ ਨੂੰ 'ਵਾਚ ਪਾਰਟੀ' ਰਾਹੀਂ ਹਰੇਕ ਨੂੰ ਸੁਣਿਆ ਜਾਵੇਗਾ। 27 ਅਗਸਤ ਨੂੰ ਟਰੰਪ ਦੇ ਐਡਰੈੱਸ ਵਾਸਤੇ ਸਿੱਖ ਕਮਿਊਨਿਟੀ ਵਿੱਚ ਪੂਰਾ ਉਤਸ਼ਾਹ ਹੈ ਕਿ ਉਹ ਟਰੰਪ ਨੂੰ ਚਾਰ ਸਾਲ ਦੇ ਲੇਖੇ ਜੋਖੇ ਅਤੇ ਅਗਲੇ ਚਾਰ ਸਾਲਾਂ ਦੀਆਂ ਕਰਨ ਵਾਲੀਆਂ ਯੋਜਨਾਵਾਂ ਸਬੰਧੀ ਵਿਚਾਰ ਸੁਣਨਗੇ ਅਤੇ ਦੂਸਰੇ ਸਿੱਖਾਂ ਨੂੰ ਚੋਣ ਪ੍ਰਤੀ ਜਾਗਰੂਕ ਕਰਨਗੇ।

# ਕੋਰੋਨਾ ਮਹਾਂਮਾਰੀ ਉੱਪਰ ਕਾਬੂ ਪਾਉਣ 'ਚ ਟਰੰਪ ਪ੍ਰਸ਼ਾਸਨ ਫੇਲ: ਬਿਡੇਨ

**ਵਾਸ਼ਿੰਗਟਨ /ਹੁਸਨ ਲੜੋਆ ਬੰਗਾ:** ਨਵੰਬਰ ਚੋਣਾਂ ਲਈ ਡੈਮੋਕਰੈਟਸ ਉਮੀਦਵਾਰ ਜੋਅ ਬਿਡੇਨ ਨੇ ਕਿਹਾ ਹੈ ਕਿ ਜੇਕਰ ਉਹ ਰਾਸ਼ਟਰਪਤੀ ਚੁਣੇ ਜਾਂਦੇ ਹਨ ਤਾਂ ਵਿਗਿਆਨੀਆਂ ਦੀ ਸਲਾਹ 'ਤੇ ਪੂਰੇ ਅਮਰੀਕਾ ਵਿਚ ਮੁਕੰਮਲ ਤਾਲਾਬੰਦੀ ਲਾਗੂ ਕਰ ਦਿੱਤੀ ਜਾਵੇਗੀ। ਇਕ ਨਿਊਜ਼ ਚੈਨਲ ਨਾਲ ਗੱਲਬਾਤ ਕਰਦਿਆਂ ਸਾਬਕਾ ਉਪ ਰਾਸ਼ਟਰਪਤੀ ਬਿਡੇਨ ਨੇ ਕਿਹਾ ਕਿ ਅਮਰੀਕਾ ਵਿਚ ਕੋਰੋਨਾ ਦਾ ਦੂਸਰਾ ਦੌਰ ਸ਼ੁਰੂ ਹੋ ਸਕਦਾ ਹੈ। ਮੈ ਵਿਗਿਆਨੀਆਂ ਦੀ ਸੁਣਾਂਗਾ ਤੇ ਉਨਾਂ ਦੇ ਕਹਿਣ 'ਤੇ ਪੂਰੇ ਦੇਸ਼ ਵਿਚ ਫਿਰ ਤੋਂ ਤਾਲਾਬੰਦੀ ਕੀਤੀ ਜਾਵੇਗੀ।



ਬਿਡੇਨ ਨੇ ਕਿਹਾ ਕਿ ਅਮਰੀਕੀਆਂ ਦੀਆਂ ਜਾਨਾਂ ਬਚਾਉਣ ਲਈ ਜੋ ਵੀ ਸੰਭਵ ਹੋਇਆ ਉਹ ਕਰੇਗਾ ਕਿਉਂਕਿ ਜਦੋਂ ਤੱਕ ਅਸੀਂ ਵਾਇਰਸ ਨੂੰ ਕਾਬੂ ਵਿਚ ਨਹੀਂ ਕਰ ਲੈਂਦੇ , ਦੇਸ਼ ਨੂੰ ਅੱਗੇ ਨਹੀਂ ਲਿਜਾਇਆ ਜਾ ਸਕਦਾ। ਉਨਾਂ ਕਿਹਾ ਕਿ ਟਰੰਪ ਪ੍ਰਸ਼ਾਸਨ ਕੋਰੋਨਾ ਮਹਾਂਮਾਰੀ ਨਾਲ ਨਜਿੱਠਣ 'ਚ ਅਸਫਲ ਰਿਹਾ ਹੈ ਜੋ ਹੁਣ ਤੱਕ 1,80,000 ਤੋਂ ਵਧ ਜਾਨਾਂ ਲੈ ਚੁੱਕੀ ਹੈ। ਟਰੰਪ ਪ੍ਰਸ਼ਾਸਨ ਦੀਆਂ ਤਰੁੱਟੀਆਂ ਨੇ ਕੋਰੋਨਾ ਨੂੰ ਫੈਲਣ ਦਾ ਮੌਕਾ ਦਿੱਤਾ।

ਬਿਡੇਨ ਨੇ ਕਿਹਾ ਕਿ ਦੇਸ਼ ਦੀ ਅਰਥਵਿਵਸਥਾ ਅੱਗੇ ਵਧੇ ਤੇ ਲੋਕਾਂ ਨੂੰ ਰੁਜ਼ਗਾਰ ਮਿਲੇ ਇਸ ਵਾਸਤੇ ਜ਼ਰੂਰੀ ਹੈ ਕਿ ਪਹਿਲਾਂ ਕੋਰੋਨਾ ਵਾਇਰਸ ਨੂੰ ਨੱਥ ਪਾਈ ਜਾਵੇ।

ਇਸ ਮੌਕੇ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਡੈਮੋਕਰੈਟਸ ਉਮੀਦਵਾਰ ਕਮਲਾ ਹੈਰਿਸ ਵੀ ਹਾਜ਼ਰ ਸਨ ।

# ਵੋਟਾਂ 'ਤੇ ਨਿਗਰਾਨੀ ਰੱਖਣ ਲਈ ਪੋਲਿੰਗ ਸਟੇਸ਼ਨਾਂ 'ਚ ਪੁਲਿਸ ਤਾਇਨਾਤ ਹੋਵੇਗੀ-ਟਰੰਪ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਵੋਟਾਂ ਉੱਪਰ ਨਿਗਰਾਨੀ ਰੱਖਣ ਲਈ ਪੋਲਿੰਗ ਸਟੇਸ਼ਨ 'ਚ ਪੁਲਿਸ ਤਾਇਨਾਤ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸ਼ੈਰਿਫ, ਲਾਅ ਇਨਫੋਰਸਮੈਂਟ ਅਧਿਕਾਰੀ ਤੇ ਵਕੀਲ ਨਜ਼ਰ ਰੱਖਣਗੇ ਤਾਂ ਜੋ ਕਿਸੇ ਤਰਾਂ ਦੀ ਧਾਂਦਲੀ ਨਾ ਹੋਵੇ। ਇਕ ਖ਼ਬਰ ਏਜੰਸੀ ਨਾਲ ਫ਼ੋਨ ਉੱਪਰ ਗੱਲਬਾਤ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਚੋਣਾਂ ਉੱਪਰ ਨਿਗਰਾਨੀ ਲਈ ਲਾਅ ਇਨਫੋਰਸਮੈਂਟ ਅਮਲੇ ਦੀ ਪੂਰੀ ਤਾਕਤ ਝੋਕ ਦਿੱਤੀ ਜਾਵੇਗੀ। ਰਾਸ਼ਟਰਪਤੀ ਨੇ ਵੱਡੀ ਪੱਧਰ ਉੱਪਰ ਡਾਕ ਰਾਹੀਂ ਵੋਟਾਂ ਪੈਣ ਦੀ ਸੰਭਾਵਨਾ ਬਾਰੇ ਚਰਚਾ ਕਰਦਿਆਂ ਇਕ ਵਾਰ ਫਿਰ ਦਾਅਵਾ ਕੀਤਾ ਕਿ ਡੈਮੋਕਰੈਟਸ ਚੋਣਾਂ ਧੋਖੇ ਨਾਲ ਜਿੱਤਣਾ ਚਾਹੁੰਦੇ ਹਨ। ਉਨਾਂ ਕਿਹਾ " ਇਹ ਛਲ-ਕਪਟ ਵਾਲੀਆਂ ਚੋਣਾਂ ਹਨ। ਅੰਧਾਧੁੰਦ ਤਰੀਕੇ ਨਾਲ 5.10 ਕਰੋੜ ਵੋਟਾਂ ਉਨਾਂ ਲੋਕਾਂ ਨੂੰ ਭੇਜੀਆਂ ਜਾ ਰਹੀਆਂ ਹਨ ਜਿਨਾਂ ਨੇ ਇਸ ਦੀ ਮੰਗ ਵੀ ਨਹੀਂ ਕੀਤੀ। ਇਹ ਲੋਕ ਵੋਟਾਂ ਮਿਲਣ 'ਤੇ ਖ਼ੁਸ਼ ਹੋ ਜਾਣਗੇ ਤੇ ਵੋਟ ਪਾਉਣ ਲਈ ਤਿਆਰ ਹੋ ਜਾਣਗੇ। ਇਹ ਬਹੁਤ ਭਿਆਨਕ ਵਰਤਾਰਾ ਹੈ।" ਉਨਾਂ ਕਿਹਾ ਕਿ ਚੋਣਾਂ ਉੱਪਰ ਨਜ਼ਰ ਰੱਖਣਾ ਬਹੁਤ ਸਖ਼ਤ ਕੰਮ ਹੈ ਪਰ ਉਹ ਨਜ਼ਰ ਰੱਖਣਗੇ। ਮਾਨਵੀ ਹੱਕਾਂ ਬਾਰੇ ਯੂਨੀਅਨ ਦਾ ਕਹਿਣਾ ਹੈ ਕਿ ਪੁਲਿਸ ਨੂੰ ਪੋਲਿੰਗ ਸਟੇਸ਼ਨਾਂ ਦੇ ਅੰਦਰ ਜਾਣ ਦੀ ਇਜਾਜ਼ਤ ਹੈ। ਪੁਲਿਸ ਦਾ ਕੰਮ ਗੈਰ ਕਾਨੂੰਨੀ ਵੋਟਾਂ ਨੂੰ ਭੁਗਤਣ ਤੋਂ ਰੋਕਣ ਵਿਚ ਮਦਦ ਕਰਨਾ ਹੈ। ਜੇਕਰ ਪੁਲਿਸ ਧੱਕੇਸ਼ਾਹੀ ਕਰਦੀ ਹੈ ਤਾਂ ਉਸ ਵਿਰੁੱਧ ਵੀ ਕਾਨੂੰਨ ਅਨੁਸਾਰ ਕਾਰਵਾਈ ਹੋ ਸਕਦੀ ਹੈ। ਰਿਪਬਲਿਕਨ ਪਾਰਟੀ ਨੇ ਪ੍ਰਮੁੱਖ ਰਾਜਾਂ ਵਿਚ ਹਜ਼ਾਰਾਂ ਵਲੰਟੀਅਰ ਭਰਤੀ ਕੀਤੇ ਹਨ ਜਿਨਾਂ ਦਾ ਕੰਮ ਸ਼ੱਕੀ ਵੋਟਾਂ ਨੂੰ ਲੱਭਣਾ ਤੇ ਇਸ ਸਬੰਧੀ ਕਾਨੂੰਨੀ ਕਾਰਵਾਈ ਕਰਨਾ ਹੈ।

# ਕੋਰੋਨਾ ਨਾਲ ਚਿੱਟੇ ਲੋਕਾਂ ਦੀ ਤੁਲਨਾ ਵਿਚ ਭਾਰਤੀ ਮੂਲ ਦੇ ਲੋਕ ਜ਼ਿਆਦਾ ਪ੍ਰਭਾਵਿਤ-ਸੀ.ਡੀ.ਸੀ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਕੋਰੋਨਾ ਵਾਇਰਸ ਨੇ ਅਮਰੀਕਾ ਵਿਚ ਵੱਸਦੇ ਵੱਖ ਵੱਖ ਭਾਈਚਾਰਿਆਂ ਦੇ ਲੋਕਾਂ ਨੂੰ ਇਕਸਾਰ ਪ੍ਰਭਾਵਿਤ ਨਹੀਂ ਕੀਤਾ। ਕੁੱਝ ਭਾਈਚਾਰਿਆਂ ਦੇ ਲੋਕ ਵਧ ਪ੍ਰਭਾਵਿਤ ਹੋਏ ਹਨ ਤੇ ਕੁੱਝ ਦੇ ਘੱਟ। ਯੂ.ਐੱਸ ਸੈਂਟਰ ਫ਼ਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਦੀ ਇਕ ਤਾਜ਼ਾ ਰਿਪੋਰਟ ਅਨੁਸਾਰ ਵਾਈਟ ਲੋਕਾਂ ਦੀ ਤੁਲਨਾ ਵਿਚ ਭਾਰਤੀ ਮੂਲ ਦੇ ਅਮਰੀਕੀਆਂ ਤੇ ਅਲਾਸਕਾ ਵਾਸੀਆਂ ਉੱਪਰ ਕੋਰੋਨਾ ਵਾਇਰਸ ਦਾ ਅਸਰ 3.5 ਗੁਣਾਂ ਜ਼ਿਆਦਾ ਹੈ। ਰਿਪੋਰਟ ਅਨੁਸਾਰ 22 ਜਨਵਰੀ ਤੋਂ 3 ਜੁਲਾਈ ਤੱਕ 23 ਰਾਜਾਂ ਵਿਚ 3,40,059 ਕੋਰੋਨਾ ਮਾਮਲਿਆਂ ਦੀ ਪੁਸ਼ਟੀ ਹੋਈ। ਸੀ ਡੀ ਸੀ ਤੇ ਅਮਰੀਕਾ ਦੀਆਂ ਹੋਰ ਸੰਸਥਾਵਾਂ ਦੇ ਮਾਹਿਰਾਂ ਨੇ ਇਨਾਂ ਅੰਕੜਿਆਂ ਦੀ ਨਸਲ ਤੇ ਜਾਤ ਦੇ ਨਜ਼ਰੀਏ ਤੋਂ ਡੂੰਘਾਈ ਨਾਲ ਪੜਤਾਲ ਕੀਤੀ। ਭਾਰਤੀ ਮੂਲ ਦੇ ਅਮਰੀਕੀਆਂ ਤੇ ਅਲਾਸਕਾ ਵਾਸੀਆਂ ਵਿਚ 1 ਲੱਖ ਲੋਕਾਂ ਪਿੱਛੇ 594 ਕੋਵਿਡ ਮਾਮਲੇ ਪਾਏ ਗਏ ਜਦ ਕਿ ਵਾਈਟ ਲੋਕਾਂ ਵਿਚ 1 ਲੱਖ ਵਿਅਕਤੀਆਂ ਪਿੱਛੇ 169 ਲੋਕ ਪ੍ਰਭਾਵਿਤ ਹੋਏ। ਇਸ ਅਧਿਐਨ ਵਿਚ ਭਾਰਤੀ ਮੂਲ ਦੇ ਅਮਰੀਕੀਆਂ , ਅਲਾਸਕਾ ਵਾਸੀਆਂ ਤੇ ਵਾਈਟ ਲੋਕਾਂ ਨੂੰ ਸ਼ਾਮਿਲ ਕੀਤਾ ਗਿਆ ਸੀ ਜਦ ਕਿ ਕੋਰੋਨਾ ਨਾਲ ਕਾਲੇ ਤੇ ਹਿਸਪੈਨਿਕ ਭਾਈਚਾਰਿਆਂ ਦੇ ਲੋਕ ਵੀ ਬੁਰੀ ਤਰਾਂ ਪ੍ਰਭਾਵਿਤ ਹੋਏ ਹਨ। ਸੀ ਡੀ ਸੀ ਨੇ ਕਿਹਾ ਹੈ ਕਿ ਭਾਰਤੀ ਮੂਲ ਦੇ ਅਮਰੀਕੀਆਂ ਤੇ ਅਲਾਸਕਾ ਵਾਸੀਆਂ ਲਈ ਕੋਰੋਨਾ ਮਹਾਂਮਾਰੀ ਦੀ ਰੋਕਥਾਮ ਵਾਸਤੇ 20 ਕਰੋੜ ਡਾਲਰ ਤੋਂ ਵਧ ਰਕਮ ਦਿੱਤੀ ਜਾ ਜਾ ਚੁੱਕੀ ਹੈ।

# ਸੰਵਾਦ ਵੱਲੋਂ 'ਖ਼ਾਲਸਾ ਜੀ ਕੇ ਬੋਲ ਬਾਲੇ' ਵਿਸ਼ੇ ਉੱਤੇ ਵਿਚਾਰ ਚਰਚਾ 30 ਨੂੰ

ਸੰਵਾਦ ਵੱਲੋਂ 'ਅਗਾਂਹ ਵੱਲ ਨੂੰ ਤੁਰਦਿਆਂ' ਖਰੜੇ ਦੇ ਸੰਦਰਭ ਚ ਅਗਲੀ ਵਿਚਾਰ ਚਰਚਾ 30 ਅਗਸਤ ਨੂੰ ਕੀਤੀ ਜਾ ਰਹੀ ਹੈ। ਇਸ ਸੰਬੰਧੀ ਸੰਵਾਦ ਵੱਲੋਂ ਇਸ਼ਤਿਹਾਰ ਜਾਰੀ ਕਰ ਦਿੱਤਾ ਗਿਆ ਹੈ। ਇਸ਼ਤਿਹਾਰ ਮੁਤਾਬਿਕ ਅਗਲੀ ਵਿਚਾਰ ਚਰਚਾ 'ਖ਼ਾਲਸਾ ਜੀ ਕੇ ਬੋਲ ਬਾਲੇ' ਵਿਸ਼ੇ ਉੱਤੇ ਹੋਵੇਗੀ।

ਜ਼ਿਕਰਯੋਗ ਹੈ ਕਿ ਸੰਵਾਦ ਵੱਲੋਂ ਇਸ ਖਰੜੇ ਸਬੰਧੀ ਪਹਿਲਾਂ 'ਬਿਪਰ ਸੰਸਕਾਰ' ਅਤੇ 'ਸੈਕੂਲਰ ਪੱਛਮੀ ਫ਼ਲਸਫ਼ਾ' ਵਿਸ਼ੇ ਉੱਤੇ ਵਿਚਾਰ ਚਰਚਾ ਕਰਵਾਈ ਜਾ ਚੁੱਕੀ ਹੈ।

30 ਅਗਸਤ ਨੂੰ ਹੋਣ ਜਾ ਰਹੀ ਵਿਚਾਰ ਚਰਚਾ ਵਿੱਚ ਡਾ. ਗੁਰਪ੍ਰੀਤ ਸਿੰਘ ਮੀਕੇ ਅਤੇ ਨੌਜਵਾਨ ਲੇਖਕ ਪ੍ਰਭਜੋਤ ਸਿੰਘ ਆਪਣੇ ਵਿਚਾਰਾਂ ਦੀ ਸਾਂਝ ਪਾਉਣਗੇ ਅਤੇ ਦਰਸ਼ਕਾਂ ਵੱਲੋਂ ਆਏ ਸਵਾਲਾਂ ਨੂੰ ਵੀ ਸੰਬੋਧਨ ਹੋਣਗੇ। ਇਹ ਵਿਚਾਰ ਚਰਚਾ ਦਾ ਸਿੱਧਾ ਪ੍ਰਸਾਰਨ ਸੰਵਾਦ ਦੇ ਯੂ-ਟੀਊਬ, ਟਵਿੱਟਰ ਅਤੇ ਫੇਸਬੁੱਕ ਪੰਨੇ ਉੱਤੇ ਵੀ ਹੋਵੇਗਾ।

ਇਹ ਵਿਚਾਰ ਚਰਚਾ ਸਵੇਰੇ 8 ਵਜੇ (ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਮੇਂ ਮੁਤਾਬਿਕ) ਜ਼ੂਮ (Meeting ID-857 8044 3995) ਰਾਹੀਂ ਹੋਵੇਗੀ। ਸੰਵਾਦ ਵੱਲੋਂ ਇਸ ਵਿਚਾਰ ਚਰਚਾ ਵਿੱਚ ਸਭ ਨੂੰ ਸੱਦਾ ਦਿੱਤਾ ਗਿਆ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu

Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਕੈਲੇਫੋਰਨੀਆ ਦੇ ਜੰਗਲਾਂ ਨੂੰ ਲੱਗੀ ਭਿਆਨਕ ਅੱਗ 'ਚ ਅਨੇਕਾਂ ਘਰ ਸੜਕੇ ਸਵਾਹ, ਕੋਰੋਨਾ ਦੀ ਮਾਰ ਝੱਲ ਰਹੇ ਲੋਕਾਂ ਦੀਆਂ ਮੁਸੀਬਤਾਂ ਵਧੀਆਂ



**ਕੈਲੇਫੋਰਨੀਆ/ਹੁਸਨ ਲੜੋਆ ਬੰਗਾ:** ਕੋਰੋਨਾ ਮਹਾਂਮਾਰੀ ਦਰਮਿਆਨ ਕੈਲੇਫੋਰਨੀਆ ਦੇ ਜੰਗਲਾਂ ਨੂੰ ਲੱਗੀ ਅੱਗ ਨੇ ਲੋਕਾਂ ਦੀਆਂ ਮੁਸੀਬਤਾਂ ਵਿਚ ਵਾਧਾ ਕਰ ਦਿੱਤਾ ਹੈ। ਅੱਗ ਕਾਰਨ ਗਰਮੀ ਵਧ ਗਈ ਹੈ ਤੇ ਲੋਕ ਆਪਣੇ ਘਰ-ਬਾਰ ਛੱਡਣ ਲਈ ਮਜਬੂਰ ਹਨ।

ਅਨੇਕਾਂ ਘਰ ਅੱਗ ਦੀ ਲਪੇਟ ਵਿਚ ਆ ਕੇ ਤਬਾਹ ਹੋ ਗਏ ਹਨ। ਅੱਗ ਬੁਝਾਊ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਰੋਡ ਟਾਪੂ ਦੇ 5 ਲੱਖ ਏਕੜ ਤੋਂ ਵਧ ਰਕਬੇ ਵਿਚ ਜੰਗਲ ਸੜਕੇ ਸਵਾਹ ਹੋ ਗਿਆ ਹੈ। ਇਹ ਰਕਬਾ ਟਾਪੂ ਦੇ ਕੁਲ ਰਕਬੇ ਦਾ 80% ਬਣਦਾ ਹੈ।

ਅੱਗ ਪ੍ਰਭਾਵਿਤ ਖੇਤਰ ਵਿਚੋਂ ਬਚਾਏ ਗਏ 69 ਸਾਲਾ ਚੈਰਿਲ ਜਾਵਿਸ ਨੇ ਕਿਹਾ ਕਿ ਸਾਨੂੰ ਕੋਰੋਨਾ ਮਹਾਂਮਾਰੀ ਤੇ ਅੱਗ ਨਾਲ ਵਧੀ ਤਪਸ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਸ ਨੇ ਫ਼ਿਕਰਮੰਦੀ ਜ਼ਾਹਿਰ ਕਰਦਿਆਂ ਕਿਹਾ ਕਿ ਪਤਾ ਨਹੀਂ ਉਨਾਂ ਦਾ ਘਰ ਬਚਿਆ ਹੋਵੇਗਾ ਜਾਂ ਨਹੀਂ।

ਉਸ ਨੇ ਤੇ ਕਈ ਹੋਰਨਾਂ ਨੂੰ ਵਾਕਾਵਿਲੇ ਵਿਚ ਉਲਾਟਿਸ ਕਮਿਊਨਿਟੀ ਸੈਂਟਰ ਵਿਚ ਲਿਆਂਦਾ ਗਿਆ ਪਰ ਕੋਰੋਨਾ ਦੇ ਡਰ ਕਾਰਨ ਉਨਾਂ ਨੇ ਸੈਂਟਰ ਦੇ ਅੰਦਰ ਜਾਣ ਤੋਂ ਇਨਕਾਰ ਕਰ ਦਿੱਤਾ। ਉਨਾਂ ਕਿਹਾ ਕਿ ਪਹਿਲਾਂ ਹੀ ਉੱਥੇ ਬਹੁਤ ਸਾਰੇ ਲੋਕ ਮੌਜੂਦ ਹਨ। ਅੱਗ ਤੇ ਧੂੰਏਂ ਕਾਰਨ ਖੇਤਰ ਵਿਚ ਹਵਾ ਦੀ ਗੁਣਵੱਤਾ ਖ਼ਰਾਬ ਹੋ ਗਈ ਹੈ। ਕੈਲੇਫੋਰਨੀਆ ਦੇ ਬੇ ਏਰੀਆ ਵਿਚ ਸਥਿਤੀ ਬਹੁਤ ਹੀ ਖ਼ਰਾਬ ਹੈ। ਉੱਥੇ ਭਾਰਤ ਤੇ ਪੂਰਬੀ ਚੀਨ ਦੇ ਕਈ ਖੇਤਰਾਂ ਵਾਂਗ ਹਵਾ ਵਿਚ ਪ੍ਰਦੂਸ਼ਣ ਪੈਦਾ ਹੋ ਗਿਆ ਹੈ। ਲੋਕਾਂ ਨੂੰ ਸਾਹ ਲੈਣ ਵਿਚ ਤਕਲੀਫ਼ ਹੋ ਰਹੀ ਹੈ। ਉੱਤਰੀ ਕੈਲੇਫੋਰਨੀਆ ਦੇ ਐਲ ਐਨ ਯੂ ਲਾਈਟਨਿੰਗ ਕੰਪਲੈਕਸ ਵਿਚ ਅੱਗ ਬੁਝਾਉਣ 'ਚ ਮਦਦ ਕਰ ਰਹੇ ਇਕ ਪੈਸੀਫਿਕ ਗੈੱਸ ਤੇ ਇਲੈਕਟ੍ਰਿਕ ਵਰਕਰ ਦੀ ਮੌਤ ਹੋਣ ਦੀ ਵੀ ਰਿਪੋਰਟ ਹੈ।

ਐਲ ਐਨ ਯੂ ਲਾਈਟਨਿੰਗ ਕੰਪਲੈਕਸ ਵਿਚ 105 ਘਰ ਅੱਗ ਦੀ ਭੇਟ ਚੜ ਗਏ। ਅੱਗ ਨੇ ਘੱਟੋ ਘੱਟ 1,31,100 ਏਕੜ ਵਿਚ ਨੁਕਸਾਨ ਪਹੁੰਚਾਇਆ ਹੈ। ਲੇਕ ਬੈਰੀਏਸਾ ਨੇੜੇ ਅਨੇਕਾਂ ਘਰ ਅੱਗ ਵਿਚ ਸੜਕੇ ਸਵਾਹ ਹੋ ਗਏ। ਕੈਲੇਫੋਰਨੀਆ ਅੱਗ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਫਰਿਜ਼ਨੋ ਕਾਊਂਟੀ ਵਿਚ ਇਕ ਹੈਲੀਕਾਪਟਰ ਉਸ ਵੇਲੇ ਹਾਦਸਾ ਗ੍ਰਸਤ ਹੋ ਗਿਆ ਜਦੋਂ ਉਹ ਪਹਾੜੀਆਂ ਉੱਪਰ ਅੱਗ ਬੁਝਾਉਣ ਲਈ ਪਾਣੀ ਦਾ ਛਿੜਕਾਅ ਕਰ ਰਿਹਾ ਸੀ। ਹੈਲੀਕਾਪਟਰ ਵਿਚ ਇਕੱਲਾ ਪਾਈਲਟ ਹੀ ਸੀ ਜਿਸ ਦੀ ਮੌਤ ਹੋ ਗਈ। ਪੱਛਮੀ ਕੈਲੇਫੋਰਨੀਆ ਵਿਚ 70 ਲੱਖ ਤੋਂ ਵਧ ਲੋਕਾਂ ਨੂੰ ਸੁਚੇਤ ਕਰ ਦਿੱਤਾ ਗਿਆ ਹੈ।

ਸੈਨ ਮੈਟੀਓ ਤੇ ਸਾਂਟਾ ਕਰੂਜ਼ ਕਾਊਂਟੀਆਂ ਵਿਚੋਂ 28000 ਤੋਂ ਵਧ ਲੋਕਾਂ ਨੂੰ ਸੁਰੱਖਿਅਤ ਜਗਾ 'ਤੇ ਲਿਆਂਦਾ ਗਿਆ ਹੈ। ਕੈਲੇਫੋਰਨੀਆ ਅੱਗ ਬੁਝਾਊ ਵਿਭਾਗ ਦੇ ਬੁਲਾਰੇ ਜਰਮੀ ਰਾਹਨ ਅਨੁਸਾਰ ਰਾਜ ਵਿਚ ਕੁਲ 367 ਥਾਵਾਂ 'ਤੇ ਅੱਗ ਲੱਗੀ ਹੈ ਜਿਨਾਂ ਵਿਚੋਂ 26 ਬਹੁਤ ਖ਼ਤਰਨਾਕ ਸਮਝੀਆਂ ਜਾਂਦੀਆਂ ਹਨ।

# ਬੰਦੀ ਸਿੰਘ ਭਾਈ ਲਾਲ ਸਿੰਘ ਅਕਾਲਗੜ੍ਹ ਨੂੰ 28 ਸਾਲ ਬਾਅਦ ਪੱਕੀ ਰਿਹਾਈ ਮਿਲੀ



**ਚੰਡੀਗੜ੍ਹ/ ਸਿੱਖ ਸਿਆਸਤ ਬਿਊਰੋ:** ਸਿੱਖ ਸੰਘਰਸ਼ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ ਭਾਈ ਲਾਲ ਸਿੰਘ ਅਕਾਲਗੜ੍ਹ ਦੀ ਅੱਜ ਮੈਕਸੀਮਮ ਸਕਿਓਟਰੀ ਜੇਲ੍ਹ, ਨਾਭਾ ਵਿਚੋਂ ਪੱਕੇ ਤੌਰ ਉੱਤੇ ਰਿਹਾਈ ਹੋ ਗਈ। ਭਾਈ ਲਾਲ ਸਿੰਘ ਲੰਘੇ 28 ਵਰ੍ਹਿਆਂ ਤੋਂ ਇੰਡੀਆ ਦੀ ਕੈਦ ਵਿੱਚ ਸਨ ਤੇ ਬੀਤੇ ਲੰਮੇ ਸਮੇਂ ਤੋਂ ਨਾਭਾ ਜੇਲ੍ਹ ਵਿੱਚ ਬੰਦ ਸਨ।

ਭਾਈ ਲਾਲ ਸਿੰਘ ਨੂੰ ਗੁਜਰਾਤ ਪੁਲਿਸ ਨੇ 14 ਜੁਲਾਈ 1992 ਵਿੱਚ ਗ੍ਰਿਫ਼ਤਾਰ ਕੀਤਾ ਸੀ ਅਤੇ ਉਨ੍ਹਾਂ ਨੂੰ ਮਿਰਜ਼ਾਪੁਰ (ਗੁਜਰਾਤ) ਦੀ ਖ਼ਾਸ ਟਾਡਾ ਅਦਾਲਤ ਵੱਲੋਂ 8 ਜਨਵਰੀ 1997 ਨੂੰ ਟਾਡਾ ਅਤੇ ਹੋਰਨਾਂ ਕਾਨੂੰਨਾਂ ਤਹਿਤ ਉਮਰ ਕੈਦ ਦੀ ਸਜਾ ਸੁਣਾਈ ਗਈ ਸੀ। ਭਾਵੇਂ ਕਿ ਇੰਡੀਆ ਵਿੱਚ ਉਮਰ ਕੈਦੀਆਂ ਨੂੰ 10-14 ਸਾਲ ਕੈਦ ਕੱਟਣ ਤੋਂ ਬਾਅਦ ਪੱਕੀ ਰਿਹਾਈ ਦੇ ਦਿੱਤੀ ਜਾਂਦੀ ਹੈ ਪਰ ਭਾਈ ਲਾਲ ਸਿੰਘ 28 ਸਾਲਾਂ ਤੱਕ ਜੇਲ੍ਹ ਵਿੱਚ ਕੈਦ ਰਹੇ ਹਨ।

ਲੰਘੇ ਸਾਲ ਪਹਿਲੇ ਪਾਤਿਸਾਹ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਗੁਰਪੁਰਬ ਮੌਕੇ ਇੰਡੀਆ ਦੀ ਸਰਕਾਰ ਨੇ ਅੱਠ ਬੰਦੀ ਸਿੰਘ ਨੂੰ ਪੱਕੀ ਰਿਹਾਈ ਦੇਣ ਦਾ ਐਲਾਨ ਕੀਤਾ ਸੀ। ਇਨ੍ਹਾਂ ਬੰਦੀਆਂ ਸਿੰਘਾਂ ਵਿੱਚ ਭਾਈ ਲਾਲ ਸਿੰਘ ਦਾ ਨਾਂ ਵੀ ਸ਼ਾਮਿਲ ਸੀ।

ਇੰਡੀਆ ਦੀ ਸਰਕਾਰ ਦੇ ਐਲਾਨ ਤਹਿਤ ਗੁਜਰਾਤ ਸਰਕਾਰ, ਜੋ ਕਿ ਭਾਈ ਲਾਲ ਸਿੰਘ ਦੇ ਮਾਮਲੇ ਵਿੱਚ ਸੰਬੰਧਿਤ ਸੂਬਾ ਸਰਕਾਰ ਸੀ, ਵੱਲੋਂ 3 ਮਾਰਚ 2020 ਨੂੰ ਭਾਈ ਲਾਲ ਸਿੰਘ ਦੀ ਰਿਹਾਈ ਦਾ ਪਰਵਾਨਾ ਨਾਭਾ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਸੀ ਪਰ ਪੰਜਾਬ ਸਰਕਾਰ ਦੀ ਅਫ਼ਸਰਸ਼ਾਹੀ ਵੱਲੋਂ ਤਕਨੀਕੀ ਕਾਰਨਾਂ ਦਾ ਹਵਾਲਾ ਦੇਣ ਕਾਰਨ ਭਾਈ ਲਾਲ ਸਿੰਘ ਦੀ ਰਿਹਾਈ ਨਹੀਂ ਸੀ ਹੋ ਸਕੀ।

ਭਾਈ ਲਾਲ ਸਿੰਘ, ਜੋ ਕਿ ਇਨ੍ਹੀਂ ਦਿਨੀਂ ਪੈਰੋਲ ਉੱਤੇ ਜੇਲ੍ਹ ਵਿਚੋਂ ਬਾਹਰ ਸਨ, ਨੂੰ ਨਾਭਾ ਜੇਲ੍ਹ ਪ੍ਰਸ਼ਾਸਨ ਵੱਲੋਂ ਬੁਲਾਇਆ ਗਿਆ ਅਤੇ ਕਾਗ਼ਜ਼ੀ ਕਾਰਵਾਈ ਕਰਨ ਤੋਂ ਬਾਅਦ ਉਨ੍ਹਾਂ ਨੂੰ ਪੱਕੇ ਤੌਰ ਉੱਤੇ ਰਿਹਾਅ ਕਰ ਦਿੱਤਾ ਗਿਆ।

ਸਿੱਖ ਸਿਆਸਤ ਨਾਲ ਗੱਲਬਾਤ ਦੌਰਾਨ ਬੰਦੀ ਸਿੰਘਾਂ ਦੀ ਸੂਚੀ ਬਣਾਉਣ ਅਤੇ ਉਨ੍ਹਾਂ ਦੇ ਮਾਮਲਿਆਂ ਦੀ ਕਾਨੂੰਨੀ ਪੈਰਵੀ ਕਰਨ ਵਾਲੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਕਿਹਾ ਕਿ 'ਭਾਈ ਲਾਲ ਸਿੰਘ ਜੀ ਨੂੰ ਬਹੁਤ ਪਹਿਲਾਂ ਪੱਕੀ ਰਿਹਾਈ ਮਿਲ ਜਾਣੀ ਚਾਹੀਦੀ ਸੀ'।

ਦੇਰੀ ਨਾਲ ਹੀ ਸਹੀ ਪਰ ਇਹ ਇੱਕ ਸਵਾਗਤਯੋਗ ਫ਼ੈਸਲਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਦੂਸਰੇ ਬੰਦੀ ਸਿੰਘਾਂ, ਜੋ ਕਿ ਬਣਦੀ ਕੈਦ ਦੀ ਮਿਆਦ ਤੋਂ ਕਿਤੇ ਵੱਧ ਸਮੇਂ ਤੋਂ ਜੇਲ੍ਹਾਂ ਵਿੱਚ ਨਜ਼ਰਬੰਦ ਹਨ, ਨੂੰ ਵੀ ਰਿਹਾਅ ਕੀਤਾ ਜਾਵੇ, ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਕਿਹਾ।


DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਖ਼ਾਲਿਸਤਾਨੀ ਝੰਡਾ ਮੋਗਾ ਵਿਚ ਫਲਾਈਓਵਰ 'ਤੇ ਝੁਲਾਇਆ

## ਖ਼ਾਲਿਸਤਾਨ ਬਾਰੇ ਅਕਾਲ ਤਖ਼ਤ 'ਤੇ ਅਰਦਾਸ ਕਰਨ ਵਾਲਾ ਗ੍ਰਿਫ਼ਤਾਰ

**ਮੋਗਾ/ਏ.ਟੀ.ਨਿਊਜ਼:** ਇੱਥੇ ਫਲਾਈਓਵਰ 'ਤੇ ਕਰਫ਼ਿਊ ਦੌਰਾਨ ਖ਼ਾਲਿਸਤਾਨ ਦਾ ਝੰਡਾ ਝੁਲਾਉਣ ਦਾ ਪਤਾ ਲੱਗਣ 'ਤੇ ਪੁਲੀਸ ਨੂੰ ਭਾਜੜਾਂ ਪੈ ਗਈਆਂ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲੀਸ ਅਧਿਕਾਰੀ ਮੌਕੇ 'ਤੇ ਪੁੱਜੇ ਅਤੇ ਝੰਡਾ ਕਬਜ਼ੇ ਵਿਚ ਲੈ ਲਿਆ। ਸੂਬੇ ਵਿਚ ਕਰੋਨਾ ਵਾਇਰਸ ਦਾ ਫੈਲਾਅ ਰੋਕਣ ਲਈ ਲਗਾਏ ਕਰਫ਼ਿਊ ਕਾਰਨ ਪੁਲੀਸ ਚੱਪੇ-ਚੱਪੇ 'ਤੇ ਤਾਇਨਾਤ ਹੈ, ਇਸ ਦੇ ਬਾਵਜੂਦ ਖਾਲਿਸਤਾਨੀਆਂ ਦੇ ਹੌਸਲੇ ਬੁਲੰਦ ਹਨ। ਇਸੇ ਦੌਰਾਨ ਇੱਥੇ ਜ਼ਿਲਾ ਸਕੱਤਰੇਤ 'ਤੇ ਖ਼ਾਲਿਸਤਾਨ ਝੰਡਾ ਝੁਲਾਉਣ ਦੀ ਲਾਈਵ ਵੀਡੀਓ ਬਣਾਉਣ ਦੇ ਦੋਸ਼ ਹੇਠ ਗ੍ਰਿਫ਼ਤਾਰ ਸਥਾਨਕ ਆਈਟੀਆਈ ਵਿੱਚ ਡਿਪਲੋਮਾ ਕਰ ਰਹੇ ਵਿਦਿਆਰਥੀ ਅਕਾਸ਼ਦੀਪ ਸਿੰਘ (19) ਦਾ ਅਦਾਲਤ ਨੇ 27 ਅਗਸਤ ਤੱਕ ਪੁਲੀਸ ਰਿਮਾਂਡ ਵਿਚ ਵਾਧਾ ਕਰ ਦਿੱਤਾ ਹੈ। ਇਹ ਝੰਡਾ ਝੁਲਾਉਣ ਵਾਲੇ ਮੁੱਖ ਮੁਲਜ਼ਮ ਜਸਪਾਲ ਸਿੰਘ ਉਰਫ਼ ਰਿੰਪਾ ਤੇ ਇੰਦਰਜੀਤ ਸਿੰਘ ਗਿੱਲ ਦੋਵੇਂ ਵਾਸੀ ਪਿੰਡ ਰੌਲੀ ਅਜੇ ਪੁਲੀਸ ਦੇ ਹੱਥ ਨਹੀਂ ਲੱਗੇ। ਜ਼ਿਲਾ ਪੁਲੀਸ ਮੁਖੀ ਹਰਮਨਬੀਰ ਸਿੰਘ ਗਿੱਲ ਨੇ ਝੰਡਾ ਝੁਲਾਉਣ ਦੀ ਘਟਨਾ ਬਾਰੇ ਕਿਹਾ ਕਿ ਭਾਵੇਂ ਸੁਪਰੀਮ ਕੋਰਟ ਅਨੁਸਾਰ ਅਜਿਹਾ ਕੋਈ ਵੀ ਝੰਡਾ ਲਾਉਣਾ ਕਾਨੂੰਨੀ ਅਪਰਾਧ ਨਹੀਂ ਹੈ, ਪ੍ਰੰਤੂ ਫਿਰ ਵੀ ਜੇਕਰ ਇਹ ਕੰਮ ਗ਼ਲਤ ਮਨਸ਼ਾ ਨਾਲ ਕੀਤਾ ਜਾਂਦਾ ਹੈ ਤਾਂ ਉਹ ਸਜ਼ਾਯੋਗ ਅਪਰਾਧ ਹੈ।

**ਅਰਦਾਸ ਕਰਨ ਵਾਲਾ ਖ਼ਾਲਿਸਤਾਨੀ ਗ੍ਰਿਫ਼ਤਾਰ**

ਪੁਲੀਸ ਨੇ ਪੱਟੀ ਦੇ ਰਹਿਣ ਵਾਲੇ 26 ਵਰਿਆਂ ਇੱਕ ਗ੍ਰੰਥੀ ਸਿੱਖ ਨੌਜਵਾਨ ਗੁਰਮੀਤ ਸਿੰਘ ਨੂੰ ਸਿੱਖਸ ਫ਼ਾਰ ਜਸਟਿਸ ਜਥੇਬੰਦੀ ਵਾਸਤੇ ਅਕਾਲ ਤਖ਼ਤ 'ਤੇ ਅਰਦਾਸ ਕਰਨ ਦੇ ਦੋਸ਼ ਹੇਠ ਕਾਬੂ ਕੀਤਾ ਹੈ। ਇਹ ਨੌਜਵਾਨ ਕਪੂਰਥਲੇ ਦੇ ਗੁਰਦੁਆਰੇ ਵਿਚ ਆਪਣੀਆਂ ਸੇਵਾਵਾਂ ਨਿਭਾਅ ਰਿਹਾ ਹੈ। ਸਿੱਖਸ ਫ਼ਾਰ ਜਸਟਿਸ ਜਥੇਬੰਦੀ ਨੇ ਐਲਾਨ ਕੀਤਾ ਸੀ ਕਿ 'ਰਾਏ-ਸ਼ੁਮਾਰੀ-2020' ਲਈ ਸ੍ਰੀ ਅਕਾਲ ਤਖ਼ਤ 'ਤੇ ਅਰਦਾਸ ਕੀਤੀ ਜਾਵੇਗੀ ਅਤੇ ਅਰਦਾਸ ਕਰਨ ਵਾਲੇ ਨੂੰ 5 ਹਜ਼ਾਰ ਡਾਲਰ ਦਿੱਤੇ ਜਾਣਗੇ। ਇਸ ਨੌਜਵਾਨ ਨੇ ਸਵੇਰੇ ਸਾਜਰੇ ਅਕਾਲ ਤਖ਼ਤ ਸਾਹਮਣੇ ਅਰਦਾਸ ਕੀਤੀ। ਉਸ ਨੇ ਹੱਥ ਵਿੱਚ ਫੜਿਆ ਆਪਣਾ ਮੋਬਾਈਲ ਅਕਾਲ ਤਖ਼ਤ ਵਲ ਕੀਤਾ ਹੋਇਆ ਸੀ ਤੇ ਇਸ ਦੀ ਵੀਡੀਓ ਰਿਕਾਰਡਿੰਗ ਕੀਤੀ ਜਾ ਰਹੀ ਸੀ। ਅਰਦਾਸ ਕਰਦਿਆਂ ਉਸ ਨੇ ਭਾਵੇਂ ਸਿੱਖਸ ਫ਼ਾਰ ਜਸਟਿਸ ਜਥੇਬੰਦੀ ਅਤੇ ਰਾਏ-ਸ਼ੁਮਾਰੀ 2020 ਦਾ ਨਾਮ ਨਹੀਂ ਲਿਆ ਪਰ ਉਸ ਨੇ ਖ਼ਾਲਿਸਤਾਨ ਦੀ ਚੜਦੀਕਲਾ ਲਈ ਅਰਦਾਸ ਕੀਤੀ। ਉਸ ਨੇ ਅਰਦਾਸ ਦੌਰਾਨ ਆਖਿਆ ਕਿ ਜਿਹੜੇ ਸਿੱਖ ਖ਼ਾਲਿਸਤਾਨ ਲਈ ਲੱਗੇ ਹਨ, ਉਨਾਂ ਦੇ ਕਾਰਜ ਰਾਸ ਕਰੋ ਤੇ ਜ਼ਾਲਮ ਸਰਕਾਰਾਂ ਤੋਂ ਬਚਾਓ। ਅਰਦਾਸ ਮਗਰੋਂ ਉਸ ਵੱਲੋਂ ਦੋ ਵਾਰ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਵੀ ਲਾਏ ਗਏ। ਦੂਜੇ ਪਾਸੇ ਪੁਲੀਸ ਨੇ ਇਸ ਮਾਮਲੇ ਵਿੱਚ ਫ਼ਿਲਹਾਲ ਚੁੱਪ ਵੱਟੀ ਹੋਈ ਹੈ। ਇਸ ਸਬੰਧੀ ਗਲਿਆਰਾ ਚੌਕੀ ਦੇ ਮੁਖੀ ਨੇ ਆਖਿਆ ਕਿ ਕੋਈ ਵਿਅਕਤੀ ਕਾਬੂ ਨਹੀਂ ਕੀਤਾ ਹੈ ਅਤੇ ਨਾ ਹੀ ਕੋਈ ਜਾਣਕਾਰੀ ਹੈ। ਦਰਬਾਰ ਸਾਹਿਬ ਦੇ ਪ੍ਰਬੰਧਕਾਂ ਨੇ ਵੀ ਇਸ ਬਾਰੇ ਅਗਿਆਨਤਾ ਪ੍ਰਗਟਾਈ ਹੈ। ਵੇਰਵਿਆਂ ਮੁਤਾਬਿਕ ਪੁਲੀਸ ਇਸ ਨੌਜਵਾਨ ਨੂੰ ਕਾਬੂ ਕਰਨ ਲਈ ਲੈ ਗਈ।

# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪੱਤਰ

**ਨਿਊਯਾਰਕ (ਰਾਜ ਗੋਗਨਾ:** ਟਰਾਈ ਸਟੇਟ ਦੇ ਕੇਂਦਰੀ ਅਸਥਾਨ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਕ ਪੱਤਰ ਲਿਖਿਆ ਗਿਆ ਹੈ ਜਿਸ ਵਿੱਚ ਮੌਜੂਦਾ ਸਮੇਂ ਦੌਰਾਨ ਪੰਥ ਵਿਰੋਧੀ ਤਾਕਤਾਂ ਵੱਲੋਂ ਸਿੱਖ ਧਰਮ ਉੱਪਰ ਹੋ ਰਹੇ ਹਮਲਿਆਂ ਦਾ ਢੁਕਵਾਂ ਜਵਾਬ ਦੇਣ ਲਈ ਕੌਮ ਨੂੰ ਸੇਧ ਦੇਣ ਹਿਤ ਬੇਨਤੀ ਕੀਤੀ ਗਈ ਹੈ। ਇਸ ਸਮੇਂ ਪੰਥ ਬਹੁਤ ਹੀ ਨਾਜ਼ੁਕ ਸਮੇਂ ਵਿਚੋਂ ਗੁਜਰ ਰਿਹਾ ਹੈ। ਭਾਵੇਂ ਇਹ ਚੁਣੌਤੀਆਂ ਆਰ.ਐੱਸ.ਐੱਸ ਵੱਲੋਂ ਹੋਣ ਜਾ ਸਿੱਖੀ ਭੇਸ ਵਿੱਚ ਇਕਬਾਲ ਸਿੰਘ ਵਰਗਿਆਂ ਵੱਲੋਂ ਹੋਣ ।ਪੱਤਰ ਵਿੱਚ ਅਕਾਲ ਤਖ਼ਤ ਸਾਹਿਬ ਨੂੰ ਬੇਨਤੀ ਕੀਤੀ ਗਈ ਹੈ ਕਿ ਪੰਥ ਵਿਰੋਧੀ ਇਕਬਾਲ ਸਿੰਘ ਨੂੰ ਪੰਥ ਵਿੱਚੋਂ ਬਾਹਰ ਦਾ ਰਸਤਾ ਦਿਖਾਇਆ (ਛੇਕਿਆ) ਸ਼ਲਾਘਾਯੋਗ ਹੈ।ਅਤੇ ਆਰ.ਐੱਸ.ਐੱਸ ਨਾਲ ਨਜਿੱਠਣ ਲਈ ਯੋਗ ਅਗਵਾਈ ਬੜੀ ਕੀਤੀ ਜਾਵੇ ਤਾਂ ਜੋ ਪੰਥ ਨੂੰ ਢਾਹ ਲਾਉਣ ਵਾਲੇ ਮਨਸੂਬਿਆਂ ਦਾ ਪੰਥਕ ਪਰੰਪਰਾਵਾਂ ਅਨੁਸਾਰ ਢੁਕਵਾਂ ਜੁਆਬ ਦਿੱਤਾ ਜਾ ਸਕੇ ।ਪੰਥਕ ਪਹਿਰੇਦਾਰੀ ਤੇ ਕੌਮ ਚੜਦੀ ਕਲਾ ਲਈ ਸਦਾ ਹੀ ਤਤਪਰ ਹੈ। ਨਿਊਯਾਰਕ ਸੜੀ ਪ੍ਰਬੰਧਕ ਕਮੇਟੀ ਵੱਲੋਂ ਹਾਲ ਹੀ ਵਿੱਚ ਆਰ.ਐੱਸ.ਐੱਸ ਵੱਲੋਂ ਸਿੱਖ ਸਭਾਵਾਂ ਵਿੱਚ ਕੀਤੀ ਜਾ ਰਹੀ ਘੁਸਪੈਠ ਨੂੰ ਰੋਕਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋ ਆਰ.ਐੱਸ.ਐੱਸ ਦੇ ਕਰਿੰਦਿਆਂ ਅਤੇ ਇਸ ਵਿੱਚ ਸ਼ਾਮਲ ਹੋ ਰਹੇ ਸਿੱਖ ਦਿੱਖ ਵਾਲਿਆਂ ਪ੍ਰਤੀ ਯੋਗ ਤੇ ਸਖ਼ਤ ਕਾਰਵਾਈ ਲਈ ਵੀ ਬੇਨਤੀ ਕੀਤੀ ਗਈ ਹੈ ।

# ਸਿੱਖਸ ਆਫ਼ ਅਮਰੀਕਾ ਨੇ ਕੀਤੀ ਭਾਰਤੀ ਅੰਬੈਸੀ ਵਾਸ਼ਿੰਗਟਨ ਨਾਲ ਕੀਤੀ ਵਰਚੂਅਲ ਕਾਨਫ਼ਰੰਸ



**ਵਾਸ਼ਿੰਗਟਨ/ਰਾਜ ਗੋਗਨਾ:** ਬੀਤੇ ਦਿਨ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿਖੇ ਅਮਰੀਕਾ ਦੀ ਸਿੱਖ ਆਰਗੇਨੇਸੀਏਸ਼ਨ , ਸਿੱਖ ਆਫ਼ ਅਮਰੀਕਾ ਅਤੇ ਐੱਨ. ਸੀ. ਆਈ. ਏ. ਨਾਂ ਦੀਆ ਸੰਸਥਾਵਾਂ ਨੇ ਭਾਰਤੀ ਅੰਬੈਸੀ ਨਾਲ ਮਿਲ ਕੇ ਇਕ ਵਰਚੂਅਲ ਕਾਨਫ਼ਰੰਸ ਕੀਤੀ। ਇਸ ਵਿੱਚ ਪਾਸਪੋਰਟ, ਵੀਜ਼ਾ ਰੀਨਿਊ ਅਤੇ ਹੋਰ ਦਸਤਾਵੇਜ਼ ਦੇ ਮੁੱਦਿਆਂ ਨਾਲ ਚਰਚਾ ਕਰਨ ਲਈ ਆਨਲਾਈਨ ਇਕ ਫੈਕਲਟੀ ਪ੍ਰੋਗਰਾਮ ਕੀਤਾ ਗਿਆ।ਇਸ ਵਰਚੂਅਲ ਕਾਨਫ਼ਰੰਸ ਦੀ ਸ਼ੁਰੂਆਤ ਬਲਜਿੰਦਰ ਸਿੰਘ ਸੰਮੀ ਪ੍ਰਧਾਨ ਐੱਨ. ਸੀ. ਆਈ. ਏ. ਨੇ ਸਾਰੇ ਭਾਰਤੀਆਂ ਦਾ ਅਤੇ ਅੰਬੈਸੀ ਦੇ ਉੱਚ- ਅਧਿਕਾਰੀਆਂ ਦਾ ਸਵਾਗਤ ਕਰਕੇ ਕੀਤੀ। ਇਸ ਵਰਚੂਅਲ ਪ੍ਰੋਗਰਾਮ ਵਿਚ ਭਾਰਤੀ ਅੰਬੈਸੀ ਦੇ ਉੱਚ ਅਧਿਕਾਰੀ , ਮਨਿਸਟਰ, ਕੌਂਸਲਰ ਅਤੇ ਵੀਜ਼ਾ ਅਫੇਅਰਜ਼ ਡਾ: ਜੈਦੀਪ ਨਾਇਰ ਨੇ ਵੀ ਹਿੱਸਾ ਲਿਆ। ਉਨਾਂ ਆਪਣੀ ਟੀਮ ਨਾਲ ਦੱਸਿਆ ਕਿ ਪਿਛਲੇ ਚਾਰ ਮਹੀਨਿਆਂ ਤੋ ਕੋਵਿਡ-19 ਦੀ ਮਾਰ ਹੇਠ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਏ ਅਮਰੀਕਾ ਵਿਚ ਵੱਸਦੇ ਭਾਈਚਾਰੇ ਲਈ ਉਨਾਂ ਦੀ ਜਾਨ ਦੀ ਰਾਖੀ ਲਈ ਅੰਬੈਸੀ ਨੂੰ ਬਹੁਤ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਸੀ।'ਸਿੱਖਸ ਆਫ਼ ਅਮਰੀਕਾ' ਦੇ ਚੇਅਰਮੈਨ ਸ. ਜਸਦੀਪ ਸਿੰਘ ਜੱਸੀ, ਪ੍ਰਧਾਨ ਕੰਵਲਜੀਤ ਸਿੰਘ ਸੋਨੀ, ਪਵਨ ਬੈਜਵਾੜਾ, ਅੰਜਨਾ ਜੀ ਨੇ ਭਾਰਤੀ ਰਾਜਦੂਤ ਸ: ਤਰਨਜੀਤ ਸੰਧੂ ਦੇ ਕੰਮਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਹੁਣ ਭਾਰਤੀ ਰਾਜਦੂਤ ਸ: ਤਰਨਜੀਤ ਸਿੰਘ ਸੰਧੂ ਵੱਲੋਂ ਵੀ ਕਿਹਾ ਗਿਆ ਕਿ ਭਾਰਤੀ ਮੂਲ ਦੇ ਲੋਕਾਂ ਦੇ ਪਾਸਪੋਰਟ ਵੀਜ਼ਾ ਅਤੇ ਇਸ ਨਾਲ ਜੁੜੀਆਂ ਕੁਝ ਹੋਰ ਸਮੱਸਿਆਵਾਂ ਨੂੰ ਹੱਲ ਕਰਨ ਲਈ ਅਸੀਂ ਵਰਚੂਅਲ ਕਾਨਫ਼ਰੰਸ ਰਾਹੀਂ ਉਨਾਂ ਦੀਆਂ ਮੁਸ਼ਕਲਾਂ ਸੁਣ ਕੇ ਹੱਲ ਕਰਨ ਲਈ ਵਚਨਬੱਧ ਹਾਂ।

# ਮਨਜੀਤ ਸਿੰਘ ਨੂੰ ਸਦਮਾ, ਸਾਂਢੂ ਸੁਖਪਾਲ ਸਿੰਘ ਮਿਨਹਾਸ ਦੀ ਕੋਰੋਨਾ ਵਾਇਰਸ ਕਾਰਨ ਮੌਤ



**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਸਿਆਟਲ ਦੀ ਜਾਣੀ ਪਛਾਣੀ ਸ਼ਖਸੀਅਤ ਕੀ ਇੰਸ਼ੋਰੈਂਸ ਵਾਲੇ ਮਨਜੀਤ ਸਿੰਘ ਦੇ ਸਾਂਢੂ ਸੁਖਪਾਲ ਸਿੰਘ ਮਿਨਹਾਸ (48) ਦੀ ਕੋਰੋਨਾ ਵਾਇਰਸ ਕਰਕੇ ਓਰਲਾਂਡੋ (ਫਲੋਰੀਡਾ) ਵਿਚ ਮੌਤ ਹੋ ਗਈ। ਬੜੀ ਦੁਖੀ ਹਿਰਦੇ ਨਾਲ ਦੱਸਿਆ ਕਿ ਸੁਖਪਾਲ ਸਿੰਘ ਮਿਨਹਾਸ ਓਰਲਾਂਡੋ ਹਸਪਤਾਲ ਵਿਚ ਕੋਰੋਨਾ ਵਾਇਰਸ ਕਾਰਨ ਜ਼ੇਰੇ ਇਲਾਜ ਸਨ। ਉਨਾਂ ਦੱਸਿਆ ਕਿ ਨਿਊਯਾਰਕ ਪੰਜਾਬੀਆਂ ਦੀਆਂ ਮੌਤਾਂ ਤੋਂ ਬਾਅਦ ਫਲੋਰੀਡਾ ਵਿਚ ਪਹਿਲੇ ਪੰਜਾਬੀ ਦੀ ਕੋਰੋਨਾ ਮਹਾਂਮਾਰੀ ਕਰਕੇ ਮੌਤ ਹੋਈ ਹੈ ਜਿਨਾਂ ਦਾ ਸੰਸਕਾਰ 30 ਅਗਸਤ, 2020 ਨੂੰ ਸਵੇਰੇ 11 ਵਜੇ ਓਰਲਾਂਡੋ ਵਿਚ ਕੀਤਾ ਜਾਵੇਗਾ। ਜਲੰਧਰ ਜ਼ਿਲੇ ਦੇ ਪਿੰਡ ਡਰੋਲੀ ਕਲਾਂ ਦੇ ਜਮਪਲ ਮੋਹਨ ਸਿੰਘ ਤੇ ਉਨਾਂ ਦੀ ਧਰਮ ਪਤਨੀ ਦਰਸ਼ਨ ਕੌਰ ਦੇ ਸਪੁੱਤਰ ਸੁਖਪਾਲ ਸਿੰਘ ਮਿਨਹਾਸ ਦੀ ਮੌਤ ਦੀ ਖਬਰ ਸੁਣ ਕੇ ਪਿੰਡ ਵਿਚ ਸੋਗ ਛਾ ਗਿਆ। ਇਸ ਦੇ ਨਾਲ ਹੀ ਸਹੁਰਾ ਪਰਿਵਾਰ ਚੌਖਿਆਰਾ (ਆਦਮਪੁਰ) ਦੇ ਜੰਮਪਲ ਜਸਦੇਵ ਸਿੰਘ ਸਰੋਆ ਤੇ ਬੀਬੀ ਨਰਿੰਦਰ ਕੌਰ ਤੇ ਲੜਕੇ ਜਸਜੀਤ ਸਿੰਘ ਅਤੇ ਜਰਨੈਲ ਸਿੰਘ ਦੇ ਪਰਿਵਾਰ ਵਿਚ ਮਾਤਮ ਛਾ ਗਿਆ। ਸਿਆਟਲ ਤੋਂ ਜਗਤਾਰ ਸਿੰਘ ਸਰੋਆ, ਪ੍ਰਸਿੱਧ ਲਿਖਾਰੀ ਵਾਸਦੇਵ ਸਿੰਘ ਪਰਹਾਰ, ਮਲਕੀਤ ਸਿੰਘ ਪਰਹਾਰ, ਤਨਵੀਰ ਸਿੰਘ, ਪਰਮਜੀਤ ਸਿੰਘ ਪਰਹਾਰ, ਕੁਲਵੰਤ ਸਿੰਘ ਮਿਨਹਾਸ, ਇੰਦਰਜੀਤ ਕੌਰ ਅਤੇ ਸਤਵਿੰਦਰ ਕੌਰ ਨੇ ਸੁਖਪਾਲ ਸਿੰਘ ਮਿਨਹਾਸ ਦੀ ਮੌਤ ਤੇ ਗਹਿਰਾ ਦੁੱਖ ਪ੍ਰਗਟ ਕੀਤਾ ਅਤੇ ਦੱਸਿਆ ਕਿ ਉਹ ਬਹੁਤ ਮਿਹਨਤੀ, ਮਿਲਣਸਾਰ ਅਤੇ ਸਾਊ ਇਨਸਾਨ ਸਨ ਜੋ ਆਪਣੇ ਪਿੱਛੇ ਪੁੱਤਰੀ ਤਰਨਜੀਤ ਕੌਰ ਅਤੇ ਲੜਕਾ ਪਰਮਵੀਰ ਸਿੰਘ ਮਿਨਹਾਸ (18) ਛੱਡ ਗਏ ਹਨ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਓਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਮਾਮਲਾ ਗੁਰੂ ਗ੍ਰੰਥ ਸਾਹਿਬ ਦੇ ਪਾਵਨ 328 ਸਰੂਪਾਂ ਦੇ ਗਾਇਬ ਹੋਣ ਦਾ

**ਅੰਮ੍ਰਿਤਸਰ /ਏ.ਟੀ.ਨਿਊਜ਼:** ਗੁਰੂ ਗ੍ਰੰਥ ਸਾਹਿਬ ਦੇ ਪਾਵਨ 328 ਸਰੂਪਾਂ ਦੇ ਗਾਇਬ ਹੋਣ ਦੇ ਮੁੱਦੇ ਉਤੇ ਦਲ ਖਾਲਸਾ ਨੇ ਸ਼੍ਰੋਮਣੀ ਕਮੇਟੀ ਉਤੇ ਗੁਰੂ ਸਾਹਿਬ ਦੇ ਸਰੂਪਾਂ ਦਾ ਵਿਉਪਾਰ ਕਰਨ ਦਾ ਸੰਗੀਨ ਦੋਸ਼ ਲਾਉਦਿਆਂ ਕਿਹਾ ਕਿ ਕਮੇਟੀ ਦੇ ਪ੍ਰਬੰਧਕਾਂ ਨੇ ਆਪਣੇ ਗੁਨਾਹਾਂ ਨਾਲ ਜਿਥੇ ਸਿੱਖਾਂ ਨੂੰ ਸ਼ਰਮਸਾਰ ਕੀਤਾ ਉਥੇ ਸੰਸਥਾ ਦੀ ਸ਼ਾਖ ਨੂੰ ਦਾਗਦਾਰ ਕੀਤਾ ਹੈ।

ਜਥੇਬੰਦੀ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ 2015 ਤੋਂ ਲੈ ਕੇ ਹੁਣ ਤੱਕ ਸ਼੍ਰੋਮਣੀ ਕਮੇਟੀ ਦੇ ਰਹਿ ਚੁੱਕੇ ਪ੍ਰਧਾਨ, ਸੱਕਤਰ ਅਤੇ ਪ੍ਰਕਾਸ਼ਨ ਵਿਭਾਗ ਦੇ ਮੈਂਬਰ ਸੱਭ ਕਰੜੀ ਸਜ਼ਾ ਦੇ ਹੱਕਦਾਰ ਹਨ, ਜਿਨਾਂ ਦੀ ਮਿਲੀਭੁਗਤ, ਬੇਈਮਾਨੀ ਅਤੇ ਨਲਾਇਕੀ ਦੇ ਕਾਰਨ ਗੁਰੂ ਸਾਹਿਬ ਦੀਆਂ ਬੀੜਾਂ ਦਾ ਵਿਉਪਾਰ ਹੋਇਆ ਹੈ। ਉਹਨਾਂ ਕਿਹਾ ਕਿ ਉਪਰੋਕਤ ਅਹੁਦੇਦਾਰ ਆਪਣੀ ਆਤਮਾ ਨੂੰ ਝੰਜੋੜਣ ਅਤੇ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋ ਕੇ ਗੁਰੂ ਗ੍ਰੰਥ ਅਤੇ ਗੁਰੂ ਪੰਥ ਤੋਂ ਮੁਆਫੀ ਮੰਗਣ ਅਤੇ ਅਹੁਦੇ ਛੱਡਣ। ਉਹਨਾਂ ਧਾਰਮਿਕ ਸੰਸਥਾ ਅੰਦਰ ਆਈ ਗਿਰਾਵਟ ਲਈ ਅਕਾਲੀ ਦਲ ਦੀ ਗੰਦਲੀ ਅਤੇ ਭ੍ਰਿਸ਼ਟ ਰਾਜਨੀਤੀ ਨੂੰ ਜ਼ਿੰਮੇਵਾਰ ਠਹਿਰਾਇਆ।

ਗਿਆਨੀ ਇਕਬਾਲ ਸਿੰਘ ਦੇ 'ਸਿੱਖ ਲਵ-ਕੁਸ਼ ਦੇ ਅੰਸ਼ ਵਿਚੋਂ ਹਨ' ਵਾਲੇ ਬਿਆਨ ਉਤੇ ਕਾਰਜਕਾਰੀ ਜਥੇਦਾਰ ਅਕਾਲ ਤਖਤ ਸਾਹਿਬ ਵਲੋਂ ਅਸਹਿਮਤੀ ਪ੍ਰਗਟਾਉਣ ਨੂੰ ਦਲ ਖਾਲਸਾ ਆਗੂ ਨੇ ਨਾ ਕਾਫੀ ਅਤੇ ਤੁੱਛ ਦਸਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 'ਗੋਬਿੰਦ ਰਮਾਇਣ' ਵਾਲੀ ਟਿਪਣੀ 'ਤੇ ਗਿਆਨੀ ਹਰਪ੍ਰੀਤ ਸਿੰਘ ਦੀ ਚੁੱਪ ਦੱਸਦੀ ਹੈ ਕਿ ਉਹ 'ਗਲਤ ਨੂੰ ਗਲਤ' ਕਹਿਣ ਦੀ ਹਿੰਮਤ ਦਿਖਾਉਣ ਵਿੱਚ ਕਮਜ਼ੋਰ ਤੇ ਲਾਚਾਰ ਸਾਬਿਤ ਹੋਏ ਹਨ।

ਦਲ ਖਾਲਸਾ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਰੈਫਰੇਡਮ 2020 ਦੀ ਅਰਦਾਸ 'ਤੇ ਅਣਐਲਾਨੀ ਪਾਬੰਦੀ ਲਾਉਣੀ ਅਤੇ ਅਰਦਾਸ ਕਰਨ ਵਾਲੇ ਨੌਜਵਾਨਾ ਨੂੰ ਗ੍ਰਿਫ਼ਤਾਰ ਕਰਨਾ ਗ਼ੈਰ-ਕਾਨੂੰਨੀ ਅਤੇ ਦੁਖਦਾਈ ਹੈ। ਉਹਨਾਂ ਅੱਗੇ ਕਿਹਾ ਕਿ ਏਸੇ ਤਰਾਂ ਸਿਖਸ ਫ਼ਾਰ ਜਸਟਿਸ ਵੱਲੋਂ ਮਾਇਆ ਦਾ ਲਾਲਚ ਦੇ ਕੇ ਆਪਣੀ ਮੁਹਿੰਮ ਲਈ ਨੌਜਵਾਨਾ ਨੂੰ ਅਰਦਾਸ ਲਈ ਜਜ਼ਬਾਤੀ ਜਾ ਉਤੇਜਿਤ ਕਰਨਾ ਗ਼ੈਰ-ਸਿਧਾਤਿਕ ਅਤੇ ਅਨੈਤਿਕ ਕਾਰਾ ਹੈ। ਉਹਨਾਂ ਸਪਸ਼ਟ ਕੀਤਾ ਕਿ ਅਰਦਾਸ ਸਿੱਖ ਦੀ ਅਕਾਲ ਪੁਰਖ ਪ੍ਰਤੀ ਸ਼ਰਧਾ ਅਤੇ ਵਿਸ਼ਵਾਸ ਦੀ ਪ੍ਰਤੀਕ ਹੈ।

ਉਹਨਾਂ ਕਿਹਾ ਕਿ ਸਥਾਨਕ ਪੁਲਿਸ ਵੱਲੋਂ ਐਤਵਾਰ ਦਰਬਾਰ ਸਾਹਿਬ ਦੇ ਬਾਹਰੋਂ ਗ੍ਰਿਫ਼ਤਾਰ ਨੌਜਵਾਨ ਗੁਰਮੀਤ ਸਿੰਘ ਜੋ ਗ੍ਰੰਥੀ ਸਿੰਘ ਹੈ, ਨੂੰ ਛੱਡਿਆ ਜਾਵੇ ਜਾ ਫਿਰ ਅਦਾਲਤ ਵਿੱਚ ਪੇਸ਼ ਕੀਤਾ ਜਾਵੇ ਕਿਉਕਿ 24 ਘੰਟੇ ਤੋ ਵੱਧ ਕਿਸੇ ਨੂੰ ਵੀ ਬਿਨਾ ਅਦਾਲਤ ਵਿੱਚ ਪੇਸ਼ ਕੀਤੇ ਹਿਰਾਸਤ ਵਿੱਚ ਰੱਖਣਾ ਗ਼ੈਰ-ਕਾਨੂੰਨੀ ਹੈ।

ਉਹਨਾਂ ਨੇ ਦਸਿਆ ਕਿ ਗੁਰਮੀਤ ਸਿੰਘ ਦੇ ਮਾਤਾ ਪਰਮਜੀਤ ਕੌਰ ਅਤੇ ਪਿਤਾ ਲਛਮਣ ਸਿੰਘ, ਜੋ ਪੱਟੀ ਇਲਾਕੇ ਦੇ ਵਸਨੀਕ ਹਨ, ਨੇ ਆਪਣੇ ਬੇਟੇ ਦੀ ਗ੍ਰਿਫਤਾਰੀ ਦੀ ਪੁਸ਼ਟੀ ਕਰ ਦਿੱਤੀ ਹੈ। ਉਹਨਾਂ ਸਰਕਾਰ ਨੂੰ ਕਿਹਾ ਕਿ ਉਹ ਨੌਜਵਾਨਾ ਨੂੰ ਪੁਲਿਸ ਹੱਥੋਂ ਖੌਫਜ਼ਾਦਾ ਕਰਨ ਦੀ ਨੀਤੀ ਨੂੰ ਬੰਦ ਕਰੇ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀ ਬਠਿੰਡਾ ਵਿਖੇ ਵੀ ਇਕ ਨੌਜਵਾਨ ਰੈਫਰੇਡਮ 2020 ਦੀ ਅਰਦਾਸ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਸੀ।

# ਹੁਣ ਆਰ.ਐਸ.ਐਸ. ਮੱਛਰੀ

## ਆਮਿਰ ਖ਼ਾਨ ਦੇ ਤੁਰਕੀ ਦੌਰੇ ਬਾਰੇ ਪਾਉਣ ਲੱਗੀ ਪੁਆੜੇ

**ਮੁੰਬਈ /ਏ.ਟੀ.ਨਿਊਜ਼:** ਬਾਲੀਵੁੱਡ ਐਕਟਰ ਆਮਿਰ ਖ਼ਾਨ ਦੇ ਤਾਜ਼ਾ ਤੁਰਕੀ ਦੌਰੇ ਕਰਕੇ ਰਾਸ਼ਟਰੀ ਸਵੈਮ ਸੇਵਕ ਸੰਘ ਨੇ ਉਨਾਂ ਨੂੰ ਨਿਸ਼ਾਨੇ 'ਤੇ ਲਿਆ ਹੈ। ਆਰਐਸਐਸ ਦੇ ਮੁੱਖ ਪੱਤਰ ਪੰਚਜਨਿਆ ਵਿੱਚ ਆਮਿਰ ਖ਼ਾਨ ਬਾਰੇ ਲੇਖ ਲਿਖਿਆ ਗਿਆ ਹੈ ਜਿਸ ਵਿੱਚ ਆਰਐਸਐਸ ਨੇ ਕਿਹਾ ਹੈ ਕਿ ਆਮਿਰ ਖ਼ਾਨ ਨੇ ਤੁਰਕੀ ਜਾ ਕੇ ਭਾਰਤੀਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਦੱਸ ਦੇਈਏ ਕਿ ਆਮਿਰ ਆਪਣੀ ਆਉਣ ਵਾਲੀ ਫ਼ਿਲਮ 'ਲਾਲ ਸਿੰਘ ਚੱਢਾ' ਦੀ ਸ਼ੂਟਿੰਗ ਲਈ ਤੁਰਕੀ ਗਏ ਸੀ। ਪੰਚਜਨਿਆ ਵਿੱਚ ਲਿਖਿਆ ਹੈ, "ਆਮਿਰ ਖ਼ਾਨ ਤੁਰਕੀ ਜਾ ਕੇ ਭਾਰਤੀਆਂ ਦੀਆਂ ਭਾਵਨਾਵਾਂ ਦਾ ਮਜ਼ਾਕ ਉਡਾ ਰਹੇ ਹਨ। ਉਨਾਂ ਨੂੰ ਸਮਝਣ ਦੀ ਜ਼ਰੂਰਤ ਹੈ। ਇੱਕ ਪਾਸੇ ਉਹ ਆਪਣੇ ਆਪ ਨੂੰ 'ਧਰਮ ਨਿਰਪੱਖ' ਕਹਿੰਦੇ ਹਨ, ਪਰ ਦੂਜੇ ਪਾਸੇ ਉਹੀ ਆਮਿਰ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਦੇ ਭਾਰਤ ਆਉਣ 'ਤੇ ਉਸ ਨੂੰ ਮਿਲਣ ਤੋਂ ਇਨਕਾਰ ਕਰ ਦਿੰਦਾ ਹੈ।" ਪੰਚਜਨਿਆ ਵਿੱਚ ਆਰਐਸਐਸ ਨੇ ਅੱਗੇ ਕਿਹਾ, "ਜੇ ਆਮਿਰ ਆਪਣੇ ਆਪ ਨੂੰ ਇੰਨਾ ਧਰਮ ਨਿਰਪੱਖ ਮੰਨਦਾ ਹੈ ਤਾਂ ਉਹ ਤੁਰਕੀ ਜਾ ਕੇ ਸ਼ੂਟਿੰਗ ਕਰਨ ਬਾਰੇ ਕਿਉਂ ਸੋਚ ਰਿਹਾ ਹੈ, ਜੋ ਦੇਸ਼ ਜੰਮੂ-ਕਸ਼ਮੀਰ ਦੇ ਮੁੱਦੇ 'ਤੇ ਪਾਕਿਸਤਾਨ ਦਾ ਸਮਰਥਨ ਕਰ ਰਿਹਾ ਹੈ।"

# ਪਿਆਜ਼ ਖਾਣ ਨਾਲ ਅਮਰੀਕਾ-ਕੈਨੇਡਾ ਵਿਚ ਬਿਮਾਰ ਹੋ ਰਹੇ ਲੋਕ

**ਵਾਸ਼ਿੰਗਟਨ/ਏ.ਟੀ.ਨਿਊਜ਼ :** ਕੋਰੋਨਾ ਮਹਾਂਮਾਰੀ ਦਰਮਿਆਨ ਅਮਰੀਕਾ ਤੇ ਕੈਨੇਡਾ ਵਿਚ ਲੋਕ ਇੱਕ ਨਵੇਂ ਬੈਕਟੀਰੀਆ ਤੋਂ ਸੰਕ੍ਰਮਿਤ ਹੋ ਰਹੇ ਹਨ। ਅਮਰੀਕਾ ਦੇ ਕਈ ਰਾਜਾਂ ਵਿੱਚ 400 ਤੋਂ ਵੱਧ ਲੋਕ ਸਾਲਮੋਨੇਲਾ ਬੈਕਟੀਰੀਆ ਤੋਂ ਇੰਫੈਕਟਿਡ ਹੋ ਚੁੱਕੇ ਹਨ। ਇਸ ਦੇ ਨਾਲ ਹੀ ਕੁਝ ਅਜਿਹੇ ਕੇਸ ਕੈਨੇਡਾ ਵਿੱਚ ਵੀ ਸਾਹਮਣੇ ਆਏ ਹਨ। ਸੀਐਨਐਨ ਦੀ ਇਕ ਰਿਪੋਰਟ ਅਨੁਸਾਰ 60 ਲੋਕ ਬੈਕਟੀਰੀਆ ਨਾਲ ਸੰਕਰਮਿਤ ਹੋਣ ਕਾਰਨ ਹਸਪਤਾਲ ਵਿੱਚ ਦਾਖਲ ਵੀ ਹੋਏ ਹਨ। ਇਹ ਮੰਨਿਆ ਜਾਂਦਾ ਹੈ ਕਿ ਇਹ ਲੋਕ ਇੱਕ ਕੰਪਨੀ ਦੁਆਰਾ ਸਪਲਾਈ ਕੀਤੇ ਸੰਕਰਮਿਤ ਪਿਆਜ਼ ਖਾਣ ਨਾਲ ਬਿਮਾਰ ਹੋ ਗਏ ਹਨ।ਦਸਤ, ਬੁਖ਼ਾਰ ਤੇ ਪੇਟ ਵਿੱਚ ਦਰਦ ਵਰਗੇ ਲੱਛਣ ਸੈਲਮੋਨੇਲਾ ਤੋਂ ਪ੍ਰਭਾਵਿਤ ਲੋਕਾਂ ਵਿੱਚ ਪਾਏ ਜਾਂਦੇ ਹਨ। ਜੇ ਕੋਈ ਇਸ ਬੈਕਟੀਰੀਆ ਨਾਲ ਸੰਕਰਮਿਤ ਹੁੰਦਾ ਹੈ, ਤਾਂ ਇਸ ਦੇ ਲੱਛਣ 6 ਘੰਟਿਆਂ ਤੋਂ 6 ਦਿਨਾਂ ਦੇ ਅੰਦਰ ਅੰਦਰ ਸਾਹਮਣੇ ਆ ਸਕਦੇ ਹਨ। ਉੱਥੇ ਹੀ ਲੋਕ ਆਮ ਤੌਰ 'ਚ 4 ਤੋਂ 7 ਦਿਨਾਂ ਲਈ ਇਸ ਬੈਕਟੀਰੀਆ ਕਾਰਨ ਬਿਮਾਰ ਰਹਿੰਦੇ ਹਨ। ਸਾਲਮੋਨੇਲਾ ਦਾ ਸਭ ਤੋਂ ਵੱਧ ਪ੍ਰਭਾਵ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ 65 ਸਾਲ ਤੋਂ ਵੱਧ ਉਮਰ ਦੇ ਬੱਚਿਆਂ 'ਚ ਹੁੰਦਾ ਹੈ। ਰਿਪੋਰਟਾਂ ਅਨੁਸਾਰ ਅਮਰੀਕਾ ਦੇ 31 ਰਾਜਾਂ ਦੇ ਲੋਕ ਇਸ ਜ਼ਹਿਰ ਦਾ ਸ਼ਿਕਾਰ ਹੋਏ ਹਨ। ਇਸ ਦਾ ਕਾਰਨ ਥੌਮਸਨ ਇੰਟਰਨੈਸ਼ਨਲ ਨਾਮਕ ਇਕ ਕੰਪਨੀ ਦੁਆਰਾ ਸਪਲਾਈ ਕੀਤੇ ਗਏ ਪਿਆਜ਼ ਨੂੰ ਮੰਨਿਆ ਜਾ ਰਿਹਾ ਹੈ। ਥੌਮਸਨ ਇੰਟਰਨੈਸ਼ਨਲ ਨੇ ਵੀ ਮੰਨਿਆ ਹੈ ਕਿ ਜਾਂਚ ਵਿਚ ਇਹ ਸਾਹਮਣੇ ਆਇਆ ਹੈ ਕਿ ਲਾਲ ਪਿਆਜ਼ ਖਾਣ ਕਾਰਨ ਲੋਕ ਇੰਫੈਕਟਿਡ ਹੋਏ ਹਨ। ਹਾਲਾਂਕਿ, ਕੰਪਨੀ ਹੁਣ ਬਾਜ਼ਾਰ ਤੋਂ ਹਰ ਕਿਸਮ ਦੇ ਪਿਆਜ਼ ਨੂੰ ਵਾਪਸ ਮੰਗਵਾ ਰਹੀ ਹੈ।

# 'ਦੋ ਸਾਲ ਵਿਚ ਖ਼ਤਮ ਹੋ ਜਾਵੇਗੀ ਕੋਰੋਨਾ ਮਹਾਂਮਾਰੀ'

## ਵਿਸ਼ਵ ਸਿਹਤ ਸੰਗਠਨ ਦੇ ਮੁਖੀ ਨੇ ਕੀਤਾ ਐਲਾਨ ਕਿਹਾ ਇਕ ਸਦੀ ਵਿਚ ਅਜਿਹਾ ਸੰਕਟ ਆਉਂਦਾ ਏ

**ਲੰਡਨ/ਏ.ਟੀ.ਨਿਊਜ਼:** ਵਰਲਡ ਹੈਲਥ ਆਰਗੇਨਾਈਜ਼ੇਸ਼ਨ ਦੇ ਮੁਖੀ ਡਾ. ਟੇਡਰੋਸ ਅਡਾਨੋਮ ਗੈਬਰੇਅਸਿਸ ਦਾ ਕਹਿਣਾ ਹੈ ਕਿ ਦੋ ਸਾਲਾਂ ਦੇ ਅੰਦਰ-ਅੰਦਰ ਦੁਨੀਆ ਵਿੱਚ ਕੋਰੋਨਾ ਵਾਇਰਸ ਮਹਾਂਮਾਰੀ ਖ਼ਤਮ ਹੋ ਜਾਵੇਗੀ। ਇਹ 1918 ਦੇ ਫਲੂ ਮਹਾਂਮਾਰੀ ਨੂੰ ਰੋਕਣ ਵਿੱਚ ਲੱਗੇ ਸਮੇਂ ਤੋਂ ਘੱਟ ਸਮੇਂ ਵਿੱਚ ਖ਼ਤਮ ਹੋ ਜਾਵੇਗੀ। ਉਨਾਂ ਨੇ ਕਿਹਾ ਕਿ ਲਗਭਗ 102 ਸਾਲ ਪਹਿਲਾਂ ਸਪੈਨਿਸ਼ ਫਲੂ ਦੋ ਸਾਲਾਂ ਵਿੱਚ ਖ਼ਤਮ ਹੋ ਗਿਆ ਸੀ। ਉਨਾਂ ਕਿਹਾ ਕਿ ਜੇ ਦੁਨੀਆ ਇੱਕਜੁੱਟ ਰਹੀ ਅਤੇ ਵੈਕਸੀਨ ਲੱਭ ਜਾਂਦੀ ਹੈ ਤਾਂ ਇਹ ਮਹਾਂਮਾਰੀ ਦੋ ਸਾਲਾਂ ਤੋਂ ਵੀ ਘੱਟ ਸਮੇਂ ਵਿਚ ਖ਼ਤਮ ਹੋ ਜਾਵੇਗੀ। ਇੱਕ ਸਦੀ ਵਿੱਚ ਇੱਕ ਵਾਰ ਅਜਿਹਾ ਸਿਹਤ ਸੰਕਟ ਪੈਦਾ ਹੁੰਦਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਸਪੈਨਿਸ਼ ਫਲੂ ਕਾਰਨ ਫਰਵਰੀ, 1918 ਤੋਂ ਅਪ੍ਰੈਲ 1920 ਵਿਚ, ਦੋ ਸਾਲਾਂ ਤੋਂ ਵੀ ਵੱਧ ਸਮੇਂ ਵਿਚ ਦੁਨੀਆ ਵਿਚ ਕਰੀਬ ਦੋ ਕਰੋੜ ਲੋਕਾਂ ਦੀ ਮੌਤ ਹੋ ਗਈ। ਮੁਖੀ ਨੇ ਕਿਹਾ ਕਿ ਵਿਸ਼ਵੀਕਰਨ ਦੇ ਕਾਰਨ ਕੋਰੋਨਾ ਵਾਇਰਸ ਦਾ ਫੈਲਣ ਸਾਲ 1918 ਦੇ ਮੁਕਾਬਲੇ ਬਹੁਤ ਤੇਜ਼ੀ ਨਾਲ ਹੋਇਆ ਹੈ, ਹਾਲਾਂਕਿ ਅੱਜ ਸਾਡੇ ਕੋਲ ਉਸ ਸਮੇਂ ਦੇ ਮੁਕਾਬਲੇ ਵਾਇਰਸ ਨੂੰ ਰੋਕਣ ਦੀਆਂ ਤਕਨੀਕਾਂ ਹਨ।


Homeopathicvibes

We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ



WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ,
ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ,
ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ
GURDIP SINGH SANDHU
DHMS-Gold Medalist, BAMS, MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ
ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# Sir Speedy Tustin
Printers to the Community

## Outdoor 3'x11' Promo Flag
Only $29/-
Pole & Spike $55/-

## Outdoor 3'x6' Durable Banner
Guru Nanak Sikh Temple
Fairfield
Visit Our Website:
www.FairfieldGurudwara.com

All weather, durable to sunlight, rain and wear & tear. Text only.
Only $69/-

## Receipt Books
Customized with your information and design. 2 part carbonless with numbering and perforation.
Call for Price

## Retractable 33"x 80" Banner
Includes stand and carry bag. Hi-res imaging, durable and Brilliant colors!
Only $225/-

## All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4

## 11" Printed Balloons
ਲੱਖ ਲੱਖ ਵਧਾਈ
Printed with your logo and info. One color, one location. Min. qty 1000
19¢ each

## Your Printed T-Shirts
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Only $4.99

## Your Printed Caps
YOUR LOGO HERE
1 color in 1 position. Min Qty. 100
Only $4.99

## Trip Envelopes Qty 1000
DAILY TRIP ENVELOPE
Only $199/-

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

# ਕਾਂਗਰਸ ਵਿਚ ਲੈਟਰ ਬੰਬ ’ਤੇ ਸਿਆਸਤ ਗਰਮਾਈ

**✪ ਵੱਡੇ ਲੀਡਰ ਨਹੀਂ ਪਸੰਦ ਕਰ ਰਹੇ ਗਾਂਧੀ ਪਰਿਵਾਰ ਦੀ ਅਗਵਾਈ ਨੂੰ ✪ ਕੈਪਟਨ ਸੋਨੀਆ ਪਰਿਵਾਰ ਦੇ ਹੱਕ ’ਚ ਡਟੇ ✪ ਬਘੇਲ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਛੱਤੀਸਗੜ੍ਹ ਵਿੱਚ 75 ਰਾਮ ਮੰਦਰ ਬਣਾਉਣ ਦਾ ਕੀਤਾ ਐਲਾਨ ✪ ਆਦੀਵਾਸੀ ਹੋਏ ਵਿਰੁੱਧ ✪ ਸੋਨੀਆ ਦੀ ਹਮਾਇਤ ’ਤੇ ਆਈ ਵਰਕਿੰਗ ਕਮੇਟੀ ✪ ਏਆਈਸੀਸੀ ਇਜਲਾਸ ਤੱਕ ਪ੍ਰਧਾਨਗੀ ਅਹੁਦੇ ’ਤੇ ਬਣੇ ਰਹਿਣ ਲਈ ਕਿਹਾ**



**ਦਿੱਲੀ/ਏ.ਟੀ.ਨਿਊਜ਼ :** ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਦੀ ਅਹਿਮੀਅਤ ਉਸ ਸਮੇਂ ਹੋਰ ਵਧ ਗਈ, ਜਦੋਂ ਇਹ ਗੱਲ ਸਾਹਮਣੇ ਆ ਗਈ ਕਿ ਪਾਰਟੀ ਦੇ ਉੱਪਰਲੀ ਪੱਧਰ ਦੇ 23 ਆਗੂਆਂ ਨੇ ਪਾਰਟੀ ਦੀ ਅੰਤਰਿਮ ਪ੍ਰਧਾਨ ਸੋਨੀਆ ਗਾਂਧੀ ਨੂੰ ਚਿੱਠੀ ਲਿਖ ਕੇ ਇਹ ਮੰਗ ਕਰ ਦਿੱਤੀ ਕਿ ਪਾਰਟੀ ਦਾ ਬਕਾਇਦਾ ਪ੍ਰਧਾਨ ਚੁਣਿਆ ਜਾਵੇ ਤੇ ਹੇਠਾਂ ਤੋਂ ਲੈ ਕੇ ਉੱਪਰ ਤੱਕ ਯੋਗ ਲੀਡਰਸ਼ਿਪ ਨੂੰ ਅੱਗੇ ਲਿਆਂਦਾ ਜਾਵੇ। ਇਸ ਚਿੱਠੀ ਦੇ ਬਾਹਰ ਆਉਣ ਤੋਂ ਬਾਅਦ ਕਾਂਗਰਸ ਹਾਈਕਮਾਂਡ ਧਰਮ ਸੰਕਟ ਵਿਚ ਫਸ ਗਈ। ਯਾਦ ਰਹੇ ਕਿ ਕਾਂਗਰਸ ਦੇ ਅੰਤਰਿਮ ਪ੍ਰਧਾਨ ਦੇ ਤੌਰ ’ਤੇ ਸੋਨੀਆ ਦਾ ਕਾਰਜਕਾਲ ਖ਼ਤਮ ਹੋ ਚੁੱਕਾ ਹੈ। ਇਸ ਨੂੰ ਦੇਖਦੇ ਹੋਏ ਕਾਂਗਰਸ ਵਿਚ ਬਦਲਾਅ ਦੀ ਮੰਗ ਉੱਠਣ ਲੱਗੀ ਹੈ। ਇਸ ਬਾਰੇ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰਾਂ, ਪਾਰਟੀ ਸੰਸਦ ਤੇ ਸਾਬਕਾ ਮੰਤਰੀਆਂ ਸਮੇਤ ਪਾਰਟੀ ਦੇ ਚੋਟੀ ਦੇ 23 ਨੇਤਾਵਾਂ ਨੇ ਸੋਨੀਆ ਗਾਂਧੀ ਨੂੰ ਪੱਤਰ ਲਿਖਿਆ ਹੈ। ਪੱਤਰ ਵਿਚ ਕਿਹਾ ਗਿਆ ਹੈ ਕਿ ਪਾਰਟੀ ਨੂੰ ਸੰਚਾਲਿਤ ਕਰਨ ਲਈ ਇਕ ਪ੍ਰਭਾਵੀ ਕੇਂਦਰੀ ਅਗਵਾਈ ਦੀ ਲੋੜ ਹੈ। ਇਸੇ ਵਿਚ ਕਾਂਗਰਸ ਦੇ ਦਿੱਗਜ਼ਾਂ ਵਿਚ ਵੱਖ-ਵੱਖ ਬਿਆਨ ਸਾਹਮਣੇ ਆਏ ਹਨ। ਕੁਝ ਨੇਤਾ ਸੋਨੀਆ ਗਾਂਧੀ ਦੀ ਅਗਵਾਈ ਤੋਂ ਸੰਤੁਸ਼ਟ ਹਨ ਤਾਂ ਕੁਝ ਨੇ ਰਾਹੁਲ ਨੂੰ ਦੁਬਾਰਾ ਪ੍ਰਧਾਨ ਦਾ ਅਹੁਦਾ ਸੰਭਾਲਣ ਦੀ ਗੁਹਾਰ ਲਗਾਈ ਹੈ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗਾਂਧੀ ਪਰਵਾਰ ਦੀ ਲੀਡਰਸ਼ਿਪ ਨੂੰ ਚੁਨੌਤੀ ਦੇਣ ਵਾਲੇ ਪਾਰਟੀ ਦੇ ਹੀ ਕੁਝ ਆਗੂਆਂ ਵੱਲੋਂ ਚਲਾਈ ਮੁਹਿੰਮ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਵੇਲਾ ਅਜਿਹੇ ਮਾਮਲੇ ਚੁੱਕਣ ਦਾ ਨਹੀਂ, ਸਗੋਂ ਭਾਜਪਾ ਦੀ ਅਗਵਾਈ ਵਾਲੀ ਐੱਨ ਡੀ ਏ ਸਰਕਾਰ ਦੇ ਸਖ਼ਤ ਵਿਰੋਧ ਕਰਨ ਦਾ ਹੈ, ਜਿਨਾਂ ਨੇ ਜਮਹੂਰੀਅਤ ਦਾ ਘਾਣ ਕੀਤਾ ਹੈ। ਉਨਾਂ ਕਿਹਾ ਕਿ ਚੋਣਾਵੀਂ ਹਾਰ ਕਦੇ ਵੀ ਲੀਡਰਸ਼ਿਪ ਤਬਦੀਲੀ ਦਾ ਪੈਮਾਨਾ ਨਹੀਂ ਹੁੰਦੀ। ਇਸ ਵੇਲੇ ਕਾਂਗਰਸ ਨਿਵਾਣ ’ਤੇ ਹੈ, ਇਸ ਦਾ ਮਤਲਬ ਇਹ ਨਹੀਂ ਕਿ ਗਾਂਧੀ ਪਰਿਵਾਰ ਦੇ ਪਾਰਟੀ ਨੂੰ ਉੱਪਰ ਚੁੱਕਣ ਦੇ ਯੋਗਦਾਨ ਨੂੰ ਭੁੱਲਾ ਦਿੱਤਾ ਜਾਵੇ।

ਯਾਦ ਰਹੇ ਕਿ ਪਾਰਟੀ ਦੇ ਮੁੱਖ ਆਗੂਆਂ, ਜਿਨਾਂ ਵਿਚ ਗ਼ੁਲਾਮ ਨਬੀ ਆਜ਼ਾਦ, ਕਪਿਲ ਸਿੱਬਲ ਤੇ ਕਈ ਮੁੱਖ ਮੰਤਰੀ ਸ਼ਾਮਲ ਹਨ, ਨੇ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਬਦਲਣ ਦਾ ਸੱਦਾ ਦਿੱਤਾ ਹੈ। ਕਾਂਗਰਸ ਦਾ ਸੰਕਟ ਇਹ ਹੈ ਕਿ ਇਹ ਸੱਦਾ ਦੇਣ ਵਾਲੇ ਆਗੂ ਆਪਸ ਵਿਚ ਵੀ ਸਹਿਮਤ ਨਹੀਂ ਹੋ ਸਕਦੇ ਕਿ ਉਨਾਂ ਵਿਚੋਂ ਕੌਣ ਪਾਰਟੀ ਦਾ ਮੁੱਖ ਨੇਤਾ ਬਣੇ। ਹਾਲ ਦੀ ਘੜੀ ਸੋਨੀਆ ਨੂੰ 6 ਮਹੀਨੇ ਲਈ ਪਾਰਟੀ ਦਾ ਅੰਤਰਿਮ ਪ੍ਰਧਾਨ ਰਹਿਣ ਲਈ ਕਹਿੰਦਿਆਂ ਇਹ ਫ਼ੈਸਲਾ ਕੀਤਾ ਗਿਆ ਕਿ ਪਾਰਟੀ ਇਸ ਸਮੇਂ ਦੇ ਅੰਦਰ ਅੰਦਰ ਨਵਾਂ ਆਗੂ ਚੁਣ ਲਵੇਗੀ।

ਯਾਦ ਰਹੇ ਕਿ ਕਾਂਗਰਸ ਧਰਮ-ਨਿਰਪੱਖ ਹੋਣ ਦਾ ਦਾਅਵਾ ਕਰਦੀ ਹੈ, ਪਰ ਇਸ ਦੇ ਸਾਰੇ ਲੀਡਰ ਹਿੰਦੂਤਵ ਵਾਲੀ ਮੌਕਾਪ੍ਰਸਤੀ ਵਾਲੀ ਪਹੁੰਚ ਅਪਣਾ ਰਹੇ ਹਨ। ਇਸ ਸਮੇਂ ਕਾਂਗਰਸ ਦੀ ਜੋ ਦੁਰਦਸ਼ਾ ਹੋ ਚੁੱਕੀ ਹੈ, ਉਸ ਦਾ ਮੁੱਖ ਕਾਰਨ ਹਿੰਦੂਤਵ ਵਲ ਝੁਕਾਅ ਹੋਣਾ ਹੈ। ਇੰਦਰਾ ਗਾਂਧੀ, ਰਾਜੀਵ ਗਾਂਧੀ ਤੇ ਨਰਸਿਮਾ ਰਾਓ ਦੇ ਦੌਰ ਵਿੱਚ ਬਹੁਗਿਣਤੀ ਹਿੰਦੂ ਭਾਈਚਾਰੇ ਨੂੰ ਖ਼ੁਸ਼ ਕਰਨ ਲਈ ਅਪਣਾਈ ਗਈ ਫ਼ਿਰਕੂ ਪਹੁੰਚ ਕਾਰਨ ਇੱਕ ਪਾਸੇ ਦੇਸ਼ ਦੀਆਂ ਘੱਟ ਗਿਣਤੀਆਂ ਦਾ ਕਾਂਗਰਸ ਨਾਲੋਂ ਮੋਹ ਭੰਗ ਹੋ ਗਿਆ ਤੇ ਦੂਜੇ ਪਾਸੇ ਕੱਟੜ ਹਿੰਦੂਵਾਦੀ ਵੋਟ ਭਾਜਪਾ ਦੇ ਹੱਕ ਵਿਚ ਹੈ। ਰਾਹੁਲ ਗਾਂਧੀ ਦੀ ਪ੍ਰਧਾਨਗੀ ਸਮੇਂ ਤਾਂ ਇਸ ਨੇ ਸਭ ਹੱਦਾਂ-ਬੰਨੇ ਉਲੰਘਣ ਦਾ ਰਾਹ ਫੜ ਲਿਆ, ਜਦੋਂ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਸਮੇਂ ਉਹ ਜਨੇਊ ਧਾਰਨ ਕਰਕੇ ਮੰਦਰੋਂ-ਮੰਦਰੀਂ ਪ੍ਰਕਰਮਾ ਕਰਨ ਤੁਰ ਪਿਆ ਸੀ। ਇਸ ਦੇ ਬਾਵਜੂਦ ਕਾਂਗਰਸ ਦੇ ਪੱਲੇ ਹਾਰ ਪਈ। ਸੁਪਰੀਮ ਕੋਰਟ ਵੱਲੋਂ ਰਾਮ ਮੰਦਰ ਦੇ ਹੱਕ ਵਿੱਚ ਫ਼ੈਸਲਾ ਦੇਣ ਤੇ ਪ੍ਰਧਾਨ ਮੰਤਰੀ ਮੋਦੀ ਵੱਲੋਂ ਨੀਂਹ ਪੱਥਰ ਰੱਖਣ ਸਮੇਂ ਰਾਹੁਲ ਗਾਂਧੀ ਤੇ ਪ੍ਰਿਅੰਕਾ ਗਾਂਧੀ ਵੱਲੋਂ ਦਿੱਤੇ ਬਿਆਨਾਂ ਤੋਂ ਬਾਅਦ ਤਾਂ ਇਹ ਲੱਗਦਾ ਹੀ ਨਹੀਂ ਕਿ ਉਹ ਪੰਡਤ ਨਹਿਰੂ ਵਾਲੀ ਕਾਂਗਰਸ ਦੀ ਵਿਰਾਸਤ ਦੇ ਪਹਿਰੇਦਾਰ ਹਨ। ਇਸ ਸਮੇਂ ਕਾਂਗਰਸ ਦੇ ਬਹੁਤ ਸਾਰੇ ਆਗੂਆਂ ਦੇ ਬਿਆਨਾਂ ਤੇ ਕਾਰਵਾਈਆਂ ਤੋਂ ਭਾਜਪਾ ਤੇ ਕਾਂਗਰਸ ਦੀ ਵਿਚਾਰਧਾਰਾ ਵਿੱਚ ਅੰਤਰ ਕਰ ਸਕਣਾ ਵੀ ਮੁਸ਼ਕਲ ਲੱਗਦਾ ਹੈ। ਭਾਜਪਾ ਹਿੰਦੂ ਰਾਸ਼ਟਰ ਦੀ ਸਥਾਪਨਾ ਲਈ ਖੁੱਲੇਆਮ ਐਲਾਨ ਕਰਦੀ ਹੈ ਤੇ ਕਾਂਗਰਸ ਵੀ ਹਿੰਦੂਤਵ ਦਾ ਰਾਹ ਭਾਲਦੀ ਹੈ।

**ਕਾਂਗਰਸ ਦੇ 75 ਰਾਮ ਮੰਦਰ**

ਜੇਕਰ ਕੋਈ ਕਸਰ ਬਾਕੀ ਸੀ ਤਾਂ ਉਹ ਭੁਪੇਸ਼ ਬਘੇਲ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਛੱਤੀਸਗੜ੍ਹ ਵਿੱਚ 75 ਰਾਮ ਮੰਦਰ ਬਣਾਉਣ ਦੀ ਯੋਜਨਾ ਬਣਾ ਕੇ ਪੂਰੀ ਕਰ ਦਿੱਤੀ ਹੈ। ਛੱਤੀਸਗੜ੍ਹ ਦੀ ਪਿਛਲੀ ਭਾਜਪਾ ਸਰਕਾਰ ਸਮੇਂ ਰਾਮ ਨੂੰ ਕੇਂਦਰ ਵਿੱਚ ਰੱਖ ਕੇ ਇੱਕ ਫ਼ਿਰਕੂ ਨੀਤੀ ਘੜੀ ਗਈ ਸੀ। ਇਸ ਮੁਤਾਬਿਕ ਕੁਝ ਸੰਘੀ ਇਤਿਹਾਸਕਾਰਾਂ ਰਾਹੀਂ ਬਣਵਾਸ ਸਮੇਂ ਰਾਮ ਵੱਲੋਂ ਵਰਤੇ ਗਏ ਰਾਹਾਂ ਦੀ ਖੋਜ ਕੀਤੀ ਗਈ। ਇਸ ਖੋਜ ਅਨੁਸਾਰ ਰਾਮ ਬਣਵਾਸ ਸਮੇਂ ਉੱਤਰ ਵਿੱਚ ਸੀਤਾਮੜੀ ਤੋਂ ਦੱਖਣ ਵਿੱਚ ਸੁਕਮਾ ਜ਼ਿਲੇ ਦੇ ਰਾਮਾਰਾਮ ਤੱਕ ਗਏ ਸਨ। ਕਾਂਗਰਸ ਸਰਕਾਰ ਵੱਲੋਂ ਇਸ ਯੋਜਨਾ ਨੂੰ ਅੱਗੇ ਵਧਾਉਂਦਿਆਂ ‘ਰਾਮ ਵਨ ਗਮਨ ਪੱਥ’ ਨਾਂਅ ਦੇ ਇਸ ਕਲਪਿਤ ਰਾਹ, ਜਿਸ ਦੀ ਲੰਬਾਈ 2260 ਕਿੱਲੋਮੀਟਰ ਬਣਦੀ ਹੈ, **ਬਾਕੀ ਸਫ਼ਾ 33 ’ਤੇ**

# ਭਾਰਤ ਵਿਚ ਜਮਹੂਰੀਅਤ ਖ਼ਤਰੇ ਵਿਚ

## ਮੁੜ ‘ਰਾਮ ਰਾਜ’ ਆਉਣ ਦੀਆਂ ਕੀਤੀਆਂ ਜਾ ਰਹੀਆਂ ਹਨ ਭਵਿੱਖ-ਬਾਣੀਆਂ

**- ਮੰਗਤ ਰਾਮ ਪਾਸਲਾ**

ਇਸ ਨੂੰ ਅੱਤ ਦੀ ਤ੍ਰਾਸਦੀ ਹੀ ਕਿਹਾ ਜਾਣਾ ਚਾਹੀਦਾ ਹੈ ਕਿ ‘ਕੋਰੋਨਾ ਮਹਾਂਮਾਰੀ’ ਦੇ ਦੌਰ ’ਚ, ਜਿਨਾਂ ਲੋਕਾਂ ਦੇ ਚੁੱਲੇ ਠੰਢੇ ਹੋਏ ਪਏ ਹਨ, ਬੇਰੁਜ਼ਗਾਰੀ ਬਘਿਆੜ ਵਾਂਗ ਮੂੰਹ ਅੱਡੀ ਖੜੀ ਬੇਕਾਰ ਜਵਾਨੀ ਨੂੰ ਨਿਗਲ਼ੀ ਜਾ ਰਹੀ ਹੈ ਤੇ ਖੇਤੀਬਾੜੀ ਧੰਦੇ ਨਾਲ ਜੁੜੇ ਮਜ਼ਦੂਰ ਤੇ ਕਿਸਾਨ ਮੋਦੀ ਸਰਕਾਰ ਦੇ ਕਾਰਪੋਰੇਟ ਘਰਾਨਿਆਂ ਪੱਖੀ ਫ਼ੈਸਲਿਆਂ ਨਾਲ ਤਬਾਹ ਹੋ ਰਹੇ ਹਨ, ਪਰ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਦੀ ਕੈਪਟਨ ਸਰਕਾਰ ਉਨਾਂ ਲੋਕਾਂ ਨਾਲ ਹੀ ਵਿਸ਼ਵਾਸਘਾਤ ਕਰਨ ’ਤੇ ਤੁਲੀ ਹੋਈ ਹੈ। ਇਨਾਂ ਦੀਆਂ ਵੋਟਾਂ ਨਾਲ ਉਹ ਸੱਤਾ ’ਤੇ ਬਿਰਾਜਮਾਨ ਹੋਏ ਹਨ। ਮਜ਼ਦੂਰ ਚੌਕਾਂ ’ਚ ਖੜੇ ਕਾਮੇ ਕਿਸੇ ਖ਼ਰੀਦਦਾਰ ਦੇ ਨਾ ਮਿਲਣ ਕਾਰਨ ਘਰੋਂ ਲਿਆਂਦੇ ਟੁੱਕੜ ਨੂੰ ਪਾਣੀ ਨਾਲ ਨਿਗਲ ਕੇ ਦਿਨ ਦੇ 11 ਕੁ ਵਜੇ ਮਾਯੂਸ ਹੋ ਕੇ ਮੁੜ ਘਰਾਂ ਨੂੰ ਪਰਤ ਜਾਂਦੇ ਹਨ। ਹੋਰ ਬੇਕਾਰ ਤੇ ਅੱਧ-ਭੁੱਖੇ ਕਰੋੜਾਂ ਲੋਕ, ਜੋ ਘਰਾਂ ਅੰਦਰ ਹੀ ਬੈਠੇ ਕਿਸਮਤ ਨੂੰ ਝੂਰ ਰਹੇ ਹਨ, ਸਰਕਾਰਾਂ ਦੇ ਨਜ਼ਰੀਂ ਨਹੀਂ ਪੈ ਰਹੇ। ਕੋਰੋਨਾ ਰੋਗ ਤੋਂ ਪੀੜਤ ਜਾਂ ਪੀੜਤ ਹੋ ਜਾਣ ਦੇ ਡਰੋਂ ਸਹਿਮੇ ਕਿਰਤੀ ਭੈਭੀਤ ਹੋਏ ਪਏ ਹਨ ਕਿ ਕਿਤੇ ਕੋਈ ਸਿਹਤ ਕਰਮਚਾਰੀ ਉਨਾਂ ਦਾ ਕੋਰੋਨਾ ਟੈਸਟ ਕਰਕੇ ਕਿਸੇ ‘ਭੂਤ ਬੰਗਲੇ’ ਨੁਮਾ ਹਸਪਤਾਲ ਦੇ ਮੰਜੇ ਉੱਪਰ ਨਾ ਸੁੱਟ ਆਵੇ! ਕੋਰੋਨਾ ਤੋਂ ਬਚਣ ਲਈ ਜਿਹੜੇ ਸਾਫ਼-ਸੁਥਰੇ ਵਾਤਾਵਰਨ, ਸੰਤੁਲਿਤ ਖ਼ੁਰਾਕ ਤੇ ਬਚਾਓ ਲਈ ਦਵਾਈਆਂ ਦੀ ਵਰਤੋਂ ਕੀਤੀ ਜਾਣੀ ਹੈ, ਉਨਾਂ ਦਾ ਉਪਲਬਧ ਕਰਾਉਣਾ ਸਾਡੀਆਂ ਸਰਕਾਰਾਂ ਦੇ ਏਜੰਡੇ ਉੱਪਰ ਵੀ ਨਜ਼ਰ ਨਹੀਂ ਆਉਂਦਾ। ਸਾਰੀ ਸਮਾਜਿਕ ਜ਼ਿੰਦਗੀ ਉਦਾਸੀ, ਪਸਤਹਿੰਮਤੀ, ਮੁਸ਼ਕਲਾਂ ਤੇ ਬੇਭਰੋਸਗੀ ਨਾਲ ਧੁਆਂਖੀ ਗਈ ਜਾਪਦੀ ਹੈ।

ਇਸ ਦੇ ਉਲਟ ਮੁਕੇਸ਼ ਅੰਬਾਨੀ ਤੇ ਉਸ ਦੇ ਜੋਟੀਦਾਰਾਂ ਨੂੰ ‘ਕੋਰੋਨਾ ਦੌਰ’ ਦੇਸੀ ਘਿਉ ਵਾਂਗ ਲੱਗਾ ਹੈ। ਮੁਕੇਸ਼ ਅੰਬਾਨੀ ਦੁਨੀਆ ਦੇ ਸਿਖਰ ਵਾਲੇ ਦਸ ਅਮੀਰ ਆਦਮੀਆਂ ਦੀ ਸੂਚੀ ’ਚ ਚੌਥੇ ਨੰਬਰ ’ਤੇ ਪੁੱਜ ਗਿਆ ਹੈ। ਹੋਰ ਬਹੁਤ ਸਾਰੇ ਵੱਡੇ ਕਾਰੋਬਾਰੀ ਵੀ ਮਾਲੋਂ ਮਾਲ ਹੋ ਰਹੇ ਹਨ। ਇਹ ਪੈਸਾ ਦਰੱਖਤਾਂ ਨਾਲ ਨਹੀਂ ਲਗਦਾ, ਬਲਕਿ ਇਸ ਵਿਚ ਲੋਕਾਂ ਦਾ ਖ਼ੂਨ ਟਪਕਦਾ ਹੈ। ਕੌਡੀਆਂ ਦੇ ਭਾਅ ਕੁਦਰਤੀ ਸਾਧਨ ਤੇ ਸਸਤੇ ਮਜ਼ਦੂਰ ਮੁਹੱਈਆ ਕਰਵਾ ਕੇ ਅਤੇ ਹਵਾ, ਪਾਣੀ ਤੇ ਸਮੁੱਚੇ ਵਾਤਾਵਰਨ ਨੂੰ ਕਿਸੇ ਵੀ ਹੱਦ ਤੱਕ ਪ੍ਰਦੂਸ਼ਿਤ ਕਰਕੇ ਪੂੰਜੀ ਇਕੱਠੀ ਕਰਨ ਦੀ ਦਿੱਤੀ ਖੁੱਲ ਨੇ ਤਾਂ ਦੁਨੀਆ ਭਰ ਦੇ ਪੂੰਜੀਵਾਦੀ ਦੇਸ਼ਾਂ ਅੰਦਰ ਮੋਦੀ ਸਰਕਾਰ ਦੀ ਬੱਲੇ-ਬੱਲੇ ਕਰਾ ਦਿੱਤੀ ਹੈ। ਭੁੱਖੇ ਮਰ ਰਹੇ ਲੋਕਾਂ ਨੂੰ ਜੰਗੀ ਮਾਹੌਲ ਸਿਰਜ ਕੇ ਲੰਬੇ ਸਮੇਂ ਤੱਕ ਹੋਰ ਵੀ ਬੁੱਧੂ ਬਣਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਭਾਰਤੀ ਸੈਨਿਕਾਂ ਦੀਆਂ ਕੀਮਤੀ ਜ਼ਿੰਦਗੀਆਂ ਮੋਦੀ ਸਰਕਾਰ ਲਈ ਵੋਟਾਂ ਇਕੱਠੀਆਂ ਕਰਨ ਲਈ ਕਾਰਗਰ ਸਾਧਨ ਬਣ ਰਹੀਆਂ ਹਨ।

5 ਅਗਸਤ, 2020 ਨੂੰ ਅਯੁੱਧਿਆ ਵਿਚ ਰਾਮ ਮੰਦਰ ਦਾ ਸ਼ਿਲਾਨਿਆਸ ਕਰਕੇ ਤਾਂ ਨਰਿੰਦਰ ਮੋਦੀ ਜੀ 138 ਕਰੋੜ ਭਾਰਤੀਆਂ ਦੇ ‘ਜਜਮਾਨ’ ਬਣ ਕੇ ਦੁਨੀਆ ਦੇ ਸਭ ਤੋਂ ਸਫਲ ‘ਪ੍ਰਧਾਨ ਮੰਤਰੀ’ ਦਾ ਰੁਤਬਾ ਹਾਸਲ ਕਰ ਗਏ ਹਨ। ਗੋਦੀ ਮੀਡੀਆ ਲਈ ਅਜਿਹਾ ਮਾਹੌਲ ਧਾਰਮਿਕ ਕੱਟੜਤਾ, ਫ਼ਿਰਕੂ ਜ਼ਹਿਰ ਤੇ ਲੋਕਾਂ ਵਿਚਕਾਰ ਨਫ਼ਰਤ ਦੀਆਂ ਦੀਵਾਰਾਂ ਖੜੀਆਂ ਕਰਨ ਵਾਸਤੇ ਸਮਗਰੀ ਹਾਸਲ ਕਰਨ ਲਈ ਸੁਨਹਿਰਾ ਮੌਕਾ ਸਿੱਧ ਹੋ ਰਿਹਾ ਹੈ, ਜਿਸ ਨਾਲ ਉਹ ਆਪਣੀ ਕੀਤੀ ‘ਸਰਕਾਰੀ ਸੇਵਾ’ ਦਾ ਪੂਰਾ-ਪੂਰਾ ਮੁੱਲ ਵਸੂਲ ਰਹੇ ਹਨ। ਗ਼ੈਰ-ਜ਼ਰੂਰੀ ਤੇ ਸੰਕੀਰਨ ਮੁੱਦਿਆਂ ਦੇ ਖਰੂਦ ਹੇਠਾਂ ਲੋਕਾਂ ਦੇ ਦੁੱਖ-ਦਰਦਾਂ ਨੂੰ ਕੂੜੇਦਾਨ ’ਚ ਸੁੱਟਣ ਦਾ ਯਤਨ ਹੋ ਰਿਹਾ ਹੈ। ਪੰਜ ਸੌ ਸਾਲਾਂ ਬਾਅਦ ‘ਰਾਮ ਮੰਦਰ’ ਦੀ ਉਸਾਰੀ ਤੋਂ ਬਾਅਦ ਮੁੜ ‘ਰਾਮ ਰਾਜ’ ਆਉਣ ਦੀਆਂ ਭਵਿੱਖ ਬਾਣੀਆਂ ਕੀਤੀਆਂ ਜਾ ਰਹੀਆਂ ਹਨ। ਪ੍ਰੰਤੂ ਇਹ ਨਹੀਂ ਦੱਸਿਆ ਜਾ ਰਿਹਾ ਕਿ ਕੀ ਰਾਮ ਮੰਦਰ ਦੀ ਉਸਾਰੀ ਤੇ ‘ਰਾਮ ਰਾਜ’ ਦੀ ਆਮਦ ਨਾਲ ਦੇਸ਼ ਦੇ ਕਰੋੜਾਂ ਬੇਰੁਜ਼ਗਾਰ ਲੋਕਾਂ ਨੂੰ ਕੰਮ ਮਿਲ ਸਕੇਗਾ? ਗ਼ਰੀਬਾਂ ਦੇ ਬੱਚੇ ਮੁਫ਼ਤ ਮਿਆਰੀ ਪੜਾਈ ਕਰਕੇ ਚੰਗੇ ਸਤਿਕਾਰ ਯੋਗ ਸ਼ਹਿਰੀ ਬਣ ਸਕਣਗੇ? ਬਿਮਾਰਾਂ ਲਈ ਮੁਫ਼ਤ ਇਲਾਜ ਵਾਸਤੇ ਸਰਕਾਰੀ ਹਸਪਤਾਲ ਹੋਣਗੇ? ਕੀ ‘ਰਾਮ ਰਾਜ’ ’ਚ ਮਨੂੰਵਾਦੀ ਵਿਵਸਥਾ ਦੇ ਜ਼ੁਲਮਾਂ ਦੀ ਕਹਾਣੀ ਦਾ ਅੰਤ ਹੋ ਜਾਵੇਗਾ? ਕਿਸਾਨਾਂ ਤੇ ਮਜ਼ਦੂਰਾਂ ਦੇ ਸਿਰਾਂ ਤੋਂ ਕਰਜ਼ਿਆਂ ਦੀ ਪੰਡ ਲਹਿ ਜਾਏਗੀ ਜਾਂ ਹੋਰ ਭਾਰੀ ਹੋ ਜਾਵੇਗੀ?

ਸੰਘ ਪਰਿਵਾਰ ਦਾ ਫ਼ਰਮਾਨ ਹੈ ਕਿ ਇਨਾਂ ਗੱਲਾਂ ਦੀ ਚਿੰਤਾ ਨਾ ਕਰੋ। ‘ਮੋਦੀ ਮਾਰਕਾ ਧਰਮ ਦੀ ਅਫ਼ੀਮ’ ਥੋੜੀ ਦੇਰ ਲਈ ਨਹੀਂ, ਸਦਾ-ਸਦਾ ਲਈ ਤੁਹਾਡੇ ਦੁੱਖ-ਦਰਦ ਦੂਰ ਕਰਦੀ ਰਹੇਗੀ! ਕਮਾਲ ਇਹ ਹੈ ਕਿ ਜਿਹੜੇ ਰਾਜਨੀਤਕ ਦਲ ਕਈ ਦਹਾਕਿਆਂ ਤੋਂ ਧਾਰਮਿਕ ਘੱਟ-ਗਿਣਤੀਆਂ ਦੀ ਰਾਖੀ ਦੇ ਦਾਅਵੇ ਕਰਦੇ ਨਹੀਂ ਸਨ ਥੱਕਦੇ, ਰਾਜਾਂ ਲਈ ਵਧੇਰੇ ਅਧਿਕਾਰਾਂ ਦੀ ਦੁਹਾਈ ਦਿੰਦੇ ਸਨ, ਦਲਿਤਾਂ ਉੱਪਰ ਹੋ ਰਹੇ ਜ਼ੁਲਮ ਦਾ ਖ਼ਾਤਮਾ ਹੋਣ ਤੱਕ ਯੁੱਧ ਕਰਨ ਦੀਆਂ ਕਸਮਾਂ ਖਾਂਦੇ ਸਨ, ਉਨਾਂ ਨੂੰ ਅੱਜਕੱਲ ਕਿਹੜਾ ਸੱਪ ਸੁੰਘ ਗਿਆ ਹੈ? ਕੁਸਕਦੇ ਹੀ ਨਹੀਂ! ਖ਼ੁਦਗ਼ਰਜ਼ ਵੀ ਹਨ ਇਹ ਲੋਕ ਤੇ ਡਰਪੋਕ ਵੀ। ਸਿਰਫ਼ ਆਪਣੇ ਲਈ ਸੋਚਦੇ ਹਨ। ਖ਼ੂਹ ’ਚ ਪੈਣ ਆਮ ਲੋਕ, ਜਿਨਾਂ ਨੂੰ ਬਾਬੇ ਨਾਨਕ ਨੇ ‘ਖ਼ਾਲਕ’ ਦਾ ਨਾਂਅ ਦਿੱਤਾ ਸੀ। ਨਾਮ ਨਿਹਾਦ ਦਲਿਤ ਮਿੱਤਰਾਂ ਨੇ ਡਾ: ਬੀ.ਆਰ. ਅੰਬੇਦਕਰ ਦੇ ਮਹਾਨ ਮਿਸ਼ਨ ਨੂੰ ਭੁਲਾ ਕੇ ਬੁੱਤਾਂ ’ਚ ਬੰਦ ਕਰ ਦਿੱਤਾ ਹੈ। ਇਸ ਕੰਮ ਲਈ ਮੋਦੀ ਸਰਕਾਰ ਵੀ ਪਿੱਛੇ ਨਹੀਂ, ਭਾਵੇਂ ਕੰਮ ਸਾਰੇ ਬਾਬਾ ਸਾਹਿਬ ਦੀ ਸੋਚਣੀ ਦੇ ਉਲਟ ਹੀ ਕਰ ਰਹੀ ਹੈ।

ਲੋਕ ਸਵਾਲ ਪੁੱਛਦੇ ਹਨ, ਇਨਾਂ ਸਭ ਮੁਸ਼ਕਲਾਂ ਦਾ ਇਲਾਜ ਕੀ ਹੈ? ‘ਅਸੰਭਵ’ ਸ਼ਬਦ ਇਨਸਾਨ ਦੀ ਡਿਕਸ਼ਨਰੀ ’ਚ ਨਹੀਂ ਹੈ। ਮਸਲਿਆਂ ਦਾ ਅਸਲੀ ਹੱਲ ਤਾਂ ਪੂੰਜੀਵਾਦ ਦੇ ਖ਼ਾਤਮੇ ਨਾਲ ਹੀ ਹੋਵੇਗਾ, ਜਦੋਂ ਪੈਦਾਵਾਰ ਦੇ ਸਾਧਨਾਂ ’ਤੇ ਸਾਰੇ ਸਮਾਜ ਦਾ ਅਧਿਕਾਰ ਹੋਵੇਗਾ। ਪਰ ਕੌੜੀ ਵੇਲ ਵਾਂਗ ਵਧ ਰਹੀ ਧਨਵਾਨ ਲੋਕਾਂ ਦੀ ਪੂੰਜੀ ’ਤੇ ਭਾਰੀ ਟੈਕਸਾਂ ਨਾਲ ਉਗਰਾਹੀ ਰਕਮ ਨੂੰ ਸਰਕਾਰੀ ਸਕੂਲ ਤੇ ਹਸਪਤਾਲ ਖੋਲਣ ਸਮਾਜਿਕ ਸੁਰੱਖਿਆ, ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੀ ਸਰਕਾਰੀ ਵੰਡ ਪ੍ਰਣਾਲੀ ਲਈ ਤਾਂ ਵਰਤਿਆ ਜਾ ਸਕਦਾ ਹੀ ਹੈ। ਸਰਕਾਰੀ ਖ਼ਰਚਿਆਂ ’ਚ ਕਮੀ ਤੇ ਕਾਲੀ ਕਮਾਈ ਨੂੰ ਜ਼ਬਤ ਕਰਕੇ ਵਿੱਤੀ ਸਾਧਨ ਪੈਦਾ ਕੀਤੇ ਜਾ ਸਕਦੇ ਹਨ। ਸਮਾਜਿਕ ਜਬਰ ਦੇ ਖ਼ਾਤਮੇ ਲਈ ਪੈਸੇ ਦੀ ਨਹੀਂ, ਸਿਰਫ਼ ਰਾਜਸੀ ਇੱਛਾ ਸ਼ਕਤੀ ਦੀ ਲੋੜ ਹੈ। ਛੋਟੀਆਂ ਤੇ ਦਰਮਿਆਨੇ ਦਰਜੇ ਦੀਆਂ ਸਨਅਤਾਂ ਦਾ ਜਾਲ ਵਿਛਾ ਕੇ ਤੇ ਸਰਕਾਰੀ ਮਹਿਕਮਿਆਂ ਦੀਆਂ ਖ਼ਾਲੀ ਅਸਾਮੀਆਂ ਭਰ ਕੇ ਬੇਰੁਜ਼ਗਾਰ ਹੱਥਾਂ ਦੇ ਵੱਡੇ ਹਿੱਸੇ ਨੂੰ ਨੌਕਰੀਆਂ ਦਿੱਤੀਆਂ ਜਾ ਸਕਦੀਆਂ ਹਨ। ਨਿੱਜੀਕਰਨ, ਜੋ ਸਾਰੇ ਪੁਆੜਿਆਂ ਦੀ ਜੜ ਹੈ, ਦਾ ਖ਼ਾਤਮਾ ਇਕ ਲੋਕ-ਪੱਖੀ ਸਰਕਾਰ ਵੱਲੋਂ ਮੌਜੂਦਾ ਸੰਵਿਧਾਨਕ ਸੀਮਾਵਾਂ ਅੰਦਰ ਵੀ ਕੀਤਾ ਜਾ ਸਕਦਾ ਹੈ। ਕਾਲੇ ਕਾਨੂੰਨਾਂ ਦੀ ਵਾਪਸੀ ਨਾਲ ਲੋਕਾਂ ਦੀਆਂ ਜਮਹੂਰੀ ਆਜ਼ਾਦੀਆਂ ਬਹਾਲ ਕੀਤੀਆਂ ਜਾ ਸਕਦੀਆਂ ਹਨ, ਜੋ ਦੇਸ਼ ਦੀ ਆਜ਼ਾਦੀ ਤੇ ਅਖੰਡਤਾ ਲਈ ਖ਼ਤਰਾ ਨਹੀਂ, ਬਲਕਿ ਮਜ਼ਬੂਤੀ ਦੀ ਗਾਰੰਟੀ ਹਨ। ਲੋਕ ਲਹਿਰਾਂ ’ਚ ਕੁੱਦੀਆਂ ਹੋਈਆਂ ਖੱਬੇ ਪੱਖੀ ਤੇ ਜਮਹੂਰੀ ਰਾਜਸੀ ਸ਼ਕਤੀਆਂ, ਜਿਨਾਂ ਦਾ ਪਿਛਲਾ ਰਿਕਾਰਡ ਜਨ ਸਾਧਾਰਨ ਦੀ ਪੀੜਾ ਨੂੰ ਘੱਟ ਕਰਨ ਅਤੇ ਭ੍ਰਿਸ਼ਟਾਚਾਰ, ਪੁਲਿਸ ਵਧੀਕੀਆਂ ਤੇ ਸਮਾਜਿਕ ਜਬਰ ਦੇ ਖ਼ਾਤਮੇ ਲਈ ਲੋਕ ਘੋਲਾਂ ਪ੍ਰਤੀ ਸਮਰਪਿਤ ਰਿਹਾ ਹੈ, ਦੇ ਹੱਥ ਸੱਤਾ ਦੀ ਵਾਗਡੋਰ ਜਨ ਸਮੂਹਾਂ ਲਈ ਥੋੜੇ ਸਮੇਂ ਵਾਲੀ ਕੁਝ ਰਾਹਤ ਲਾਜ਼ਮੀ ਮੁਹੱਈਆ ਕਰਾ ਸਕਦੀ ਹੈ। ਇਹ ਧਿਰਾਂ ਪੈਸੇ ਦੇ ਬਲਬੂਤੇ ਚੋਣਾਂ ਦੌਰਾਨ ਹੀ ਨਹੀਂ, ਬਲਕਿ ਹਰ ਲੋਕ ਵਿਰੋਧੀ ਸਰਕਾਰ ਵਿਰੁੱਧ ਸੰਘਰਸ਼ ਕਰਦੀਆਂ ਦੇਖੀਆਂ ਜਾ ਸਕਦੀਆਂ ਹਨ। ਕਿਸੇ ਵੀ ਰਾਜਨੀਤਕ ਪਾਰਟੀ ਦੀ ਧਨ ਕੁਬੇਰਾਂ ਜਾਂ ਲੋਕ ਪੱਖੀ ਨੀਤੀਆਂ ਤੇ ਸੋਚ ਦੀ ਝਲਕ ਉਨਾਂ ਦੇ ਚੋਣ ਐਲਾਨਨਾਮਿਆਂ ਤੇ ਰਾਜਸੀ ਅਮਲਾਂ ਤੋਂ ਵੀ ਦੇਖੀ ਜਾ ਸਕਦੀ ਹੈ। ਚੇਤਨਾ ਦੀ ਤਿੱਖੀ ਨਜ਼ਰ ਠੀਕ ਤੇ ਗ਼ਲਤ ਰਾਜਨੀਤਕ ਧਿਰ ਦੀ ਨਿਸ਼ਾਨਦੇਹੀ ਕਰ ਸਕਦੀ ਹੈ, ਜਿਸ ਲਈ ਹਰ ਸੰਭਵ ਯਤਨ ਕੀਤੇ ਜਾਣੇ ਚਾਹੀਦੇ ਹਨ।

# "ਭਾਈ ਢੱਡਰੀਆਂ ਵਾਲੇ ਦਾ ਪੰਥ ਸਾਥ ਨਾ ਦੇਵੇ"

**✪ ਜਥੇਦਾਰ ਨੇ ਜਾਰੀ ਕੀਤਾ ਹੁਕਮਨਾਮਾ ✪ ਗੁੰਮ ਹੋਏ 267 ਸਰੂਪਾਂ ਦੇ ਮਾਮਲੇ 'ਚ ਪੰਥ ਨੂੰ ਭੰਬਲਭੂਸੇ 'ਚ ਪਾਇਆ ✪ ਨਾ ਮੁੱਖ ਦੋਸ਼ੀ ਲੱਭਿਆ, ਨਾ ਗੁਰੂ ਗ੍ਰੰਥ ਸਾਹਿਬ ਦੇ ਸਰੂਪ, ਨਾ ਪੁਲੀਸ 'ਚ ਰਿਪੋਰਟ ਦਰਜ ਹੋਈ ✪ ਸਿਆਸੀ ਦਬਾਅ ਅਧੀਨ ਜਾਣ-ਬੁੱਝ ਕੇ ਦੱਬੀ ਰੱਖੀ ਗੁੰਮ ਹੋਏ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਬਾਰੇ ਘਟਨਾ ✪ ਗੁਰੂ ਸਾਹਿਬ ਦੇ ਸਰੂਪਾਂ ਦੀ ਖ਼ਬਰ ਲੁਕਾਉਣ ਵਾਲੀ ਸ਼੍ਰੋਮਣੀ ਕਮੇਟੀ ਨੂੰ ਅਗਲੀ ਕਾਰਵਾਈ ਕਰਨ ਬਾਰੇ ਕਹਿ ਦਿੱਤਾ**



**ਅੰਮ੍ਰਿਤਸਰ/ਏ.ਟੀ.ਨਿਊਜ਼ :** ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਪੰਜ ਜਥੇਦਾਰਾਂ ਦੀ ਮੀਟਿੰਗ ਪੂਰੀ ਤਰਾਂ ਬੇਸਿੱਟਾ ਰਹੀ ਤੇ ਕਿਆਸ-ਅਰਾਈਆ ਦੇ ਬਿਲਕੁਲ ਉਲਟ ਕਿਸੇ ਵੀ ਮੁੱਦੇ 'ਤੇ ਜਥੇਦਾਰ ਕੋਈ ਵੀ ਫ਼ੈਸਲਾ ਲੈਣ ਵਿੱਚ ਨਾਕਾਮ ਹੀ ਨਹੀਂ ਰਹੇ, ਸਗੋਂ 267 ਸਰੂਪਾਂ ਦਾ ਮਾਮਲਾ ਹੋਰ ਵੀ ਉਲਝਣ ਵਿੱਚ ਪਾਉਂਦਿਆਂ ਕਾਰਵਾਈ ਲਈ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਭੇਜ ਦਿੱਤੀ ਗਈ। ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਗੁੰਮ ਹੋਣ ਸੰਬੰਧੀ ਬਲੀ ਦਾ ਬੱਕਰਾ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਬਣਾਇਆ ਗਿਆ ਹੈ ਪਰ ਇਸ ਬਾਰੇ 'ਜਥੇਦਾਰ' ਨੇ ਸਪਸ਼ਟ ਨਹੀਂ ਕੀਤਾ ਕਿ ਕਿਸ ਸਿਆਸੀ ਦਬਾਅ ਹੇਠ 4 ਸਾਲ ਰਿਪੋਰਟ ਨੱਪੀ ਰਹੀ। ਇਸ ਬਾਰੇ ਉਸ ਸਮੇਂ ਦੇ ਪ੍ਰਧਾਨ, ਸਮੁੱਚੀ ਐਗਜ਼ੈਕਟਿਵ ਤੇ ਉੱਚ ਅਧਿਕਾਰੀਆਂ ਨੂੰ ਪਤਾ ਸੀ। ਜਾਂਚ ਰਿਪੋਰਟ ਵਿਚ ਸੀ.ਈ.ਓ ਦਾ ਕੋਈ ਜ਼ਿਕਰ ਨਹੀਂ ਜਿਸ ਕੋਲ ਪ੍ਰੀ-ਆਡਿਟ ਤੇ ਇੰਟਰਨੈਸ਼ਨਲ ਆਡਿਟ ਤੇ ਆਨਲਾਈਨ ਰਿਕਾਰਡ ਕਰਨ ਦੇ ਅਧਿਕਾਰ ਹਨ ਤੇ ਉਹ ਸਭ ਤੋਂ ਵੱਡਾ ਅਧਿਕਾਰੀ ਹੈ ਜੋ ਇਕ ਕਰੋੜ ਤਨਖ਼ਾਹ ਲੈ ਰਿਹਾ ਹੈ। 'ਜਥੇਦਾਰ' ਨੇ ਇਹ ਵਰਣਨ ਕੀਤਾ ਹੈ ਕਿ 2016 ਤੋਂ ਹੁਣ ਤਕ ਆਡਿਟ ਨਹੀਂ ਹੋਇਆ। ਇਹ ਸੀ.ਈ.ਓ. ਸੁਖਬੀਰ ਸਿੰਘ ਬਾਦਲ ਵੱਲੋਂ ਨਿਯੁਕਤ ਕੀਤਾ ਗਿਆ ਹੈ।

ਸਿੱਖ ਜਸਟਿਸ ਬੀਬੀ ਨਵਿਤਾ ਸਿੰਘ ਵੱਲੋਂ ਪੜਤਾਲ ਛੱਡਣੀ ਵੀ ਸ਼ੱਕ ਦੇ ਘੇਰੇ ਵਿਚ ਹੈ ਤੇ ਇਹ ਰਿਪੋਰਟ ਐਡਵੋਕੇਟ ਦੁਆਰਾ ਪੇਸ਼ ਕੀਤੀ ਗਈ ਹੈ।। ਇਕ ਹਜ਼ਾਰ ਸਫ਼ੇ ਦੀ ਰਿਪੋਰਟ ਮੀਡੀਆ ਨੂੰ ਦੇਣ ਦੀ ਥਾਂ ਸੰਖੇਪ ਪ੍ਰੈੱਸ ਬਿਆਨ ਹੀ ਦਿੱਤਾ ਹੈ। ਇਸ ਸਬੰਧੀ ਸੁਖਦੇਵ ਸਿੰਘ ਭੌਰ ਨੇ ਕਿਹਾ ਹੈ ਕਿ ਜਦੋਂ ਘਟਨਾ ਵਾਪਰੀ ਸੀ ਤਾਂ ਉਸ ਵੇਲੇ 'ਜਥੇਦਾਰ' ਕਿਥੇ ਗਏ ਸੀ। ਸਾਰੀ ਜਾਂਚ ਰਿਪੋਰਟ ਸਾਹਮਣੇ ਆਉਣ ਤੇ ਹੀ ਖ਼ਾਮੀ ਦੀ ਪਤਾ ਲੱਗ ਸਕਦਾ ਹੈ। ਉਸ ਸਮੇਂ ਦੇ ਮੁੱਖ ਸਕੱਤਰ ਗੁਰਚਰਨ ਸਿੰਘ ਨੇ ਦੱਸਿਆ ਕਿ ਘਟਨਾ ਵਾਪਰਨ ਤੋਂ ਬਾਅਦ ਉਨਾਂ ਅਹੁਦਾ ਸੰਭਾਲਿਆ ਸੀ ਤੇ ਇਸ ਕਾਂਡ ਦਾ ਪਤਾ ਲੱਗਣ ਉਪਰੰਤ ਮਰਹੂਮ ਅਵਤਾਰ ਸਿੰਘ ਮੱਕੜ ਸਾਬਕਾ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਪਸ਼ਚਾਤਾਪ ਲਈ ਪਾਠ ਰਖਵਾਉਣ ਦੀ ਬੇਨਤੀ ਕੀਤੀ ਸੀ ਪਰ ਉਨਾਂ ਖ਼ਾਮੋਸ਼ ਰਹਿਣ ਲਈ ਕਿਹਾ ਸੀ। ਪਰ ਉਨਾਂ ਜਾਤੀ ਤੌਰ 'ਤੇ ਪਸ਼ਚਾਤਾਪ ਦੀ ਅਰਦਾਸ ਕੀਤੀ ਸੀ। 'ਜਥੇਦਾਰ' ਸਪਸ਼ਟੀਕਰਨ ਮੰਗਣਗੇ ਤੇ ਉਹ ਸਾਰੀ ਸਥਿਤੀ ਤੋਂ ਜਾਣੂ ਕਰਵਾਉਣਗੇ ?

ਸਿੱਖ ਕੌਮ ਨੂੰ ਬੇਅਦਬੀਆਂ ਸਬੰਧੀ ਪੇਸ਼ ਹੋਈ ਰਿਪੋਰਟ ਅਤੇ ਜਥੇਦਾਰ ਵੱਲੋਂ ਕੀਤੀ ਕਾਰਵਾਈ ਸੰਤੁਸ਼ਟ ਨਹੀਂ ਕਰਵਾ ਸਕੀ। ਕੁੱਝ ਸਿੱਖ ਹਲਕਿਆਂ ਦਾ ਦਾਅਵਾ ਹੈ ਕਿ ਇਹ ਕੇਸ ਅਪਰਾਧ ਨਾਲ ਸੰਬੰਧਿਤ ਹੈ। ਪੁਲਿਸ ਨੂੰ ਦਿੱਤਾ ਹੁੰਦਾ ਤਾਂ ਸ਼ਾਇਦ ਉਹ ਸਖ਼ਤੀ ਨਾਲ ਪੁੱਛਗਿੱਛ ਕਰਕੇ ਅਸਲ ਜ਼ਿੰਮੇਵਾਰ ਦੋਸ਼ੀ ਗ੍ਰਿਫ਼ਤਾਰ ਕੀਤੇ ਗਏ ਹੁੰਦੇ। ਪੁਲਿਸ ਨੇ ਠੇਕੇਦਾਰ ਦੀ ਪੁੱਛਗਿੱਛ ਕਰ ਕੇ ਸਭ ਧਿਰਾਂ ਬੇਪਰਦ ਕਰ ਦੇਣੀਆਂ ਸਨ।

ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਹੋਈ ਮੀਟਿੰਗ ਵਿਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਕੇਸਗੜ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਰਣਜੀਤ ਸਿੰਘ ਗੌਹਰ ਮਸਕੀਨ, ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਤੇ ਅਕਾਲ ਤਖ਼ਤ ਦੇ ਪੰਜ ਪਿਆਰਿਆ ਵਿੱਚ ਸ਼ਾਮਲ ਭਾਈ ਦਿਲਬਾਗ ਸਿੰਘ ਨੇ ਸ਼ਮੂਲੀਅਤ ਕੀਤੀ। ਅਕਾਲ ਤਖ਼ਤ ਵੱਲੋਂ ਗੁੰਮ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 267 ਸਰੂਪਾਂ ਸੰਬੰਧੀ ਪੁੱਜੀ ਰਿਪੋਰਟ 'ਤੇ ਗ਼ੌਰ ਫੁਰਮਾਉਂਦਿਆਂ ਪੜਤਾਲ ਅਨੁਸਾਰ (ਨਤੀਜਾ ਰਿਪੋਰਟ 10 ਪੇਜ ਤੇ ਮੁਕੰਮਲ ਰਿਪੋਰਟ 1000 ਪੇਜ) ਪਾਇਆ ਗਿਆ ਕਿ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਸਟੋਰ ਲੈਜਰ ਵਿਚ ਠੀਕ ਢੰਗ ਨਾਲ ਦਰਜ ਨਹੀਂ ਕੀਤੇ ਗਏ। ਓਪਨ ਤੇ ਕਲੋਜ਼ਿੰਗ ਲੈਜਰ ਵਿਚ ਵਾਰ-ਵਾਰ ਕਟਿੰਗ ਤੇ ਛੇੜ-ਛਾੜ ਕਰਨਾ ਸਾਬਤ ਕਰਦਾ ਹੈ ਕਿ ਰਿਕਾਰਡ ਦੀ ਭੰਨਤੋੜ ਕਰਨ ਵਾਲੇ ਵਿਅਕਤੀਆਂ ਦੀ ਮਨਸ਼ਾ ਕੁਝ ਹੋਰ ਹੀ ਦਰਸਾ ਰਹੀ ਹੈ। ਸਾਲ 2013-14 ਤੇ 2014-15 ਦੀਆਂ ਲੈਜਰਾਂ ਨੂੰ ਚੈੱਕ ਕਰਨ 'ਤੇ ਪਾਇਆ ਗਿਆ ਕਿ ਪ੍ਰੈੱਸ ਤੇ ਪਬਲੀਕੇਸ਼ਨ ਵਿਭਾਗ ਦੀਆਂ ਲੈਜਰਾਂ ਵਿਚ 18 ਅਗਸਤ 2015 ਨੂੰ ਗੁਰੂ ਗ੍ਰੰਥ ਸਾਹਿਬ ਦੇ 267 ਪਾਵਨ ਸਰੂਪ ਨਹੀਂ, ਸਗੋਂ 328 ਪਾਵਨ ਸਰੂਪ ਘੱਟ ਸਨ। ਇਸ ਤੋਂ ਇਲਾਵਾ ਕੁਝ ਅਧਿਕਾਰੀਆਂ/ਕਰਮਚਾਰੀਆਂ ਦੀ ਮਿਲੀਭੁਗਤ ਨਾਲ ਪਬਲੀਕੇਸ਼ਨ ਵਿਭਾਗ ਵੱਲੋਂ ਜਾਰੀ ਕੀਤੇ ਗਏ ਵੇਸਟਿੰਗ ਅੰਗਾਂ ਲਈ ਦਿੱਤੇ ਵਾਧੂ ਅੰਗਾਂ ਤੋਂ ਅਨ-ਅਧਿਕਾਰਤ ਤਰੀਕੇ ਨਾਲ ਪਾਵਨ ਸਰੂਪ ਤਿਆਰ ਕਰਵਾ ਕੇ ਬਿਨਾਂ ਬਿੱਲ ਕੱਟਿਆਂ ਸੰਗਤਾਂ ਨੂੰ ਦਿੱਤੇ ਗਏ। ਇੱਕ ਵਾਰ 61 ਅਤੇ ਇੱਕ ਵਾਰ 125 ਪਾਵਨ ਸਰੂਪ ਅਨ-ਅਧਿਕਾਰਤ ਤੌਰ 'ਤੇ ਵਧੇਰੇ ਅੰਗਾਂ ਤੋਂ ਪਾਵਨ ਸਰੂਪ ਤਿਆਰ ਕਰਵਾਏ ਗਏ। 18 ਅਗਸਤ 2015 ਤੋਂ 31 ਮਈ 2020 ਤੱਕ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਗਈ ਚੈਕਿੰਗ ਅਨੁਸਾਰ ਮੌਜੂਦਾ ਸਮੇਂ ਵਿਚ ਸਟੋਕ ਲੈਜਰ ਵਿਚੋਂ 267 ਸਰੂਪ ਘੱਟ ਹਨ। ਇਸ ਸਮੇਂ ਦੌਰਾਨ ਬਿੱਲਾਂ ਵਿਚ ਵੀ ਕਾਫ਼ੀ ਅੰਤਰ ਹੈ।ਲੈਜਰਾਂ ਨਾਲ ਛੇੜ-ਛਾੜ ਤੇ 2016 ਤੋਂ ਹੁਣ ਤੱਕ ਆਡਿਟ ਵੀ ਨਹੀਂ ਕਰਵਾਇਆ ਗਿਆ, ਜੋ ਕਿ ਬਹੁਤ ਵੱਡੀ ਬੇਈਮਾਨੀ ਤੇ ਅਣਗਹਿਲੀ ਹੈ। ਪੰਜ ਸਿੰਘ ਸਾਹਿਬਾਨ ਵੱਲੋਂ ਇਸ ਰਿਪੋਰਟ ਨੂੰ ਵਿਚਾਰਨ ਉਪਰੰਤ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਕੀਤਾ ਗਿਆ ਕਿ ਇੱਕ ਹਫ਼ਤੇ ਦੇ ਅੰਦਰ-ਅੰਦਰ ਤਤਕਾਲ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਬੁਲਾ ਕੇ ਰਿਪੋਰਟ ਵਿੱਚ ਦੋਸ਼ੀ ਪਾਏ ਗਏ ਕਰਮਚਾਰੀਆਂ/ ਅਧਿਕਾਰੀਆਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ।

ਇਸੇ ਤਰਾਂ ਇਹਨਾਂ ਬੀੜਾਂ ਨੂੰ ਲੈ ਕੇ ਗੁਰਦੁਆਰਾ ਰਾਮਸਰ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਅਗਨ ਭੇਟ ਹੋਣ 'ਤੇ 2016 ਦੀ ਸਮੁੱਚੀ ਅੰਤ੍ਰਿੰਗ ਕਮੇਟੀ (ਸ਼੍ਰੋਮਣੀ ਕਮੇਟੀ) ਤੇ ਉਸ ਵੇਲੇ ਦੇ ਚੀਫ਼ ਸਕੱਤਰ ਨੇ ਕੋਈ ਪਸ਼ਚਾਤਾਪ ਨਹੀਂ ਕੀਤਾ। ਉਸ ਵੇਲੇ ਦੀ ਸਮੁੱਚੀ ਅੰਤ੍ਰਿੰਗ ਕਮੇਟੀ ਤੇ ਚੀਫ਼ ਸਕੱਤਰ ਨੂੰ 15 ਸਤੰਬਰ ਨੂੰ ਸਵੇਰੇ 10 ਵਜੇ ਦਫ਼ਤਰ ਸਕੱਤਰੇਤ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਆਪਣਾ ਸਪਸ਼ਟੀਕਰਨ ਦੇਣ।

**ਢੱਡਰੀਆਂ ਵਾਲਾ ਨਿਸ਼ਾਨੇ 'ਤੇ**

ਪੰਥਕ ਪ੍ਰਚਾਰਕ ਤੇ ਜਥੇਦਾਰ ਦੇ ਗਲੇ ਦੀ ਹੱਡੀ ਬਣੇ ਹੋਏ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਵੱਲੋਂ ਬੋਲੇ ਕਥਨਾਂ ਦੇ ਸੰਬੰਧ ਵਿਚ ਪੜਤਾਲ ਲਈ ਬਣਾਈ ਵਿਦਵਾਨਾਂ ਦੀ ਸਬ-ਕਮੇਟੀ ਦੀ ਪੁੱਜੀ ਰਿਪੋਰਟ ਅਨੁਸਾਰ ਇਸ ਨੇ ਗੁਰਮਤਿ ਪ੍ਰਤੀ ਕੁਝ ਗ਼ਲਤ-ਬਿਆਨੀਆਂ ਕੀਤੀਆਂ ਹਨ, ਜਿਨਾਂ ਸੰਬੰਧੀ ਸਪਸ਼ਟੀਕਰਨ ਦੇਣ ਤੋਂ ਵੀ ਇਨਕਾਰੀ ਹੈ। ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰ ਕਰਨ ਉਪਰੰਤ ਫ਼ੈਸਲਾ ਹੋਇਆ ਕਿ ਗੁਰੂ ਗ੍ਰੰਥ-ਗੁਰੂ ਪੰਥ ਨੂੰ ਸਮਰਪਿਤ ਤੇ ਪਰੰਪਰਾਵਾਂ ਦੀ ਰਾਖੀ ਲਈ ਵਚਨਬੱਧ ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ, ਸੰਸਥਾਵਾਂ ਤੇ ਗੁਰਦੁਆਰਾ ਪ੍ਰਬੰਧਕਾਂ ਨੂੰ ਆਦੇਸ਼ ਕੀਤਾ ਜਾਂਦਾ ਹੈ ਕਿ ਜਿੰਨਾ ਚਿਰ ਉਹ ਆਪਣੀ ਗ਼ਲਤ-ਬਿਆਨੀ ਲਈ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਮੁਆਫ਼ੀ ਨਹੀਂ ਮੰਗਦਾ, ਓਨਾ ਚਿਰ ਉਸਦੇ ਸਮਾਗਮ ਨਾ ਕਰਵਾਏ ਜਾਣ (ਜੇਕਰ ਕੋਈ ਸਮਾਗਮ ਕਰਵਾਉਂਦਾ ਹੈ ਤਾਂ ਉਹ ਅਣਸੁਖਾਵੀਂ ਘਟਨਾ ਲਈ ਖ਼ੁਦ ਜ਼ਿੰਮੇਵਾਰ ਹੋਵੇਗਾ), ਨਾ ਇਸ ਨੂੰ ਸੁਣਿਆ ਜਾਵੇ ਤੇ ਨਾ ਹੀ ਇਸ ਦੀਆਂ ਵੀਡੀਓ ਆਦਿ ਅੱਗੇ ਵੰਡੀਆਂ ਜਾਣ।

ਯੂ ਕੇ ਵਾਸੀ ਭਾਈ ਹਰਿੰਦਰ ਸਿੰਘ ਨਿਰਵੈਰ ਖ਼ਾਲਸਾ ਜਥਾ ਦੇ ਖ਼ਿਲਾਫ਼ ਪਿਛਲੇ ਸਮੇਂ ਸੰਗਤਾਂ ਵੱਲੋਂ ਗੁਰੂ ਨਾਨਕ ਦੇਵ ਜੀ ਪ੍ਰਤੀ ਇਤਰਾਜ਼ਯੋਗ ਸ਼ਬਦਾਵਲੀ ਵਰਤਣ ਦੇ ਸੰਬੰਧ ਵਿਚ ਸ਼ਿਕਾਇਤਾਂ ਪੁੱਜੀਆਂ ਸਨ, ਜਿਸ ਲਈ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਸਪਸ਼ਟੀਕਰਨ ਮੰਗਿਆ ਸੀ, ਜੋ ਇਸ ਨੇ ਅਕਾਲ ਤਖ਼ਤ ਸਾਹਿਬ ਵਿਖੇ ਨਹੀਂ ਭੇਜਿਆ। ਇਸ ਸੰਬੰਧੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰ ਕਰਨ ਉਪਰੰਤ ਫ਼ੈਸਲਾ ਹੋਇਆ ਕਿ ਗੁਰੂ ਗ੍ਰੰਥ-ਗੁਰੂ ਪੰਥ ਨੂੰ ਸਮਰਪਿਤ ਤੇ ਪਰੰਪਰਾਵਾਂ ਦੀ ਰਾਖੀ ਲਈ ਵਚਨਬੱਧ ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ, ਸੰਸਥਾਵਾਂ ਤੇ ਪ੍ਰਬੰਧਕਾਂ ਨੂੰ ਆਦੇਸ਼ ਕੀਤਾ ਜਾਂਦਾ ਹੈ ਕਿ ਜਿੰਨਾ ਚਿਰ ਇਹ ਆਪਣੀ ਗ਼ਲਤ-ਬਿਆਨੀਆਂ ਲਈ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਮੁਆਫ਼ੀ ਨਹੀਂ ਮੰਗਦਾ, ਓਨਾ ਚਿਰ ਇਸ ਦੇ ਸਮਾਗਮ ਨਾ ਕਰਵਾਏ ਜਾਣ।

**ਕੈਨੇਡਾ ਦੇ ਮਲਕ ਬਾਰੇ ਫ਼ੈਸਲਾ**

ਇਸੇ ਤਰਾਂ ਸੰਗਤਾਂ ਵੱਲੋਂ ਪੁੱਜੀਆਂ ਸ਼ਿਕਾਇਤਾਂ ਹਨ ਕਿ ਰਿਪੁਦਮਨ ਸਿੰਘ ਮਲਕ ਤੇ ਬਲਵੰਤ ਸਿੰਘ ਪੰਧੇਰ ਨੇ ਸਰੀ, ਬੀ.ਸੀ (ਕੈਨੇਡਾ) ਆਪਣੀ ਨਿੱਜੀ ਸੰਸਥਾ ਸਤਿਨਾਮ ਰਿਲੀਜਸ ਸੁਸਾਇਟੀ ਬਣਾ ਕੇ ਅਕਾਲ ਤਖ਼ਤ ਸਾਹਿਬ ਵੱਲੋਂ ਮਿਤੀ 9 ਮਈ 1998 ਨੂੰ ਹੋਏ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ, ਜਿਸ ਵਿਚ ਸਪਸ਼ਟ ਲਿਖਿਆ ਹੈ ਕਿ ਸ਼੍ਰੋਮਣੀ ਕਮੇਟੀ ਤੋਂ ਬਿਨਾਂ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਹੋਰ ਕੋਈ ਨਹੀਂ ਕਰ ਸਕਦਾ। ਇਨਾਂ ਬਿਨਾਂ ਆਗਿਆ ਤੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਛਪਾਈ ਕੀਤੀ ਹੈ, ਜਿਸ ਸੰਬੰਧੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰ ਕਰਨ ਉਪਰੰਤ ਫ਼ੈਸਲਾ ਹੋਇਆ ਹੈ ਕਿ ਕੈਨੇਡਾ ਨਿਵਾਸੀ ਰਿਪੁਦਮਨ ਸਿੰਘ ਮਲਕ ਤੇ ਬਲਵੰਤ ਸਿੰਘ ਪੰਧੇਰ ਨੂੰ ਆਦੇਸ਼ ਕੀਤਾ ਜਾਂਦਾ ਹੈ ਕਿ ਇਸ ਸੰਬੰਧੀ ਆਪਣਾ ਸਪਸ਼ਟੀਕਰਨ ਇੱਕ ਮਹੀਨੇ ਦੇ ਅੰਦਰ-ਅੰਦਰ ਅਕਾਲ ਤਖ਼ਤ ਸਾਹਿਬ ਵਿਖੇ ਭੇਜਣ। ਇਸ ਤੋਂ ਇਲਾਵਾ ਇਹ ਵੀ ਆਦੇਸ਼ ਕੀਤਾ ਗਿਆ ਕਿ ਇਨਾਂ ਵੱਲੋਂ ਹੁਣ ਤੀਕ ਤਿਆਰ ਕੀਤੇ ਗਏ ਪਾਵਨ ਸਰੂਪ ਸਮੇਤ ਛਾਪਾਖ਼ਾਨਾ ਮਸ਼ੀਨਰੀ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਗੁਰਦੁਆਰਾ ਗੁਰੂ ਨਾਨਕ ਸਿੱਖ ਗੁਰਦੁਆਰਾ ਸੁਸਾਇਟੀ ਡੈਲਟਾ-ਸਰੀ, ਬੀ ਸੀ ਕੈਨੇਡਾ ਵਿਖੇ ਮੁਹਤਬਰ ਸਿੱਖਾਂ ਦੀ ਹਾਜ਼ਰੀ ਵਿਚ ਸੁਭਾਇਮਾਨ ਕੀਤੇ ਜਾਣ ਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਵੀ ਆਦੇਸ਼ ਕੀਤਾ ਗਿਆ ਕਿ ਇਨਾਂ ਵੱਲੋਂ ਤਿਆਰ ਕੀਤੇ ਗਏ ਪਾਵਨ ਸਰੂਪਾਂ ਦੀ ਸੂਝਵਾਨ ਗ੍ਰੰਥੀ ਸਿੰਘਾਂ ਪਾਸੋਂ ਦਰਸ਼ਨ ਵਿਚਾਰ ਕਰਕੇ ਅੱਖਰਾਂ, ਤਤਕਰੇ ਤੋਂ ਰਾਗ ਮਾਲਾ ਤੱਕ ਦੀ ਵਾਧ-ਘਾਟ ਹੋਣ ਜਾਂ ਨਾ ਹੋਣ ਬਾਰੇ ਮਿਲਾਨ ਕਰਵਾ ਕੇ ਰਿਪੋਰਟ ਛੇ ਮਹੀਨੇ ਦੇ ਅੰਦਰ ਅਕਾਲ ਤਖ਼ਤ ਸਾਹਿਬ ਵਿਖੇ ਭੇਜੀ ਜਾਵੇ।

## ਗੁਰਮਤਿ ਵਿਚਾਰਧਾਰਾ ਉੱਤੇ ਪਹਿਰਾ ਦੇਣ ਤੋਂ ਪਿੱਛੇ ਨਹੀਂ ਹਟਾਂਗਾ: ਢੱਡਰੀਆਂ ਵਾਲਾ

**ਜਥੇਦਾਰ ਨੂੰ ਕੀਤਾ ਚੈਲੰਜ ਕਿ ਮੇਰੇ ਦੋਸ਼ਾਂ ਬਾਰੇ ਚੈਨਲ 'ਤੇ ਬਹਿਸ ਹੋਵੇ**

**ਪਟਿਆਲਾ /ਏ.ਟੀ.ਨਿਊਜ਼ :** ਸਿੱਖ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਵੱਲੋਂ ਲਏ ਫ਼ੈਸਲੇ 'ਤੇ ਪ੍ਰਤੀਕਰਮ ਦਿੰਦਿਆਂ ਸਿੰਘ ਸਾਹਿਬਾਨ ਦੀਆਂ ਰਵਾਇਤਾਂ ਖ਼ਿਲਾਫ਼ ਸਿੱਧੀ ਲਕੀਰ ਖਿੱਚਦਿਆਂ ਸਪਸ਼ਟ ਕੀਤਾ ਹੈ ਕਿ ਉਹ ਸਿਆਸੀ ਆਗੂਆਂ ਦੇ ਗ਼ੁਲਾਮ ਪੱਖਪਾਤੀ ਜਥੇਦਾਰਾਂ ਨੂੰ ਮੰਨਦੇ ਹੀ ਨਹੀਂ ਹਨ। ਉਨਾਂ ਵੀਡੀਓ ਜ਼ਰੀਏ ਇਹ ਵੀ ਸਪਸ਼ਟ ਕੀਤਾ ਕਿ ਉਹ ਆਪਣੀ ਵਿਚਾਰਧਾਰਾ 'ਤੇ ਪਹਿਰਾ ਦੇਣ ਤੋਂ ਬਿਲਕੁਲ ਵੀ ਪਿੱਛੇ ਨਹੀਂ ਹਟਣਗੇ। ਉਨਾਂ ਆਪਣੇ ਪੈਰੋਕਾਰਾਂ ਨੂੰ ਕਾਇਮ ਰਹਿਣ ਤੇ ਹੌਸਲਾ ਰੱਖਣ ਦਾ ਵੀ ਸੱਦਾ ਦਿੱਤਾ ਹੈ। ਉਨਾਂ ਕਿਹਾ ਕਿ ਉਨਾਂ ਖ਼ਿਲਾਫ਼ ਸਾਜ਼ਿਸ਼ ਤਹਿਤ ਫ਼ੈਸਲੇ ਲਏ ਜਾ ਰਹੇ ਹਨ, ਜਦਕਿ ਉਨਾਂ ਗੁਰੂ ਘਰ ਜਾਂ ਗੁਰੂ ਸਾਹਿਬਾਨ ਖ਼ਿਲਾਫ਼ ਕਦੇ ਵੀ ਕੋਈ ਕੂੜ ਪ੍ਰਚਾਰ ਨਹੀਂ ਕੀਤਾ। ਉਨਾਂ ਕਿਹਾ ਕਿ ਵੀਡੀਓ ਪ੍ਰਚਾਰ ਨੂੰ ਨਾ ਸੁਣਨ ਦੇ ਫ਼ੁਰਮਾਨ ਤੋਂ ਜ਼ਾਹਿਰ ਹੈ ਕਿ ਉਨਾਂ ਦੀ ਵਿਚਾਰਧਾਰਾ ਤੋਂ ਪੁਜਾਰੀ ਸਿਸਟਮ ਧੁਰ ਅੰਦਰੋਂ ਹਿੱਲ ਗਿਆ ਹੈ, ਕਿਉਂਕਿ ਉਸ ਦੇ ਸਚਾਈ ਭਰੇ ਪ੍ਰਚਾਰ ਤੋਂ ਪੁਜਾਰੀ ਸਿਸਟਮ ਤੇ ਸਾਧਾਂ ਦੇ ਪਾਜ ਉੱਘੜਦੇ ਹਨ। 'ਸੂਰਜ ਪ੍ਰਕਾਸ਼' ਗ੍ਰੰਥ ਦਾ ਉਨਾਂ ਹਵਾਲਾ ਦਿੰਦਿਆਂ ਕਿਹਾ ਕਿ ਉਨਾਂ ਅਜਿਹਾ ਗ੍ਰੰਥ ਕੇਵਲ ਪੜ ਕੇ ਸੁਣਾਇਆ ਹੈ, ਇਹ ਕਿੱਥੋਂ ਗੁਨਾਹ ਹੋ ਗਿਆ ? ਢੱਡਰੀਆਂ ਵਾਲਾ ਨੇ ਕਿਹਾ ਕਿ ਅਜਿਹੇ ਗ੍ਰੰਥਾਂ ਵਿਚੋਂ ਪੜ ਕੇ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਪਿਛਲੇ ਦਿਨੀਂ ਬਿਆਨ ਦਿੱਤਾ ਹੈ, ਪਰ ਇਨਾਂ ਦੀ ਤਲਵਾਰ ਸਿਰਫ਼ ਪ੍ਰਚਾਰਕਾਂ 'ਤੇ ਹੀ ਚੱਲਦੀ ਹੈ। ਉਨਾਂ ਇਹ ਵੀ ਚੁਨੌਤੀ ਦਿੱਤੀ ਕਿ ਆਪਣੇ ਪ੍ਰਚਾਰ ਦੀ ਸਚਾਈ



ਬਿਆਨਣ ਲਈ ਉਹ ਚੈਨਲ 'ਤੇ ਬੈਠਕੇ ਬਹਿਸ ਲਈ ਵੀ ਉਹ ਤਿਆਰ ਹਨ, ਪਰ ਸਬ ਕਮੇਟੀ ਦੀ ਉਹ ਰਿਪੋਰਟ ਲਿਆਂਦੀ ਜਾਵੇ ਜਿਸ ਵਿਚ ਉਸ ਨੂੰ ਜਬਰੀ ਦੋਸ਼ੀ ਸਾਬਿਤ ਕੀਤਾ ਜਾ ਰਿਹਾ ਹੈ। ਉਨਾਂ ਆਖਿਆ ਕਿ ਜੇਕਰ ਉਹ ਗੁਰਮਤਿ ਦੇ ਸੰਦਰਭ ਵਿਚ ਕਿਤੇ ਵੀ ਝੂਠਾ ਜਾਂ ਗ਼ਲਤ ਹੋਵੇ ਤਾਂ ਉਹ ਜਥੇਦਾਰ ਅਕਾਲ ਤਖ਼ਤ ਅੱਗੇ ਵਿਛਣ ਨੂੰ ਵੀ ਤਿਆਰ ਹੈ ਤੇ ਅਕਾਲ ਤਖ਼ਤ 'ਤੇ ਪੇਸ਼ ਹੋਣ ਤੋਂ ਨਹੀਂ ਮੁੱਕਰੇਗਾ।

## ਦੱਰਿਆਂ ਤੇ ਦਰਿਆਵਾਂ ਸੰਗ - 17

# ਪਤਨੀ ਟਾਪ ’ਤੇ ਭਟਕਦੇ ਕਦਮ



- ਪ੍ਰੀਤਮ ਰੁਪਾਲ

ਡਲ ਝੀਲ ਦੀ ਸੈਰ ਕਰਨ ਮਗਰੋਂ ਅਸੀਂ ਆਪਣੀਆਂ ਜੀਪਾਂ ਵਿਚ ਬੈਠ ਜਰਨੈਲੀ ਸੜਕ ’ਤੇ ਆ ਗਏ। ਵਾਪਸੀ ਦੀ ਕਾਹਲੀ ਕਾਰਨ ਸਾਨੂੰ ਕਸ਼ਮੀਰ ਘਾਟੀ ਦੀਆਂ ਕਈ ਸੈਰ ਗਾਹਾਂ ਬਿਨਾਂ ਵੇਖੇ ਚੱਲਣਾ ਪਿਆ। ਨਿਸ਼ਾਤ ਬਾਗ਼ ਦੀ ਝਲਕ ਭਾਵੇਂ ਅਸੀਂ ਲੈ ਚੁੱਕੇ ਸਾਂ ਪਰ ਇਤਿਹਾਸਕ ਸ਼ਾਲੀਮਾਰ ਬਾਗ਼, ਨਾਗਿਨ ਝੀਲ, ਹਜ਼ਰਤਬਲ, ਸ਼ੇਖ਼ ਅਬਦੁਲਾ ਦਾ ਮਕਬਰਾ, ਹਰੀ ਪਰਬਤ, ਤਖ਼ਤ-ਏ-ਸੁਲੇਮਾਨ ਅਤੇ ਸ਼ਾਹ ਹਮਦਾਨ ਦੀ ਮਸਜਿਦ ਨਹੀਂ ਵੇਖ ਸਕੇ, ਜੋ ਸ੍ਰੀਨਗਰ ਵਿਚ ਹੀ ਸਨ। ਝੀਲ ਦੇ ਆਸਪਾਸ ਚਿਨਾਰ ਦੇ ਵੱਡੇ ਰੁੱਖਾਂ ਦੇ ਹਲਕੇ ਪੀਲੇ ਪੱਤੇ ਅੱਖਾਂ ਨੂੰ ਸਕੂਨ ਦੇ ਰਹੇ ਸਨ। ਕਿਤੇ ਕਿਤੇ ਪਾਪੂਲਰ ਅਤੇ ਵਿਲੋਅ ਦੇ ਰੁੱਖ ਇਸ ਦੀ ਹਰਿਆਵਲ ਵਿਚ ਵਾਧਾ ਕਰ ਰਹੇ ਸਨ।

ਸ਼ਹਿਰ ਤੋਂ ਬਾਹਰ ਨਿਕਲ ਜਰਨੈਲੀ ਸੜਕ ਦੇ ਉਪਰ ਖੇਡਾਂ ਦੇ ਸਮਾਨ ਖ਼ਾਸ ਕਰ ਕੇ ਕ੍ਰਿਕਟ ਦੇ ਬੱਲਿਆਂ ਦੀਆਂ ਵੱਡੀਆਂ ਵੱਡੀਆਂ ਦੁਕਾਨਾਂ ਨਜ਼ਰੀਂ ਪਈਆਂ। ਡਰਾਈਵਰ ਨੇ ਇਕ ਦੁਕਾਨ ਅੱਗੇ ਜੀਪ ਰੋਕ ਲਈ। ਦੁਕਾਨ ਦੇ ਕਾਰਿੰਦੇ ਇਸ਼ਾਰੇ ਨਾਲ ਖੇਡਾਂ ਦਾ ਸਮਾਨ ਵੇਖਣ ਦੀ ਤਾਕੀਦ ਕਰ ਰਹੇ ਸਨ। ਸਾਡੇ ਸਾਥੀ ਬੱਲੇ (ਬੈਟ) ਖਰੀਦਣ ਅਤੇ ਸੌਦੇਬਾਜ਼ੀ ਵਿਚ ਰੁੱਝ ਗਏ। ਦੁਕਾਨ ਦੇ ਨਾਲ ਹੀ ਇਕ ਆਰਾ ਮਸ਼ੀਨ ਲੱਗੀ ਹੋਈ ਸੀ ਜਿਥੇ ਵਿਲੋਅ ਦੀ ਲੱਕੜੀ ਚੀਰ ਕੇ ਬੱਲੇ ਬਣਾਏ ਜਾ ਰਹੇ ਸਨ। ਅਸੀਂ ਇਹ ਆਰਾ ਵੇਖਣ ਚਲੇ ਗਏ। ਪਿੱਛੇ ਜਾ ਕੇ ਵੇਖਿਆ ਲੱਕੜੀ ਦੇ ਕਾਰਖਾਨੇ ਵਿਚ ਬੱਲੇ ਅਤੇ ਵਿਕਟਾਂ ਵਗੈਰਾ ਬਣਾਈਆਂ ਜਾ ਰਹੀਆਂ ਸਨ।

ਅਸਲ ਵਿਚ ਸ੍ਰੀਨਗਰ ਕ੍ਰਿਕਟ ਬੱਲਿਆਂ ਦੀ ਬਹੁਤ ਵੱਡੀ ਸੱਨਅਤ ਹੈ ਕਿਉਂਕਿ ਵਿਲੋਅ ਦੀ ਲੱਕੜੀ ਇਸ ਇਲਾਕੇ ਵਿਚ ਹੀ ਹੁੰਦੀ ਹੈ। ਇਥੋਂ ਤਕ ਕਿ ਜਲੰਧਰ ਦੀ ਖੇਡਾਂ ਦੇ ਸਮਾਨ ਦੀ ਸੱਨਅਤ ਲਈ ਵੀ ਲੱਕੜੀ ਸ੍ਰੀਨਗਰ ਤੋਂ ਆਉਂਦੀ ਹੈ। ਇਥੇ ਬੈਟ ਸਸਤੇ ਹੋਣ ਕਰਕੇ ਸਾਡੇ ਸਾਥੀਆਂ ਨੇ ਆਪਣੇ ਬੱਚਿਆਂ ਅਤੇ ਰਿਸ਼ਤੇਦਾਰਾਂ ਦੇ ਬੱਚਿਆਂ ਲਈ ਵੀ ਕਈ ਕਈ ਬੈਟ ਖਰੀਦ ਲਏ।

ਸਾਡੀਆਂ ਗੱਡੀਆਂ ਹੁਣ ਜਰਨੈਲੀ ਸੜਕ ਉਪਰ ਜੰਮੂ ਵੱਲ ਵਧ ਰਹੀਆਂ ਸਨ। ਜਿਹਲਮ ਦਰਿਆ ਵੀ ਸਾਡੇ ਅੰਗ ਸੰਗ ਸੀ। ਪਮਪੁਰ ਪਹੁੰਚੇ ਤਾਂ ਪਤਾ ਲੱਗਾ ਕਿ ਅੱਗੇ ਜਾਮ ਲੱਗਾ ਹੋਇਆ ਹੈ। ਇਕ ਵਾਰ ਫਿਰ ਰੁਕਣਾ ਪਿਆ।

ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਅਸੀਂ ਜੰਮੂ ਪਹੁੰਚਣ ਦਾ ਖਿਆਲ ਛੱਡ ਦਿਤਾ ਅਤੇ ਕੁੱਦ ਲਾਗੇ ਪਤਨੀ ਟਾਪ ਠਹਿਰਨ ਦਾ ਪ੍ਰੋਗਰਾਮ ਬਣਾਇਆ। ਜਾਮ ਖੁੱਲਿਆ ਤੇ ਅਸੀਂ ਅੱਗੇ ਵਧਣਾ ਸ਼ੁਰੂ ਕੀਤਾ। ਇਥੋਂ ਸੜਕ ਉਪਰ ਕਾਰਾਂ , ਜੀਪਾਂ ਅਤੇ ਬਸਾਂ ਟਰੱਕਾਂ ਦੀ ਲੰਮੀ ਕਤਾਰ ਸੀ। ਅਮਰਨਾਥ ਯਾਤਰੀ ਵੀ ਆਪਣੀਆਂ ਗੱਡੀਆਂ ਵਿਚ ਆ ਜਾ ਰਹੇ ਸਨ।

ਅਵੰਤੀਪੁਰ ਦੇ ਖੰਡਰ ਵੀ ਅਸੀਂ ਸੜਕ ਤੋਂ ਜਾਂਦਿਆਂ ਹੀ ਵੇਖੇ। ਇਸ ਤੋਂ ਅੱਗੇ ਅਨੰਤਨਾਗ ਆ ਗਿਆ ਜੋ ਦੱਖਣੀ ਕਸ਼ਮੀਰ ਦਾ ਜ਼ਿਲਾ ਸਦਰ ਮੁਕਾਮ ਹੈ। ਇਥੋਂ ਵੀ ਅਸੀਂ ਬਿਨਾਂ ਰੁਕੇ ਸਰਪਟ ਅੱਗੇ ਲੰਘ ਗਏ। ਇਸ ਸੜਕ ਦੇ ਨਾਲ ਹੀ ਕਾਜ਼ੀਗੁੰਡ ਅਤੇ ਵਰਨਾਗ ਕਸਬੇ ਆਏ। ਕਸ਼ਮੀਰ ਦੀ ਬਹੁ



ਮਕਬੂਲ ਸੈਰਗਾਹ ਪਹਿਲਗਾਮ ਜਾਣ ਵਾਸਤੇ ਅਨੰਤਨਾਗ ਤੋਂ ਹੀ ਸੜਕ ਮੁੜਦੀ ਹੈ। ਬਹੁਤੇ ਅਮਰਨਾਥ ਯਾਤਰੀ ਇਧਰੋਂ ਪਹਿਲਗਾਮ ਅਤੇ ਪੰਚਤਰਨੀ ਰਾਹੀਂ ਹੁੰਦੇ ਹੋਏ ਅਮਰਨਾਥ ਗੁਫਾ ਪਹੁੰਚਦੇ ਹਨ।

ਇਧਰੋਂ ਅਸਾਨੀ ਨਾਲ ਪਹਿਲਗਾਮ ਤਕ ਜਾਇਆ ਜਾ ਸਕਦਾ ਹੈ ਤੇ ਉਸ ਤੋਂ ਅੱਗੇ ਪੈਦਲ ਯਾਤਰਾ ਹੈ। ਟਰੈਕਿੰਗ ਦੇ ਨਜ਼ਰੀਏ ਤੋਂ ਇਹ ਰੂਟ ਬਹੁਤ ਹੀ ਵਧੀਆ ਹੈ। ਇਸ ਵਾਦੀ ਵਿਚ ਦਿਉਦਾਰ ਦੇ ਹਰੇ ਕਚੂਰ ਰੁੱਖਾਂ ਨਾਲ ਨਾਲ ਸੇਬਾਂ ਤੇ ਨਾਖਾਂ ਦੇ ਬਾਗ਼ ਵੀ ਹਨ। ਜਦੋਂ ਮੈਂ ਸੜਕ ਉਪਰ ਅੱਛੀਬਲ ਕਸਬੇ ਦਾ ਬੋਰਡ ਲੱਗਾ ਵੇਖਿਆ ਮੈਨੂੰ ਉਸੇ ਵਕਤ ਪੰਜਾਬੀ ਕਵੀ ਭਾਈ ਵੀਰ ਸਿੰਘ ਯਾਦ ਆ ਗਿਆ।

ਸਿਲੇਬਸ ਵਿਚ ਉਸ ਦੀਆਂ ਕਵਿਤਾਵਾਂ ਪੜਦਿਆਂ ਭਾਵੇਂ ਬਹੁਤੀ ਰੁਚੀ ਨਹੀਂ ਸੀ ਹੁੰਦੀ ਪਰ ਇਸ ਵਕਤ ਉਸ ਦੀਆਂ ਕਵਿਤਾਵਾਂ ਅਵੰਤੀਪੁਰ ਦੇ ਖੰਡਰ, ਵੈਰੀ ਨਾਗ, ਇੱਛਾਬਲ ’ਤੇ ਡੂੰਘੀਆਂ ਸ਼ਾਮਾਂ ਯਾਦ ਆ ਰਹੀਆਂ ਸਨ। ਅੱਜ ਮੈਨੂੰ ਅਹਿਸਾਸ ਹੋ ਰਿਹਾ ਸੀ ਕਿ ਵਾਕਿਆ ਹੀ ਭਾਈ ਵੀਰ ਸਿੰਘ ਮਹਾਨ ਸ਼ਾਇਰ ਸੀ ਜਿਸ ਨੇ ਕੁਦਰਤ ਦੇ ਵੱਡੇ ਕ੍ਰਿਸ਼ਿਮਿਆਂ ਨੂੰ ਕਲਮਬੰਦ ਕੀਤਾ। ਕਾਸ਼ ਉਸ ਦੀਆਂ ਕਵਿਤਾਵਾਂ ਪੜਨ ਤੋਂ ਪਹਿਲਾਂ ਕਸ਼ਮੀਰ ਵੇਖਿਆ ਹੁੰਦਾ।

ਪਰਬਤੀ ਸੜਕ ’ਤੇ ਕਦੀ ਤੇਜ਼ ਅਤੇ ਕਦੀ ਹੌਲੀ ਰਫਤਾਰ ਨਾਲ ਚਲਦਿਆਂ ਕਦੇ ਅਸੀਂ ਬਾਹਰਲੇ ਦ੍ਰਿਸ਼ਾਂ ਨੂੰ ਨਿਹਾਰਦੇ ਤੇ ਕਦੇ ਆਪਸ ਵਿਚ ਗੱਲੀਂ ਲੱਗ ਜਾਂਦੇ। ਇੰਨੇ ਨੂੰ ਜਵਾਹਰ ਸੁਰੰਗ ਆ ਗਈ। ਦੋ ਕਿਲੋਮੀਟਰ ਤੋਂ ਵੱਧ ਲੰਮੀ ਇਹ ਸੁਰੰਗ ਪੀਰ ਪੰਚਾਲ ਰੇਂਜ ਦੀਆਂ ਪਹਾੜੀਆਂ ਦੇ ਵਿਚ ਪਹਾੜ ਤੋੜ ਕੇ ਬਣਾਈ ਹੋਈ ਹੈ। ਅਸਲ ਵਿਚ ਹਿੰਦੋਸਤਾਨ ਦੀ ਵੰਡ ਤੋਂ ਪਹਿਲਾਂ ਸ੍ਰੀਨਗਰ ਅਤੇ ਕਸ਼ਮੀਰ ਵਾਦੀ ਲਈ ਪੰਜਾਬ ਤੋਂ ਮੱਰੀ ਰਾਹੀਂ ਸਿੱਧਾ ਰਸਤਾ ਸੀ। ਪਰ ਤਕਸੀਮ ਮਗਰੋਂ ਮੁਜ਼ਫਰਾਬਾਦ ਵਾਲਾ ਰਸਤਾ ਪਾਕਿਸਤਾਨੀ ਸਰਹੱਦਾਂ ਕਾਰਨ ਆਮ ਲੋਕਾਂ ਲਈ ਬੰਦ ਹੋ ਗਿਆ। 1947 ਦੇ ਬਟਵਾਰੇ ਮਗਰੋਂ ਹੀ ਜਵਾਹਰ ਸੁਰੰਗ ਵਿਕਸਤ ਹੋਈ ਜਿਸ ਨਾਲ ਊਧਮਪੁਰ ਅਤੇ ਅਨੰਤਨਾਗ ਜ਼ਿਲੇ ਦਾ ਸਿੱਧਾ ਸੰਪਰਕ ਹੋ ਗਿਆ ਪਹਿਲਾਂ ਕਸ਼ਮੀਰ ਵਾਦੀ ’ਤੇ ਇਸ ਜ਼ਿਲੇ ਦਾ ਸੰਪਰਕ ਪੀਰ ਪੰਜਾਲ ਪਰਬਤ ਲੜੀ ਦੇ ਉਪਰੋਂ ਦੱਰਿਆਂ ਰਾਹੀਂ ਹੁੰਦਾ ਸੀ। ਸੁਰੰਗ ਪਾਰ ਕਰਦਿਆਂ ਹੀ ਅਸੀਂ ਕਸ਼ਮੀਰ ਵਾਦੀ ਨੂੰ ਅਲਵਿਦਾ ਕਹਿ ਕੇ ਊਧਮਪੁਰ ਜ਼ਿਲੇ ਵਿਚ ਦਾਖ਼ਲ ਹੋ ਗਏ। ਬਨਿਹਾਲ ਨੇੜੇ ਅਮਰਨਾਥ ਯਾਤਰੀਆਂ ਵਾਸਤੇ ਸ਼ਰਧਾਲੂਆਂ ਵਲੋਂ ਲੰਗਰ ਲਗਾਏ ਹੋਏ ਸਨ।

ਸਾਥੋਂ ਅੱਗੇ ਲੰਘ ਚੁੱਕੀਆਂ ਦੋਵੇਂ ਜੀਪਾਂ ਇਥੇ ਰੁਕੀਆਂ ਹੋਈਆਂ ਸਨ ਅਤੇ ਸਾਡੇ ਸਾਥੀ ਸੜਕ ਕਿਨਾਰੇ ਖੜੇ ਪੂੜੀਆਂ ਤੇ ਆਲੂਆਂ ਦੀ ਸ਼ਬਜ਼ੀ ਦਾ ਲੰਗਰ ਛੱਕ ਰਹੇ ਸਨ। ਸਾਡੀ ਜੀਪ ਥੋੜਾ ਪਿੱਛੇ ਰੁਕੀ ਜਿਥੇ ਸਾਹਮਣੇ ਖੇਮੇ ਵਿਚ ਕੜੀ ਅਤੇ ਚੌਲਾਂ ਦੀਆਂ ਦਾ ਲੰਗਰ ਚੱਲ ਰਿਹਾ ਸੀ। ਦੀਪਕ ਹੁਰਾਂ ਨੇ ਕੜੀ ਚੌਲਾਂ ਦੀਆਂ ਪੱਤਲਾਂ ਫੜ ਲਈਆਂ ਤੇ ਅਸੀਂ ਵੀ ਲੰਗਰ ਛੱਕਿਆ। ਇਸ ਤੋਂ ਬਾਅਦ ਚਾਹ ਪੀਤੀ ਤੇ ਅਗਲੀ ਮੰਜ਼ਿਲ ਪਤਨੀ ਟਾਪ ਲਈ ਚੱਲ ਪਏ। ਹੁਣ ਅਸੀਂ ਹੇਠਾਂ ਵੱਲ ਉਤਰ ਰਹੇ ਸਾਂ।

ਸੜਕ ਭਾਵੇਂ ਚੌੜੀ ਸੀ ਪਰ ਆਵਾਜਾਈ ਕਾਫੀ ਹੋਣ ਕਰਕੇ ਸਾਵਧਾਨੀ ਨਾਲ ਚੱਲਣਾ ਪੈਂਦਾ ਸੀ। ਰਮਸੂ ਪਿੰਡ ਲਾਗੇ ਫੌਜ ਨੇ ਸਾਰੀਆਂ ਗੱਡੀਆਂ ਸੜਕ ਦੇ ਇਕ ਪਾਸੇ ਲਗਵਾ ਦਿਤੀਆਂ। ਪਤਾ ਲੱਗਾ ਕਿ ਸਾਹਮਣੇ ਵਾਲੇ ਪਾਸਿਓਂ ਫੌਜ ਦੀਆਂ ਵੱਡੀਆਂ ਗੱਡੀਆਂ ਵਿਚ ਕੋਈ ਭਾਰੀ ਸਾਜ਼ ਸਮਾਨ ਆ ਰਿਹਾ ਹੈ।

ਇਥੇ ਸੜਕ ਕਿਨਾਰੇ ਇਕ ਢਾਬਾ ਅਤੇ ਐਸ.ਟੀ.ਡੀ./ਪੀ.ਸੀ.ਓ. ਸੀ। ਮੈਂ ਇਥੇ ਰੁਕਣ ਦੀ ਮਜ਼ਬੂਰੀ ਦਾ ਫਾਇਦਾ ਉਠਾ ਕੇ ਘਰ ਟੈਲੀਫੋਨ ’ਤੇ ਗੱਲਬਾਤ ਕੀਤੀ ਅਤੇ ਹਾਲਚਾਲ ਪੁੱਛਿਆ। ਸਾਡੇ ਹੋਰ ਸਾਥੀਆਂ ਨੇ ਵੀ ਫੋਨ ਕੀਤੇ। ਫੌਜੀ ਟਰੱਕ ਲੰਘਣ ਮਗਰੋਂ ਸਾਨੂੰ ਤੁਰਨ ਦੀ ਇਜਾਜ਼ਤ ਮਿਲੀ। ਡਿਗਡੋਲ ਹੁੰਦੇ ਹੋਏ ਅਸੀਂ ਰਾਮਬਾਨ ਪਹੁੰਚੇ। ਹਫ਼ਤਾ ਪਹਿਲਾਂ ਹਿਮਾਚਲ ਪ੍ਰਦੇਸ਼ ਵਿਚ ਤਾਂਦੀ ਤੋਂ ਵਿਛੜਿਆ ਚਨਾਬ ਦਰਿਆ ਸਾਨੂੰ ਇਥੇ ਫਿਰ ਮਿਲ ਗਿਆ। ਘਾਟੀ ਵਿਚ ਹੇਠਾਂ ਵੱਗਦਾ ਦਰਿਆ ਇਕ ਛੋਟੇ ਨਾਲੇ ਵਾਂਗ ਲੱਗਦਾ ਸੀ ਪਰ ਇਸ ਥਾਂ ਇਸ ਦੀ ਡੂੰਘਾਈ ਬਹੁਤ ਜ਼ਿਆਦਾ ਹੈ। ਰਾਮਾਬਨ ਤੋਂ ਥੋੜਾ ਅੱਗੇ ਖੱਬੇ ਪਾਸੇ ਡੋਡਾ ਨੂੰ ਸੜਕ ਜਾਂਦੀ ਹੈ। ਰਾਮਬਨ ਲੰਘਦਿਆਂ ਹੀ ਸਾਨੂੰ ਸ਼ਾਮ ਪੈ ਗਈ। ਹੁਣ ਸਾਨੂੰ ਸਮੇਂ ਸਿਰ ਪਤਨੀ ਟਾਪ ਪਹੁੰਚਣ ਦੀ ਕਾਹਲੀ ਸੀ।

ਜਰਨੈਲੀ ਸੜਕ ਤੋਂ ਪਤਨੀ ਟਾਪ ਵੱਲ ਮੁੜਦਿਆਂ ਹੀ ਇਕ ਹੋਟਲ ਵਾਲੇ ਨੇ ਸਾਨੂੰ ਰੋਕ ਕੇ ਕਮਰਿਆਂ ਬਾਰੇ ਪੁੱਛਿਆ ਪਰ ਅਸੀਂ ਵਾਈ ਐਚ ਏ ਦੇ ਯੂਥ ਹੋਸਟਲ ਵਿਚ ਰੁਕਣਾ ਚਾਹੁੰਦੇ ਸਾਂ। ਰਾਤ ਦੇ ਨੌ ਵੱਜ ਚੁੱਕੇ ਸਨ ਤੇ ਯੂਥ ਹੋਸਟਲ ਨੂੰ ਜਾਣ ਵਾਲੇ ਸਿੱਧੇ ਰਸਤੇ ਉਪਰ ਲਗਿਆ ਗੇਟ ਬੰਦ ਹੋ ਚੁੱਕਾ ਸੀ। ਇਸ ਲਈ ਸਾਨੂੰ ਹੇਠੋਂ ਘੁੰਮ ਕੇ ਜਾਣਾ ਪਿਆ। ਮੈਨੂੰ ਇਹ ਉਹ ਪਹਾੜੀ ਸੈਰਗਾਹ ਨਹੀਂ ਸੀ ਲੱਗਦੀ ਜੋ ਮੈਂ ਦੋ ਦਹਾਕੇ ਪਹਿਲਾਂ ਇਕ ਅੰਤਰ ਯੂਨੀਵਰਸਿਟੀ ਕੈਂਪ ਸਮੇਂ ਵੇਖੀ ਸੀ।

ਉਸ ਵੇਲੇ ਇਹ ਇਕ ਖੁੱਲੀ ਪਹਾੜੀ ਢਲਾਨ ਸੀ ਜਿਸ ਉਪਰ ਇਕ ਯੂਥ ਹੋਸਟਲ ਅਤੇ ਇਕ ਜੰਮੂ ਕਸ਼ਮੀਰ ਸੈਰ ਸਪਾਟਾ ਵਿਭਾਗ ਦਾ ਗੈਸਟ ਹਾਊਸ ਸੀ। ਇਹ ਜਗਾ ਫਿਲਮਾਂ ਦੀ ਸ਼ੂਟਿੰਗ ਲਈ ਕਾਫ਼ੀ ਮਸ਼ਹੂਰ ਸੀ ਪਰ ਹੁਣ ਇਥੇ ਹੋਟਲਾਂ ਤੋਂ ਬਿਨਾਂ ਹੋਰ ਕੁਝ ਨਜ਼ਰ ਹੀ ਨਹੀਂ ਸੀ ਆਉਂਦਾ।

ਦਿਉਦਾਰ ਦੇ ਰੁੱਖਾਂ ਦਾ ਸੰਘਣਾ ਜੰਗਲ ਵੀ ਗਾਇਬ ਸੀ। ਬਹੁਤ ਹੀ ਮੁਸ਼ਕਿਲ ਨਾਲ ਅਸੀਂ ਯੂਥ ਹੋਸਟਲ ਦੇ ਨੇੜੇ ਪਹੁੰਚੇ। ਰਾਤ ਹੋਣ ਕਾਰਨ ਨਾ ਹੀ ਸਹੀ ਰਸਤੇ ਦੀ ਨਿਸ਼ਾਨਦੇਹੀ ਹੁੰਦੀ ਸੀ ਅਤੇ ਨਾ ਹੀ ਕੋਈ ਠੀਕ ਦਿਸ਼ਾ ਦੱਸ ਰਿਹਾ ਸੀ। ਪਤਨੀ ਟਾਪ ਰੁਕਣ ਦੀ ਸਲਾਹ ਮੈਂ ਹੀ ਦਿੱਤੀ ਸੀ ਇਸ ਲਈ ਮੈਨੂੰ ਯੂਥ ਹੋਸਟਲ ਲੱਭਣ ਲਈ ਅੱਗੇ ਲਾਇਆ ਹੋਇਆ ਸੀ।

ਦੋ ਤਿੰਨ ਚੱਕਰ ਲਾਉਣ ਮਗਰੋਂ ਜਦ ਯੂਥ ਹੋਸਟਲ ਦਾ ਰਸਤਾ ਲੱਭਿਆ ਤਾਂ ਮੈਂ ਤੇ ਓਮੇਸ਼ ਪੈਦਲ ਰਸਤੇ ਤੋਂ ਉਪਰ ਵੱਲ ਵਧੇ ਅੱਗੇ ਹਨੇਰਾ ਹੋਣ ਕਾਰਨ ਕੁਝ ਵੀ ਨਜ਼ਰ ਨਹੀਂ ਸੀ ਆਉਂਦਾ।

ਥੋੜਾ ਹੋਰ ਅੱਗੇ ਗਏ ਤਾਂ ਤਿੰਨ ਚਾਰ ਕੁੱਤੇ ਭੌਂਕਦੇ ਹੋਏ ਸਾਡੇ ਵੱਲ ਵਧੇ। ਉਨਾਂ ਨੂੰ ਲਲਕਾਰਿਆ ਤਾਂ ਉਹ ਚੁੱਪ ਕਰ ਗਏ ਕੇ ਪੂਛ ਹਿਲਾਉਂਦੇ ਸਾਡੇ ਨਾਲ ਚੱਲ ਪਏ। ਦਰੱਖ਼ਤਾਂ ਵਿਚੋਂ ਨਿਕਲ ਕੇ ਅੱਗੇ ਪੱਧਰੀ ਥਾਂ ’ਤੇ ਗਏ ਤਾਂ ਅੱਗੋਂ ਇਕ ਸੀ.ਆਰ.ਪੀ.ਐਫ. ਵਾਲਾ ਬੰਦੂਕ ਤਾਣ ਕੇ ਸਾਡੇ ਸਾਹਮਣੇ ਆ ਖੜਾ ਹੋਇਆ।

ਉਸ ਨੇ ਸਾਨੂੰ ਹੱਥ ਖੜੇ ਕਰਨ ਦਾ ਹੁਕਮ ਦਿਤਾ। ਅਸੀਂ ਪਹਿਲਾਂ ਤਾਂ ਡਰ ਗਏ। ਫਿਰ ਆਪਣੇ ਬਾਰੇ ਦੱਸ ਕੇ ਯੂਥ ਹੋਸਟਲ ਜਾਣ ਦੀ ਆਪਣੀ ਮਨਸ਼ਾ ਜ਼ਾਹਿਰ ਕੀਤੀ। ਉਸ ਨੇ ਦੱਸਿਆ ਕਿ ਯੂਥ ਹੋਸਟਲ ਵਿਚ ਸੀ.ਆਰ.ਪੀ.ਐਫ. ਦੇ ਜਵਾਨ ਰੁਕੇ ਹੋਏ ਹਨ ਇਸ ਲਈ ਉਥੇ ਜਗਾ ਨਹੀਂ ਹੈ। ਅਸੀਂ ਉਥੋਂ ਨਿਰਾਸ਼ ਹੋ ਕੇ ਮੁੜ ਆਏ। ਮੈਨੂੰ ਜ਼ਾਤੀ ਤੌਰ ’ਤੇ ਕੁਝ ਨਮੋਸ਼ੀ ਮਹਿਸੂਸ ਹੋਈ ਕਿਉਂਕਿ ਮੇਰੀ ਸਲਾਹ ਕਾਰਨ ਸਾਨੂੰ ਕਈ ਘੰਟੇ ਬਰਬਾਦ ਕਰਨੇ ਪਏ। ਫਿਰ ਇਕ ਦੋ ਹੋਟਲਾਂ ਵਾਲਿਆਂ ਨੂੰ ਪੁੱਛਿਆ ਪਰ ਗੱਲ ਨਾ ਬਣੀ। ਫਿਰ ਅਸੀਂ ਹੇਠਾਂ ਕੁੱਦ ਆ ਕੇ ਰੁਕੇ।

ਇਥੇ ਇਕ ਅਹਾਤਾ ਨੁਮਾ ਢਾਬੇ ’ਤੇ ਰੋਟੀ ਖਾਧੀ। ਰੋਟੀ ਖਾਂਦਿਆਂ ਹੀ ਇਕ ਪ੍ਰਾਈਵੇਟ ਗੈਸਟ ਹਾਊਸ ਵਾਲੇ ਨਾਲ ਗੱਲ ਕੀਤੀ ਜਿਸ ਨੇ ਸਾਨੂੰ ਤਿੰਨ ਕਮਰੇ ਦੇ ਦਿਤੇ। ਡਰਾਈਵਰ ਜੀਪਾਂ ਵਿਚ ਹੀ ਸੌਂ ਗਏ ਅਤੇ ਅਸੀਂ ਆਪਣਾ ਲੋੜੀਂਦਾ ਸਮਾਨ ਲੈ ਕੇ ਕਮਰਿਆਂ ਵਿਚ ਜਾ ਕੇ ਲੇਟ ਗਏ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Quomantry AMRITSAR TIMES

26 ਅਗਸਤ 2020 ਤੋਂ 01 ਸਤੰਬਰ 2020

# ਪੰਜਾਬ, ਪਾਣੀ, ਸਿਆਸਤ ਅਤੇ ਅਸੀਂ

ਲੰਘੀ ਸਦੀ ਦੌਰਾਨ ਦੁਨੀਆ ਵਿਚ ਆਪਾਂ ਅਜਿਹਾ ਸਮਾਂ ਵੇਖਿਆ ਜਦੋਂ ਤੇਲ ਉੱਤੇ ਦੁਨੀਆ ਦੀ ਸਿਆਸਤ ਘੁੰਮਦੀ ਰਹੀ ਤੇ ਇਹ ਮਸਲਾ ਕਈ ਝਗੜਿਆਂ ਤੇ ਜੰਗਾਂ ਦਾ ਪ੍ਰਤੱਖ ਜਾਂ ਗੁੱਝਾ ਕੇਂਦਰੀ ਨੁਕਤਾ ਰਿਹਾ। ਪਿਛਲੇ ਦਹਾਕਿਆਂ ਤੋਂ ਇਹ ਗੱਲ ਉੱਭਰਨੀ ਸ਼ੁਰੂ ਹੋਈ ਹੈ ਕਿ ਇੱਕ ਸ਼ੈਅ ਵਜੋਂ ਦੁਨੀਆ ਦੀ ਸਿਆਸਤ ਵਿੱਚ ਪਾਣੀ ਦੀ ਅਹਿਮੀਅਤ ਤੇਲ ਨਾਲੋਂ ਵੀ ਵਧਣ ਜਾ ਰਹੀ ਹੈ ਅਤੇ ਜੇਕਰ ਭਵਿੱਖ ਵਿੱਚ ਕੋਈ ਹੋਰ ਸੰਸਾਰ ਜੰਗ ਹੁੰਦੀ ਹੈ ਤਾਂ ਉਹਦਾ ਕੇਂਦਰੀ ਨੁਕਤਾ ਤੇਲ ਨਹੀਂ ਬਲਕਿ ਪਾਣੀ ਹੋਵੇਗਾ।

ਪੰਜਾਬ ਦੁਨੀਆ ਦਾ ਅਜਿਹਾ ਖੁਸ਼ਨਸੀਬ ਖ਼ਿੱਤਾ ਹੈ ਜਿਸ ਨੂੰ ਕੁਦਰਤ ਨੇ ਜੀਵਨ ਸਰੋਤ ਰੂਪੀ ਦਰਿਆਵਾਂ ਨਾਲ ਨਿਵਾਜਿਆ। ਪੰਜਾਬ ਦੇ ਜਾਇਆਂ ਨੇ ਇਸ ਖ਼ਿੱਤੇ ਵਿੱਚ ਆਪਣੇ ਦਰਿਆਵਾਂ ਕੰਢੇ ਵੱਸਣ ਲਈ ਬੇ-ਅਥਾਹ ਲਹੂ ਬਹਾਇਆ, ਵੱਡੇ-ਵੱਡੇ ਧਾੜਵੀਆਂ ਦਾ ਟਾਕਰਾ ਕੀਤਾ ਅਤੇ ਅਣਗਿਣਤ ਜਾਨਾਂ ਵਾਰੀਆਂ।

ਇਤਿਹਾਸ ਨੇ ਉਹ ਸਮਾਂ ਵੀ ਵੇਖਿਆ ਜਦੋਂ ਪੰਜ ਦਰਿਆਵਾਂ ਦੇ ਜਾਇਆਂ ਨੇ ਗੁਰਸਿੱਖੀ ਅਮਲ ਦੀ ਰੁਸ਼ਨਾਈ ਵਿੱਚ ਸ਼ੇਰ-ਏ-ਪੰਜਾਬ ਦੇ ਨਾਲ ਚਲਦਿਆਂ ਇਸ ਧਰਤ ਤੇ ਅਜਿਹਾ ਰਾਜ-ਭਾਗ ਸਿਰਜਿਆ ਜਿਸ ਦੀਆਂ ਅੱਜ ਤੱਕ ਦੁਨੀਆ ਸਿਫ਼ਤਾਂ ਕਰਦੀ ਹੈ।

ਸਮੇਂ ਦਾ ਗੇੜ ਘੁੰਮਿਆ ਤੇ ਇਹ ਰਾਜ ਚਲਾ ਗਿਆ। ਪੰਜਾਬ ਫ਼ਿਰੰਗੀ ਦੇ ਅਧੀਨ ਹੋਇਆ; ਫਿਰ ਵੰਡਿਆ ਗਿਆ ਤੇ ਨਾਲੇ ਹੀ ਵੰਡੇ ਗਏ ਪੰਜ-ਪਾਣੀਆਂ ਦੀ ਇਸ ਧਰਤ ਦੇ ਦਰਿਆ।

ਦਿੱਲੀ ਤਖ਼ਤ ਉੱਤੇ ਕਾਬਜ਼ ਹੋਏ ਬਿਪਰ ਨੇ ਲੰਘੀ ਕਰੀਬ ਪੌਣੀ ਸਦੀ ਦੌਰਾਨ ਅਜਿਹੇ ਅਮਲ ਚਲਾਏ ਹਨ ਕਿ ਧਾੜਵੀਆਂ ਤੇ ਜਰਵਾਣਿਆਂ ਨਾਲ ਲੋਹਾ ਲੈ ਕੇ ਜ਼ੁਲਮ ਦੇ ਨਾਸ਼ ਲਈ ਜੂਝਣ ਵਾਲੀ ਪੰਜਾਬ ਦੀ ਸਭਿਅਤਾ ਦਾ ਇੱਕ ਬਸਤੀ ਜਿਉਂ ਉਜਾੜਾ ਕੀਤਾ ਜਾ ਰਿਹਾ ਹੈ।

ਪੰਜਾਬ ਦੀ ਸਭਿਅਤਾ ਦੇ ਉਜਾੜੇ ਦਾ ਮੁੱਢ ਬਿਪਰਵਾਦੀ ਸਾਮਰਾਜ ਨੇ ਪੰਜਾਬ ਦੇ ਦਰਿਆਈ ਪਾਣੀ ਗੈਰ-ਦਰਿਆਈ ਸੂਬਿਆਂ ਨੂੰ ਦੇ ਕੇ ਬੰਨਿਆ। ਇਹ ਪਾਣੀ ਪੰਜਾਬ ਤੋਂ ਬਾਹਰ ਲਿਜਾਣ ਦੇ ਮਨਸੂਬੇ ਬੜੇ ਗੁੱਝੇ ਤੇ ਸਾਜਿਸ਼ੀ ਰਹੇ, ਜਿਸ ਦੀ ਮਿਸਾਲ ਇਸੇ ਗੱਲ ਤੋਂ ਮਿਲ ਜਾਵੇਗੀ ਕਿ ਰਾਜਸਥਾਨ ਨੂੰ ਪਾਣੀ ਦੇਣ ਲਈ ਅਖੌਤੀ ਸਮਝੌਤਾ (ਜਿਸ ਦੀ ਕਿ ਕਨੂੰਨ ਦੀਆਂ ਨਜ਼ਰਾਂ ਵਿੱਚ ਕੋਈ ਮਾਨਤਾ ਵੀ ਨਹੀਂ ਸੀ) 1955 ਵਿੱਚ ਹੋਇਆ ਪਰ ਇਹ ਪਾਣੀ ਲਿਜਾਣ ਵਾਲੀ ਨਹਿਰ ਲਈ ਪੂਰੀ 18,500 ਕਿਉਸਕ ਸਮਰੱਥਾ ਵਾਲੇ ਦਰਵਾਜ਼ੇ 1949 ਵਿੱਚ ਹੀ ਰੱਖ ਲਏ ਸਨ। ਬਿਪਰਵਾਦੀ ਸਾਮਰਾਜ ਦੇ ਤਖ਼ਤ ਨਸ਼ੀਨਾਂ ਨੇ ਪੰਜਾਬ ਦੇ ਪਾਣੀ ਆਪਣੇ ਹੀ ਕਨੂੰਨ ਤੇ ਸੰਵਿਧਾਨ ਦੀ ਉਲੰਘਣਾ ਕਰਕੇ, ਕਦੇ ਪੰਜਾਬ ਦੇ ਸੂਬੇਦਾਰਾਂ ਦੀ ਬਾਂਹ ਮਰੋੜ ਕੇ ਤੇ ਕਦੇ ਉਨਾਂ ਨੂੰ ਸੱਤਾ ਦੀ ਹਿਰਸ ਵਿਖਾ ਕੇ ਖੋਹੇ ਹਨ।

ਪੰਜਾਬ ਦੇ ਪਾਣੀ ਦਾ ਰਾਜਸਥਾਨ ਨੂੰ ਕੋਈ ਬਹੁਤਾ ਲਾਭ ਨਹੀਂ ਹੋਇਆ ਸਗੋਂ ਉਲਟਾ ਅਜਿਹਾ ਨੁਕਸਾਨ ਹੋਇਆ ਹੈ ਜਿਸ ਦੀ ਗਵਾਹੀ ਰਾਵਤਸਰ ਅਤੇ ਸੂਰਤਗੜ ਵਿਚਾਲੇ ਪੰਜਾਬ ਦੇ ਦਰਿਆਵਾਂ ਦਾ ਵਡਮੁੱਲਾ ਪਾਣੀ ਰੇਤ ਦੇ ਉੱਚੇ ਟਿੱਬਿਆਂ ਦਰਮਿਆਨ ਦਹਾਕਾ ਭਰ ਲਈ ਪਾਉਣ ਕਰਕੇ ਬਣੀ ਵੱਡ ਅਕਾਰੀ ਸੇਮ-ਝੀਲ ਕਾਰਨ ਹੋਈ ਬਰਬਾਦੀ ਭਰਦੀ ਹੈ, ਜਿਸ ਨੇ ਪਿਛਲੇ ਸਾਢੇ ਚਾਰ ਦਹਾਕਿਆਂ ਦੌਰਾਨ ਇਸ ਇਲਾਕੇ ਦੇ ਲੋਕਾਂ ਦੀ ਜ਼ਿੰਦਗੀ ਦੁੱਭਰ ਤੇ ਦੁਸ਼ਵਾਰ ਕਰ ਰੱਖੀ ਹੈ।

ਹੁਣ ਫਿਰ ਪੰਜਾਬ ਦੇ ਪਾਣੀਆਂ ਹੇਠਾਂ ਮੁੜ ਚੰਗਿਆੜੀਆਂ ਸੁਲਘਣ ਲੱਗੀਆਂ ਹਨ ਕਿਉਂਕਿ ਪੰਜਾਬ ਦਾ ਲਹੂ ਪੀਣੀ ਸਤਲੁਜ ਯਮੁਨਾ ਲਿੰਕ ਨਹਿਰ ਨਾਮੀ ਮੋਈ ਪਈ ਜੋਕ ਨੂੰ ਮੁੜ ਜਿੰਦਾ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਪੰਜਾਬ ਦੀ ਸੂਬੇਦਾਰੀ ਦੇ ਚੱਕਰਾਂ ਵਿਚ ਹਰਚੰਦ ਸਿੰਘ ਲੌਂਗੋਵਾਲ ਨੇ ਦਿੱਲੀ ਸਾਮਰਾਜ ਦੇ ਉਸ ਵੇਲੇ ਦੇ ਹਾਕਮ ਨਾਲ ਸਮਝੌਤਾ ਕਰਕੇ ਨਹਿਰ ਕੱਢਣੀ ਮੰਨੀ ਸੀ। ਸੁਰਜੀਤ ਸਿੰਘ ਬਰਨਾਲੇ ਨੇ ਨਹਿਰ ਦਾ ਕੰਮ ਸ਼ੁਰੂ ਕਰਵਾਇਆ ਸੀ। ਇਸ ਤੋਂ ਪਹਿਲਾਂ ਇਹਨਾਂ ਦੇ ਖੇਮੇਦਾਰ ਰਹੇ ਪ੍ਰਕਾਸ਼ ਸਿੰਘ ਬਾਦਲ ਨੇ ਨਹਿਰ ਲਈ ਜ਼ਮੀਨ ਜ਼ਬਤ ਕੀਤੀ ਸੀ। ਸੂਬੇਦਾਰੀ ਦੀ ਦੌੜ ਵਿੱਚ ਇਸ ਧੜੇ ਦੇ ਵਿਰੋਧੀ ਸਿਆਸੀ ਖੇਮੇ ਵਿਚੋਂ ਅਮਰਿੰਦਰ ਸਿੰਘ ਨੇ ਪਹਿਲਾਂ ਇਹ ਨਹਿਰ ਰੋਕਣ ਦੇ ਬਹਾਨੇ 2004 ਵਿੱਚ ਜੋ ਕਨੂੰਨ ਬਣਾਇਆ ਉਸ ਨਾਲ ਗੈਰ-ਦਰਿਆਈ ਸੂਬਿਆਂ ਨੂੰ ਜਾ ਰਹੇ ਪਾਣੀ ਉੱਤੇ ਕਨੂੰਨੀ ਮੋਹਰ ਲਾ ਦਿੱਤੀ। ਬਾਦਲ-ਭਾਜਪਾ ਨੇ ਵੀ ਪੰਜਾਬ ਦੇ ਹਿੱਤਾਂ ਨਾਲ ਕੀਤੇ ਇਸ ਬੱਜਰ ਧੋਖੇ ਵਿੱਚ ਆਪਣੇ ਸਿਆਸੀ-ਵਿਰੋਧੀ ਦਾ ਪੂਰਾ ਸਾਥ ਦਿੱਤਾ ਸੀ। ਪੰਜਾਬ ਦੀ ਸੱਤਾ ਭੋਗਣ ਵਾਲੇ ਦਿੱਲੀ ਦੇ ਤਾਬਿਆਦਾਰਾਂ ਉੱਤੇ ਦਿੱਲੀ ਦੀ ਵਫ਼ਾਦਾਰੀ ਇਸ ਕਦਰ ਭਾਰੀ ਹੈ ਕਿ ਦਿੱਲੀ ਸਾਮਰਾਜ ਦੀ ਵੱਡੀ ਅਦਾਲਤ ਵੱਲੋਂ 2004 ਦੇ ਕਨੂੰਨ ਤਹਿਤ ਸਮਝੌਤੇ ਰੱਦ ਕਰਨ ਦੀ ਪੰਜਾਬ ਵਿਧਾਨ ਸਭਾ ਦੀ ਕਾਰਵਾਈ ਨੂੰ ਮਾਨਤਾ ਨਾ ਦਿੱਤੇ ਜਾਣ ਉੱਤੇ ਵੀ ਇਹਨਾਂ ਗੈਰ-ਦਰਿਆਈ ਖ਼ਿੱਤਿਆਂ ਨੂੰ ਜਾ ਰਹੇ ਦਰਿਆਈ ਪਾਣੀ ਨੂੰ ਮਾਨਤਾ ਦੇਣ ਵਾਲੀ ਪੰਜਾਬ ਟਰਮੀਨੇਸ਼ਨ ਆਫ਼ ਐਗਰੀਮੈਂਟ ਐਕਟ ਦੀ ਧਾਰਾ 5 ਰੱਦ ਨਹੀਂ ਕੀਤੀ।

ਭਾਵੇਂ ਅਮਰਿੰਦਰ ਸਿੰਘ ਨੇ ਇਸ ਵਾਰੀ 'ਬੱਸ ਆਖ਼ਰੀ ਵਾਰ' ਕਹਿ ਕੇ ਪੰਜਾਬ ਦੀ ਸੂਬੇਦਾਰੀ ਲਈ ਸੀ ਪਰ ਹੁਣ ਮੁੜ ਅਗਾਂਹ ਸੂਬੇਦਾਰ ਬਣਨ ਦੀ ਇੱਛਾ ਇੰਨੀ ਪ੍ਰਬਲ ਹੋ ਗਈ ਹੈ ਕਿ ਅਮਰਿੰਦਰ ਸਿੰਘ ਪੰਜਾਬ ਦੇ ਦਰਿਆਈ ਪਾਣੀਆਂ ਲਈ ਟ੍ਰਿਬਿਊਨਲ ਦੀ ਮੰਗ ਕਰਕੇ ਮੁੜ ਪੰਜਾਬ ਦੇ ਹਿਤਾਂ ਦੀ ਕੀਮਤ ਉੱਤੇ ਦਿੱਲੀ ਸਲਤਨਤ ਪ੍ਰਤੀ ਆਪਣੀ ਵਫ਼ਾਦਾਰੀ ਸਾਬਿਤ ਕਰਨ ਲਈ ਪੱਬਾਂ ਭਾਰ ਹੈ।

2004 ਵਾਲੇ ਕਾਨੂੰਨ ਨਾਲ ਦਿੱਲੀ ਦੇ ਤਾਬਿਆਦਾਰਾਂ ਨੇ ਪੰਜਾਬ ਦੇ ਗਲ ਫਾਹਾ ਪਾ ਕੇ ਇਸ ਨੂੰ ਤਖ਼ਤੇ ਉੱਤੇ ਚੜਾ ਦਿੱਤਾ ਸੀ ਤੇ ਹੁਣ ਦਰਿਆਈ ਪਾਣੀਆਂ ਦੇ ਮਾਮਲੇ ਉੱਤੇ ਟ੍ਰਿਬਿਊਨਲ ਬਣਵਾਉਣਾ ਸੂਲੀ ਚੜੇ ਪੰਜਾਬ ਦੇ ਪੈਰਾਂ ਹੇਠੋਂ ਫੱਟਾ ਖਿੱਚਣ ਦੇ ਤੁੱਲ ਹੋਵੇਗਾ।

ਪੰਜਾਬ ਲਈ ਪਾਣੀਆਂ ਦਾ ਮਸਲਾ ਨਾ ਤਾਂ ਸਿਆਸਤ ਦਾ ਮਸਲਾ ਹੈ, ਨਾ ਭੰਡੀ-ਪ੍ਰਚਾਰ, ਨਾ ਦੂਸ਼ਣਬਾਜ਼ੀ ਤੇ ਨਾ ਹੀ ਕਿਸੇ ਖਬਰਖਾਨੇ ਦੀ ਚੁੰਝ-ਚਰਚਾ ਦਾ। ਪੰਜਾਬ ਲਈ ਪਾਣੀਆਂ ਦਾ ਮਸਲਾ ਹੋਂਦ-ਹਸਤੀ ਦਾ ਮਸਲਾ ਹੈ। ਦਰਿਆਈ ਪਾਣੀਆਂ ਦੇ ਹੱਕ ਨੇ ਇਹ ਗੱਲ ਤੈਅ ਕਰਨੀ ਹੈ ਕਿ ਸਦੀਆਂ ਤੋਂ ਵਸੀ ਆ ਰਹੀ ਸਾਡੀ ਸਭਿਅਤਾ ਆਪਣਾ ਅਸਲ ਵਜੂਦ ਕਾਇਮ ਰੱਖਦਿਆਂ ਵਸੀ ਰਹੇਗੀ ਜਾਂ ਨਹੀਂ। ਇਸ ਧਰਤ ਦੇ ਜਾਇਆਂ ਤੇ ਇਸ ਧਰਤ ਉੱਤੇ ਉਜਾਗਰ ਹੋਈ ਸਰਬੱਤ ਦੇ ਭਲੇ ਦੀ ਅਗੰਮੀ ਰੌਸ਼ਨੀ ਦੇ ਵਾਰਿਸਾਂ ਲਈ ਇਹ ਵੇਲਾ ਗੰਭੀਰ ਹੋਣ ਦਾ ਹੈ ਤੇ ਇਹ ਯਾਦ ਰੱਖਣ ਦਾ ਹੈ ਕਿ ਐੱਸ.ਵਾਈ.ਐਲ. ਨਾਮੀ ਜੋਕ ਗੱਲਾਂ, ਕਨੂੰਨੀ ਚਾਰਾਜੋਈਆਂ ਜਾਂ ਸਿਆਸੀ ਸੌਦੇਬਾਜ਼ੀਆਂ ਨਾਲ ਨਹੀਂ ਸੀ ਰੁਕੀ।

ਜਦੋਂ ਦੁਨੀਆ ਵਿੱਚ ਪਾਣੀ ਲਈ ਜੰਗਾਂ ਹੋਣ ਦੀ ਗੱਲ ਚਰਚਾ ਵਿੱਚ ਹੈ ਤਾਂ ਸਾਫ਼ ਹੈ ਕਿ ਪਾਣੀ ਦੀ ਕੀਮਤ ਖ਼ੂਨ ਹੈ, ਚਾਹੇ ਉਹ ਆਪਣਾ ਹੋਵੇ ਤੇ ਚਾਹੇ ਵਿਰੋਧੀ ਦਾ।

# ਚੀਨ ਤੇ ਭਾਰਤ ਦਾ ਮਸਲਾ ਨਹੀਂ ਨਿੱਬੜਿਆ

**✪ ਚੀਨ ਵੱਲੋਂ ਅੱਗੇ ਵਧਣਾ ਜਾਰੀ, ਭਾਰਤ ਚੀਨ ਦੀਆਂ ਗਤੀਵਿਧੀਆਂ ਤੋਂ ਭੜਕਿਆ ✪ ਚੀਨ ਨੂੰ ਦਿੱਤੀ ਚਿਤਾਵਨੀ ✪ ਭਾਰਤ-ਚੀਨ ਸਰਹੱਦੀ ਵਿਵਾਦ 'ਤੇ ਫ਼ੌਜ ਮੁਖੀ ਦਾ ਵੱਡਾ ਬਿਆਨ, 'ਗੱਲਬਾਤ ਨਾਕਾਮ ਰਹੀ ਤਾਂ ਫ਼ੌਜ ਤਿਆਰ'**

**- ਟਾਈਮਜ਼ ਮੀਡੀਆ**

ਭਾਰਤ ਤੇ ਚੀਨ ਦਰਮਿਆਨ ਤਕਰਾਰ ਜਾਰੀ ਹੈ। ਚੀਨ ਤੇਜ਼ੀ ਨਾਲ ਅੱਗੇ ਵੱਧ ਰਿਹਾ ਤੇ ਭਾਰਤ ਦੀ ਚਿਤਾਵਨੀ ਦੀ ਕੋਈ ਪ੍ਰਵਾਹ ਨਹੀਂ ਕਰ ਰਿਹਾ। ਸਿਆਚਿਨ ਚੌਕੀਆਂ 'ਤੇ ਸਿਰਫ਼ ਦੋ ਤੋਂ ਤਿੰਨ ਦਰਜਨ ਭਾਰਤੀ ਸਿਪਾਹੀ ਹਨ ਤੇ ਬੇਸ ਕੈਂਪ' 'ਤੇ ਉਨਾਂ ਲਈ ਬਣਾਏ ਰੋਜ਼ਾਨਾ ਭੋਜਨ ਤੇ ਹੋਰ ਸਮਗਰੀ ਨੂੰ ਹੈਲੀਕਾਪਟਰਾਂ ਦੁਆਰਾ ਪਹੁੰਚਾਇਆ ਜਾਂਦਾ ਹੈ। ਇਨਾਂ ਹੈਲੀਕਾਪਟਰਾਂ ਦੀ ਇਕ ਉਡਾਣ 'ਤੇ ਚਾਲੀ-ਪੰਜਾਹ ਹਜ਼ਾਰ ਰੁਪਏ ਦੇ ਤੇਲ ਦਾ ਖਰਚਾ ਆਉਂਦਾ ਹੈ.ਪਰ ਪੂਰਬੀ ਲਦਾਖ਼ ਵਿਚ ਅਸਲ ਕੰਟਰੋਲ ਰੇਖਾ ਦੇ ਉੱਪਰ ਚੋਟੀਆਂ ਦੀ ਰਾਖੀ ਲਈ ਤੈਨਾਤ ਹਜ਼ਾਰਾਂ ਭਾਰਤੀ ਫ਼ੌਜੀਆਂ ਨੂੰ ਨਿਯਮਤ ਸਪਲਾਈ ਕਿਵੇਂ ਕੀਤੀ ਜਾਏਗੀ। ਇਹ ਇਕ ਬਹੁਤ ਵੱਡਾ ਸੁਆਲ ਹੈ।

ਪੂਰਬੀ ਲਦਾਖ਼ ਦੇ ਸਰਹੱਦੀ ਭਾਰਤੀ ਇਲਾਕਿਆਂ ਵਿਚ ਚੀਨੀ ਫ਼ੌਜ ਵੱਲੋਂ ਘੁਸਪੈਠ ਕਰਦਿਆਂ ਸਾਡੇ ਤਿੰਨ ਮਹੀਨਿਆਂ ਤੋਂ ਵੀ ਵੱਧ ਦਾ ਸਮਾਂ ਹੋ ਗਿਆ ਹੈ ਅਤੇ ਇਸ ਗੱਲ ਦੇ ਸੰਕੇਤ ਮਿਲ ਰਹੇ ਹਨ ਕਿ ਚੀਨ ਸਮਝੌਤਾ ਕਰਨ ਲਈ ਭਾਰਤ ਨਾਲ ਕੋਈ ਵਿਚਕਾਰਲਾ ਰਸਤਾ ਲੱਭਣ ਲਈ ਦਬਾਅ ਪਾ ਰਿਹਾ ਹੈ। ਇਸ ਤੋਂ ਜਾਪਦਾ ਹੈ ਕਿ ਚੀਨੀ ਫ਼ੌਜ ਕੁਝ ਖੇਤਰਾਂ ਵਿੱਚ ਸਥਿਤੀ ਜਿਉਂ ਤੋਂ ਤਿਉਂ ਬਹਾਲ ਰੱਖਣਾ ਚਾਹੁੰਦੀ ਹੈ, ਪਰ ਉਹ ਦੇਪਾਸੰਗ, ਪੈਗੋਂਗ ਤਸੋ ਝੀਲ ਦੇ ਭਾਰਤੀ ਖੇਤਰ 'ਤੇ ਕਬਜਾ ਨਹੀਂ ਛੱਡੇਗੀ।

## ਚੀਨ ਹੋ ਰਿਹਾ ਮਜ਼ਬੂਤ

ਚੀਨੀ ਫ਼ੌਜ ਦੇ ਇਸ ਅੜੀਅਲ ਵਤੀਰੇ ਦਾ ਕਾਰਨ ਇਹ ਹੈ ਕਿ ਉਸਨੂੰ ਪਤਾ ਹੈ ਕਿ ਭਾਰਤੀ ਫ਼ੌਜ ਇਸ ਨੂੰ ਪਿੱਛੇ ਧੱਕਣ ਲਈ ਕੋਈ ਫ਼ੌਜੀ ਕਾਰਵਾਈ ਕਰਨ ਦੀ ਹਿੰਮਤ ਨਹੀਂ ਕਰ ਸਕਦੀ। ਖ਼ੁਦ ਭਾਰਤੀ ਫ਼ੌਜ ਨੇ ਵੀ ਇਸ ਪ੍ਰਭਾਵ ਦਾ ਸੰਕੇਤ ਦਿੱਤਾ ਹੈ, ਜਿਸ ਨਾਲ ਚੀਨੀ ਸੈਨਾ ਦੇ ਮਨੋਬਲ ਨੂੰ ਹੋਰ ਮਜ਼ਬੂਤੀ ਮਿਲੀ ਹੈ। ਭਾਰਤੀ ਫ਼ੌਜ ਨੇ ਜਨਤਕ ਤੌਰ 'ਤੇ ਕਿਹਾ ਹੈ ਕਿ ਚੀਨੀ ਫ਼ੌਜ ਨੂੰ ਪਿੱਛੇ ਹਟਣ ਲਈ ਮਜਬੂਰ ਕਰਨ ਵਿਚ ਬਹੁਤ ਲੰਮਾ ਸਮਾਂ ਲੱਗੇਗਾ। ਯਾਨੀ ਚੀਨੀ ਫ਼ੌਜ 'ਤੇ ਦਬਾਅ ਬਣਾਉਣ ਲਈ, ਭਾਰਤੀ ਫ਼ੌਜ ਨੂੰ ਦੋ ਡਵੀਜ਼ਨਾਂ ਯਾਨੀ ਤਕਰੀਬਨ 40 ਹਜ਼ਾਰ ਫ਼ੌਜੀਆਂ ਨੂੰ ਅਸਲ ਕੰਟਰੋਲ ਰੇਖਾ ਦੇ ਪਿਛਲੇ ਹਿੱਸੇ ਵਿਚ ਲੰਬੇ ਸਮੇਂ ਤਕ ਓਨਾ ਚਿਰ ਤੱਕ ਜਮਾ ਰੱਖਣਾ ਪੈ ਸਕਦਾ ਹੈ, ਜਿੰਨਾ ਚਿਰ ਤਕ ਚੀਨੀ ਫ਼ੌਜ ਪਿੱਛੇ ਨਹੀਂ ਹਟਦੀ।

ਦੂਸਰੇ ਪਾਸੇ ਫ਼ੌਜੀ ਮਾਹਿਰਾਂ ਦਾ ਕਹਿਣਾ ਹੈ ਕਿ ਚੀਨੀ ਫ਼ੌਜ ਨੂੰ ਇਸ ਨਾਲ ਫ਼ਰਕ ਨਹੀਂ ਪਏਗਾ, ਕਿਉਂਕਿ ਭਾਰਤ ਅਸਲ ਕੰਟਰੋਲ ਰੇਖਾ ਦੇ ਅੰਦਰ ਭਾਰਤੀ ਖੇਤਰ ਵਿਚ ਦੋ ਡਿਵੀਜ਼ਨ ਫੋਰਸ ਤਾਇਨਾਤ ਕਰੇਗਾ। ਦਰਅਸਲ, ਚੀਨੀ ਫ਼ੌਜ ਇਸ ਕਾਰਨ ਭਾਰਤੀ ਫ਼ੌਜ ਨੂੰ ਦਰਪੇਸ਼ ਮੁਸ਼ਕਲਾਂ ਵਿਚ ਵੇਖ ਕੇ ਖ਼ੁਸ਼ ਹੋਏਗੀ। ਪਹਾੜੀ ਖੇਤਰਾਂ 'ਤੇ ਭਾਰਤ ਨੂੰ ਆਪਣੀ ਫ਼ੌਜ ਅਤੇ ਮਨੁੱਖੀ ਸਰੋਤਾਂ ਨੂੰ ਸਥਾਪਤ ਰੱਖਣ ਅਤੇ ਇਸ ਤੇ ਰੋਜ਼ਾਨਾ ਕਰੋੜਾਂ ਰੁਪਏ ਖ਼ਰਚਣ ਲਈ ਭਾਰਤੀ ਫ਼ੌਜ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ।

ਇੱਥੇ ਜ਼ਿਕਰਯੋਗ ਹੈ ਕਿ ਪੂਰਬੀ ਲਦਾਖ਼ ਦੇ ਪਹਾੜੀ ਪ੍ਰਦੇਸ਼ ਪੂਰੀ ਤਰਾਂ ਬੰਜਰ ਹਨ ਅਤੇ ਨੀਵੀਂਆਂ ਪਹਾੜੀਆਂ ਹਨ ਜਿੱਥੇ ਤੀਹ ਹਜ਼ਾਰ ਫ਼ੌਜੀਆਂ ਨੂੰ ਆਪਣੇ ਸੈਨਿਕ ਉਪਕਰਨਾਂ ਨਾਲ ਜ਼ੀਰੋ ਤੋਂ ਮਾਈਨਸ 20-40 ਡਿਗਰੀ ਦੇ ਤਾਪਮਾਨ ਤੇ ਤੈਨਾਤ ਰੱਖਣਾ ਇੱਕ ਵੱਡਾ ਚੈਲੰਜ ਹੋਵੇਗਾ। ਭਾਰਤੀ ਫ਼ੌਜ ਇਸ ਸੰਬੰਧ ਵਿਚ ਜ਼ੋਰ ਸ਼ੋਰ ਨਾਲ ਤਿਆਰੀ ਕਰ ਰਹੀ ਹੈ ਤੇ ਖ਼ਰੀਦੋ ਫ਼ਰੋਖ਼ਤ ਕਰ ਰਹੀ ਹੈ, ਜਿਸ ਵਿਚ ਸਿਆਚਿਨ ਗਲੇਸ਼ੀਅਰ 'ਤੇ ਰਹਿਣ ਵਾਲੇ ਫ਼ੌਜੀਆਂ ਨੂੰ ਵਰਦੀ ਦੇਣਾ ਸ਼ਾਮਲ ਹੈ ਤਾਂ ਜੋ ਠੰਢ ਤੋਂ ਬਚਾਅ ਹੋ ਸਕੇ। ਫ਼ੌਜ ਨੇ ਸਿਆਚਿਨ ਉੱਤੇ ਤਕਰੀਬਨ ਤਿੰਨ ਹਜ਼ਾਰ ਭਾਰਤੀ ਫ਼ੌਜੀਆਂ ਨੂੰ ਤੈਨਾਤ ਕਰਨ ਦਾ ਤਕਰੀਬਨ ਚਾਰ ਦਹਾਕਿਆਂ ਦਾ ਤਜਰਬਾ ਹੈ, ਪਰ ਕੁਝ ਦਿਨਾਂ ਦੇ ਅੰਦਰ ਪੂਰਬੀ ਲਦਾਖ਼ ਦੀਆਂ ਬੰਜਰ ਬਰਫ਼ੀਲੀਆਂ ਪਹਾੜੀਆਂ ਵਿੱਚ ਦਸ ਗੁਣਾ ਵਧੇਰੇ ਫ਼ੌਜ ਤਾਇਨਾਤ ਕੀਤੀ ਗਈ ਹੈ। ਭਾਰਤੀ ਫ਼ੌਜ ਇਸ ਬੇਮਿਸਾਲ ਚੁਨੌਤੀ ਨਾਲ ਨਿੱਬੜ ਰਹੀ ਹੈ। ਫ਼ੌਜੀ ਸੂਤਰਾਂ ਦਾ ਕਹਿਣਾ ਹੈ ਕਿ ਉੱਥੇ ਫ਼ੌਜੀ ਤਾਇਨਾਤੀ ਦੀ ਸਿਆਚਿਨ ਵਰਗਾ ਪ੍ਰਬੰਧ ਕਰਨ 'ਤੇ ਜੇ ਭਾਰਤੀ ਫ਼ੌਜ ਦਾ ਧਿਆਨ ਵੰਡਿਆ ਜਾਵੇਗਾ ਤਾਂ ਇਸ ਸਮੇਂ ਦੌਰਾਨ ਉਹ ਜੰਗ ਦੀ ਤਿਆਰੀ ਕਰਨ ਵਿਚ ਭਟਕ ਜਾਣਗੇ। ਇਸ ਨਾਲ ਚੀਨੀ ਫ਼ੌਜ ਨੂੰ ਫ਼ਾਇਦਾ ਹੋਵੇਗਾ। ਚੀਨੀ ਫ਼ੌਜ ਜਾਣਦੀ ਹੈ ਕਿ ਭਾਰਤੀ ਫ਼ੌਜ ਉਸ ਨੂੰ ਪਿੱਛੇ ਧੱਕਣ ਲਈ ਕੋਈ ਸਿੱਧੀ ਕਾਰਵਾਈ ਨਹੀਂ ਕਰੇਗੀ। ਮਸਲਾ ਤਾਂ ਇਹ ਵੀ ਹੈ ਕਿ ਜੇ ਭਾਰਤੀ ਫ਼ੌਜ ਅਸਲ ਕੰਟਰੋਲ ਰੇਖਾ ਦੇ ਪਿਛਲੇ ਖੇਤਰਾਂ ਨੂੰ ਅਸੁਰੱਖਿਅਤ ਛੱਡ ਦਿੰਦੀ ਹੈ, ਤਾਂ ਚੀਨੀ ਫ਼ੌਜ ਉਸ ਇਲਾਕੇ 'ਤੇ ਕਬਜ਼ਾ ਕਰ ਸਕਦੀ ਹੈ। ਇਸ ਲਈ ਭਾਰਤੀ ਫ਼ੌਜ ਨੂੰ ਸਾਵਧਾਨ ਰਹਿਣਾ ਪਏਗਾ।

## ਭਾਰਤ ਲਈ ਮੁਸ਼ਕਲਾਂ

ਭਾਰਤੀ ਸਿਆਸਤਦਾਨਾਂ ਲਈ ਇਹ ਜਨਤਕ ਬਿਆਨ ਦੇਣਾ ਸੌਖਾ ਹੈ ਕਿ ਭਾਰਤੀ ਫ਼ੌਜ ਚੀਨ ਦੇ ਚੈਲੰਜ ਨਾਲ ਨਿਪਟਣ ਲਈ ਭਾਰਤੀ ਫ਼ੌਜ ਹਮੇਸ਼ਾ ਅਸਲ ਕੰਟਰੋਲ ਲਾਈਨ 'ਤੇ ਤੈਨਾਤ ਰਹੇਗੀ, ਪਰ ਜ਼ਮੀਨੀ ਸਥਿਤੀ ਨੂੰ ਵੇਖਦਿਆਂ ਰੌਂਗਟੇ ਖੜੇ ਹੋ ਸਕਦੇ ਹਨ। ਅਸਲ ਕੰਟਰੋਲ ਰੇਖਾ ਦੇ ਖੇਤਰ ਵਿਚ ਫ਼ੌਜੀਆਂ ਨੂੰ ਖੁੱਲੇ ਟੈਂਟਾਂ ਵਿਚ ਰੱਖਣਾ ਸੁਰੱਖਿਅਤ ਦ੍ਰਿਸ਼ਟੀਕੋਣ ਤੋਂ ਚੰਗਾ ਨਹੀਂ ਹੋਵੇਗਾ, ਇਸ ਲਈ ਉਨਾਂ ਲਈ ਠੋਸ ਬੰਕਰ ਬਣਾਉਣ ਦੀ ਲੋੜ ਪਵੇਗੀ। ਇਹ ਸਭ ਬਰਫ਼ ਡਿੱਗਣ ਤੋਂ ਪਹਿਲਾਂ ਅਕਤੂਬਰ ਤੱਕ ਪੂਰਾ ਕਰਨਾ ਪਏਗਾ। ਸਭ ਤੋਂ ਵੱਡੀ ਗੱਲ ਇਹ ਹੈ ਕਿ ਹਜ਼ਾਰਾਂ ਭਾਰਤੀ ਫ਼ੌਜੀਆਂ ਨੂੰ ਮਹੀਨਿਆਂ ਤਕ ਉੱਥੇ ਰੱਖਣ ਲਈ ਯੋਗ ਰਿਹਾਇਸ਼ੀ ਪ੍ਰਬੰਧ ਕਰਨਾ ਪਏਗਾ, ਜੋ ਕਿ ਭਾਰਤ ਲਈ ਬਹੁਤ ਵੱਡੀ ਚੁਨੌਤੀ ਹੈ। ਜਿਵੇਂ ਬਰਫ਼ ਦੇ ਮੌਸਮ ਵਿਚ, ਉੱਥੇ ਵਿਸ਼ੇਸ਼ ਤੰਬੂ ਮੁਹੱਈਆ ਕਰਵਾਉਣੇ ਪੈਣਗੇ, ਹਜ਼ਾਰਾਂ ਸਿਪਾਹੀ ਇਕੱਠੇ ਨਹਾਉਣ ਜੰਗਲ ਪਾਣੀ ਦਾ ਪ੍ਰਬੰਧ ਕਰਨਾ ਪਵੇਗਾ ਤੇ ਉਨਾਂ ਲਈ ਡੱਬਾਬੰਦ ਭੋਜਨ ਸਪਲਾਈ ਕਰਨਾ ਹੋਵੇਗਾ, ਚਾਹ ਪੀਣ ਦੇ ਆਦੀ ਭਾਰਤੀ ਸਿਪਾਹੀਆਂ ਨੂੰ ਚਾਹ, ਸਨੈਕਸ ਤੇ ਪੀਣ ਵਾਲੇ ਸਾਫ਼ ਪਾਣੀ ਦਾ ਪ੍ਰਬੰਧ ਕਰਨਾ ਪਏਗਾ।

ਹਾਲਾਂਕਿ ਪੂਰਬੀ ਲਦਾਖ਼ ਖੇਤਰਾਂ ਵਿੱਚ ਬਹੁਤ ਸਾਰੀਆਂ ਨਦੀਆਂ ਹਨ, ਉੱਥੋਂ ਪਾਣੀ ਫ਼ੌਜੀ ਤਾਇਨਾਤੀ ਸਥਾਨਾਂ ਤੱਕ ਪਹੁੰਚਾਉਣਾ ਇੱਕ ਵੱਡੀ ਸਮੱਸਿਆ ਹੈ। ਇਸ ਖੇਤਰ ਵਿਚ ਏਨਾ ਭੰਡਾਰ ਇਕੱਠਾ ਕਰਨਾ ਬਹੁਤ ਮੁਸ਼ਕਲ ਹੈ। ਇੱਥੇ ਵੱਡਾ ਇਲਾਕਾ ਖੋਜਣਾ ਪਵੇਗਾ, ਜਿੱਥੇ ਹਜ਼ਾਰਾਂ ਭਾਰਤੀ ਫ਼ੌਜੀਆਂ ਨੂੰ ਤੈਨਾਤ ਕੀਤਾ ਜਾਣਾ ਹੈ ਅਤੇ ਉਨਾਂ ਦੀ ਰਿਹਾਇਸ਼ ਲਈ ਬੁਨਿਆਦੀ ਢਾਂਚੇ ਦਾ ਪ੍ਰਬੰਧ ਕਰਨਾ ਪੈਣਾ ਹੈ। ਸਿਆਚਿਨ ਚੌਕੀਆਂ 'ਤੇ ਸਿਰਫ਼ ਦੋ ਤੋਂ ਤਿੰਨ ਦਰਜਨ ਸਿਪਾਹੀ ਹਨ ਅਤੇ ਬੇਸ ਕੈਂਪ 'ਤੇ ਉਨਾਂ ਲਈ ਬਣੀ ਰੋਜ਼ਾਨਾ ਬੇਸ ਸਮਗਰੀ ਨੂੰ ਹੈਲੀਕਾਪਟਰਾਂ ਦੁਆਰਾ ਮਿਲਟਰੀ ਚੌਕੀਆਂ 'ਤੇ ਪਹੁੰਚਾਇਆ ਜਾਂਦਾ ਹੈ। ਇਨਾਂ ਹੈਲੀਕਾਪਟਰਾਂ ਦੀ ਇਕ ਉਡਾਣ 'ਤੇ ਚਾਲੀ-ਪੰਜਾਹ ਹਜ਼ਾਰ ਰੁਪਏ ਦੇ ਤੇਲ ਦਾ ਖ਼ਰਚ ਆਉਂਦਾ ਹੈ।

ਪਰ ਪੂਰਬੀ ਲਦਾਖ਼ ਵਿਚ ਅਸਲ ਕੰਟਰੋਲ ਰੇਖਾ ਦੀਆਂ ਚੋਟੀਆਂ ਦੀ ਰਾਖੀ ਲਈ ਇੱਕੋ ਸਮੇਂ ਹਜ਼ਾਰਾਂ ਭਾਰਤੀ ਫ਼ੌਜੀਆਂ ਨੂੰ ਨਿਰੰਤਰ ਸਪਲਾਈ ਕਿਵੇਂ ਕੀਤੀ ਜਾਏਗੀ ? ਉੱਥੇ ਬਰਫ਼ਬਾਰੀ ਦੌਰਾਨ ਫ਼ੌਜੀਆਂ ਨੂੰ ਤੈਨਾਤ ਰੱਖਣ ਦੀ ਸਭ ਤੋਂ ਵੱਡੀ ਚੁਨੌਤੀ ਉਨਾਂ ਲਈ ਵਰਤੀਆਂ ਜਾਂਦੀਆਂ ਬੰਦੂਕਾਂ, ਮਸ਼ੀਨ ਗੰਨਾਂ, ਅਸਾਲਟ ਰਾਈਫਲਾਂ, ਟੈਂਕਾਂ, ਬਕਤਰਬੰਦ ਵਾਹਨਾਂ ਆਦਿ ਦੀ ਦੇਖਭਾਲ ਕਿਵੇਂ ਹੋਵੇਗੀ ? ਇਨਾਂ ਹਥਿਆਰਾਂ ਨੂੰ ਇਕ ਵਿਸ਼ੇਸ਼ ਕਿਸਮ ਦੇ ਕੈਨਵਸ ਵਿਚ ਵੀ ਲੁਕੋਣਾ ਪਏਗਾ ਤਾਂ ਜੋ ਉਹ ਬਰਫ਼ੀਲੇ ਵਾਤਾਵਰਣ ਵਿਚ ਉਨਾਂ ਦੀ ਸੰਭਾਲ ਕੀਤੀ ਜਾਵੇ ਤਾਂ ਜੋ ਉਹ ਜਾਮ ਨਾ ਹੋ ਜਾਣ।

## ਕੀ ਕਹਿੰਦੇ ਜਨਰਲ ਬਿਪਿਨ ਰਾਵਤ

ਪੂਰਬੀ ਲਦਾਖ਼ ਵਿਚ ਪਿਛਲੇ ਕਈ ਮਹੀਨਿਆਂ ਤੋਂ ਜਾਰੀ ਭਾਰਤ-ਚੀਨ ਸਰਹੱਦੀ ਵਿਵਾਦ ਦਰਮਿਆਨ ਚੀਫ਼ ਆਫ਼ ਡਿਫੈਂਸ ਸਟਾਫ਼ ਜਨਰਲ ਬਿਪਿਨ ਰਾਵਤ ਨੇ ਕਿਹਾ 'ਜੇਕਰ ਚੀਨ ਨਾਲ ਗੱਲਬਾਤ ਨਾਕਾਮ ਰਹਿੰਦੀ ਹੈ ਤਾਂ ਫ਼ੌਜੀ ਬਦਲ ਤਿਆਰ ਹੈ।' ਜਨਰਲ ਰਾਵਤ ਨੇ ਕਿਹਾ ਚੀਨ ਨਾਲ ਕੂਟਨੀਤਕ ਪੱਧਰ 'ਤੇ ਗੱਲਬਾਤ ਚੱਲ ਰਹੀ ਹੈ। ਦੋਵਾਂ ਦੇਸ਼ਾਂ ਦੀਆਂ ਫ਼ੌਜਾਂ ਵੀ ਸ਼ਾਂਤੀਪੂਰਵਕ ਤਰੀਕੇ ਨਾਲ ਮਸਲਾ ਹੱਲ ਕਰਨ ਵਿਚ ਜੁੱਟੀਆਂ ਹੋਈਆਂ ਹਨ। ਰਾਵਤ ਨੇ ਕਿਹਾ ਪੂਰਬੀ ਲਦਾਖ਼ ਵਿਚ ਚੀਨੀ ਪੀਪਲਜ਼ ਲਿਬਰੇਸ਼ਨ ਆਰਮੀ ਵੱਲੋਂ ਕੀਤੇ ਗਏ ਬਦਲਾਵਾਂ ਨਾਲ ਨਜਿੱਠਣ ਲਈ ਫ਼ੌਜ ਦਾ ਬਦਲ ਮੌਜੂਦ ਹੈ।

ਸਿਰਫ਼ ਦੋ ਦੇਸ਼ਾਂ ਦੀ ਫ਼ੌਜ ਵਿਚਾਲੇ ਗੱਲਬਾਤ ਹੋਣ 'ਤੇ ਹੀ ਉਸ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਜਨਰਲ ਰਾਵਤ ਨੇ ਕਿਹਾ, ਜਿਸ ਤਰਾਂ ਦੀਆਂ ਗਤੀਵਿਧੀਆਂ ਇਸ ਸਮੇਂ ਭਾਰਤ-ਚੀਨ ਵਿਚਾਲੇ ਹਨ, ਅਜਿਹੀਆਂ ਗਤੀਵਿਧੀਆਂ ਨੂੰ ਸ਼ਾਂਤੀਪੂਰਵਕ ਢੰਗ ਨਾਲ ਹੱਲ ਕਰਨ ਅਤੇ ਘੁਸਪੈਠ ਰੋਕਣ ਲਈ ਸਰਕਾਰ ਦੇ ਸੰਪੂਰਨ ਦ੍ਰਿਸ਼ਟੀਕੋਣ ਨੂੰ ਅਪਣਾਇਆ ਜਾਂਦਾ ਹੈ। ਉਨਾਂ ਕਿਹਾ ਰੱਖਿਆ ਸੇਵਾਵਾਂ ਹਮੇਸ਼ਾ ਫ਼ੌਜ ਦੇ ਕੰਮਾਂ ਲਈ ਤਿਆਰ ਰਹਿੰਦੀਆਂ ਹਨ।

ਬਿਪਿਨ ਰਾਵਤ ਦੇ ਇਸ ਬਿਆਨ ਤੋਂ ਪਹਿਲਾਂ 15 ਅਗਸਤ ਦੌਰਾਨ ਆਜ਼ਾਦੀ ਦਿਹਾੜੇ ਮੌਕੇ ਲਾਲ ਕਿਲੇ ਤੋਂ ਦੇਸ਼ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਸੀ ਕਿ ਪਾਕਿ ਤੋਂ ਲੈ ਕੇ ਚੀਨ ਸਰਹੱਦ ਤਕ ਜਿਸ ਨੇ ਵੀ ਭਾਰਤ ਵੱਲ ਅੱਖ ਚੁੱਕ ਕੇ ਦੇਖਿਆ ਤਾਂ ਦੇਸ਼ ਦੀ ਫ਼ੌਜ ਨੇ ਉਸ ਨੂੰ ਉਸੇ ਦੀ ਭਾਸ਼ਾ ਵਿਚ ਜਵਾਬ ਦਿੱਤਾ ਹੈ।

# "ਤਬਲੀ.ਗੀ ਜਮਾਤ ਦੇ ਵਿਦੇਸ਼ੀਆਂ ਨੂੰ 'ਬਲੀ ਦਾ ਬੱਕਰਾ' ਬਣਾਇਆ ਗਿਆ"

- ਪ੍ਰੋ. ਬਲਵਿੰਦਰਪਾਲ ਸਿੰਘ

9815700916

ਅਦਾਲਤ ਨੇ ਦਿੱਲੀ ਦੇ ਨਿਜ਼ਾਮੂਦੀਨ ਦੇ ਮਰਕਜ਼ ਵਿੱਚ ਤਬਲੀ.ਗੀ ਜਮਾਤ ਦੇ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ 29 ਵਿਦੇਸ਼ੀ ਨਾਗਰਿਕਾਂ ਵਿਰੁੱਧ ਦਾਇਰ ਕੀਤੀ ਗਈ ਐਫ਼ਆਈਆਰ ਨੂੰ ਰੱਦ ਕਰ ਦਿੱਤਾ ਹੈ। ਬੰਬੇ ਹਾਈ ਕੋਰਟ ਨੇ ਚਰਚਿਤ ਤਬਲੀ.ਗੀ ਜਮਾਤ ਮਾਮਲੇ ਵਿੱਚ ਬੀਤੇ ਸ਼ੁੱਕਰਵਾਰ ਨੂੰ ਇੱਕ ਮਹੱਤਵਪੂਰਨ ਨਿਆਇਕ ਫ਼ੈਸਲਾ ਸੁਣਾ ਕੇ ਭਗਵੇਂਵਾਦ ਦੀਆਂ ਧੱਜੀਆਂ ਉਡਾ ਦਿੱਤੀਆਂ, ਜੋ ਕਿ ਤਬਲੀ.ਗੀ ਤੇ ਮੁਸਲਮਾਨਾਂ ਨੂੰ ਕੋਰੋਨਾ ਨਾਲ ਜੋੜ ਕੇ ਦੇਖ ਰਹੇ ਸਨ।

ਇੱਥੇ ਜ਼ਿਕਰਯੋਗ ਹੈ ਕਿ ਮਾਰਚ ਦੌਰਾਨ ਭਗਵੇਂ ਸਿਸਟਮ ਤਹਿਤ ਗੋਦੀ ਮੀਡੀਆ ਤੇ ਸੋਸ਼ਲ ਮੀਡੀਆ ਦਾ ਭਗਵਾਂ ਵਿੰਗ ਉਸ ਸਮੇਂ ਦੌਰਾਨ ਲਗਾਤਾਰ ਇਹ ਜ਼ਹਿਰੀਲਾ ਪ੍ਰਚਾਰ ਕਰ ਰਿਹਾ ਸੀ ਕਿ 'ਹਸਪਤਾਲ ਵਿਚ ਤਬਲੀ.ਗੀਆਂ ਨੇ ਮੀਟ ਵਾਲੀ ਬਿਰਆਨੀ ਮੰਗੀ' ਨਾ ਦੇਣ 'ਤੇ ਖਾਣਾ ਹਸਪਤਾਲ ਵਿਚ ਵਗਾਹ ਕੇ ਸੁੱਟਿਆ, 'ਜਮਾਤੀਆਂ ਨੇ ਆਪਣੇ ਕੱਪੜੇ ਉਤਾਰ ਲਏ ਅਤੇ ਨਰਸਾਂ ਦੇ ਸਾਹਮਣੇ ਨੰਗੇ ਹੋ ਗਏ', 'ਮੌਲਾਨਿਆਂ ਨੇ ਡਾਕਟਰਾਂ ਤੇ ਨਰਸਾਂ ਉੱਤੇ ਥੁੱਕਿਆ, ਤਬਦੀਲੀਆਂ ਨੇ ਨਰਸਾਂ ਦੇ ਸਾਹਮਣੇ ਪਿਸ਼ਾਬ ਕੀਤਾ, ਕੋਰੋਨਾ ਪੀੜਤ ਮੌਲਾਨਾ ਹਸਪਤਾਲ ਤੋਂ ਫ਼ਰਾਰ ਹੋਏ, ਕੋਰੋਨਾ ਬੰਬ ਬਣ ਕੇ ਲੋਕਾਂ ਵਿਚ ਫੈਲਾਉਣਗੇ ਕੋਰੋਨਾ, ਤਬਲੀ.ਗੀ ਜਮਾਤੀਆਂ ਨੇ 'ਖ਼ੂਨ ਦੇ ਨਮੂਨੇ ਦੇਣ ਤੋਂ ਡਾਕਟਰਾਂ ਨੂੰ ਇਨਕਾਰ ਕੀਤਾ, ਜਮਾਤੀਆਂ ਵੱਲੋਂ ਨਰਸਾਂ ਨਾਲ ਛੇੜਖ਼ਾਨੀ। ਗੋਦੀ ਮੀਡੀਆ ਲਗਾਤਾਰ ਸਾਜ਼ਿਸ਼ ਤਹਿਤ ਇਹ ਫ਼ਿਰਕੂ ਖ਼ਬਰਾਂ ਪੇਸ਼ ਕਰਕੇ ਹਿੰਦੂ ਭਾਈਚਾਰੇ ਵਿਚ ਮੁਸਲਮਾਨਾਂ ਖ਼ਿਲਾਫ਼ ਨਫ਼ਰਤ ਫੈਲਾ ਕੇ ਦੰਗਿਆਂ ਦੀ ਖੇਡ ਵਿਚ ਰੁੱਝਿਆ ਹੋਇਆ ਸੀ।

ਬੰਬੇ ਹਾਈ ਕੋਰਟ ਨੇ ਮੀਡੀਆ ਅਤੇ ਸਰਕਾਰ ਦੇ ਇਸ ਗੈਰ-ਜ਼ਿੰਮੇਵਾਰਾਨਾ ਰਵੱਈਆ 'ਤੇ ਸਖ਼ਤ ਟਿੱਪਣੀਆਂ ਕੀਤੀਆਂ ਹਨ। ਅਦਾਲਤ ਨੇ ਆਪਣੇ ਆਦੇਸ਼ ਵਿੱਚ ਕਿਹਾ ਸੀ ਕਿ "ਮੀਡੀਆ ਵਿਚ ਮਰਕਜ਼ ਵਿਚ ਸ਼ਾਮਲ ਵਿਦੇਸ਼ੀ ਲੋਕਾਂ ਬਾਰੇ ਇੱਕ ਪ੍ਰੋਪੇਗੈਂਡਾ ਚਲਾਇਆ ਗਿਆ ਸੀ ਅਤੇ ਅਜਿਹੀ ਤਸਵੀਰ ਬਣਾਈ ਗਈ ਸੀ ਕਿ ਇਹ ਲੋਕ ਕੋਵਿਡ -19 ਬਿਮਾਰੀ ਦਾ ਵਾਇਰਸ ਫੈਲਾਉਣ ਲਈ ਜ਼ਿੰਮੇਵਾਰ ਹਨ।"

ਇਨਾਂ ਵਿਦੇਸ਼ੀ ਨਾਗਰਿਕਾਂ ਉੱਤੇ ਟੂਰਿਸਟ ਵੀਜ਼ਾ ਦੀਆਂ ਸ਼ਰਤਾਂ ਦੀ ਉਲੰਘਣਾ ਕਰਦਿਆਂ ਤਬਲੀ.ਗੀ ਜਮਾਤ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦਾ ਇਲਜ਼ਾਮ ਲਗਾਇਆ ਗਿਆ ਸੀ, ਜਿਸ ਕਾਰਨ ਉਨਾਂ ਉੱਤੇ ਆਈਪੀਸੀ, ਮਹਾਂਮਾਰੀ ਰੋਗ ਐਕਟ, ਮਹਾਰਾਸ਼ਟਰ ਪੁਲਿਸ ਐਕਟ, ਆਪਦਾ ਪ੍ਰਬੰਧਨ ਐਕਟ ਅਤੇ ਵਿਦੇਸ਼ੀ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਵਿਦੇਸ਼ੀ ਨਾਗਰਿਕਾਂ ਤੋਂ ਇਲਾਵਾ, ਪੁਲਿਸ ਨੇ ਛੇ ਭਾਰਤੀ ਨਾਗਰਿਕਾਂ ਅਤੇ ਪਟੀਸ਼ਨਕਰਤਾਵਾਂ ਨੂੰ ਪਨਾਹ ਦੇਣ ਵਾਲੇ ਮਸਜਿਦਾਂ ਦੇ ਟਰੱਸਟੀਆਂ ਖ਼ਿਲਾਫ਼ ਵੀ ਕੇਸ ਦਰਜ ਕੀਤੇ ਸਨ।

ਔਰੰਗਾਬਾਦ ਬੈਂਚ ਦੇ ਜਸਟਿਸ ਟੀ.ਵੀ.ਨਲਵੜੇ ਤੇ ਜਸਟਿਸ ਐਮ.ਜੀ. ਸੇਵਲੀਕਰ ਦੀ ਬੈਂਚ ਨੇ ਪਟੀਸ਼ਨਰਾਂ ਦੀ ਤਰਫ਼ੋਂ ਦਾਇਰ ਤਿੰਨ ਵੱਖ ਵੱਖ ਪਟੀਸ਼ਨਾਂ ਦੀ ਸੁਣਵਾਈ ਕੀਤੀ। ਇਹ ਪਟੀਸ਼ਨਕਰਤਾ ਆਈਵਰੀ ਕੋਸਟ, ਘਾਨਾ, ਤਨਜ਼ਾਨੀਆ, ਜਿਬੂਤੀ, ਬੇਨਿਨ ਅਤੇ ਇੰਡੋਨੇਸ਼ੀਆ ਦੇ ਨਾਗਰਿਕ ਹਨ। ਵਿਦੇਸ਼ੀ ਨਾਗਰਿਕਾਂ ਤੋਂ ਇਲਾਵਾ, ਪੁਲਿਸ ਨੇ ਛੇ ਭਾਰਤੀ ਨਾਗਰਿਕਾਂ ਤੇ ਪਟੀਸ਼ਨਕਰਤਾਵਾਂ ਨੂੰ ਪਨਾਹ ਦੇਣ ਵਾਲੇ ਮਸਜਿਦਾਂ ਦੇ ਟਰੱਸਟੀਆਂ ਖ਼ਿਲਾਫ਼ ਵੀ ਕੇਸ ਦਰਜ ਕੀਤਾ ਸੀ

**ਪੁਲਿਸ ਦਾ ਕੀ ਸੀ ਦਾਅਵਾ ?**

ਦਰਅਸਲ, ਪੁਲਿਸ ਨੇ ਦਾਅਵਾ ਕੀਤਾ ਸੀ ਕਿ ਉਨਾਂ ਨੂੰ ਗੁਪਤ ਸੂਚਨਾ ਮਿਲੀ ਹੈ ਕਿ ਤਬਲੀ.ਗੀ ਵੱਖ-ਵੱਖ ਇਲਾਕਿਆਂ ਦੀਆਂ ਮਸਜਿਦਾਂ ਵਿਚ ਰਹਿ ਰਹੇ ਹਨ ਅਤੇ ਲੌਕਡਾਊਨ ਦੇ ਨਿਯਮਾਂ ਦੀ ਉਲੰਘਣਾ ਕਰਦਿਆਂ ਨਮਾਜ਼ ਅਦਾ ਕਰ ਰਹੇ ਹਨ, ਜਿਸ ਤੋਂ ਬਾਅਦ ਸਾਰੇ ਪਟੀਸ਼ਨਰਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਹਾਲਾਂਕਿ, ਪਟੀਸ਼ਨਕਰਤਾਵਾਂ ਦਾ ਕਹਿਣਾ ਹੈ ਕਿ ਉਹ ਜਾਇਜ਼ ਵੀਜ਼ਾ ਲੈ ਕੇ ਭਾਰਤ ਆਏ ਸਨ, ਜਿਸ ਨੂੰ ਭਾਰਤ ਸਰਕਾਰ ਨੇ ਜਾਰੀ ਕੀਤਾ ਸੀ ਤੇ ਉਹ ਇੱਥੇ ਭਾਰਤ ਦੀ ਸੰਸਕ੍ਰਿਤੀ, ਪਰੰਪਰਾ, ਪ੍ਰਾਹੁਣਚਾਰੀ ਤੇ ਭਾਰਤੀ ਪਕਵਾਨਾਂ ਦਾ ਅਨੰਦ ਲੈਣ ਆਏ ਸਨ। ਉਹ ਕਹਿੰਦੇ ਹਨ ਕਿ ਏਅਰਪੋਰਟ ਪਹੁੰਚਣ 'ਤੇ ਉਨਾਂ ਦੀ ਸਕ੍ਰੀਨਿੰਗ ਕੀਤੀ ਗਈ ਸੀ ਤੇ ਕੋਵਿਡ -19 ਵਾਇਰਸ ਦਾ ਟੈਸਟ ਹੋਇਆ ਸੀ ਅਤੇ ਰਿਪੋਰਟ ਦੇ ਨੈਗੇਟਿਵ ਆਉਣ ਤੋਂ ਬਾਅਦ ਹੀ ਉਨਾਂ ਨੂੰ ਏਅਰਪੋਰਟ ਤੋਂ ਬਾਹਰ ਜਾਣ ਦੀ ਆਗਿਆ ਦਿੱਤੀ ਗਈ ਸੀ। ਉਨਾਂ ਦੇ ਅਨੁਸਾਰ, ਉਨਾਂ ਨੇ ਜ਼ਿਲਾ ਪੁਲਿਸ ਸੁਪਰਡੈਂਟ ਨੂੰ ਵੀ ਅਹਿਮਦਨਗਰ ਜ਼ਿਲੇ ਵਿੱਚ ਪਹੁੰਚਣ ਦੀ ਜਾਣਕਾਰੀ ਦਿੱਤੀ ਸੀ। ਪਰ 23 ਮਾਰਚ ਨੂੰ ਲੌਕਡਾਊਨ ਕਾਰਨ ਵਾਹਨ ਚੱਲਣੇ ਰੋਕ ਦਿੱਤੇ ਗਏ ਸੀ, ਹੋਟਲ ਤੇ ਲੌਜ ਬੰਦ ਹੋ ਗਏ ਸਨ, ਜਿਸ ਕਾਰਨ ਮਸਜਿਦਾਂ ਨੇ ਉਨਾਂ ਨੂੰ ਪਨਾਹ ਦਿੱਤੀ। ਪਟੀਸ਼ਨਕਰਤਾਵਾਂ ਦਾ ਦਾਅਵਾ ਹੈ ਕਿ ਉਨਾਂ ਨੇ ਜ਼ਿਲਾ ਕਲੈਕਟਰ ਦੇ ਹੁਕਮਾਂ ਦੀ ਉਲੰਘਣਾ ਕਰਨ ਵਰਗਾ ਕੋਈ ਗ਼ੈਰਕਾਨੂੰਨੀ ਕੰਮ ਨਹੀਂ ਕੀਤਾ।

**ਤਬਦੀਲੀਆਂ ਨਾਲ ਅਦਾਲਤ ਦੀ ਹਮਦਰਦੀ**

ਅਦਾਲਤ ਨੇ ਕਿਹਾ, "ਹੁਣ ਸਮਾਂ ਆ ਗਿਆ ਹੈ ਕਿ ਇਸ ਮਾਮਲੇ ਵਿੱਚ ਵਿਦੇਸ਼ੀ ਲੋਕਾਂ ਵਿਰੁੱਧ ਕਦਮ ਚੁੱਕਣ ਦਾ ਪਛਤਾਵਾ ਕੀਤਾ ਜਾਵੇ ਅਤੇ ਹੋਏ ਨੁਕਸਾਨ ਨੂੰ ਸੁਧਾਰਨ ਕਰਨ ਲਈ ਸਕਾਰਾਤਮਿਕ ਕਦਮ ਚੁੱਕੇ ਜਾਣ। ਅਦਾਲਤ ਨੇ ਸਖ਼ਤੀ ਨਾਲ ਕਿਹਾ ਕਿ ਇਕ ਪਾਸੇ, ਜਦੋਂ ਕੋਰੋਨਾ ਮਹਾਂਮਾਰੀ ਜਾਂ ਤਬਾਹੀ ਆਪਣੇ ਪੈਰ ਫੈਲਾ ਰਹੀ ਸੀ, ਇਕ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਸਰਕਾਰ ਬਲੀ ਦਾ ਬੱਕਰਾ ਲੱਭ ਰਹੀ ਸੀ ਅਤੇ ਅਜਿਹਾ ਲਗਦਾ ਹੈ ਕਿ ਇਨਾਂ ਵਿਦੇਸ਼ੀ ਲੋਕਾਂ ਨੂੰ ਹੀ ਬਲੀ ਦਾ ਬੱਕਰਾ ਬਣਾਇਆ ਦਿੱਤਾ ਗਿਆ। ਸਾਰੇ ਹਾਲਾਤ ਅਤੇ ਕੋਰੋਨਾ ਦੀ ਲਾਗ ਨਾਲ ਜੁੜੇ ਤਾਜ਼ਾ ਅੰਕੜੇ ਕਿਹਾ ਜਾਂਦਾ ਹੈ ਕਿ ਪਟੀਸ਼ਨਕਰਤਾਵਾਂ ਖ਼ਿਲਾਫ਼ ਅਜਿਹੇ ਕਦਮ ਚੁੱਕਣ ਦੀ ਜ਼ਰੂਰਤ ਨਹੀਂ ਸੀ। ਉਨਾਂ ਕਿਹਾ, "ਹੁਣ ਸਮਾਂ ਆ ਗਿਆ ਹੈ ਕਿ ਇਸ ਮਾਮਲੇ ਵਿੱਚ ਵਿਦੇਸ਼ੀ ਲੋਕਾਂ ਵਿਰੁੱਧ ਕਦਮ ਚੁੱਕਣ ਦਾ ਪਛਤਾਵਾ ਕੀਤਾ ਜਾਵੇ ਅਤੇ ਹੋਏ ਨੁਕਸਾਨ ਨੂੰ ਸੁਧਾਰਨ ਕਰਨ ਲਈ ਸਕਾਰਾਤਮਿਕ ਕਦਮ ਚੁੱਕੇ ਜਾਣੇ ਚਾਹੀਦੇ ਹਨ।"

**ਹਾਈਕੋਰਟ ਦੇ ਨਿਆਂ ਦੇ ਅਰਥ**

ਹੁਣ ਜਦੋਂ ਸੁਪਰੀਮ ਕੋਰਟ ਤੱਕ ਜੱਜ ਘੱਟ ਗਿਣਤੀਆਂ ਖ਼ਿਲਾਫ਼ ਅਨਿਆਂ ਪੂਰਨ ਫ਼ੈਸਲਾ ਕਰ ਰਹੇ ਹਨ ਤਾਂ ਉਸ ਦੌਰਾਨ ਹਾਈਕੋਰਟ ਦਾ ਨਿਆਂ ਪੂਰਨ ਫ਼ੈਸਲਾ ਤਬਦੀਲੀਆਂ ਦੇ ਹੱਕ ਵਿਚ ਆਉਣਾ ਬਹੁਤ ਵੱਡੀ ਗੱਲ ਹੈ। ਜੇ ਕੋਰਟਾਂ ਦਾ ਇਨਸਾਫ਼ ਹੀ ਮਰ ਜਾਵੇ ਤਾਂ ਜਮਹੂਰੀਅਤ ਵੀ ਜਿਊਂਦਾ ਨਹੀਂ ਰਹਿ ਸਕਦੀ। ਹਾਈਕੋਰਟ ਦੇ ਇਸ ਫ਼ੈਸਲੇ ਨੇ ਨਿਆਂ ਦੀ ਉਮੀਦ ਜਗਾਈ ਹੈ।

**ਫਿਰਕੂਵਾਦ ਕਾਰਨ ਭਾਰਤ ਦੀ ਬਦਨਾਮੀ**

ਇੱਥੇ ਵਰਣਨ ਯੋਗ ਹੈ ਕਿ ਮਾਰਚ ਦੇ ਮਹੀਨੇ, ਨਿਜ਼ਾਮੂਦੀਨ, ਦਿੱਲੀ ਦੇ ਤਬਲੀ.ਗੀ ਜਮਾਤ ਦੇ ਮਾਰਕਜ ਵਿੱਚ ਇੱਕ ਪ੍ਰੋਗਰਾਮ ਹੋਇਆ ਸੀ.ਇਸ ਵਿੱਚ ਭਾਰਤ ਅਤੇ ਵਿਦੇਸ਼ ਤੋਂ ਲਗਭਗ 9000 ਲੋਕਾਂ ਨੇ ਹਿੱਸਾ ਲਿਆ। ਪ੍ਰੋਗਰਾਮ ਦੇ ਅੰਤ ਵਿੱਚ, ਵੱਡੀ ਗਿਣਤੀ ਵਿੱਚ ਭਾਰਤੀ ਆਪਣੇ-ਆਪਣੇ ਰਾਜਾਂ ਵਿੱਚ ਪਰਤ ਗਏ ਸਨ, ਪਰ ਤਾਲਾਬੰਦੀ ਲਾਗੂ ਹੋਣ ਕਾਰਨ ਵਿਦੇਸ਼ਾਂ ਤੋਂ ਲੋਕ ਮਰਕਜ ਵਿੱਚ ਫਸ ਗਏ। ਉਸ ਸਮੇਂ ਦੌਰਾਨ ਕੋਰੋਨਾ ਦੀ ਲਾਗ ਬਹੁਤ ਤੇਜ਼ੀ ਨਾਲ ਫੈਲਣੀ ਸ਼ੁਰੂ ਹੋ ਗਈ ਸੀ। ਉਹ ਜਿਹੜੇ ਹਮੇਸ਼ਾ ਮੁਸਲਮਾਨਾਂ ਵਿਰੁੱਧ ਨਫ਼ਰਤ ਫੈਲਾਉਣ ਦੇ ਮੌਕੇ ਦੀ ਭਾਲ ਵਿਚ ਰਹਿੰਦੇ ਹਨ, ਇਸ ਮਹਾਂਮਾਰੀ ਦੇ ਦੌਰ ਨੂੰ ਆਪਣੀ ਮੁਹਿੰਮ ਦਾ ਇਕ ਮੌਕਾ ਮੰਨਦੇ ਹੋਏ ਸੋਸ਼ਲ ਮੀਡੀਆ ਰਾਹੀਂ ਫ਼ਿਰਕੂ ਪ੍ਰਚਾਰ ਕੀਤਾ ਕਿ ਕੋਰੋਨਾ ਦਾ ਸੰਕਰਮਣ ਤਬਲੀ.ਗੀ ਜਮਾਤ ਦੇ ਲੋਕਾਂ ਕਾਰਨ ਫੈਲ ਰਿਹਾ ਹੈ। ਤਕਰੀਬਨ ਸਾਰੇ ਟੀ ਵੀ ਚੈਨਲਾਂ ਅਤੇ ਬਹੁਤੇ ਅਖ਼ਬਾਰਾਂ ਨੇ ਵੀ ਤਬਲੀ.ਗੀ ਜਮਾਤ ਨੂੰ ਨਿਸ਼ਾਨਾ ਬਣਾ ਕੇ ਮੁਸਲਮਾਨ ਭਾਈਚਾਰੇ ਖ਼ਿਲਾਫ਼ ਨਫ਼ਰਤ ਫੈਲਾਈ ਗਈ।

ਇਸ ਬਾਰੇ ਕੌਮਾਂਤਰੀ ਪੱਧਰ 'ਤੇ ਤਿੱਖਾ ਪ੍ਰਤੀਕਰਮ ਹੋਇਆ। ਭਾਰਤ ਦੀਆਂ ਭਾਰਤ ਦੀਆਂ ਇਨਾਂ ਫ਼ਿਰਕੂ ਘਟਨਾਵਾਂ ਦਾ ਯੂਰਪੀਅਨ ਦੇਸ਼ਾਂ ਦੇ ਮੀਡੀਆ ਨੇ ਕਾਫ਼ੀ ਮਜ਼ਾਕ ਉਡਾਇਆ। ਇਸ ਬਾਰੇ ਵਿਸ਼ਵ ਸਿਹਤ ਸੰਗਠਨ ਨੇ ਵੀ ਅਜਿਹੀ ਮੁਹਿੰਮ ਨੂੰ ਰੋਕਣ ਦੀ ਅਪੀਲ ਕੀਤੀ ਸੀ ਅਤੇ ਕਿਹਾ ਸੀ ਕਿ ਇਸ ਮਹਾਂਮਾਰੀ ਨੂੰ ਕਿਸੇ ਧਰਮ, ਜਾਤ ਜਾਂ ਧਰਮ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ। ਬਾਅਦ ਵਿਚ ਖਾੜੀ ਦੇਸ਼ਾਂ ਨੇ ਵੀ ਭਾਰਤੀ ਘਟਨਾਵਾਂ 'ਤੇ ਸਖ਼ਤ ਪ੍ਰਤੀਕਰਮ ਪ੍ਰਗਟਾਇਆ ਸੀ। ਕੁਵੈਤ ਅਤੇ ਸਾਊਦੀ ਅਰਬ ਨੇ ਕੋਰੋਨਾ ਮਹਾਂਮਾਰੀ ਦੇ ਫੈਲਣ ਲਈ ਮੁਸਲਿਮ ਭਾਈਚਾਰੇ ਦੇ ਜ਼ਿੰਮੇਵਾਰ ਠਹਿਰਾਉਣ ਤੇ ਭਾਰਤ ਵਿਚ ਮੁਸਲਮਾਨਾਂ 'ਤੇ ਅੱਤਿਆਚਾਰ ਦੀਆਂ ਘਟਨਾਵਾਂ ਬਾਰੇ ਭਾਰਤ ਵਿਰੁੱਧ ਗ਼ੁੱਸਾ ਵੀ ਜ਼ਾਹਿਰ ਕੀਤਾ ਸੀ।

**ਘੱਟ ਗਿਣਤੀਆਂ 'ਤੇ ਨਿਸ਼ਾਨਾ**

ਇਨਾਂ ਪ੍ਰਤੀਕਰਮਾਂ ਤੋਂ ਬਾਅਦ ਭਾਰਤੀ ਰਾਜਦੂਤਾਂ ਤੇ ਪ੍ਰਧਾਨ ਮੰਤਰੀ ਮੋਦੀ ਨੂੰ ਸਪਸ਼ਟ ਕਰਨਾ ਪਿਆ ਸੀ ਕਿ ਕੋਰੋਨਾ ਨਸਲ, ਜਾਤੀ, ਧਰਮ, ਰੰਗ, ਭਾਸ਼ਾ ਆਦਿ ਨਹੀਂ ਵੇਖਦਾ, ਇਸ ਲਈ ਏਕਤਾ ਤੇ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਲੋੜ ਹੈ। ਇਸ ਤੋਂ ਪਹਿਲਾਂ, ਭਾਜਪਾ ਦੇ ਪ੍ਰਧਾਨ ਜੇ ਪੀ ਨੱਡਾ ਨੇ ਆਪਣੀ ਪਾਰਟੀ ਨੇਤਾਵਾਂ ਨੂੰ ਕੋਰੋਨਾ ਮਹਾਂਮਾਰੀ ਬਾਰੇ ਫ਼ਿਰਕੂ ਤੇ ਨਫ਼ਰਤ ਭਰੇ ਬਿਆਨ ਦੇਣ ਤੋਂ ਗੁਰੇਜ਼ ਕਰਨ ਦੀ ਹਦਾਇਤ ਕੀਤੀ ਸੀ। ਹਾਲਾਂਕਿ ਪ੍ਰਧਾਨ ਮੰਤਰੀ ਅਤੇ ਭਾਜਪਾ ਪ੍ਰਧਾਨ ਦੀਆਂ ਇਹ ਅਪੀਲ ਪੂਰੀ ਤਰਾਂ ਬੇਅਸਰ ਰਹੀਆਂ ਸਨ, ਪਰ ਇਨਾਂ ਗੱਲਾਂ ਤੋਂ ਸਪਸ਼ਟ ਹੁੰਦਾ ਹੈ ਕਿ ਭਾਰਤ ਵਿਚ ਕੋਰੋਨਾ ਮਹਾਂਮਾਰੀ ਆਧਾਰ ਬਣਾ ਕੇ ਸਿਰਫ਼ ਤਬਦੀਲੀਆਂ ਤੇ ਮੁਸਲਮਾਨਾਂ 'ਤੇ ਹਮਲੇ ਹੀ ਨਹੀਂ ਕੀਤੇ ਗਏ, ਸਗੋਂ ਸਿੱਖਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ। ਦਿੱਲੀ ਵਿਚ ਮਜਨੂੰ ਕਾ ਟੀਲਾ ਸੀਲ ਕੀਤਾ ਗਿਆ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਪਰ ਕੇਸ ਦਰਜ ਕੀਤਾ ਗਿਆ। ਇਸੇ ਤਰਾਂ ਹਜ਼ੂਰ ਸਾਹਿਬ ਤੋਂ ਆਏ ਸ਼ਰਧਾਲੂਆਂ ਨੂੰ ਕੋਰੋਨਾ ਦਾ ਬਹਾਨਾ ਬਣਾ ਕੇ ਬਦਨਾਮ ਕੀਤਾ ਗਿਆ। ਪਰ ਇਨਾਂ ਫ਼ਿਰਕੂ ਭਗਵਿਆਂ ਨੇ ਕਦੇ ਇਹ ਨਹੀਂ ਸੋਚਿਆ ਕਿ ਇਸ ਨਾਲ ਖਾੜੀ ਦੇਸ਼ਾਂ ਤੇ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਦੀ ਜ਼ਿੰਦਗੀ 'ਤੇ ਕੀ ਪ੍ਰਭਾਵ ਪੈ ਸਕਦਾ ਹੈ।

# ਹਿੰਦੂ ਰਾਸ਼ਟਰਵਾਦ ਦੀ ਸਿਆਸਤ ਰੁਜ਼ਗਾਰ ਨਹੀਂ ਦੇ ਸਕੇਗੀ

**✪ ਕਰੋਨਾ ਵਾਇਰਸ, ਡੁੱਬਦੀ ਆਰਥਿਕਤਾ ਤੇ ਸਰਹੱਦਾਂ 'ਤੇ ਤਣਾਅ ਦੇ ਬਾਵਜੂਦ ਮੋਦੀ ਹਕੂਮਤ ਬਣੀ ਪੱਥਰ ਦਾ ਦੇਵਤਾ ✪ ਮਈ ਤੇ ਜੂਨ ਵਿਚ ਭਾਰਤ ਵਿਚ 20 ਤੋਂ 29 ਸਾਲ ਦੇ 41 ਲੱਖ ਨੌਜਵਾਨਾਂ ਨੇ ਨੌਕਰੀਆਂ ਗੁਆਈਆਂ ✪ ਮੋਦੀ ਸਰਕਾਰ ਤਾਂ ਹਰ ਰੋਜ਼ ਪਬਲਿਕ ਸੈਕਟਰ ਦੇ ਕਿਸੇ ਨਾ ਕਿਸੇ ਉੱਦਮ ਨੂੰ ਲਾ ਰਹੀ ਹੈ ਸੇਲ 'ਤੇ**

- ਪ੍ਰਗਟ ਸਿੰਘ ਜੰਡਿਆਲਾ ਗੁਰੂ

ਦੁਨੀਆ ਭਰ ਦੇ ਕਾਰੋਬਾਰ ਕਰੋਨਾ ਵਾਇਰਸ ਨੇ ਸਭ ਖ਼ਤਮ ਕਰਕੇ ਰੱਖ ਦਿੱਤੇ ਹਨ। ਕਰੋਨਾ ਵਾਇਰਸ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ। ਕਰੋਨਾ ਦੀ ਆੜ ਵਿੱਚ ਦੁਨੀਆ ਭਰ ਦੇ ਦੇਸ਼ਾਂ ਦੇ ਹਾਕਮ ਲੋਕਾਂ ਨੂੰ ਗੁੰਮ ਰਾਹ ਕਰਨ 'ਤੇ ਤੁਲੇ ਹੋਏ ਹਨ। ਭਾਰਤ ਦੀ ਗੱਲ ਜੇਕਰ ਕਰੀਏ ਤਾਂ ਭਾਰਤ ਦੇਸ਼ ਦੇ ਤਕਰੀਬਨ ਸਾਰੇ ਹੀ ਕਾਰੋਬਾਰ ਕਰੋਨਾ ਵਾਇਰਸ ਦੇ ਕਾਰਨ ਠੱਪ ਪਏ ਹਨ। 22/23 ਮਾਰਚ ਤੋਂ ਦੇਸ਼ ਦੇ ਅੰਦਰ ਲੱਗੇ ਕਰਫ਼ਿਊ ਅਤੇ ਤਾਲਾਬੰਦੀ ਨੇ ਮਜ਼ਦੂਰਾਂ ਦੇ ਕੋਲੋਂ ਉਨਾਂ ਦਾ ਜਿੱਥੇ ਕੰਮ ਧੰਦਾ ਖੋਹ ਲਿਆ ਹੈ, ਉੱਥੇ ਹੀ ਦੇਸ਼ ਦੇ ਕਰੋੜਾਂ ਲੋਕਾਂ ਦਾ ਰੁਜ਼ਗਾਰ ਵੀ ਖੁੱਸ ਗਿਆ ਹੈ। ਕਰੋਨਾ ਦੇ ਚੱਲਦਿਆਂ ਜਿਸ ਪ੍ਰਕਾਰ ਨੌਕਰੀਆਂ ਖ਼ਤਮ ਹੋ ਚੁੱਕੀਆਂ ਹਨ, ਇਸ ਤੋਂ ਇਹੀ ਸਪਸ਼ਟ ਹੁੰਦਾ ਹੈ ਕਿ ਸਾਡੇ ਦੇਸ਼ ਦੇ ਹਾਕਮ ਪਹਿਲੋਂ ਚਾਹੁੰਦੇ ਹੀ ਸਨ ਕਿ ਦੇਸ਼ ਦੇ ਅੰਦਰ ਅਜਿਹੀ ਬਿਮਾਰੀ ਆਵੇ, ਜੋ ਨੌਕਰੀਆਂ ਖੋਹ ਕੇ ਲੈ ਜਾਵੇ।

ਦਰਅਸਲ, 2014 ਵੇਲੇ ਜਦੋਂ ਕੇਂਦਰ ਵਿੱਚ ਮੋਦੀ ਹਕੂਮਤ ਨੇ ਆਉਣਾ ਸੀ ਤਾਂ, ਉਸ ਵੇਲੇ ਮੋਦੀ ਨੇ ਦੇਸ਼ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਜੇਕਰ ਉਨਾਂ ਦੀ ਸਰਕਾਰ ਸੱਤਾ ਦੇ ਵਿੱਚ ਆਉਂਦੀ ਹੈ ਤਾਂ, ਪ੍ਰਤੀ ਸਾਲ 2 ਕਰੋੜ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਣਗੀਆਂ। ਮਤਲਬ ਕਿ 5 ਸਾਲਾਂ ਵਿੱਚ 10 ਕਰੋੜ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ। ਕਾਂਗਰਸ ਸਰਕਾਰ ਤੋਂ ਲੋਕ ਕਾਫ਼ੀ ਅੱਕੇ ਪਏ ਸਨ, ਜਿਸ ਦੇ ਚੱਲਦਿਆਂ ਲੋਕਾਂ ਨੇ ਮੋਦੀ ਨੂੰ ਵੋਟਾਂ ਪਾ ਦਿੱਤੀਆਂ। ਮੋਦੀ ਸੱਤਾ ਵਿੱਚ ਬਿਰਾਜਮਾਨ ਹੁੰਦੇ ਸਾਰ ਹੀ ਜਨਤਾ ਦੇ ਨਾਲ ਕੀਤੇ ਵਾਅਦਿਆਂ ਤੋਂ ਮੁੱਕਰ ਗਏ। ਹੋਇਆ ਕੁੱਝ ਇਸ ਤਰਾਂ ਕਿ ਜਿਹੜੇ ਵਾਅਦੇ ਮੋਦੀ ਨੇ ਸੱਤਾ ਵਿੱਚ ਆਉਣ ਤੋਂ ਪਹਿਲੋਂ ਕੀਤੇ ਹੀ ਨਹੀਂ ਸਨ, ਉਨਾਂ ਵਾਅਦਿਆਂ ਨੂੰ ਮੋਦੀ ਪੂਰਾ ਵੀ ਕਰ ਗਿਆ।

ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਤਾਕ ਵਿੱਚ ਪਹਿਲਾਂ ਕੰਮ ਭਾਜਪਾ ਦਾ ਇਹੀ ਸੀ ਕਿ ਦੇਸ਼ ਦੇ ਅੰਦਰ ਘੱਟ ਗਿਣਤੀਆਂ 'ਤੇ ਅੱਤਿਆਚਾਰ ਸ਼ੁਰੂ ਕੀਤਾ ਜਾਵੇ। ਮੁਸਲਮਾਨਾਂ, ਸਿੱਖਾਂ ਤੋਂ ਇਲਾਵਾ ਦਲਿਤਾਂ ਅਤੇ ਹੋਰਨਾਂ ਧਰਮਾਂ ਦੇ ਲੋਕਾਂ ਅਤੇ ਘੱਟ ਗਿਣਤੀਆਂ 'ਤੇ ਹਮਲੇ ਭਾਜਪਾ, ਆਰਐਸਐਸ ਅਤੇ ਹਿੰਦੂਤਵੀ ਜਥੇਬੰਦੀਆਂ ਦੇ ਗੁੰਡਿਆਂ ਵੱਲੋਂ ਕਰਵਾਏ ਗਏ। 2014 ਤੋਂ ਹੁਣ ਤੱਕ ਦੇਸ਼ ਦੇ ਵਿੱਚ ਜਿਹੜੇ ਵੀ ਨੌਜਵਾਨ ਨੇ ਰੁਜ਼ਗਾਰ ਦੀ ਗੱਲ ਕੀਤੀ ਹੈ, ਉਸ 'ਤੇ ਮੁਕੱਦਮੇ ਠੋਕ ਕੇ ਹਾਕਮਾਂ ਵੱਲੋਂ ਜੇਲਾਂ ਦੇ ਅੰਦਰ ਸੁੱਟਿਆ ਗਿਆ ਹੈ। 2014 ਤੋਂ 2019 ਤੱਕ ਦੇਸ਼ ਦੇ ਅੰਦਰ ਨੋਟ-ਬੰਦੀ, ਜੀਐਸਟੀ ਲਾਗੂ ਕਰਕੇ, ਦੇਸ਼ ਦੀ ਆਰਥਿਕਤਾ ਡੁਬਾਉਣ ਦੀ ਜਿੱਥੇ ਹਾਕਮਾਂ ਨੇ ਕੋਸ਼ਿਸ਼ ਕੀਤੀ, ਉੱਥੇ ਦੂਜੇ ਪਾਸੇ ਹਾਕਮਾਂ ਨੇ ਦੇਸ਼ ਨੂੰ ਹਿੰਦੂ ਰਾਸ਼ਟਰ ਵਿੱਚ ਬਦਲਣ ਵਾਸਤੇ, ਕਈ ਹੱਥ ਕੰਡੇ ਅਪਣਾਏ। ਪਰ ਹਾਕਮਾਂ ਨੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੀ ਗੱਲ ਕਿਧਰੇ ਵੀ ਨਹੀਂ ਕੀਤੀ।

2019 ਦੇ ਵਿੱਚ ਜਦੋਂ ਮੋਦੀ ਹਕੂਮਤ ਦੁਬਾਰਾ ਸੱਤਾ ਵਿੱਚ ਆਈ ਤਾਂ ਸਭ ਤੋਂ ਪਹਿਲੋਂ ਜੰਮੂ ਕਸ਼ਮੀਰ ਵਿੱਚੋਂ ਧਾਰਾ 370 ਤੋੜੀ, ਫਿਰ ਰਾਮ ਮੰਦਰ ਦਾ ਫ਼ੈਸਲਾ ਹਿੰਦੂਆਂ ਦੇ ਹੱਕ ਵਿੱਚ ਸੁਣਵਾਇਆ ਅਤੇ ਬਾਅਦ ਵਿੱਚ ਨਾਗਰਿਕਤਾ ਸੋਧ ਕਾਨੂੰਨ ਲਾਗੂ ਕੀਤਾ, ਜੋ ਕਿ ਦੇਸ਼ ਨੂੰ ਵੰਡਣ ਵਾਲਾ ਕਾਨੂੰਨ ਸੀ। ਦਰਅਸਲ, 2019 ਦੇ ਦਰਮਿਆਨ ਹਾਕਮਾਂ ਨੇ ਕਈ ਲੋਕ ਵਿਰੋਧੀ ਫ਼ੈਸਲੇ ਲਏ, ਪਰ ਰੁਜ਼ਗਾਰ ਦੀ ਗੱਲ ਕਿਸੇ ਪਾਸੇ ਵੀ ਨਹੀਂ ਕੀਤੀ। 2020 ਵਿੱਚ ਭਾਰਤ ਦੇ ਅੰਦਰ ਕਰੋਨਾ ਵਾਇਰਸ ਆਇਆ ਤਾਂ, ਹਾਕਮਾਂ ਨੂੰ ਮੌਕਾ ਮਿਲ ਗਿਆ ਕਿ ਹੁਣ ਦੇਸ਼ ਦੇ ਲੋਕਾਂ ਨੂੰ ਗੁੰਮ ਰਾਹ ਕਰਨ ਦਾ ਸਹੀ ਮੌਕਾ ਆ ਗਿਆ ਹੈ। ਕਰੋਨਾ ਜਿਵੇਂ ਹੀ ਭਾਰਤ ਅੰਦਰ ਆਇਆ, ਭਾਰਤ ਦੇ ਸਾਰੇ ਕਾਰੋਬਾਰ, ਫ਼ੈਕਟਰੀਆਂ ਕਾਰਖ਼ਾਨੇ ਸਭ ਬੰਦ ਹੋ ਗਏ। ਕਈ ਨਿੱਜੀ ਕੰਪਨੀਆਂ ਬੰਦ ਹੋ ਗਈਆਂ ਅਤੇ ਉੱਥੇ ਕੰਮ ਕਰਦੇ ਲੋਕ ਬੇਰੁਜ਼ਗਾਰ ਹੋ ਗਏ।

ਦੇਸ਼ ਦੇ ਅੰਦਰ ਬੇਰੁਜ਼ਗਾਰੀ ਵਿੱਚ ਇਸ ਕਦਰ, ਇਸ ਵੇਲੇ ਵਾਧਾ ਹੋ ਗਿਆ ਹੈ ਕਿ ਕੋਈ ਕਹਿਣ ਦੀ ਹੱਦ ਨਹੀਂ। ਦੇਸ਼ ਨੂੰ ਵੇਚਣ ਦਾ ਜੋ ਬੀੜਾ ਮੋਦੀ ਨੇ 2014 ਵੇਲੇ ਚੁੱਕਿਆ ਸੀ, ਉਹ ਮੁਹਿੰਮ ਹੁਣ ਵੀ ਜਾਰੀ ਹੈ। ਦੇਸ਼ ਦਾ ਏਅਰ ਇੰਡੀਆ, ਕੋਲਾ ਖ਼ਾਨਾਂ, ਸਰਕਾਰੀ ਬੀਮਾ ਕੰਪਨੀ ਐਲਆਈਸੀ, ਬੈਂਕ, ਰੇਲਵੇ ਅਤੇ ਦਰਜਨਾਂ ਹੀ ਸਰਕਾਰੀ ਵਿਭਾਗ ਮੋਦੀ ਸਰਕਾਰ ਦੇ ਵੱਲੋਂ ਕਾਰਪੋਰੇਟ ਹੱਥਾਂ ਵਿੱਚ ਦੇ ਕੇ, ਦੇਸ਼ ਦੇ ਅੰਦਰ ਬੇਰੁਜ਼ਗਾਰੀ ਵਧਾਉਣ ਦਾ ਕੰਮ ਕੀਤਾ ਹੈ। ਕਰੋੜਾਂ ਨੌਜਵਾਨ ਮੁੰਡੇ ਕੁੜੀਆਂ ਇਸ ਵੇਲੇ ਰੁਜ਼ਗਾਰ ਲਈ ਤਰਸ ਰਹੇ ਹਨ ਅਤੇ ਸੰਘਰਸ਼ ਕਰ ਰਹੇ ਹਨ, ਪਰ ਹਾਕਮ ਜਮਾਤ ਉਨਾਂ 'ਤੇ ਅੱਤਿਆਚਾਰ ਕਰਕੇ, ਨੌਕਰੀਆਂ ਦੇਣ ਦੀ ਬਿਜਾਏ, ਉਨਾਂ ਨੂੰ ਅੱਤਵਾਦੀ, ਵੱਖਵਾਦੀ ਐਲਾਨ ਰਹੀ ਹੈ। ਨੌਜਵਾਨਾਂ ਨੂੰ ਨੌਕਰੀਆਂ ਨਾ ਦੇ ਕੇ, ਮੋਦੀ ਸਰਕਾਰ ਜਿੱਥੇ ਆਪਣੇ ਦੁਸ਼ਮਣ ਦੇਸ਼ ਦੇ ਅੰਦਰ ਪੈਦਾ ਕਰ ਰਹੀ ਹੈ। ਉੱਥੇ ਹੀ ਦੂਜੇ ਪਾਸੇ ਨੌਕਰੀਆਂ ਦੇ ਮਾਮਲੇ ਦੀ ਤਹਿ ਤੱਕ ਜਾਈਏ ਤਾਂ ਪਤਾ ਲੱਗੇ ਜਾਵੇਗਾ ਕਿ ਸਾਡੇ ਦੇਸ਼ ਦੇ ਅੰਦਰ ਨੌਜਵਾਨਾਂ ਨੂੰ ਰੁਜ਼ਗਾਰ ਅਤੇ ਹੋਰ ਨੌਕਰੀਆਂ ਮੁਹੱਈਆ ਆਉਣ ਵਾਲੇ ਸਮੇਂ ਵਿੱਚ ਨਹੀਂ ਹੋ ਸਕਣਗੀਆਂ। ਕਿਉਂਕਿ ਦੇਸ਼ ਦੇ ਨੌਜਵਾਨਾਂ ਨੂੰ ਹਾਕਮ ਰੁਜ਼ਗਾਰ ਨਹੀਂ, ਬਲਕਿ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਲਈ ਜੰਗ ਲੜ ਰਹੇ ਹਨ।

ਸੈਂਟਰ ਫ਼ਾਰ ਮਾਨੀਟਰਿੰਗ ਇੰਡੀਅਨ ਇਕਾਨਮੀ (ਸੀ ਐਮ ਆਈ ਈ) ਨਾਂਅ ਦੇ ਨਿੱਜੀ ਖੋਜ ਗਰੁੱਪ ਨੇ ਆਪਣੇ ਸਰਵੇ ਵਿਚ ਇੰਕਸ਼ਾਫ਼ ਕੀਤਾ ਹੈ ਕਿ ਲਾਕਡਾਊਨ ਲਾਗੂ ਹੋਣ ਤੋਂ ਬਾਅਦ ਅਪ੍ਰੈਲ, ਮਈ, ਜੂਨ ਤੇ ਜੁਲਾਈ ਵਿਚ ਅੰਦਾਜ਼ਨ ਇਕ ਕਰੋੜ 89 ਲੱਖ ਤਨਖ਼ਾਹਦਾਰ ਲੋਕਾਂ ਦੀਆਂ ਨੌਕਰੀਆਂ ਜਾਂਦੀਆਂ ਲੱਗੀਆਂ। ਇਹ ਸਰਵੇ ਇਕ ਲੱਖ 74 ਹਜ਼ਾਰ ਘਰਾਂ ਵਿਚ ਕੀਤਾ ਗਿਆ। ਘਰ ਵਾਲਿਆਂ ਤੋਂ ਪੁੱਛਿਆ ਗਿਆ ਕਿ ਕੀ ਉਹ ਨੌਕਰੀ ਕਰ ਰਹੇ ਤੇ ਕਿਸ ਤਰਾਂ ਦੀ ਨੌਕਰੀ ਕਰ ਰਹੇ ਹਨ। 320 ਸ਼ਹਿਰੀ ਕੇਂਦਰਾਂ ਦੇ ਇਕ ਲੱਖ ਘਰਾਂ ਤੇ ਦੇਸ਼ ਪੱਧਰ 'ਤੇ ਚਾਰ ਹਜ਼ਾਰ ਪਿੰਡਾਂ ਦੇ 74 ਹਜ਼ਾਰ ਘਰਾਂ ਵਿਚ ਕੀਤਾ ਗਿਆ ਇਹ ਸਰਵੇ ਸਰਕਾਰ ਦੇ ਸਰਵੇ ਵਿੰਗ ਨੈਸ਼ਨਲ ਸੈਂਪਲ ਸਰਵੇ ਆਫ਼ਿਸ ਨਾਲੋਂ ਕੀਤੇ ਜਾਂਦੇ ਸਰਵੇ ਨਾਲੋਂ ਵੱਡਾ ਸੀ। ਸੀ ਐੱਮ ਆਈ ਈ ਦੇ ਮੈਨੇਜਿੰਗ ਡਾਇਰੈਕਟਰ ਮਹੇਸ਼ ਵਿਆਸ ਮੁਤਾਬਿਕ ਲਾਕਡਾਊਨ ਲਾਗੂ ਹੋਣ ਦੇ ਫ਼ੌਰੀ ਬਾਅਦ ਅਪ੍ਰੈਲ ਵਿਚ ਹੀ ਕਰੀਬ ਇਕ ਕਰੋੜ 77 ਲੱਖ ਤਨਖ਼ਾਹਦਾਰ ਲੋਕਾਂ ਦੀਆਂ ਨੌਕਰੀਆਂ ਜਾਂਦੀਆਂ ਲੱਗੀਆਂ ਸਨ। ਹੋਰ ਇਕ ਲੱਖ ਦੀਆਂ ਮਈ ਵਿਚ ਗਈਆਂ। ਜੂਨ ਵਿਚ 39 ਲੱਖ ਦੀ ਨੌਕਰੀ ਬਹਾਲ ਹੋਈ, ਸ਼ਾਇਦ ਅੰਸ਼ਕ ਅਨਲਾਕ ਹੋਣ ਕਰਕੇ। ਪਰ ਜੁਲਾਈ ਵਿਚ ਫਿਰ 50 ਲੱਖ ਨੌਕਰੀਆਂ ਜਾਂਦੀਆਂ ਲੱਗੀਆਂ। ਰੇਹੜੀਆਂ-ਫੜੀਆਂ ਲਾਉਣ, ਹਾਕਰਾਂ ਤੇ ਨਿੱਕੇ ਵਪਾਰੀਆਂ ਦਾ ਕੰਮ ਆਰਜ਼ੀ ਤੌਰ 'ਤੇ ਬੰਦ ਹੋਇਆ। ਉਨਾਂ ਲਾਕਡਾਊਨ ਖੁੱਲਣ ਦੇ ਛੇਤੀ ਬਾਅਦ ਕੰਮ ਸ਼ੁਰੂ ਕਰ ਦਿੱਤਾ, ਪਰ ਤਨਖ਼ਾਹਦਾਰਾਂ ਨੂੰ ਨੌਕਰੀ ਲੱਭਦਿਆਂ ਨੂੰ ਕਾਫ਼ੀ ਚਿਰ ਲੱਗ ਜਾਣਾ। ਉਹ ਅਰਥਚਾਰੇ ਦੀ ਸੁਰਜੀਤੀ 'ਤੇ ਹੀ ਨਿਰਭਰ ਹਨ। ਬਾਕੀ ਸਫ਼ਾ 32 'ਤੇ

# "ਅਸੀਂ ਜਿੱਤਾਂਗੇ ਜਾਂ ਮਰ ਜਾਵਾਂਗੇ ਪਰ ਯੁੱਧ ਜਾਰੀ ਰਹੇਗਾ"

**✪ ਇਟਲੀ ਸਾਮਰਾਜ ਨਾਲ ਜੂਝਣ ਵਾਲਾ ਉਮਰ ਮੁਖਤਾਰ ਦਾ ਅੰਤਿਮ ਸੁਨੇਹਾ ✪ ਗੁਰੀਲਾ ਜੰਗ ਲੜ ਕੇ ਇਟਲੀ ਸਾਮਰਾਜ ਨੂੰ ਗੋਡਿਆਂ ਭਾਰ ਕਰੀ ਰੱਖਿਆ**

**✪ 17ਵੀਂ ਤੋਂ 18ਵੀਂ ਸਦੀ ਤੱਕ ਸਿੱਖ ਪੰਥ ਨੇ ਵੀ ਇਹੀ ਇਤਿਹਾਸ ਦੁਹਰਾਇਆ ਹੈ, ਜਿਸ ਦੀ ਤਾਰੀਫ਼ ਸਿੱਖਾਂ ਦੇ ਦੁਸ਼ਮਣਾਂ ਨੇ ਵੀ ਕੀਤੀ ਹੈ ਕਿ ਸਿੱਖ ਯੋਧੇ ਕਿਸੇ ਦੀ ਪਿੱਠ ਪਿੱਛੇ ਵਾਰ ਨਹੀਂ ਕਰਦੇ, ਨਾ ਹੀ ਦੁਸ਼ਮਣਾਂ ਦੀ ਇਸਤਰੀਆਂ ਨਾਲ ਬਦਸਲੂਕੀ ਕਰਦੇ ਨੇ**

**- ਪ੍ਰੋ. ਬਲਵਿੰਦਰਪਾਲ ਸਿੰਘ**
**ਮੋਬ. 9815700916**

16 ਸਤੰਬਰ 1931 ਨੂੰ ਸਾਮਰਾਜਵਾਦੀ ਤਾਕਤਾਂ ਨੇ ਲੀਬੀਆ ਵਿੱਚ 73 ਸਾਲਾ ਮਹਾਨ ਲੀਬੀਆ ਦੇ ਯੋਧੇ ਉਮਰ ਮੁਖ਼ਤਿਆਰ ਨੂੰ ਫਾਂਸੀ ਦਿੱਤੀ ਸੀ। ਇਹ ਉਨ੍ਹਾਂ ਸਾਰੇ ਯੋਧਿਆਂ ਲਈ ਇਕ ਇਤਿਹਾਸਕ ਨਾਇਕ ਮਾਡਲ ਸੀ ਜੋ ਲੁਟੇਰਾ ਸਾਮਰਾਜਵਾਦ ਵਿਰੁੱਧ ਆਪਣਾ ਜਲ-ਜੰਗਲ-ਧਰਤੀ ਨੂੰ ਬਚਾਉਣ ਲਈ ਜੂਝ ਰਹੇ ਸਨ। ਸਾਨੂੰ ਅੱਜ 73 ਸਾਲਾਂ ਦੇ ਉਸ ਮਹਾਨ ਯੋਧੇ ਬਾਰੇ ਜਾਣਨ ਦੀ ਜ਼ਰੂਰਤ ਹੈ, ਜਿਸ ਨੇ ਨਾਜ਼ੀਵਾਦ ਦੇ ਵਿਰੁੱਧ 20 ਸਾਲ ਹਥਿਆਰਬੰਦ ਸੰਘਰਸ਼ ਵਿੱਢਿਆ। ਗੁਰੀਲਾ ਜੰਗ ਲੜੀ। ਉਸ ਨੇ ਆਪਣੇ ਲੋਕਾਂ ਲਈ ਜੂਝਦਿਆਂ ਸ਼ਹਾਦਤ ਪ੍ਰਾਪਤ ਕੀਤੀ। ਸਾਮਰਾਜਵਾਦੀ ਤਾਕਤਾਂ ਜਿਨ੍ਹਾਂ ਕੋਲ ਆਧੁਨਿਕ ਹਥਿਆਰ, ਟੈਂਕ, ਸਿੱਖਿਅਤ ਫ਼ੌਜ ਸੀ ਪਰ ਇਸ ਸਭ ਦੇ ਬਾਵਜੂਦ ਇਨ੍ਹਾਂ ਯੋਧਿਆਂ ਨੇ ਸਾਮਰਾਜਵਾਦ ਨੂੰ ਗੋਡਿਆਂ ਭਾਰ ਕਰੀ ਰੱਖਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਮਰਾਜਵਾਦ ਨੇ ਧੋਖੇ ਨਾਲ ਪੂਰੀ ਦੁਨੀਆ ਵਿਚ ਲੜਾਈਆਂ ਜਿੱਤੀਆਂ ਸਨ।

ਜਦੋਂ ਯੂਰਪ ਦੇ ਸਾਮਰਾਜਵਾਦੀ ਮੁਲਕਾਂ ਨੇ ਆਪਣੀਆਂ ਆਧੁਨਿਕ ਫ਼ੌਜਾਂ ਨੂੰ ਏਸ਼ੀਆ ਅਤੇ ਅਫ਼ਰੀਕਾ ਦੇ ਮੁਲਕਾਂ ਨੂੰ ਗ਼ੁਲਾਮ ਬਣਾਉਣ ਲਈ ਭੇਜਿਆ, ਤਾਂ ਆਮ ਲੋਕ ਇਸ ਲੁੱਟ ਦੇ ਵਿਰੁੱਧ ਯੋਧੇ ਬਣ ਕੇ ਨਿੱਤਰੇ। ਇਨਾਂ ਯੋਧਿਆਂ ਨੇ ਇਤਿਹਾਸ ਵਿਚ ਆਪਣੇ ਲੋਕਾਂ ਤੇ ਆਪਣੀ ਧਰਤੀ ਦੀ ਰੱਖਿਆ ਲਈ ਲਗਾਤਾਰ ਜੂਝਣ ਦੀ ਮਿਸਾਲ ਪੇਸ਼ ਕੀਤੀ, ਆਪਣੇ ਲੋਕਾਂ ਨੂੰ ਬੇਇਨਸਾਫ਼ੀ, ਜ਼ੁਲਮ ਤੇ ਗ਼ੁਲਾਮੀ ਵਿਰੁੱਧ ਇੱਕਮੁੱਠ ਕੀਤਾ ਤੇ ਸਾਮਰਾਜੀਆਂ ਨੂੰ ਵੱਡਾ ਚੈਲੰਜ ਦਿੱਤਾ। ਇਹਨਾਂ ਮਹਾਨ ਯੋਧਿਆਂ ਵਿੱਚੋਂ ਇੱਕ ਮਹਾਨ ਬਹਾਦਰ ਯੋਧਾ, ਲੀਬੀਆ ਦਾ ਨਾਇਕ ਉਮਰ ਮੁਖਤਾਰ ਸੀ।

ਉਮਰ ਮੁਖਤਾਰ ਦਾ ਜਨਮ 1859 ਈ. ਵਿਚ ਹੋਇਆ ਸੀ। ਉਹ ਸਕੂਲ ਅਧਿਆਪਕ ਸੀ । ਉਹ 1895 ਈ. ਵਿਚ ਸੁਡਾਨ ਚਲਾ ਗਿਆ ਸੀ। ਉਸਨੇ ਬ੍ਰਿਟਿਸ਼ ਸਾਮਰਾਜਵਾਦ ਵਿਰੁੱਧ ਮਹਿੰਦੀ ਸੁਡਾਨੀਆਂ ਦੀ ਲਹਿਰ ਵਿਚ ਹਿੱਸਾ ਲਿਆ ਪਰ ਇਸ ਲਹਿਰ ਦੀ ਅਸਫਲਤਾ ਤੋਂ ਬਾਅਦ ਉਹ ਦੁਬਾਰਾ ਲੀਬੀਆ ਵਾਪਸ ਆ ਗਿਆ। 1911 ਵਿਚ, ਇਟਲੀ ਨੇ ਓਸਮਾਨੀ ਹਕੂਮਤ ਦਾ ਮੁਕਾਬਲਾ ਕੀਤਾ ਤੇ ਲੀਬੀਆ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਉਮਰ ਮੁਖਤਾਰ ਨੇ ਲੀਬੀਆ ਦੇ ਕਬੀਲਿਆਂ ਦੇ ਯੋਧਿਆਂ ਦੀ ਮਦਦ ਨਾਲ ਇਟਾਲੀਅਨ ਸਾਮਰਾਜੀਆਂ ਵਿਰੁੱਧ ਹਥਿਆਰਬੰਦ ਲਹਿਰ ਸ਼ੁਰੂ ਕੀਤੀ ਤੇ ਉਨਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ। ਇਤਾਲਵੀ ਫ਼ੌਜ ਨੇ 20 ਸਾਲਾਂ ਦੇ ਸੰਘਰਸ਼ ਤੋਂ ਬਾਅਦ, 16 ਸਤੰਬਰ 1931 ਨੂੰ ਉਮਰ ਮੁਖਤਾਰ ਨੂੰ ਗ੍ਰਿਫ਼ਤਾਰ ਕਰਕੇ ਫਾਂਸੀ ਦਿੱਤੀ। ਉਮਰ ਮੁਖਤਾਰ ਦੀ ਜੰਗੀ ਨੈਤਿਕਤਾ ਬਾਰੇ ਵੱਡੀ ਜਾਣਕਾਰੀ ਮਿਲਦੀ ਹੈ। ਉਸ ਦੇ ਸਾਥੀਆਂ ਨੇ, ਇਟਲੀ ਦੇ 2 ਸਿਪਾਹੀਆਂ ਨੂੰ ਹਿਰਾਸਤ ਵਿਚ ਲੈ ਲਿਆ ਤੇ ਉਨਾਂ ਦਾ ਕਤਲ ਕਰਨ ਲੱਗੇ । ਤਦ ਉਮਰ ਮੁਖਤਾਰ ਨੇ ਉਨਾਂ ਨੂੰ ਰੋਕ ਦਿੱਤਾ ਅਤੇ ਕਿਹਾ ਕਿ ਅਸੀਂ ਕੈਦੀਆਂ ਨੂੰ ਨਹੀਂ ਮਾਰਦੇ ..! ਇਸ 'ਤੇ, ਗੁਰੀਲਾ ਲੜਾਕਿਆਂ ਨੇ ਕਿਹਾ - ਉਹ ਸਾਡੇ ਬੰਦਿਆਂ ਨੂੰ ਕੈਦੀ ਬਣਾ ਕੇ ਮਾਰ ਦਿੰਦੇ ਹਨ। ਜਿਉਂਦੇ ਸਾੜ ਦਿੰਦੇ ਹਨ, ਤੋਪਾਂ ਨਾਲ ਉਡਾ ਦਿੰਦੇ ਹਨ। ਇਸ ਤੋਂ ਬਾਅਦ, ਉਮਰ ਮੁਖਤਾਰ ਨੇ ਜੋ ਜੁਆਬ ਦਿੱਤਾ ਕਾਬਲੇ ਤਾਰੀਫ਼ ਸੀ। ਉਮਰ ਮੁਖਤਾਰ ਨੇ ਕਿਹਾ - ਉਹ ਜਾਨਵਰ ਹਨ ਪਰ ਅਸੀਂ ਧਰਤੀ ਦੇ ਪੁੱਤਰ ਜਾਨਵਰ ਨਹੀਂ ਹਾਂ। ਅਸੀਂ ਤਾਂ ਇਨਕਲਾਬੀ ਹਾਂ ਜੋ ਆਪਣੀ ਹੋਂਦ ਤੇ ਧਰਤੀ ਨੂੰ ਬਚਾਉਣ ਲਈ ਜੂਝ ਰਹੇ ਹਨ। ਅਸੀਂ ਸਵੈ-ਰੱਖਿਆ ਲਈ ਹਥਿਆਰ ਚੁੱਕੇ ਹਨ, ਕਿਉਂਕਿ ਦੁਸ਼ਮਣ ਵੀ ਹਥਿਆਰਬੰਦ ਹੈ ਪਰ ਇੱਕ ਜਾਨਵਰ ਬਣਿਆ ਹੋਇਆ ਹੈ। ਇਹ ਸਾਰੇ ਵਿਸ਼ਵ ਦੇ ਇਨਕਲਾਬੀਆਂ ਦੀ ਨੈਤਿਕਤਾ ਤੇ ਵਰਤਾਰਾ ਹੈ।



*This file photo shows Omar Mukhtar being taken away after he was arrested by occupation powers.*



ਇਹ ਵਾਕ ਇਨਕਲਾਬੀਆਂ ਦੀ ਨੈਤਿਕਤਾ ਤੇ ਮਹਾਨ ਅਸੂਲਾਂ ਨੂੰ ਦਰਸਾਉਂਦਾ ਹੈ ਕਿ ਅਸੀਂ ਜਾਨਵਰ ਨਹੀਂ ਜੋ ਬੇਗੁਨਾਹਾਂ ਦਾ ਖ਼ੂਨ ਵਹਾਈਏ। 17ਵੀਂ ਤੋਂ 18ਵੀਂ ਸਦੀ ਤੱਕ ਸਿੱਖ ਪੰਥ ਨੇ ਵੀ ਇਹ ਇਤਿਹਾਸ ਦੁਹਰਾਇਆ ਹੈ, ਜਿਸ ਦੀ ਤਾਰੀਫ਼ ਸਿੱਖਾਂ ਦੇ ਦੁਸ਼ਮਣਾਂ ਨੇ ਵੀ ਕੀਤੀ ਹੈ ਕਿ ਸਿੱਖ ਯੋਧੇ ਕਿਸੇ ਦੀ ਪਿੱਠ ਪਿੱਛੇ ਵਾਰ ਨਹੀਂ ਕਰਦੇ, ਨਾ ਹੀ ਦੁਸ਼ਮਣਾਂ ਦੀ ਇਸਤਰੀਆਂ ਨਾਲ ਬਦਸਲੂਕੀ ਕਰਦੇ ਹਨ।

1929 ਵਿਚ, ਜਦੋਂ ਇਟਲੀ ਲੀਬੀਆ 'ਤੇ ਕਬਜ਼ਾ ਕਰਨ ਲਈ ਲਗਾਤਾਰ ਕੋਸ਼ਿਸ਼ ਕਰ ਰਿਹਾ ਸੀ, ਤਦ ਲੀਬੀਆ ਦੇ ਬਾਗ਼ੀਆਂ ਦਾ ਸਰਦਾਰ ਮੁਖਤਾਰ, ਇਟਲੀ ਦੀ ਫ਼ੌਜ ਨਾਲ ਲੋਹਾ ਲੈ ਰਿਹਾ ਸੀ। ਇਸ ਦੀ ਬਹਾਦਰੀ ਤੇ ਰਣਨੀਤੀ ਕਾਰਨ ਇਟਲੀ ਦੇ ਮੁੱਖ ਕਮਾਂਡਰ ਮੁਸਲਿਨੀ ਨੂੰ ਇੱਕੋ ਸਾਲ ਵਿਚ ਚਾਰ ਜਰਨੈਲ ਬਦਲਣੇ ਪਏ। ਅੰਤ ਵਿੱਚ, ਮੁਸੋਲਿਨੀ ਨੂੰ ਆਪਣਾ ਸਭ ਤੋਂ ਬੇਰਹਿਮ ਜਨਰਲ ਗਰਜਾਨੀ ਨੂੰ ਲੀਬੀਆ ਭੇਜਣਾ ਪਿਆ। ਉਮਰ ਮੁਖਤਾਰ ਤੇ ਉਸਦੇ ਫ਼ੌਜੀਆਂ ਨੇ ਜਰਨਲ ਗਰਜ਼ਾਨੀ ਦੇ ਨੱਕ ਵਿਚ ਦਮ ਕੀਤੀ ਰੱਖਿਆ। ਜਰਨਲ ਗਰਜਾਨੀ ਦੀਆਂ ਤੋਪਾਂ ਤੇ ਆਧੁਨਿਕ ਹਥਿਆਰਾਂ ਨਾਲ ਲੈਸ ਫ਼ੌਜਾਂ ਨੂੰ ਉਮਰ ਮੁਖਤਾਰ ਨੇ ਗੁਰੀਲਾ ਹਮਲੇ ਕਰਕੇ ਬੁਰੀ ਤਰਾਂ ਪਛਾੜਿਆ। ਜਰਨਲ ਗਰਜਾਨੀ, ਦਿਨ ਵੇਲੇ ਲੀਬੀਆ ਦੇ ਸ਼ਹਿਰਾਂ 'ਤੇ ਕਬਜ਼ਾ ਕਰ ਲੈਂਦਾ ਅਤੇ ਰਾਤ ਨੂੰ ਉਮਰ ਮੁਖਤਾਰ ਉਨਾਂ ਸ਼ਹਿਰਾਂ ਨੂੰ ਆਜ਼ਾਦ ਕਰਵਾ ਲੈਂਦਾ ਸੀ। ਜਨਰਲ ਗਰਜ਼ਾਨੀ ਨੇ ਆਖ਼ਿਰਕਾਰ ਇੱਕ ਚਾਲ ਚਲੀ। ਉਸ ਨੇ ਆਪਣੇ ਇੱਕ ਸਿਪਾਹੀ ਨੂੰ ਉਮਰ ਮੁਖਤਾਰ ਨਾਲ ਲੀਬੀਆ ਵਿੱਚ ਸ਼ਾਂਤੀ ਸਥਾਪਤ ਕਰਨ ਤੇ ਸਮਝੌਤੇ ਲਈ ਗੱਲਬਾਤ ਕਰਨ ਲਈ ਭੇਜਿਆ। ਉਮਰ ਮੁਖਤਾਰ ਤੇ ਜਨਰਲ ਦੁਆਰਾ ਭੇਜੇ ਇਕ ਸਿਪਾਹੀ ਅੱਗੇ ਆਪਣੀਆਂ ਮੰਗਾਂ ਸਿਪਾਹੀ ਦੇ ਸਾਹਮਣੇ ਰੱਖੀਆਂ। ਸਿਪਾਹੀ ਆਪਣੀ ਡਾਇਰੀ ਵਿਚ ਖ਼ਾਮੋਸ਼ ਹੋ ਕੇ ਨੋਟ ਲਿਖਦਾ ਰਿਹਾ। ਸਾਰੀਆਂ ਮੰਗਾਂ ਨੋਟ ਕਰਨ ਤੋਂ ਬਾਅਦ ਸਿਪਾਹੀ ਉਮਰ ਮੁਖਤਾਰ ਨੂੰ ਕਹਿੰਦਾ ਹੈ ਕਿ ਇਹ ਸਾਰੀਆਂ ਮੰਗਾਂ ਇਟਲੀ ਭੇਜ ਦਿੱਤੀਆਂ ਜਾਣਗੀਆਂ ਤੇ ਮੁਸੋਲਿਨੀ ਦੇ ਸਾਹਮਣੇ ਪੇਸ਼ ਕੀਤੀਆਂ ਜਾਣਗੀਆਂ। ਜਿਵੇਂ ਹੀ ਜਵਾਬ ਇਟਲੀ ਤੋਂ ਵਾਪਸ ਆਵੇਗਾ ਤੁਹਾਨੂੰ ਸੂਚਿਤ ਕੀਤਾ ਜਾਵੇਗਾ। ਇਸ ਸਾਰੀ ਪ੍ਰਕਿਰਿਆ ਵਿਚ ਸਮਾਂ ਲੱਗੇਗਾ, ਜਿਸ ਕਾਰਨ ਉਮਰ ਮੁਖਤਾਰ ਨੂੰ ਇੰਤਜ਼ਾਰ ਕਰਨ ਲਈ ਕਿਹਾ ਗਿਆ। ਉਮਰ ਮੁਖਤਾਰ ਨੇ ਇਸ ਸਮਝੌਤੇ ਕਾਰਨ ਇਟਲੀ ਦੀ ਫ਼ੌਜ 'ਤੇ ਆਪਣੇ ਸਾਰੇ ਹਮਲੇ ਰੋਕ ਦਿੱਤੇ । ਪਰ ਇਟਲੀ ਤੋਂ ਸ਼ਾਂਤੀ ਦਾ ਸੁਨੇਹਾ ਦੇਣ ਦੀ ਬਜਾਏ ਖ਼ਤਰਨਾਕ ਹਥਿਆਰ, ਬੰਬ, ਤੋਪਾਂ ਤੇ ਟੈਂਕ ਭੇਜੇ ਗਏ ਤਾਂ ਜੋ ਸ਼ਹਿਰਾਂ ਦੇ ਸ਼ਹਿਰ ਮਲੀਆਮੇਟ ਕੀਤੇ ਜਾ ਸਕਣ। ਇਹ ਉਮਰ ਨਾਲ ਬਹੁਤ ਵੱਡਾ ਧੋਖਾ ਸੀ। ਗਰਜ਼ਾਨੀ ਆਪਣੀਆਂ ਫ਼ੌਜਾਂ ਨਾਲ ਲੀਬੀਆ ਦੇ ਬਹੁਤ ਸਾਰੇ ਸ਼ਹਿਰ ਤੋਪਾਂ ਤੇ ਟੈਂਕਾਂ ਨਾਲ ਪੂਰੀ ਤਰਾਂ ਨਸ਼ਟ ਕਰ ਦਿੰਦਾ ਹੈ। ਨਾਜ਼ੀ ਕਰਨਲ ਗਰਜ਼ਾਨੀ ਕਹਿੰਦਾ ਹੈ ਕਿ ਉਮਰ ਮੁਖਤਾਰ ਨੂੰ ਅੱਜ ਮਾਰ ਦਿੱਤਾ ਜਾਵੇਗਾ। ਪਹਿਲਾਂ ਪੁਲ ਕਬਜ਼ੇ ਵਿਚ ਕੀਤੇ ਜਾਣਗੇ। ਟੈਂਕ ਤੇ ਤੋਪਾਂ ਨਾਲ ਹਮਲੇ ਕਰਾਂਗੇ। ਦੂਸਰਾ ਅਧਿਕਾਰੀ ਕਹਿੰਦਾ ਹੈ ਕਿ ਮੈਂ ਹੈਰਾਨ ਹਾਂ ਕਿ ਬਾਗ਼ੀਆਂ ਨੇ ਪੁਲ ਕਿਉਂ ਨਹੀਂ ਉਡਾਇਆ। ਕਰਨਲ ਕਹਿੰਦਾ ਹੈ ਕਿ ਮੁਖਤਾਰ ਸਿਰਫ਼ ਲੜਨਾ ਜਾਣਦਾ ਹੈ ਤੇ ਦਿਮਾਗ਼ ਚਲਾਉਣਾ ਨਹੀਂ ਜਾਣਦਾ। ਉਹ ਤੁਹਾਡੇ ਵਾਂਗ ਕਿਸੇ ਮਿਲਟਰੀ ਸਕੂਲ ਨਹੀਂ ਗਿਆ ਸੀ। ਗਰਜ਼ਾਨੀ ਦਾ ਇਹ ਹੰਕਾਰ ਤੇ ਸੁਪਨਾ ਫੋਕਾ ਨਿਕਲਿਆ। ਉਮਰ ਦੇ ਗੁਰੀਲਾ ਯੁੱਧ ਦੇ ਤਜਰਬੇ ਨੇ ਜਰਨਲ ਗਰਜ਼ਾਨੀ ਨੂੰ ਗੋਡਿਆਂ ਦੇ ਭਾਰ ਕਰ ਦਿੱਤਾ। ਸਭ ਤੋਂ ਵੱਡੀ ਫ਼ੌਜ ਦੇ ਅੱਗੇ ਮੁਖਤਾਰ ਦੋ ਸਾਲ ਮੈਦਾਨ-ਏ-ਜੰਗ ਵਿਚ ਡਟ ਕੇ ਜੂਝਦਾ ਰਿਹਾ। ਅਖੀਰ ਇਟਲੀ ਦੀ ਫ਼ੌਜ ਨਾਲ ਇਕ ਝੜਪ ਵਿਚ ਸਖ਼ਤ ਜ਼ਖ਼ਮੀ ਹੋ ਗਿਆ। 11 ਸਤੰਬਰ 1931 ਨੂੰ ਜਨਰਲ ਗਰਜ਼ਾਨੀ ਦੀ ਫ਼ੌਜ ਨੇ ਉਸਨੂੰ ਗ੍ਰਿਫ਼ਤਾਰ ਕਰ ਲਿਆ । ਉਮਰ ਮੁਖਤਾਰ ਨੂੰ ਹੱਥਕੜੀਆਂ ਤੇ ਬੇੜੀਆਂ ਨਾਲ ਜਕੜ ਕੇ ਗਰਜ਼ਾਨੀ ਸਾਹਮਣੇ ਪੇਸ਼ ਕੀਤਾ। ਜਨਰਲ ਗਰਜ਼ਾਨੀ ਨੇ ਉਮਰ ਮੁਖਤਾਰ ਨੂੰ ਕਿਹਾ ਕਿ ਉਹ ਆਪਣੇ ਲੋਕਾਂ ਨੂੰ ਹਥਿਆਰ ਸੁੱਟਣ ਦਾ ਆਦੇਸ਼ ਦੇਵੇ। ਉਮਰ ਮੁਖਤਾਰ ਨੇ ਦ੍ਰਿੜਤਾ ਨਾਲ ਜਵਾਬ ਦਿੱਤਾ ਤੇ ਕਿਹਾ, "ਅਸੀਂ ਹਥਿਆਰ ਨਹੀਂ ਸੁੱਟਾਂਗੇ, ਅਸੀਂ ਜਿੱਤਾਂਗੇ ਜਾਂ ਮਰ ਜਾਵਾਂਗੇ ਪਰ ਯੁੱਧ ਜਾਰੀ ਰਹੇਗਾ।" ਤੁਹਾਨੂੰ ਸਾਡੀ ਅਗਲੀ ਪੀੜੀ ਅਤੇ ਫਿਰ ਅਗਲੀ ਨਾਲ ਲੜਨਾ ਪਏਗਾ ... ਅਤੇ ਜਿੱਥੋਂ ਤਕ ਮੇਰਾ ਸੰਬੰਧ ਹੈ, ਮੈਂ ਮਰਨ ਤੋਂ ਬਾਅਦ ਫਿਰ ਜਨਮ ਲਵਾਂਗਾ। ਵਾਰ ਵਾਰ ਜਨਮ ਲਵਾਂਗਾ। ਜਿਨਾਂ ਚਿਰ ਤੱਕ ਤੁਹਾਡੀ ਗ਼ੁਲਾਮੀ ਤੋਂ ਛੁਟਕਾਰਾ ਨਹੀਂ ਪਾ ਲੈਂਦਾ, ਮੇਰਾ ਯੁੱਧ ਜਾਰੀ ਰਹੇਗਾ। ... ਜਨਰਲ ਗਰਜਾਨੀ ਨੇ ਫਿਰ ਪੁੱਛਿਆ, "ਤੂੰ ਆਪਣੀ ਜ਼ਿੰਦਗੀ ਲਈ ਮੇਰੇ ਕੋਲੋਂ ਭੀਖ ਕਿਉਂ ਨਹੀਂ ਮੰਗਦਾ ? ਸ਼ਾਇਦ ਮੈਂ ਤੈਨੂੰ ਬਖ਼ਸ਼ ਦਿੰਦਾ...

ਉਮਰ ਮੁਖਤਾਰ ਨੇ ਕਿਹਾ, "ਮੈਂ ਤੁਹਾਡੇ ਕੋਲੋਂ ਜ਼ਿੰਦਗੀ ਦੀ ਕੋਈ ਭੀਖ ਕਿਉਂ ਮੰਗਾਂ। ਗ਼ੁਲਾਮੀ ਦੀ ਜ਼ਿੰਦਗੀ ਨਾਲੋਂ ਸ਼ਹਾਦਤ ਚੰਗੀ ਹੈ। 16 ਸਤੰਬਰ 1931 ਨੂੰ, ਇਤਾਲਵੀ ਸਾਮਰਾਜਵਾਦ ਵਿਰੁੱਧ ਲੀਬੀਆਈ ਦੇਸ਼ ਦੇ ਸੰਘਰਸ਼ ਦੇ ਆਗੂ, ਉਮਰ ਮੁਖਤਾਰ ਨੂੰ ਆਪਣੇ ਹੀ ਲੋਕਾਂ ਦੇ ਸਾਹਮਣੇ ਫਾਂਸੀ ਦੇ ਦਿੱਤੀ ਗਈ। ਉਹ ਨਿਡਰਤਾ ਨਾਲ ਫਾਂਸੀ ਚੜ ਜਾਂਦਾ ਹੈ। ਇਕ ਮਜ਼ਬੂਤ ਵਿਚਾਰਧਾਰਾ ਨਾਲ ਲੈਸ ਇਕ ਮਹਾਨ ਯੋਧਾ ਹੀ ਅਜਿਹਾ ਕਰ ਸਕਦਾ ਹੈ। ਉਮਰ ਦੀ ਫਾਂਸੀ ਤੋਂ ਬਾਅਦ ਲੀਬੀਆ ਦੇ ਆਮ ਲੋਕਾਂ ਵਿੱਚ ਨਾਜ਼ੀ ਸਟੇਟ ਖ਼ਿਲਾਫ਼ ਗ਼ੁੱਸਾ ਤੇ ਅੱਖਾਂ ਵਿਚ ਹੰਝੂ ਸੀ। ਨਾਜ਼ੀ ਸੈਨਾ ਨੇ ਮਹਿਸੂਸ ਕੀਤਾ ਕਿ ਉਮਰ ਮੁਖਤਾਰ ਨੂੰ ਮਾਰ ਦੇਣ ਨਾਲ ਯੁੱਧ ਰੁਕ ਜਾਵੇਗਾ ਤੇ ਨਾਜ਼ੀਆਂ ਦੀ ਜਿੱਤ ਹੋ ਜਾਵੇਗੀ। ਪਰ ਭੁਲੇਖਾ ਜਲਦੀ ਖ਼ਤਮ ਹੋ ਗਿਆ। ਉਮਰ ਮੁਖਤਾਰ ਤੋਂ ਬਾਅਦ ਲਿਬੀਆ ਦੇ ਯੋਧਿਆਂ ਨੇ ਯੁੱਧ ਜਾਰੀ ਰੱਖਿਆ। ਮੁਖਤਾਰ ਤਾਂ ਪਹਿਲਾਂ ਹੀ ਭਵਿੱਖਬਾਣੀ ਕਰ ਚੁੱਕਾ ਸੀ ਕਿ ਇਹ ਯੁੱਧ ਸਾਡੀ ਅਜ਼ਾਦੀ ਤੱਕ ਚੱਲੇਗਾ। ਇਹ ਲੜਾਈ ਮੇਰੀ ਮੌਤ ਨਾਲ ਖ਼ਤਮ ਹੋਣ ਵਾਲੀ ਨਹੀਂ ਹੈ। ਮੇਰੀ ਅਗਲੀ ਪੀੜੀ ਇਹ ਲੜਾਈ ਲੜੇਗੀ। ਉਸ ਤੋਂ ਬਾਅਦ ਅਗਲੀ ਪੀੜੀ ਤੁਹਾਡੇ ਨਾਲ ਲੜੇਗੀ। ਇਹ ਲੜਾਈ ਸਾਡੀ ਜਿੱਤ ਤੇ ਅਜ਼ਾਦੀ ਦੀ ਸੰਪੂਰਨਤਾ ਤਕ ਜਾਰੀ ਰਹੇਗੀ। ਅੱਜ ਇਹ ਲੜਾਈ ਪੂਰੀ ਦੁਨੀਆ ਵਿੱਚ ਚੱਲ ਰਹੀ ਹੈ। ਉਮਰ ਮੁਖਤਾਰ ਤੋਂ ਬਾਅਦ ਦੀ ਦੂਜੀ-ਤੀਜੀ ਪੀੜੀ ਲੀਬੀਆ, ਸੀਰੀਆ, ਫ਼ਲਸਤੀਨ ਤੋਂ ਲੈ ਕੇ ਪੂਰੀ ਦੁਨੀਆ ਤੱਕ ਸਾਮਰਾਜਵਾਦ ਦੀ ਲੁੱਟ ਵਿਰੁੱਧ ਜ਼ੋਰਦਾਰ ਢੰਗ ਨਾਲ ਲੜੀ ਜਾ ਰਹੀ ਹੈ। ਇਹ ਯੁੱਧ ਚੱਲ ਰਿਹਾ ਹੈ ਅਤੇ ਮਨੁੱਖਾਂ ਨੂੰ ਇਨਸਾਫ਼ ਦਿਵਾਉਣ, ਮਨੁੱਖੀ ਸ਼ੋਸ਼ਣ ਦਾ ਅੰਤ ਕਰਨ ਤੱਕ ਜਾਰੀ ਰਹੇਗਾ, ਜਦ ਤੱਕ ਇਹ ਸਾਮਰਾਜਵਾਦੀ ਲੁੱਟ ਖ਼ਤਮ ਨਹੀਂ ਹੁੰਦੀ ਉਦੋਂ ਤੱਕ ਇਹ ਧਰਮ ਯੁੱਧ ਜਾਰੀ ਰਹੇਗਾ।

# ਧਰਮ ਗ੍ਰੰਥਾਂ ਦੀ ਭਾਸ਼ਾ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੇ ਸੰਦਰਭ ਵਿੱਚ



**- ਡਾ. ਹਰਪਾਲ ਸਿੰਘ ਪੰਨੂ**

ਸਾਹਿਤ ਦੀ ਪਰਿਭਾਸ਼ਾ, ਸਰੂਪ, ਸ਼ੈਲੀ ਅਤੇ ਉਦੇਸ਼ ਆਦਿਕ ਵਿਸ਼ਿਆਂ ਉੱਪਰ ਪੂਰਬ ਪੱਛਮ ਵਿਚ ਵਿਚਾਰ ਵਟਾਂਦਰਾ ਉਦੋਂ ਦਾ ਚੱਲ ਰਿਹਾ ਹੈ, ਜਦੋਂ ਦੀ ਸਾਨੂੰ ਭਰੋਸੇਯੋਗ ਲਿਖਣ ਸਮਗਰੀ ਪ੍ਰਾਪਤ ਹੋ ਸਕੀ ਹੈ। 'ਕਾਵਿ ਸ਼ਾਸਤਰ' ਦੇ ਸਿਰਲੇਖ ਹੇਠ ਭਾਰਤੀ ਆਚਾਰੀਆਂ ਨੇ ਵਿਸਤਰਿਤ ਆਪਣੇ ਆਪਣੇ ਮੱਤ ਪੇਸ਼ ਕੀਤੇ ਤੇ ਪੱਛਮ ਵਿਚ ਪੋਇਟਿਕਸ ਦੇ ਟਾਈਟਲ ਅਧੀਨ ਵਿਚਾਰ ਵਟਾਂਦਰਾ ਹੋਇਆ। ਪਰਵਾਣਤ ਪੁਰਾਤਨ ਸਾਹਿਤ ਦਾ ਰੂਪ ਕਿਉਂਕਿ ਹੁੰਦਾ ਹੀ ਕਵਿਤਾ ਸੀ ਇਸ ਕਰਕੇ ਪਿੱਛੋਂ ਜਦੋਂ ਵਾਰਤਕ ਲਿਖਣ ਦਾ ਰੁਝਾਨ ਵਧਿਆ ਤਦ ਵਾਰਤਕ ਨੂੰ ਵੀ ਕਾਵਿ ਕਿਹਾ ਗਿਆ। ਇਉਂ ਕਾਵਿ ਦਾ ਅਰਥ ਕਵਿਤਾ ਨਾਂ ਹੋਕੇ ਸਾਹਿਤ ਹੋ ਗਿਆ। ਸਾਹਿਤ ਵਿਚ ਲੌਕਿਕ ਅਤੇ ਅਲੌਕਿਕ ਦੋਵੇਂ ਪ੍ਰਕਾਰ ਦੇ ਅਨੁਭਵ ਪ੍ਰਗਟਾਏ ਗਏ ਤੇ ਸਾਹਿਤ ਦੀਆਂ ਵਿਭਿੰਨ ਪ੍ਰਣਾਲੀਆਂ, ਸੰਪਰਦਾਵਾਂ ਪ੍ਰਚੱਲਿਤ ਹੋ ਗਈਆਂ। ਇਵੇਂ ਹੀ ਪੱਛਮ ਵਿਚ ਸਾਹਿਤ ਤੇ ਸਕੂਲ ਪ੍ਰਚੱਲਿਤ ਹੋਏ। ਭਾਵਾਂ ਦਾ ਸਾਹਿਤ ਤੇ ਵਿਚਾਰਾਂ ਦਾ ਸਾਹਿਤ, ਦੋ ਹਿੱਸਿਆਂ ਵਿਚ ਵਰਗ ਵੰਡ ਕਰ ਕੇ ਹਰ ਕਿਸਮ ਦੀ ਲਿਖਤ ਨੂੰ ਸਾਹਿਤ ਕਿਹਾ। ਇਸ ਵਰਗ ਵੰਡ ਅਨੁਸਾਰ ਕਵਿਤਾ ਕਹਾਣੀ ਨਾਵਲ ਆਦਿਕ ਹੀ ਨਹੀਂ, ਗਣਿਤ, ਫਿਜ਼ਿਕਸ, ਕੈਮਿਸਟਰੀ ਆਦਿਕ ਦੀਆਂ ਪੁਸਤਕਾਂ ਵੀ ਸਾਹਿਤ ਹਨ। ਇਹ ਵੀ ਜ਼ਰੂਰੀ ਨਹੀਂ ਕਿ ਸਾਹਿਤ ਦਾ ਲਿਖਤ ਵਿਚ ਹੋਣਾ ਜ਼ਰੂਰੀ ਹੋਵੇ। ਜਦੋਂ ਲਿਪੀ ਈਜਾਦ ਨਹੀਂ ਹੋਈ ਸੀ ਉਦੋਂ ਵੀ ਸਾਹਿਤ ਮੌਜੂਦ ਸੀ ਤੇ ਅੱਜ ਸਟੇਜ ਉੱਪਰ ਖੇਡੇ ਜਾ ਰਹੇ ਨਾਟਕ ਜਾਂ ਕਵੀਆਂ ਅਤੇ ਗਾਇਕਾਂ ਵੱਲੋਂ ਪੇਸ਼ ਕੀਤੇ ਗੀਤ, ਲਿਖਤ ਗ਼ੈਰ ਹਾਜ਼ਰ ਹੋਣ ਦੇ ਬਾਵਜੂਦ ਸਾਹਿਤ ਹਨ।

ਵੀਹਵੀਂ ਸਦੀ ਦੇ ਆਰੰਭ ਵਿਚ ਇਕ ਹੋਰ ਚਰਚਾ ਸੁਣਨ ਨੂੰ ਮਿਲੀ ਕਿ ਧਰਮ ਗ੍ਰੰਥ (scripture) ਸਾਹਿਤ ਹਨ ਜਾਂ ਕੁੱਝ ਹੋਰ। ਜੇ ਸਾਹਿਤ ਹਨ ਤਦ ਇਹਨਾਂ ਨੂੰ ਸਾਹਿਤਕਾਰੀ ਦੇ ਨਿਯਮਾਂ ਉੱਪਰ ਖਰੇ ਉੱਤਰਨਾ ਚਾਹੀਦਾ ਹੈ, ਪਰ ਇਕ ਧਿਰ ਨੇ ਇਸ ਰੁਝਾਨ ਦੀ ਵਿਰੋਧਤਾ ਕੀਤੀ। ਹਜ਼ਰਤ ਮੁਹੰਮਦ ਸਾਹਿਬ ਦੇ ਦੇਹਾਂਤ ਮਗਰੋਂ ਜਦੋਂ ਕੁਰਾਨ ਦੀ ਸੰਪਾਦਨਾ ਕੀਤੀ ਗਈ ਤਦ ਕਿਹਾ ਗਿਆ ਕਿ ਇਹ ਰੱਬ ਦੀ ਬੋਲੀ ਹੈ ਜੋ ਹਜ਼ਰਤ ਮੁਹੰਮਦ ਸਾਹਿਬ ਰਾਹੀਂ ਨਾਜ਼ਲ ਹੋਈ। ਗ਼ੈਰ ਇਸਲਾਮੀ ਅਰਬੀ ਦੇ ਵਿਦਵਾਨਾਂ ਨੇ ਕਿਹਾ ਕਿ ਕੁਰਾਨ ਸ਼ਰੀਫ਼ ਵਿਚ ਲਿਖੀ ਅਰਬੀ ਵਿਆਕਰਨ ਅਨੁਸਾਰ ਗ਼ਲਤ ਹੈ ਇਸ ਕਰਕੇ ਇਹ ਰੱਬ ਦੀ ਬੋਲੀ ਨਹੀਂ ਹੋ ਸਕਦੀ। ਜੇ ਰੱਬ ਦੀ ਬੋਲੀ ਮੰਨ ਲੈਂਦੇ ਹਾਂ ਤਦ ਫਿਰ ਇਹ ਕਹੋ ਕਿ ਰੱਬ ਨੂੰ ਅਰਬੀ ਭਾਸ਼ਾ ਅਤੇ ਇਸ ਦੀ ਵਿਆਕਰਨ ਦਾ ਗਿਆਨ ਨਹੀਂ। ਮੁਸਲਮਾਨਾਂ ਪਾਸ ਇਸ ਦਾ ਕੋਈ ਜਵਾਬ ਨਹੀਂ ਸੀ। ਪੈਗ਼ੰਬਰ ਮੁਹੰਮਦ (570-632 ਈ.) ਤੋਂ ਲੈ ਕੇ ਇਮਾਮ ਗ਼ਜ਼ਾਲੀ (1058-1111 ਈ.) ਤੱਕ ਪੰਜ ਸਦੀਆਂ ਇਹ ਸਮੱਸਿਆ ਕਾਇਮ ਰਹੀ। ਗਜ਼ਾਲੀ ਨੇ ਕਿਹਾ ਕਿ ਕੁਰਾਨ ਯਕੀਨਨ ਰੱਬ ਦੀ ਬੋਲੀ ਹੈ। ਅਰਬੀ ਦੀ ਵਿਆਕਰਨ ਬੰਦਿਆਂ ਨੇ ਬਣਾਈ ਹੈ ਜੋ ਗ਼ਲਤ ਹੋ ਗਈ ਹੈ। ਕੁਰਾਨ ਦੀ ਭਾਸ਼ਾ ਅਨੁਸਾਰ ਗ਼ਜ਼ਾਲੀ ਨੇ ਅਰਬੀ ਭਾਸ਼ਾ ਵਾਸਤੇ ਨਵੀਂ ਵਿਆਕਰਨ ਘੜੀ। ਇਸੇ ਪ੍ਰਕਾਰ ਈਸਾਈ ਵਿਦਵਾਨਾਂ ਨੇ ਕਿਹਾ ਕਿ ਬਾਈਬਲ ਵਿਚੋਂ ਸਾਹਿਤਕ ਰਸ ਪ੍ਰਾਪਤ ਕਰਨ ਵਾਲੇ ਵਿਅਕਤੀ ਅਗਿਆਨੀ ਹਨ। ਹਰੇਕ ਪੈਗ਼ੰਬਰ ਨੇ ਕਿਹਾ ਕਿ ਧਰਮ ਗ੍ਰੰਥ ਵਿਚ ਦਰਜ ਬੋਲ ਉਸਦੇ ਆਪਣੇ ਨਹੀਂ ਹਨ, ਰੱਬ ਨੇ ਉਸ ਤੋਂ ਬੁਲਵਾਏ ਹਨ। ਰਿਸ਼ੀਆਂ ਨੇ ਵੀ ਵੇਦ ਮੰਤਰਾਂ ਨੂੰ ਸ਼ਰੁਤੀ ਕਿਹਾ, ਉਹ ਬੋਲ ਜੋ ਰਚੇ ਨਹੀਂ ਗਏ, ਸੁਣੇ ਗਏ, ਦੇਖੇ ਗਏ। ਇਸ ਕਰਕੇ ਵੇਦ ਅਪੌਰੁਸ਼ਯ ਹਨ ਤੇ ਰਿਸ਼ੀ ਮੰਤਰ-ਦ੍ਰਸ਼ਟਾ ਹਨ। ਰਿਸ਼ੀਆਂ ਵੱਲੋਂ ਆਪਣੇ ਨਾਮ ਦਰਜ ਨਾਂ ਕਰਨ ਦੇ ਵੀ ਇਹੀ ਅਰਥ ਹਨ। ਇਹ ਉਹ ਸਥਾਨ ਹੈ ਜਿੱਥੇ ਬਾਣੀ ਅਤੇ ਕਾਵਿ ਵਿਚਕਾਰ ਲਕੀਰ ਖਿੱਚੀ ਗਈ। ਸਾਹਿਤ ਦਾ ਮਨੋਰਥ ਸੌਂਦਰਯ ਮਿਥਿਆ ਗਿਆ ਪਰ ਧਰਮ ਗ੍ਰੰਥ ਦਾ ਮਨੋਰਥ ਕੁੱਝ ਹੋਰ ਰਿਹਾ।

ਸਾਹਿਤਕਾਰ ਦਲੀਲਾਂ, ਉਕਤੀਆਂ, ਪ੍ਰਮਾਣ ਤੇ ਹਵਾਲੇ ਦੇ ਦੇ ਕੇ ਪਾਠਕਾਂ ਨੂੰ ਆਪਣਾ ਮੱਤ ਮਨਾਉਣ ਜਾਂ ਸਮਝਾਉਣ ਦਾ ਯਤਨ ਕਰਦਾ ਹੈ ਪਰ ਇਹ ਪਾਠਕ ਦੀ ਮਰਜ਼ੀ ਹੈ ਕਿ ਦਲੀਲਾਂ ਤੋਂ ਪ੍ਰਭਾਵਿਤ ਹੋਣ ਦੇ ਬਾਵਜੂਦ ਲੇਖਕ ਦੀ ਗੱਲ ਮੰਨੇ ਜਾਂ ਨਾਂ। ਪੈਗ਼ੰਬਰ ਅਜਿਹਾ ਬਿਲਕੁਲ ਨਹੀਂ ਕਰਦੇ। ਦਲੀਲਾਂ ਨਹੀਂ, ਉਹ ਹੁਕਮ ਦਿੰਦੇ ਹਨ ਤੇ ਮੁਰੀਦ ਤਾਬਿਆਦਾਰ ਹੋ ਕੇ ਹੁਕਮਾਂ ਦਾ ਪਾਲਣ ਕਰਦੇ ਹਨ। ਸਾਹਿਤਕਾਰ ਛੰਦਾਂ ਅਲੰਕਾਰਾਂ ਅਤੇ ਹੋਰ ਅਨੇਕਾਂ ਕਾਵਿ-ਜੁਗਤਾਂ ਰਾਹੀਂ ਪਾਠਕ ਲਈ ਰਸਦਾਇਕ ਸਮਗਰੀ ਤਿਆਰ ਕਰਦਾ ਹੈ ਪਰ ਪੈਗ਼ੰਬਰ ਵਾਸਤੇ ਅਜਿਹੀ ਕੋਈ ਮਜਬੂਰੀ ਨਹੀਂ। ਬਾਣੀ ਅਤੇ ਸਾਹਿਤ ਵਿਚ ਨਿਖੇੜਾ ਪੰਜਾਬੀ ਦੁਨੀਆ ਵਿਚ ਪਹਿਲੀ ਵਾਰ ਵਿਧੀਵਤ ਢੰਗ ਰਾਹੀਂ ਪ੍ਰੋ. ਹਰਿਭਜਨ ਸਿੰਘ ਨੇ ਕੀਤਾ ਅਤੇ ਧਰਮ ਯੁਕਤ ਦਲੀਲਾਂ ਰਾਹੀਂ ਆਪਣਾ ਮੱਤ ਪੇਸ਼ ਕੀਤਾ। ਇਸ ਦ੍ਰਿਸ਼ਟੀਕੋਣ ਦੀ ਸੁਰ ਉਨਾਂ ਪਿੱਛੋਂ ਡਾ. ਜਗਬੀਰ ਸਿੰਘ ਨੇ ਫੜੀ ਜਿਸ ਨਾਲ ਇਹ ਪਰੰਪਰਾ ਕੁੱਝ ਅੱਗੇ ਤੁਰੀ। ਇਹਨਾਂ ਦੋਵਾਂ ਤੋਂ ਇਲਾਵਾ ਹੋਰ ਕਿਸੇ ਨੇ ਇਸ ਦਿਸ਼ਾ ਵੱਲ ਵਧੀਕ ਧਿਆਨ ਨਹੀਂ ਦਿੱਤਾ ਜਿਸ ਕਰਕੇ ਇਸ ਖੇਤਰ ਵਿਚ ਅਜੇ ਅੰਸ਼ਿਕ ਕੰਮ ਹੋਇਆ ਹੈ।

ਬਰਟਰੰਡ ਰੱਸਲ ਨੇ ਵਿਟਜਨਸਟੀਨ ਵੱਲੋਂ ਪੇਸ਼ ਕੀਤੀ ਨਾਮਕਰਨ ਦੀ ਭਾਸ਼ਾ-ਥਿਊਰੀ ਦਾ ਅਧਿਐਨ ਕੀਤਾ। ਰੱਸਲ ਅਨੁਸਾਰ ਨਾਮ ਦੋ ਪ੍ਰਕਾਰ ਦੇ ਹਨ-ਆਮ ਨਾਉਂ ਅਤੇ ਖ਼ਾਸ ਨਾਉਂ। ਆਮ ਨਾਉਂ ਕੇਵਲ ਸੰਕਲਪਨਾਵਾਂ ਹਨ ਜੋ ਵਸਤੂ ਦੇ ਕੁੱਝ ਗੁਣਾਂ ਵਲ ਇਸ਼ਾਰਾ ਕਰਦੇ ਹਨ। ਖ਼ਾਸ ਨਾਉਂ ਵਿਅਕਤੀਆਂ/ਵਸਤਾਂ ਦਾ ਉਨਾਂ ਵਰਗੀਆਂ ਹੋਰ ਵਸਤਾਂ ਨਾਲੋਂ ਕੁੱਝ ਨਿਖੇੜਾ ਕਰ ਦਿੰਦੇ ਹਨ ਪਰ ਇਹ ਦੋਵੇਂ ਪ੍ਰਕਾਰ ਦੇ ਨਾਉਂ ਆਪਣੇ ਆਪ ਵਿਚ ਅਧੂਰੇ, ਅਸਪਸ਼ਟ ਅਤੇ ਅਰਥਹੀਣ ਹਨ ਜਦੋਂ ਤਕ ਸਰੋਤਾ/ਪਾਠਕ ਇਹਨਾਂ ਬਾਰੇ ਉਹ ਕੁੱਝ ਨਹੀਂ ਜਾਣ ਲੈਂਦਾ ਜੋ ਦੱਸਣ ਵਾਲਾ ਦੱਸਣਾ ਚਾਹੁੰਦਾ ਹੈ। ਖ਼ਾਸ ਨਾਉਂ ਸਬਜੈਕਟ ਹੋ ਗਏ ਤੇ ਆਮ ਨਾਉਂ ਪਰੈਡੀਕੇਟ। ਵਿਸ਼ੇਸ਼ਣਾਂ ਅਤੇ ਕਿਰਿਆਵਾਂ ਨੂੰ ਵੀ ਰੱਸਲ ਆਮ ਨਾਉਂ ਦੇ ਰੂਪ ਹੀ ਮੰਨਦਾ ਹੈ। ਭਾਸ਼ਾ ਦਾ ਹਰੇਕ ਵਾਕ ਅਧੂਰਾ ਹੈ ਜਦੋਂ ਤੱਕ ਕਿ ਉਸ ਬਾਰੇ ਪੂਰੇ ਪ੍ਰਸੰਗ ਦਾ ਹਵਾਲਾ ਨਹੀਂ ਮਿਲਦਾ। ਉਹ ਉਦਾਹਰਨ ਦਿੰਦਾ ਹੈ ਕਿ ਇਹ ਵਾਕ ਸੁਣੋ:

**"ਫਰਾਂਸ ਦਾ ਰਾਜਾ ਸਿਆਣਾ ਹੈ"**

ਇਸ ਵਾਕ ਦਾ ਕੋਈ ਅਰਥ ਨਹੀਂ ਕਿਉਕੀ ਅੱਜ ਫਰਾਂਸ ਵਿਚ ਕੋਈ ਰਾਜਾ ਨਹੀਂ। ਦੱਸਣਾ ਪਵੇਗਾ ਕਿ ਕਿਸ ਰਾਜੇ ਦੀ ਗੱਲ ਹੋ ਰਹੀ ਹੈ ਤੇ ਸਾਬਤ ਕਰਨਾ ਪਵੇਗਾ ਕਿ ਉਹ ਕਿਵੇਂ ਸਿਆਣਾ ਅਖਵਾਇਆ।

ਹੁਣ ਲਈਏ ਧਰਮ ਗ੍ਰੰਥ ਵਿਚ ਵਰਤੇ ਗਏ ਰੱਬ ਦੇ ਨਾਵਾਂ ਬਾਰੇ ਪ੍ਰਸੰਗ। ਇੱਥੇ ਅਸੀਂ ਦੇਖਾਂਗੇ ਕਿ ਵਿਸ਼ੇਸ਼ਣ ਅਤੇ ਨਾਮ ਵਿਚਕਾਰ ਕੋਈ ਫ਼ਰਕ ਨਹੀਂ। ਨਾਮ ਹੈ ਹੀ ਨਹੀਂ, ਕੇਵਲ ਵਿਸ਼ੇਸ਼ਣ ਹਨ। ਇਹਨਾਂ ਵਿਸ਼ੇਸ਼ਣਾਂ ਨੂੰ ਨਾਮ ਮੰਨ ਲਿਆ ਗਿਆ ਹੈ। ਕਰਤਾਰ, ਪ੍ਰਤਿਪਾਲਕ, ਰਾਜ਼ਕ, ਰਹੀਮ, ਬਖਸ਼ਿੰਦ ਆਦਿਕ ਸ਼ਬਦ ਇਹੀ ਸਾਬਤ ਕਰਦੇ ਹਨ।

ਧਰਮ ਗ੍ਰੰਥ ਦੀ ਭਾਸ਼ਾ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਉਹ ਵਿਆਕਰਨ ਤੋਂ ਪਰੇ ਹਟਣ ਦਾ ਯਤਨ ਕਰਦੀ ਹੈ। ਅਜਿਹਾ ਗੁਰਬਾਣੀ ਵਿਚ ਅਤੇ ਦਸਮ ਗ੍ਰੰਥ ਵਿਚ ਕਈ ਥਾਂ ਦੇਖਣ ਨੂੰ ਮਿਲਦਾ ਹੈ। ਵਿਆਕਰਨ ਦੇ ਵਾਕ ਤਿੰਨ ਕਾਲਾਂ ਵਿਚਕਾਰ ਘਿਰੇ ਹੋਏ ਹੁੰਦੇ ਹਨ। ਜਦੋਂ ਗੁਰੂ ਸਾਹਿਬਾਨ ਰੱਬ ਨੂੰ ਅਕਾਲ ਆਖਦੇ ਹਨ ਤਦ ਵਿਆਕਰਨ ਉਸਨੂੰ ਬਿਆਨ ਕਿਵੇਂ ਕਰੇਗੀ ? ਮੂਲ ਮੰਤਰ, ਸਿੱਖ ਦਰਸ਼ਨ ਅਤੇ ਗੁਰਮਤਿ ਦੀ ਬੁਨਿਆਦ ਹੈ। ਇਸ ਵਿਚ ਕੋਈ ਕ੍ਰਿਆ ਜਾਂ ਸਹਾਇਕ ਕ੍ਰਿਆ ਨਹੀਂ ਵਰਤੀ ਗਈ।

ਸਤਿ ਨੂੰ ਰੂਪਮਾਨ ਕਰਨ ਦੇ ਮਨੋਰਥ ਨਾਲ ਬਿਨਾ ਕੋਈ ਵਾਕ ਸਿਰਜਿਆਂ ਇਕ ਕਤਾਰ ਵਿਚ ਕੇਵਲ ਵਿਸ਼ੇਸ਼ਣ ਲਿਖ ਦਿੱਤੇ ਹਨ ਤੇ ਭਾਸ਼ਾ ਦੀ ਕਮਜ਼ੋਰੀ ਦਾ ਇਹ ਅਹਿਸਾਸ ਕਿ ਗਣਿਤ ਦਾ ਹਿੰਦਸਾ ਉਸਦੇ ਇੱਕ ਹੋਣ ਵਾਸਤੇ ਵਰਤਿਆ। ਗਣਿਤ ਦਾ ਹਿੰਦਸਾ ਕਿਸੇ ਹੋਰ ਧਰਮ ਗ੍ਰੰਥ ਵਿਚ ਵਰਤਿਆ ਗਿਆ ਹੋਵੇ, ਅਜਿਹਾ ਸਾਡੀ ਜਾਣਕਾਰੀ ਵਿਚ ਨਹੀਂ ਹੈ। ਸਾਹਿਤਕਾਰ ਭਾਸ਼ਾ ਨਾਲ ਖੇਡਾਂ ਖੇਡਦਾ ਹੈ ਪਰੰਤੂ ਗੁਰਬਾਣੀ ਸਤਿ ਦਾ ਪ੍ਰਗਟਾਵਾ ਵੀ ਹੈ, ਸਤਿ ਵੀ ਹੈ ਇਸ ਕਰਕੇ ਭਾਸ਼ਾਈ ਖੇਡਾਂ ਗ਼ਾਇਬ ਹਨ। ਰੱਸਲ ਦਾ ਇਹ ਕਥਨ ਸਾਡੇ ਲਈ ਮੁੱਲਵਾਨ ਹੈ, "ਦਰਸ਼ਨ ਵਿਚ ਸਤਿ ਵਿਆਪਕ ਹੈ। ਜਿਹੜਾ ਬੰਦਾ ਸਤਿ ਨਾਲ ਖੇਡਾਂ ਖੇਡਦਾ ਹੈ ਉਹ ਚਿੰਤਨ ਦਾ ਨੁਕਸਾਨ ਕਰਦਾ ਹੈ"।

ਭਰਥਰੀ ਹਰੀ ਨੇ ਸ਼ਬਦ-ਬ੍ਰਹਮ ਦਾ ਸਿਧਾਂਤ ਸਿਰਜਿਆ। ਬੋਧੀਆਂ ਨੇ ਕਿਹਾ ਕਿ ਸ਼ਬਦ ਬੇਕਾਰ ਚੀਜ਼ ਹੈ ਇਸ ਕਰਕੇ ਇਸ ਦੀ ਵਾਸਤਵਿਕਤਾ ਨੂੰ ਸਵੀਕਾਰ ਨਹੀਂ ਕੀਤਾ ਕਿਉਂਕਿ ਭਾਸ਼ਾ ਸਤਿ ਨੂੰ ਪ੍ਰਗਟ ਕਰਨ ਵਿਚ ਪੂਰੀ ਤਰਾਂ ਅਸਮਰਥ ਹੈ। ਬੋਧੀਆਂ ਨੂੰ ਪੁੱਛਿਆ ਗਿਆ ਕਿ "ਭਾਸ਼ਾ ਮਿਥਿਆ ਹੈ" ਤੁਹਾਡਾ ਇਹ ਕਥਨ ਕਿਵੇਂ ਸਹੀ ਹੋਇਆ ਕਿਉਂਕਿ ਇਹ ਵਾਕ ਵੀ ਕਿਸੇ ਭਾਸ਼ਾ ਦਾ ਵਾਕ ਹੈ। ਭਾਸ਼ਾ ਜੇ ਸਤ ਨਹੀਂ ਪ੍ਰਗਟ ਕਰ ਸਕਦੀ ਤਾਂ ਤੁਹਾਡਾ ਉਕਤ ਵਾਕ ਵੀ ਮੰਨਣਯੋਗ ਨਹੀਂ।

ਵਿਭਿੰਨ ਧੁਨੀਆਂ ਦਾ ਨਾਮ ਭਾਸ਼ਾ ਨਹੀਂ। ਇਹਨਾਂ ਧੁਨੀਆਂ ਦੇ ਸੰਜੋਗ ਤੋਂ ਬਣਨ ਵਾਲੇ ਸ਼ਬਦ ਅਤੇ ਸ਼ਬਦਾਂ ਤੋਂ ਬਣਨ ਵਾਲੇ ਵਾਕਾਂ ਦਾ ਕੋਈ ਅਰਥ ਹੋਣਾ ਚਾਹੀਦਾ ਹੈ। ਭਾਰਤੀ ਆਚਾਰੀਆਂ ਨੇ ਬਹੁਤ ਪਹਿਲਾਂ ਅਤੇ ਅਰਥ ਦੇ ਸਬੰਧਾਂ ਬਾਰੇ ਜਾਣ ਲਿਆ ਸੀ। ਲੌਕਿਕ ਸਾਹਿਤ ਵਿਚ ਅਰਥ ਮੰਜ਼ਿਲ ਹੈ ਨਾ ਕਿ ਸ਼ਬਦ। ਪਰੰਤੂ ਧਰਮ-ਗ੍ਰੰਥ ਵਿਚ ਅਰਥ ਨਹੀਂ, ਸ਼ਬਦ ਮੰਜ਼ਲ ਹੈ। ਨਾਮ ਸਿਮਰਨ ਦਾ ਅਰਥਾਂ ਨਾਲ ਕੋਈ ਸਬੰਧ ਨਹੀਂ। ਭਾਸ਼ਾ ਦਾ ਸਬੰਧ ਕਲਪਨਾ ਸ਼ਕਤੀ ਅਤੇ ਯਾਦਦਾਸ਼ਤ ਨਾਲ ਪੂਰਨ ਅਟੁੱਟ ਹੈ।

ਕਲਪਨਾ ਤੋਂ ਬਗ਼ੈਰ ਵਾਕ ਸੰਭਵ ਨਹੀਂ। ਵਾਕ ਤੋਂ ਪਹਿਲਾਂ ਵਾਕ ਦਾ ਵਿਚਾਰ ਹੈ ਤੇ ਵਾਕ, ਵਿਚਾਰ ਦਾ ਬੱਚਾ ਹੈ। ਜੇ ਯਾਦਦਾਸ਼ਤ ਨਹੀਂ ਤਦ ਇਸ ਬੱਚੇ ਦੀ ਮੌਤ ਯਕੀਨੀ ਹੈ। ਯਾਦਦਾਸ਼ਤ ਰਾਹੀਂ ਸ਼ਬਦ ਜੁੜ ਕੇ ਵਾਕ ਬਣਦੇ ਹਨ ਅਤੇ ਵਾਕਾਂ ਦਾ ਸਮੂਹ ਵਿਸ਼ੇਸ਼ ਪ੍ਰਸੰਗ ਸਿਰਜਦਾ ਹੈ। ਕਲਪਨਾ ਅਤੇ ਯਾਦ-ਸ਼ਕਤੀ ਲੇਖਕ/ਵਕਤਾ ਅਤੇ ਪਾਠਕ/ਸਰੋਤਾ ਦੋਹਾਂ ਲਈ ਲਾਜ਼ਮੀ ਹੈ। ਪਰੰਤੂ ਗੁਰੂ ਸਾਹਿਬਾਨ ਆਖਦੇ ਹਨ: ਜੋ ਕੁੱਝ ਯਾਦ ਕੀਤਾ ਹੋਇਆ ਹੈ ਉਹ ਭੁੱਲ ਜਾਓ ਅਤੇ ਤੁਹਾਡੀ ਕਲਪਨਾ ਕਮਜ਼ੋਰ ਅਤੇ ਬੇਕਾਰ ਹੈ, ਇਸ ਤੋਂ ਪਿੱਛਾ ਛੁਡਾਉ। ਜੇ ਭਾਂਡਾ ਖ਼ਾਲੀ ਨਹੀਂ ਕਰੋਗੇ ਤਦ ਇਸ ਵਿਚ ਸਤਿ ਨਹੀਂ ਪੈ ਸਕੇਗਾ। ਆਪਣੇ ਆਪ ਨੂੰ ਸੰਪੂਰਨ ਤੌਰ 'ਤੇ ਖ਼ਾਲੀ ਕਰੋਗੇ ਤਦ ਸੰਪੂਰਨਤਾ ਦੇ ਦੀਦਾਰ ਹੋਣਗੇ। ਇੱਥੇ ਗੁਰਬਾਣੀ ਦੀਆਂ ਪੰਕਤੀਆਂ ਇਸ ਕਰਕੇ ਦਰਜ ਨਹੀਂ ਕਰ ਰਿਹਾ ਕਿਉਂਕਿ ਅਨੇਕ ਸਥਾਨਾਂ ਤੇ ਇਹੋ ਜਿਹੇ ਹਵਾਲੇ ਅੰਕਿਤ ਹਨ ਤੇ ਪਾਠਕ ਭਲੀਭਾਂਤ ਵਾਕਫ਼ ਹਨ।

ਭਾਸ਼ਾ ਮਿਥਿਆ ਹੈ ਕਿ ਸਤਿ ਇਸ ਬਾਰੇ ਵੀ.ਐਨ. ਝਾਅ ਨੇ ਵਿਆਕਰਣੀਆਂ ਅਤੇ ਨਿਆਇਕਾਂ ਦੁਆਰਾ ਕੀਤੀ ਬਹੁਤ ਲੰਮੀ ਗੋਸ਼ਟੀ ਦਰਜ ਕੀਤੀ ਹੈ। ਨਿਆਇਕ ਆਖਦੇ ਹਨ ਕਿ ਵਾਕ ਤਦ ਸਮਝ ਆਏਗਾ ਜੇ ਸ਼ਬਦਾਂ ਦੇ ਬਾਹਰੀ ਅਰਥ ਪਤਾ ਹੋਣਗੇ। ਪਹਿਲੋਂ ਮੂਲ ਅਰਥ ਦੀ ਜਾਣਕਾਰੀ ਹੋਵੇਗੀ ਤਦ ਬੋਧਾਰਥ ਤੱਕ ਪੁੱਜਿਆ ਜਾ ਸਕੇਗਾ। ਵਿਆਕਰਨ ਵਾਲੇ ਉਦਾਹਰਨ ਦਿੰਦੇ ਹੋਏ ਜੋ ਆਖਦੇ ਹਨ ਦੋ ਵਾਕ ਸੁਣੋ:

1. ਘੜਾ ਹੈ।
2. ਘੜਾ ਨਹੀਂ ਹੈ।

ਜਦੋਂ ਸ਼ਬਦ 'ਘੜਾ' ਉਚਾਰਿਆ ਤਦ ਆਪਣੇ ਆਪ ਸਾਬਤ ਹੋ ਗਿਆ ਕਿ ਘੜੇ ਦੀ ਹੋਂਦ ਹੈ। ਜੇ ਘੜਾ ਨਾ ਹੁੰਦਾ ਤਦ ਸ਼ਬਦ 'ਘੜਾ' ਵੀ ਨਾ ਹੁੰਦਾ। ਫਿਰ ਇਸ ਨਾਲ 'ਹੈ' ਸ਼ਬਦ ਜੋੜਨ/ਲਿਖਣ ਦੀ ਕੀ ਤੁਕ ? ਦੂਜਾ ਵਾਕ ਹੈ "ਘੜਾ ਨਹੀਂ ਹੈ"। ਸ਼ਬਦ 'ਘੜਾ' ਉਚਾਰਿਆ ਤਾਂ ਸਾਬਤ ਹੋਇਆ ਕਿ ਘੜਾ ਹੈ, ਪਰ ਪਿੱਛੇ ਸ਼ਬਦ "ਨਹੀਂ ਹੈ" ਆ ਗਏ ਹਨ ਜੋ ਦੱਸਦੇ ਹਨ ਕਿ ਘੜੇ ਦੀ ਹੋਂਦ ਨਹੀਂ ਹੈ। ਇਹ ਤਾਂ ਆਪਾ ਵਿਰੋਧੀ ਗੱਲ ਹੋ ਗਈ। ਇਸ ਕਰਕੇ ਕਿਹਾ ਗਿਆ ਕਿ ਭਾਸ਼ਾ ਅਧੂਰੀ ਵੀ ਹੈ ਅਸਪਸ਼ਟ ਵੀ। ਨਿਆਇਕ ਆਖਦੇ ਹਨ ਕਿ ਸ਼ਬਦ "ਘੜਾ" ਵਾਸਤਵ ਵਿਚ ਕੋਈ ਵਸਤੂ ਨਹੀਂ, ਵਸਤੂ ਦਾ ਖ਼ਿਆਲ ਹੈ। ਇਸ ਖ਼ਿਆਲ ਦਾ ਪਦਾਰਥਕ ਰੂਪ ਇੱਥੇ ਮੌਜੂਦ ਹੈ ਕਿ ਨਹੀਂ ਇਸ ਵਾਸਤੇ ਕਿਰਿਆ ਅਤੇ ਸਹਾਇਕ ਕਿਰਿਆ ਲਗਾਈ ਜਾਂਦੀ ਹੈ। ਇਵੇਂ ਹੀ ਜਦੋਂ ਆਖਦੇ ਹਾਂ ਘੜਾ ਨਹੀਂ ਹੈ ਤਦ ਇਸ ਦਾ ਅਰਥ ਹੈ ਕਿ ਕਿਤੇ ਨਾ ਕਿਤੇ ਘੜਾ ਹੈ ਜ਼ਰੂਰ, ਪਰ ਜਿਸ ਵਿਸ਼ੇਸ਼ ਥਾਂ ਦਾ ਜ਼ਿਕਰ ਹੋ ਰਿਹਾ ਹੈ ਇਹ ਉੱਥੇ ਨਹੀਂ ਹੈ। ਮੰਨ ਲਓ ਕਿ ਸਾਰੇ ਸੰਸਾਰ ਵਿਚ ਘੜਾ ਕਿਤੇ ਨਹੀਂ, ਪਰ ਇਕ ਖ਼ਿਆਲ, ਇਕ ਸ਼ਬਦ ਹੈ ਤਾਂ ਘੜਾ ਬਣ ਜਾਵੇਗਾ, ਕੋਈ ਬਣਾ ਲਏਗਾ।

ਵਿਸ਼ਵ-ਰਚਨਾ ਬਾਰੇ ਇਹੀ ਪ੍ਰਸ਼ਨ ਸਾਹਮਣੇ ਆਏ। ਪਰਮਾਤਮਾ ਨੇ ਸ਼ਬਦ ਉਚਾਰਿਆ "ਭੂਹ", ਉਸੇ ਵਕਤ ਉਤਪਤੀ ਹੋ ਗਈ। ਨਿਆਇਕਾਂ ਨੇ ਕਿਹਾ ਸੀ ਕਿ ਅਭਿਧਾ ਤੋਂ ਬਿਨਾਂ ਲਖਣਾ ਨਹੀਂ ਹੁੰਦੀ। ਜਦੋਂ ਸ੍ਰਿਸ਼ਟੀ ਨਹੀਂ ਸੀ ਤਦ ਇਸਦੇ ਹੋਣ/ਬਣਾਉਣ ਦਾ ਖ਼ਿਆਲ ਕਿਵੇਂ ਪੈਦਾ ਹੋ ਗਿਆ। ਤੇ ਖ਼ਿਆਲ ਵੀ ਉਦੋਂ ਆ ਸਕਦਾ ਹੈ ਜਦੋਂ ਭਾਸ਼ਾ ਹੋਵੇ। ਸੁੰਨ ਅਵਸਥਾ ਵਿਚ ਭਾਸ਼ਾ ਨਹੀਂ ਸੀ ਤਦ ਵਿਚਾਰ ਕਿਵੇਂ ਆ ਗਿਆ ? ਜਦੋਂ ਭਾਸ਼ਾ ਨਹੀਂ ਸੀ ਤਦ ਸ਼ਬਦ "ਭੂਹ" ਕਿਥੋਂ ਆਇਆ ? ਵਿਆਕਰਣੀਆਂ ਨੇ ਕਿਹਾ ਕਿ ਬੋਧਾਰਥ ਸਮਝੇ ਬਗ਼ੈਰ ਇਹ ਸਮਝ ਵਿਚ ਨਹੀਂ ਆਏਗਾ।

ਨਿਆਇਕਾਂ ਨੇ ਕਿਹਾ ਕਿ ਸੁੰਨ ਅਵਸਥਾ ਵਿਚ ਕੀ ਸੀ ਉਸਦਾ ਸਾਨੂੰ ਪਤਾ ਨਹੀਂ ਪਰ ਰਚਨਹਾਰ ਨੂੰ ਉਦੋਂ ਵੀ ਸਭ ਪਤਾ ਸੀ। ਉਸਨੂੰ 'ਭੂਹ' ਸ਼ਬਦ ਦਾ ਵੀ ਪਤਾ ਸੀ ਕਿ ਕੀ ਸ੍ਰਿਸ਼ਟੀ-ਰਚਨਾ ਉਸਨੇ ਪਹਿਲੀ ਵਾਰ ਥੋੜਾ ਕੀਤੀ ਹੈ, ਉਹ ਅਨੇਕ ਵਾਰ ਸਿਰਜਣਾ ਅਤੇ ਅਨੇਕ ਵਾਰ ਵਿਨਾਸ਼ ਕਰ ਚੁੱਕਾ ਹੈ ਜਿਸ ਕਾਰਨ ਸਿਰਜਣਹਾਰ ਲਈ ਬੋਧਾਰਥ ਦੀ ਸਮੱਸਿਆ ਨਹੀਂ। ਬੋਧਾਰਥ ਸਾਡੇ ਵਾਸਤੇ ਉਪਯੋਗੀ ਹੈ ਕਿਉਂਕਿ ਸਾਡਾ ਗਿਆਨ ਅੰਸ਼ਿਕ ਹੈ ਜਦੋਂ ਕਿ ਪਰਮਸਤਿ ਗਿਆਨ-ਸਰੂਪ ਅਤੇ ਗਿਆਨ-ਸਰੋਤ ਹੈ।

ਧਰਮ-ਗ੍ਰੰਥ ਦੀ ਭਾਸ਼ਾ ਦੀਆਂ ਉਲਝਣਾਂ ਲੌਕਿਕ ਭਾਸ਼ਾ ਨਾਲੋਂ ਅਤਿਅੰਤ ਗੁੱਝੀਆਂ ਅਤੇ ਜਟਿਲ ਹਨ। ਸੰਸਾਰ ਨੂੰ ਸੰਕਲਪਾਂ ਬਗ਼ੈਰ ਨਹੀਂ ਸਮਝਿਆ ਜਾ ਸਕਦਾ ਤੇ ਹਰ ਨਵਾਂ ਸ਼ਬਦ ਨਵਾਂ ਸੰਕਲਪ ਹੈ। ਸੋ ਸੰਕਲਪ ਅਸੀਮ ਹੋ ਗਏ। ਇੱਥੇ ਹੀ ਬੱਸ ਨਹੀਂ। ਇੱਕੋ ਸ਼ਬਦ ਵੱਖ ਵੱਖ ਬੰਦਿਆਂ ਲਈ ਵੱਖ-ਵੱਖ ਮੂਰਤ ਲਈ ਬੈਠਾ ਹੈ। ਮੌਲਵੀ ਅਤੇ ਬ੍ਰਾਹਮਣ ਦੇ ਦਿਲ ਵਿਚਲੇ ਇੱਕੋ ਕਿਸਮ ਦੇ ਸ਼ਬਦਾਂ ਦੇ ਸੰਕਲਪ ਵਿਭਿੰਨ ਹਨ। ਸ਼ਰੱਈ ਅਤੇ ਸੂਫ਼ੀ ਦੇ ਸੰਕਲਪ ਇੰਨੇ ਵੱਖਰੇ, ਸਗੋਂ ਵਿਰੋਧੀ ਹੋ ਗਏ ਕਿ ਮਨਸੂਰ ਨੂੰ ਫਾਂਸੀ ਤੇ ਲਟਕਣਾ ਪਿਆ। ਸੰਸਾਰ ਵਿਚ ਵਿਚਰਦੇ ਹੋਏ ਸਾਡਾ ਸਾਹਮਣਾ ਆਪਾਵਿਰੋਧੀ ਸਥਿਤੀਆਂ ਨਾਲ ਹੁੰਦਾ ਰਹਿੰਦਾ ਹੈ। ਸਮਝ ਬੇਸਮਝੀ, ਸਹਿਮਤੀ ਅਸਹਿਮਤੀ, ਗਿਆਨ ਅਗਿਆਨ, ਚਾਨਣ ਹਨੇਰਾ, ਜੀਵਨ ਮੌਤ ਸਾਰੇ ਸਾਡੇ ਆਲ਼ੇ ਦੁਆਲੇ ਅਤੇ ਸਾਹਮਣੇ ਹਨ। ਪਰ ਧਰਮ ਗ੍ਰੰਥਾਂ ਵਿਚ ਕੇਵਲ ਚਾਨਣ ਹੈ, ਕੇਵਲ ਜੀਵਨ ਹੈ, ਕੇਵਲ ਸਥਿਰਤਾ ਅਡੋਲਤਾ, ਅਨੰਤੱਤਾ ਤੇ ਗਿਆਨ ਹੈ। ਤੇ ਇਹ ਸਾਰੇ ਸੰਕਲਪ ਜੀਵਨ, ਸਥਿਰਤਾ, ਅਨੰਤਤਾ ਤੇ ਗਿਆਨ ਆਦਿਕ ਵੀ ਵੱਖ ਵੱਖ ਨਹੀਂ। ਇੱਕੋ ਹਸਤੀ ਬਾਬਤ ਸਾਡੇ ਮਨ ਦੇ ਬੋਲ ਹਨ। ਲੌਕਿਕ ਗਿਆਨ ਅਨੁਸਾਰ ਕਿਸੇ ਵਸਤੂ ਦਾ ਇਕ ਭਾਗ ਉਸ ਵਸਤੂ ਜਿੱਡਾ ਨਹੀਂ ਹੋ ਸਕਦਾ। ਇਹ ਭੌਤਿਕ ਵਿਗਿਆਨ ਦਾ ਬੁਨਿਆਦੀ ਅਸੂਲ ਹੈ। ਪਰ ਧਰਮ ਗ੍ਰੰਥ ਆਖਦਾ ਹੈ ਕਿ ਪੂਰਨ ਦਾ ਅੰਸ਼ ਵੀ ਪੂਰਨ ਹੈ। ਈਸ਼ ਉਪਨਿਸ਼ਦ ਦੇ ਵਾਕ ਹਨ "ਸਭ ਪੂਰਨ ਹੈ। ਜੇ ਪੂਰਨ ਨੂੰ ਪੂਰਨ ਵਿਚ ਮਿਲਾ ਦੇਈਏ ਤਦ ਜੋ ਬਣਦਾ ਹੈ ਉਹ ਪੂਰਨ ਹੁੰਦਾ ਹੈ। ਪੂਰਨ ਵਿਚੋਂ ਪੂਰਨ ਨੂੰ ਜੇ ਘਟਾ ਦੇਈਏ ਤਦ ਜੋ ਬਚਦਾ ਹੈ ਉਹ ਪੂਰਨ ਹੁੰਦਾ ਹੈ।" ਮਨਸੂਰ ਦਾ ਅਨਅਲਹੱਕ, ਰਿਸ਼ੀਆਂ ਦਾ ਤਤ ਤ੍ਵੰ ਅਸਿ, ਅਹੰਬ੍ਰਹਮਾਸਮੀ ਤੇ ਬਾਈਬਲ ਦਾ ਇਹ ਕਥਨ, "ਪਿਤਾ ਵਾਂਗ ਸੰਪੂਰਨ ਹੋ ਜਾ", "ਨਵਾਂ ਮਨੁੱਖ ਬਣ", ਇੱਕੋ ਸਤਿ ਦਾ ਪਰੀਚੈ ਦਿੰਦੇ ਹਨ। ਸਾਰੇ ਧਰਮ-ਗ੍ਰੰਥ ਆਦੇਸ਼ ਦਿੰਦੇ ਹਨ, "ਆਪੇ ਨੂੰ ਜਾਣ"। ਇਹ ਵਾਕ ਅਜਿਹੀ ਪੌੜੀ ਹੈ ਕਿ ਜਿਹੜਾ ਇਸ ਉੱਪਰ ਚੜ ਗਿਆ ਉਹ ਦੇਖ ਲਵੇਗਾ ਕਿ "ਉਹੀ ਹਾਂ ਮੈਂ"। ਸੋ ਆਪਾ ਬ੍ਰਹਮ ਹੈ। ਆਪੇ ਨੂੰ ਜਾਣਨਾ ਬ੍ਰਹਮ ਨੂੰ ਜਾਣਨਾ ਤੇ ਬ੍ਰਹਮ ਹੋ ਜਾਣਾ ਹੈ। ਧਰਮ ਗ੍ਰੰਥ ਦੀ ਭਾਸ਼ਾ ਵਿਚ 'ਜਾਣਨਾ' ਮਾਇਨੇ 'ਹੋਣਾ' ਹੁੰਦਾ ਹੈ। ਆਪਣੇ ਆਪ ਨੂੰ ਜਾਣਨ ਦੇ ਹੁਕਮ ਤਾਂ ਬੋਧੀ ਅਤੇ ਜੈਨ ਅਨੀਸ਼ਵਰਵਾਦੀ ਮੱਤ ਵੀ ਦਿੰਦੇ ਹਨ। ਵੱਖ ਵੱਖ ਧਰਮਾਂ ਵਿਚ ਸਤਿ ਦੀ ਪਰਿਭਾਸ਼ਾ ਵਿਚ ਬੇਸ਼ੱਕ ਭਿੰਨਤਾਈਆਂ ਹਨ ਪਰ ਸਤਿ ਇਕ ਹੈ ਤੇ ਸਾਡੀ ਮੰਜ਼ਲ ਸਤਿ ਹੈ, ਸਤਿ ਦੀ ਪਰਿਭਾਸ਼ਾ ਨਹੀਂ। ਸਤਿ ਤਕ ਅੱਪੜ ਕੇ ਭਾਸ਼ਾ ਅਤੇ ਫ਼ਲਸਫ਼ਾ ਸਭ ਫ਼ਾਲਤੂ ਹੋ ਜਾਂਦੇ ਹਨ ਤੇ ਝੜ ਜਾਂਦੇ ਹਨ। ਵਿਟਜਨਸਟੀਨ ਆਖਦਾ ਹੈ, "ਛੱਤ ਉੱਪਰ ਅੱਪੜ ਕੇ ਪੌੜੀ ਸੁੱਟ ਦਿਓ ਕਿਉਂਕਿ ਛੱਤ ਉੱਪਰ ਹੋਰ ਕੋਈ ਛੱਤ ਨਹੀਂ ਹੈ ਤੇ ਹੇਠਾਂ ਉੱਤਰਨ ਦੀ ਲੋੜ ਨਹੀਂ ਪਵੇਗੀ।" ਬੁੱਧ ਆਖਦਾ ਹੈ, "ਦਰਿਆ ਦੇ ਦੂਜੇ ਕਿਨਾਰੇ ਤੇ ਪੁੱਜ ਗਏ ਹੋ ਤਾਂ ਕਿਸ਼ਤੀ ਉੱਥੇ ਛੱਡ ਜਾਓ। ਹੁਣ ਇਸ ਨੂੰ ਮੋਢਿਆਂ ਉੱਪਰ ਚੁੱਕੀ ਫਿਰਨ ਦਾ ਕੋਈ ਲਾਭ ਨਹੀਂ"। ਗੁਰਬਾਣੀ ਦਾ ਮਹਾਂਵਾਕ ਹੈ:

**ਫਲ ਕਾਰਨ ਫੂਲੀ ਬਨਰਾਇ।।**
**ਫਲੁ ਲਾਗਾ ਤਬ ਫੂਲੁ ਬਿਲਾਇ।।**
**ਗਿਆਨੈ ਕਾਰਨ ਕਰਮ ਅਭਿਆਸੁ।।**
**ਗਿਆਨ ਭਇਆ ਤਹ ਕਰਮਹ ਨਾਸ।।**
(**ਭੈਰਉ ਰਵਿਦਾਸ ਜੀ ਪੰਨਾ** 1167)

ਧਰਮ ਗ੍ਰੰਥ ਆਖਦਾ ਹੈ, ਜਿਸਨੂੰ ਪਿਆਰ ਕਰੇਂਗਾ ਉਹੀ ਹੋ ਜਾਏਂਗਾ। ਜੇ ਨਹੀਂ ਹੋਇਆ ਤਦ ਤੇਰਾ ਪਿਆਰ ਪੂਰਨ ਨਹੀਂ। ਮੁਸ਼ੱਕਤ ਅਤੇ ਬੰਦਗੀ ਸਭ ਵਿਅਰਥ ਹਨ ਜੇ ਤੂੰ ਸਤਿ ਬਣਿਆ ਨਹੀਂ। ਸੋ ਧਰਮ ਗ੍ਰੰਥ ਦੀ ਭਾਸ਼ਾ ਕੁੱਝ ਸਮਝਾਉਣ ਦੀ ਥਾਂ ਬਣਨ ਵੱਲ ਲਿਜਾਂਦੀ ਹੈ। ਧਰਮ ਉਦੋਂ ਤੱਕ ਗ੍ਰੰਥ ਵਿਚ ਕੈਦ ਹੈ ਜਦੋਂ ਤੱਕ ਮਨੁੱਖ ਕਰਮ ਖੇਤਰ ਵਿਚ ਨਹੀਂ ਆਉਂਦਾ, ਕਾਰਜਸ਼ੀਲ ਨਹੀਂ ਹੁੰਦਾ। ਧਰਮ ਦੀ ਭਾਸ਼ਾ ਵਿਸ਼ੇਸ਼ ਪ੍ਰਕਾਰ ਦੀਆਂ ਭਾਵਨਾਵਾਂ ਦਾ ਸਮੂਹ ਨਹੀਂ, ਪੂਰਾ ਜੀਵਨ ਹੈ, ਉਹ ਜੀਵਨ ਨਹੀਂ ਜਿਹੜਾ ਇਕ ਸਮੇਂ ਕਿਸੇ ਥਾਂ ਤੇ ਹੋਇਆ ਸੀ ਤੇ ਫਿਰ ਇਕ ਹੋਰ ਸਮੇਂ ਇਕ ਹੋਰ ਥਾਂ ਤੇ ਮੁੱਕ ਜਾਵੇਗਾ।

ਇਹ ਉਹ ਜੀਵਨ ਹੈ ਜਿਸਦਾ ਨਾਂ ਆਦਿ ਹੈ ਨਾ ਅੰਤ। ਗੀਤਾ ਜੇ ਕਿਤਾਬ ਵਿਚ ਪਿਆ ਸੰਦੇਸ਼ ਹੈ ਤਦ ਇਹ ਗੀਤਾ ਨਹੀਂ, ਆਮ ਕਿਤਾਬਾਂ ਵਰਗੀ ਕਿਤਾਬ ਹੈ। ਗੀਤਾ ਉਦੋਂ ਗੀਤਾ ਬਣਦੀ ਹੈ ਜਦੋਂ ਇਹ ਕਾਇਰ ਮਨੁੱਖ ਨੂੰ ਬਲਵਾਨ ਕਰਕੇ ਕਰਤੱਵ ਦੀ ਪਾਲਣਾ ਕਰਨ ਵਾਸਤੇ ਯੁੱਧ ਦੇ ਮੈਦਾਨ ਵਿਚ ਨਿਤਾਰਦੀ ਹੈ।

**ਬਾਕੀ ਸਫ਼ਾ 32 'ਤੇ**

# ਧਰਮ ਨਿਰਪੱਖਤਾ ਕਾਰਨ ਹੀ ਖੱਬੇ ਪੱਖੀ ਭਗਵੇਂ ਰਾਸ਼ਟਰਵਾਦੀਆਂ ਕੋਲੋਂ ਹਾਰੇ !

**✪ ਮਾਰਕਸ ਨੇ ਕਿਹਾ ਸੀ ਕਿ ਧਰਮ ਨਿਰਪੱਖਤਾ ਧਾਰਮਿਕ ਤੰਗ-ਨਜ਼ਰੀ ਨੂੰ ਦੂਰ ਨਹੀਂ ਕਰਦੀ ਬਲਕਿ ਧਰਮ ਨਿਰਪੱਖਤਾ ਤੋਂ ਛੁਟਕਾਰਾ ਪਾ ਕੇ ਹੀ ਧਾਰਮਿਕ ਤੰਗ-ਨਜ਼ਰੀ ਦੂਰ ਹੋ ਸਕਦੀ ਏ ✪ ਸਮਾਜ ਦੇ ਇਨਕਲਾਬ ਬਾਰੇ ਮਾਰਕਸ ਤੇ ਡਾਕਟਰ ਅੰਬੇਡਕਰ ਦੀ ਸਹੀ ਪਹੁੰਚ**



**- ਗੁਰਬਚਨ ਸਿੰਘ**

**9815698451**

'ਟੂਟੀ ਤੰਤੁ ਨ ਬਜੈ ਰਬਾਬੁ' ਦੇ ਅਨੁਵਾਨ ਹੇਠ ਸਵਰਾਜ ਬੀਰ ਨੇ 19 ਤੇ 20 ਅਗਸਤ ਦੀ 'ਪੰਜਾਬੀ ਟ੍ਰਿਬਿਊਨ' ਵਿਚ ਲਿਖੀ ਆਪਣੀ ਲਿਖਤ ਅੰਦਰ ਧਰਮ ਨਿਰਪੱਖਤਾ ਦੇ ਸੰਕਲਪ ਤੇ ਖੱਬੇ ਪੱਖੀ ਵਿਚਾਰਧਾਰਾ ਬਾਰੇ ਇਕ ਗੰਭੀਰ ਚਰਚਾ ਦੀ ਸ਼ੁਰੂਆਤ ਕੀਤੀ ਹੈ। ਅੰਗਰੇਜ਼ੀ ਮੀਡੀਏ ਵਿਚ ਯੋਗੇਂਦਰ ਯਾਦਵ ਤੇ ਪ੍ਰਤਾਪ ਭਾਨੂ ਮਹਿਤਾ ਵਿਚ ਛਿੜੀ ਬਹਿਸ ਨੂੰ ਆਧਾਰ ਬਣਾ ਕੇ ਉਸ ਨੇ ਇਸ ਚਰਚਾ ਦਾ ਆਗਾਜ਼ ਕੀਤਾ ਹੈ।

ਸਵਰਾਜ ਬੀਰ ਨੇ ਯੋਗੇਂਦਰ ਯਾਦਵ ਦੀਆਂ ਇਨਾਂ ਦਲੀਲਾਂ ਨੂੰ ਸਹੀ ਠਹਿਰਾਇਆ ਹੈ ਕਿ "ਅਯੁੱਧਿਆ ਵਿਚ ਅੱਜ (5 ਅਗਸਤ) ਦਾ ਸਮਾਗਮ ਧਾਰਮਿਕ ਜਾਂ ਪਾਵਨ ਰਹੁ-ਰੀਤ ਨਹੀਂ ਹੈ। ਇਹ ਸਪਸ਼ਟ ਤੌਰ ਉੱਤੇ ਸਿਆਸੀ ਸਮਾਗਮ ਹੈ। ਜਿੱਤ ਦਾ ਕਰਮਕਾਂਡ। ਇਹ ਸਮਾਗਮ ਰਾਜ-ਸੱਤਾ/ਤਾਕਤ ਦੀਆਂ ਕਈ ਪਰਤਾਂ ਦੇ ਮਿਲਾਪ ਦਾ ਪ੍ਰਤੀਕ ਹੈ। ਰਿਆਸਤ/ਸਟੇਟ ਦੀ ਤਾਕਤ, ਪ੍ਰਮੁੱਖ ਸਿਆਸੀ ਪਾਰਟੀ ਦੀ ਤਾਕਤ, ਬਹੁਗਿਣਤੀ ਫ਼ਿਰਕੇ ਦੀ ਕਰੂਰ/ਕਠੋਰ ਤਾਕਤ, ਆਧੁਨਿਕ ਮੀਡੀਏ ਦੀ ਤਾਕਤ ਅਤੇ ਧਾਰਮਿਕ ਸਤਾ ਦੀ ਤਾਕਤ।"

"ਇਸ ਜਿੱਤ ਦਾ ਸਿਹਰਾ ਹਿੰਦੂ ਰਾਸ਼ਟਰ ਦੇ ਆਗੂਆਂ ਸਿਰ ਨਹੀਂ ਬੱਝਣਾ ਚਾਹੀਦਾ। ਉਨਾਂ ਨੂੰ ਧਰਮ ਨਿਰਪੱਖ ਸਿਆਸਤ ਦੀ ਅਸਫਲਤਾ ਤੋਂ ਫ਼ਾਇਦਾ ਮਿਲਿਆ ਹੈ। ਧਰਮ ਨਿਰਪੱਖ ਸਿਆਸਤ ਦੇ ਪੈਰੋਕਾਰ ਇਸ ਹਾਰ ਲਈ ਜ਼ਿੰਮੇਵਾਰ ਹਨ।"

"ਧਰਮ ਨਿਰਪੱਖਤਾ ਦਾ ਸੰਕਲਪ ਇਸ ਕਰਕੇ ਹਾਰ ਗਿਆ, ਕਿਉਂਕਿ ਇਸ ਨੇ ਸਾਡੀਆਂ ਭਾਸ਼ਾਵਾਂ ਨੂੰ ਅਸਵੀਕਾਰ ਕੀਤਾ, ਕਿਉਂਕਿ ਇਹ ਸਾਡੀਆਂ ਰਵਾਇਤਾਂ ਦੀ ਭਾਸ਼ਾ ਸਿੱਖਣ ਵਿਚ ਅਸਫਲ ਰਿਹਾ, ਕਿਉਂਕਿ ਇਸ ਨੇ ਸਾਡੇ ਧਰਮਾਂ ਦੀ ਭਾਸ਼ਾ ਸਿੱਖਣ ਤੇ ਬੋਲਣ ਤੋਂ ਇਨਕਾਰ ਕੀਤਾ।"

ਸਵਰਾਜ ਬੀਰ ਯੋਗੇਂਦਰ ਯਾਦਵ ਦੀ ਉਕਤ ਦਲੀਲ ਨਾਲ ਅੰਸ਼ਕ ਸਹਿਮਤ ਹੁੰਦਿਆਂ ਟਿੱਪਣੀ ਕਰਦਾ ਹੈ, "ਨਿਸ਼ਚੇ ਹੀ ਧਰਮ ਨਿਰਪੱਖਤਾ ਦੇ ਪੈਰੋਕਾਰਾਂ ਨੂੰ ਦੇਸ ਦੀਆਂ ਧਾਰਮਿਕ ਤੇ ਸਭਿਆਚਾਰਕ ਰਵਾਇਤਾਂ ਤੋਂ ਕੁਝ ਸਿੱਖਣਾ ਚਾਹੀਦਾ ਸੀ ਅਤੇ ਉਨਾਂ ਨੇ ਸਿੱਖਿਆ ਵੀ ਪਰ ਉਸ ਸਿੱਖਣ ਤੇ ਬੋਲਣ ਵਿਚ ਧਰਮ ਦੀ ਭਾਸ਼ਾ ਜਾਂ ਧਾਰਮਿਕ ਭਾਸ਼ਾ ਵਿਚ ਬੋਲਣ ਤੋਂ ਕਿਸੇ ਹੱਦ ਤਕ ਪਰੇ ਹਟਣਾ, ਕੁਝ ਰਵਾਇਤਾਂ ਦਾ ਵਿਰੋਧ ਕਰਨਾ, ਕੁਝ ਨੂੰ ਅਸਵੀਕਾਰ ਕਰਨਾ ਨਿਹਿਤ ਹੈ।"

ਯਾਦਵ ਦੀ ਇਸ ਦਲੀਲ ਕਿ "ਧਰਮ ਨਿਰਪੱਖਤਾ ਦਾ ਸੰਕਲਪ ਇਸ ਲਈ ਹਾਰ ਗਿਆ ਕਿ ਇਸ ਦੇ ਹਾਮੀਆਂ ਨੇ ਹਿੰਦੂ ਧਰਮ ਦੀ ਨਵੀਂ ਵਿਆਖਿਆ ਕਰਨ ਦੀ ਥਾਂ ਹਿੰਦੂ ਧਰਮ ਦਾ ਮਖ਼ੌਲ ਉਡਾਇਆ," ਦਾ ਜੁਆਬ ਦਿੰਦਿਆਂ ਸਵਰਾਜ ਬੀਰ ਨੇ ਲਿਖਿਆ ਹੈ, "ਵਿਰੋਧ ਕਰਨ ਤੇ ਮਖ਼ੌਲ ਉਡਾਉਣ ਵਿਚਲੀ ਲੀਕ ਬਹੁਤ ਧੁੰਦਲੀ ਹੁੰਦੀ ਹੈ। ਜਦੋਂ ਕੋਈ ਵਿਅਕਤੀ ਕਿਸੇ ਵੀ ਧਰਮ, ਵਿਚਾਰਧਾਰਾ ਜਾਂ ਰਵਾਇਤ ਦਾ ਵਿਰੋਧ ਕਰਦਾ ਹੈ ਤਾਂ ਉਸ ਵਿਚਾਰਧਾਰਾ ਦੇ ਸ਼ਰਧਾਲੂਆਂ ਨੂੰ ਲਗਦਾ ਹੈ ਕਿ ਉਹ ਉਨਾਂ ਦੇ ਵਿਸ਼ਵਾਸਾਂ ਨਾਲ ਖਿਲਵਾੜ ਕਰ ਰਿਹਾ ਹੈ, ਉਨਾਂ ਦਾ ਮਖ਼ੌਲ ਉਡਾ ਰਿਹਾ ਹੈ।"

ਇਸ ਦੀ ਮਿਸਾਲ ਦੇਂਦਿਆਂ ਸਵਰਾਜ ਬੀਰ ਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਭਗਤ ਕਬੀਰ ਜੀ ਦੀਆਂ ਇਨਾਂ ਤੁਕਾਂ ਦਾ ਹਵਾਲਾ ਦਿੱਤਾ ਹੈ, "ਜੌ ਤੂ ਬ੍ਰਾਹਮਣ ਬ੍ਰਹਮਣੀ ਜਾਇਆ।। ਤਉ ਆਨ ਬਾਟ ਕਾਹੇ ਨਹੀਂ ਆਇਆ।।" ਭਾਵ ਜੇ ਤੂੰ ਬ੍ਰਾਹਮਣੀ ਦੁਆਰਾ ਪੈਦਾ ਹੋਇਆ ਪੁਤਰ ਬ੍ਰਾਹਮਣ ਹੈ ਜੋ ਆਪਣੇ ਆਪ ਨੂੰ ਸਭ ਤੋਂ ਵਖਰਾ ਦੱਸਦਾ ਹੈ ਤਾਂ ਤੂੰ ਕਿਸੇ ਹੋਰ ਜਨਮ-ਰਸਤੇ ਰਾਹੀਂ ਜਨਮ ਕਿਉਂ ਨਹੀਂ ਲਿਆ। ਇੱਥੇ ਕਬੀਰ ਜੀ ਬ੍ਰਾਹਮਣ ਦੇ ਜਾਤੀਵਾਦੀ ਹੰਕਾਰ ਉੱਤੇ ਵਿਅੰਗ ਕਸ ਰਹੇ ਹਨ। ਬ੍ਰਾਹਮਣ ਕਹਿ ਸਕਦੇ ਹਨ ਕਿ ਉਨਾਂ ਦਾ ਮਖ਼ੌਲ ਉਡਾਇਆ ਜਾ ਰਿਹਾ ਹੈ।"

ਕਬੀਰ ਜੀ ਦੀ ਬਾਣੀ ਦੇ ਕੁਝ ਹੋਰ ਹਵਾਲੇ ਦੇ ਕੇ ਸਵਰਾਜ ਲਿਖਦਾ ਹੈ, "ਇਹ ਦਲੀਲਾਂ ਲੋਕਾਂ ਦੀ ਬਹੁਗਿਣਤੀ ਨੂੰ ਨਾ 600 ਸਾਲ ਪਹਿਲਾਂ ਮਨਜ਼ੂਰ ਸਨ ਨਾ ਅੱਜ।" ਇੱਥੇ ਸਵਰਾਜ ਦੇ ਧਿਆਨ ਵਿਚ ਰੱਖਣ ਵਾਲੀ ਗਲ ਸਿਰਫ਼ ਏਨੀ ਹੈ ਕਿ ਨੁਕਤਾ ਇਹ ਨਹੀਂ ਕਿ ਇਹ ਦਲੀਲਾਂ ਲੋਕਾਂ ਨੂੰ ਮਨਜ਼ੂਰ ਹਨ ਜਾਂ ਨਹੀਂ, ਇੱਥੇ ਨੁਕਤਾ ਇਹ ਹੈ ਕਿ ਕੀ ਇਹ ਦਲੀਲਾਂ ਕੁਦਰਤੀ ਨੇਮਾਂ ਦੇ ਸੱਚ ਦੀ ਪੁਸ਼ਟੀ ਕਰਦੀਆਂ ਹਨ ਜਾਂ ਨਹੀਂ ?

### ਮਾਰਕਸ ਧਰਮ ਨਿਰਪੱਖਤਾ ਦਾ ਸਮਰਥਕ ਨਹੀਂ

ਚਰਚਾ ਨੂੰ ਅੱਗੇ ਤੋਰਨ ਤੋਂ ਪਹਿਲਾਂ ਇਹ ਗੱਲ ਸਪਸ਼ਟ ਹੋ ਜਾਣੀ ਚਾਹੀਦੀ ਹੈ ਕਿ ਧਰਮ ਨਿਰਪੱਖਤਾ ਦਾ ਸੰਕਲਪ ਖੱਬੇ ਪੱਖੀ ਜਾਂ ਮਾਰਕਸਵਾਦੀ ਸੰਕਲਪ ਨਹੀਂ ਹੈ ਬਲਕਿ ਉਦਾਰ ਪੂੰਜੀਵਾਦ ਤੇ ਹੁਣ ਨਵ-ਉਦਾਰ ਪੂੰਜੀਵਾਦ ਦਾ ਸੰਕਲਪ ਹੈ। ਕਾਰਲ ਮਾਰਕਸ ਧਰਮ ਨਿਰਪੱਖਤਾ ਦੇ ਸੰਕਲਪ ਨੂੰ ਐਨ ਮੁੱਢ ਵਿਚ ਹੀ ਨਕਾਰ ਕੇ ਅੱਗੇ ਤੁਰਿਆ ਹੈ। ਯਹੂਦੀ ਧਰਮ ਦੇ ਮਸਲੇ ਬਾਰੇ ਗੱਲ ਕਰਦਿਆਂ ਮਾਰਕਸ ਦਾ ਬੜਾ ਸਪਸ਼ਟ ਕਥਨ ਹੈ, "ਅਸੀਂ ਇਹ ਜ਼ੋਰ ਨਹੀਂ ਦੇਂਦੇ ਕਿ ਸ਼ਹਿਰੀ ਸਭਿਅਕ ਲੋਕ ਆਪਣੀ ਧਰਮ ਨਿਰਪੱਖਤਾ ਨੂੰ ਦਰਪੇਸ਼ ਮੁਸ਼ਕਲਾਂ ਤੋਂ ਛੁਟਕਾਰਾ ਪਾਉਣ ਵਾਸਤੇ ਆਪਣੀ ਧਾਰਮਿਕ ਤੰਗ-ਨਜ਼ਰੀ ਦੂਰ ਕਰਨ, ਅਸੀਂ ਜ਼ੋਰ ਦੇਂਦੇ ਹਾਂ ਕਿ ਇਕ ਵਾਰ ਜੇ ਉਹ ਆਪਣੀ ਧਰਮ ਨਿਰਪੱਖਤਾ ਤੋਂ ਛੁਟਕਾਰਾ ਪਾ ਲੈਣ ਤਾਂ ਉਹ ਆਪਣੀ ਧਾਰਮਿਕ ਤੰਗ-ਨਜ਼ਰੀ ਦੂਰ ਕਰ ਲੈਣਗੇ।"

### ਕੀ ਕਹਿੰਦਾ ਏ ਫ਼ਿਲਾਸਫ਼ਰ ਫਿਉਰਬਾਖ

ਆਪਣੇ ਤੋਂ ਪਹਿਲੇ ਭੌਤਿਕਵਾਦੀ ਫਿਲਾਸਫਰ ਫਿਉਰਬਾਖ ਨਾਲ ਧਰਮ ਨਿਰਪੱਖਤਾ ਬਾਰੇ ਚਰਚਾ ਕਰਦਿਆਂ ਉਸ ਦਾ ਕਹਿਣਾ ਹੈ, "ਫਿਊਰਬਾਖ ਧਾਰਮਿਕ ਸਵੈ-ਪਰਾਏਪਣ ਦੇ ਸੱਚ ਇਕ ਕਲਪਿਤ ਧਾਰਮਿਕ ਸੰਸਾਰ ਤੇ ਇਕ ਧਰਮ ਨਿਰਪੱਖ ਸੰਸਾਰ ਦੀ ਦੋਹਰੀ ਵੰਡ ਤੋਂ ਸ਼ੁਰੂ ਕਰਦਾ ਹੈ। ਉਸ ਦਾ ਕੰਮ ਧਾਰਮਿਕ ਸੰਸਾਰ ਨੂੰ ਧਰਮ ਨਿਰਪੱਖ ਸੰਸਾਰ ਵਿਚ ਬਦਲਣਾ ਹੈ। ਉਹ ਇਹ ਸੱਚ ਉੱਕਾ ਹੀ ਅਣਗੌਲਿਆ ਕਰ ਦੇਂਦਾ ਹੈ ਕਿ ਇਹ ਕੰਮ ਪੂਰਾ ਕਰਨ ਤੋਂ ਬਾਅਦ (ਕੁਦਰਤ ਅਤੇ ਮਨੁੱਖ ਦੇ ਆਪਸੀ ਅਨੁਭਵੀ ਰਿਸ਼ਤੇ ਨੂੰ ਸਪਸ਼ਟ) ਕਰਨ ਵਾਲਾ ਮੁੱਖ ਕੰਮ ਫਿਰ ਵੀ ਰਹਿ ਜਾਏਗਾ। ਇਸ ਕਰ ਕੇ ਕਿ ਧਰਮ ਨਿਰਪੱਖ ਸੰਸਾਰ ਆਪਣੇ-ਆਪ ਵਿਚ ਹੀ ਉੱਚਾ ਉੱਠ ਜਾਏਗਾ ਅਤੇ (ਭਰਮਾਊ) ਬਦਲਾਂ ਵਿਚ ਆਪਣੇ-ਆਪ ਨੂੰ ਇਕ ਆਜ਼ਾਦ ਹਸਤੀ ਵਜੋਂ ਸਥਾਪਤ ਕਰ ਲਏਗਾ, ਜਿਸ ਦੀ ਸਿਰਫ਼ ਧਰਮ ਨਿਰਪੱਖ ਸੰਸਾਰ ਦੇ ਅੰਦਰੂਨੀ ਵਿਰੋਧਾਂ ਤੇ ਗੁੰਝਲਦਾਰ ਵਿਰੋਧਤਾਈਆਂ ਦੇ ਆਧਾਰ ਉੱਤੇ ਹੀ ਵਿਆਖਿਆ ਕੀਤੀ ਜਾ ਸਕੇਗੀ। ਧਰਮ ਨਿਰਪੱਖਤਾ ਨੂੰ ਨਿਸ਼ਚਿਤ ਤੌਰ ਉੱਤੇ ਆਪਣੀਆਂ ਵਿਰੋਧ ਤਾਈਆਂ ਵਿਚੋਂ ਹੀ ਸਮਝਿਆ ਜਾ ਸਕੇਗਾ ਅਤੇ ਫਿਰ ਇਨਾਂ ਵਿਰੋਧ ਤਾਈਆਂ ਨੂੰ ਦੂਰ ਕਰ ਕੇ ਹੀ ਧਰਮ ਦਾ ਇਨਕਲਾਬੀਕਰਨ ਕੀਤਾ ਜਾ ਸਕੇਗਾ।"

### ਮਾਰਕਸ ਦਾ ਇਨਕਲਾਬ

ਕਾਰਲ ਮਾਰਕਸ ਧਰਮ ਨਿਰਪੱਖਤਾ ਦਾ ਕਿਤੇ ਵੀ ਪੱਖ ਨਹੀਂ ਪੂਰਦਾ ਸਗੋਂ ਉਹ ਇਸ ਨੂੰ ਮਨੁੱਖੀ ਸੋਚ ਅਤੇ ਸਮਾਜੀ ਚੇਤਨਾ ਵਿਚ ਹੋਰ ਉਲਝਣਾ ਪੈਦਾ ਕਰਨ ਵਾਲੇ ਇਕ ਵਰਤਾਰੇ ਵਜੋਂ ਵੇਖਦਾ ਹੈ। ਮਾਰਕਸ ਦਾ ਤਾਂ ਇੱਥੋਂ ਤੱਕ ਕਹਿਣਾ ਹੈ ਕਿ ਧਰਮ ਨਿਰਪੱਖਤਾ ਧਾਰਮਿਕ ਤੰਗ-ਨਜ਼ਰੀ ਨੂੰ ਦੂਰ ਨਹੀਂ ਕਰਦੀ ਬਲਕਿ ਧਰਮ ਨਿਰਪੱਖਤਾ ਤੋਂ ਛੁਟਕਾਰਾ ਪਾ ਕੇ ਹੀ ਧਾਰਮਿਕ ਤੰਗ-ਨਜ਼ਰੀ ਦੂਰ ਹੋ ਸਕਦੀ ਹੈ। ਧਰਮ ਨਿਰਪੱਖਤਾ ਦਾ ਸੰਕਲਪ ਐਨ ਉਸੇ ਤਰਾਂ ਹੈ ਜਿਵੇਂ ਮਾਰਕਸੀ ਭੌਤਿਕਵਾਦੀ ਦ੍ਰਿਸ਼ਟੀਕੋਣ ਦੇ ਸਪਸ਼ਟ ਹੋਣ ਤੋਂ ਬਾਅਦ ਵੀ ਨਾਸਤਿਕਤਾ ਦਾ ਮਰਿਆ ਸੱਪ ਕਮਿਊਨਿਸਟ ਲਹਿਰ ਦੇ ਗਲੇ ਪਾ ਦਿੱਤਾ ਗਿਆ ਹੈ, ਜਦੋਂ ਕਿ ਨਾਸਤਿਕਤਾ ਬਾਰੇ ਮਾਰਕਸ ਦਾ ਆਪਣਾ ਕਥਨ ਹੈ, "ਕਮਿਊਨਿਜ਼ਮ ਦੀ ਸ਼ੁਰੂਆਤ (ਓਵਨ ਤੋਂ) ਨਾਸਤਿਕਤਾ ਨਾਲ ਹੁੰਦੀ ਹੈ। ਨਾਸਤਿਕਤਾ ਪਹਿਲੀ ਨਜ਼ਰੇ ਹੀ ਕਮਿਊਨਿਜ਼ਮ ਤੋਂ ਦੂਰ ਹੈ। ਬੇਸ਼ੱਕ ਨਾਸਤਿਕਤਾ ਅਜੇ ਵੀ ਇਕ ਖ਼ਿਆਲੀ (ਕਲਪਿਤ) ਵਿਚਾਰ ਹੀ ਹੈ। ਇਕ ਨਾਸਤਿਕ ਮਨੁੱਖ ਦਾ ਪਰਉਪਕਾਰੀ ਜਜ਼ਬਾ ਪਹਿਲੀ ਨਜ਼ਰੇ ਹੀ ਦਾਰਸ਼ਨਿਕ ਹੈ, ਖ਼ਿਆਲੀ (ਕਲਪਿਤ) ਹੈ ਪਰ ਇਕ ਕਮਿਊਨਿਸਟ ਮਨੁੱਖ ਦਾ ਪਰਉਪਕਾਰੀ ਜਜ਼ਬਾ ਹਕੀਕੀ ਤੇ ਸਦਾ ਹਰਕਤਸ਼ੀਲ ਹੈ।" .... "ਮਨੁੱਖ ਤੇ ਕੁਦਰਤ ਦੇ ਕਲਪਿਤ ਰਿਸ਼ਤੇ ਦੀ ਹੋਂਦ ਤੋਂ ਇਨਕਾਰੀ ਹੋਣ ਵਜੋਂ ਹੁਣ ਨਾਸਤਿਕਤਾ ਦਾ ਕੋਈ ਅਰਥ ਨਹੀਂ ਰਹਿ ਜਾਂਦਾ, ਕਿਉਂਕਿ ਨਾਸਤਿਕਤਾ ਰੱਬ ਤੋਂ ਇਨਕਾਰੀ ਹੋਣਾ ਹੈ ਅਤੇ ਇਹ ਮਨੁੱਖੀ ਹੋਂਦ ਦੀ ਧਾਰਨਾ ਰੱਬ ਤੋਂ ਇਨਕਾਰੀ ਹੋਣ ਵਜੋਂ ਬਣਾਉਂਦੀ ਹੈ। ਪਰ ਸਮਾਜਵਾਦ ਨੂੰ ਸਮਾਜਵਾਦ ਦੇ ਤੌਰ ਉੱਤੇ ਹੁਣ ਅਜਿਹੀ ਕਿਸੇ ਵਿਚੋਲਗਿਰੀ ਦੀ ਲੋੜ ਨਹੀਂ। ਇਹ ਮਨੁੱਖ ਦੀ ਸਿਧਾਂਤਕ ਅਤੇ ਅਮਲੀ (ਇੰਦ੍ਰਿਆਵੀ) ਅਨੁਭਵੀ ਚੇਤਨਾ ਤੇ ਕੁਦਰਤ ਦੀ ਇਸ ਦੇ ਤੱਤ ਵਜੋਂ ਹੋਂਦ ਤੋਂ ਆਰੰਭ ਕਰਦਾ ਹੈ।" (ਸਵਰਾਜ ਬੀਰ ਵੱਲੋਂ ਸ਼ਹੀਦ ਭਗਤ ਸਿੰਘ ਦੇ ਨਾਸਤਿਕਤਾ ਬਾਰੇ ਦਿੱਤੇ ਗਏ ਹਵਾਲੇ ਦੇ ਪ੍ਰਸੰਗ ਵਿਚ)

ਯੋਗੇਂਦਰ ਯਾਦਵ ਦੇ ਇਸ ਕਥਨ ਕਿ "ਧਰਮ ਨਿਰਪੱਖਤਾ ਦਾ ਸੰਕਲਪ ਇਸ ਕਰਕੇ ਹਾਰ ਗਿਆ ਕਿਉਂਕਿ ਇਸ ਨੇ ਸਾਡੀਆਂ ਭਾਸ਼ਾਵਾਂ ਨੂੰ ਅਸਵੀਕਾਰ ਕੀਤਾ, ਕਿਉਂਕਿ ਇਹ ਸਾਡੀਆਂ ਰਵਾਇਤਾਂ ਦੀ ਭਾਸ਼ਾ ਸਿੱਖਣ ਵਿਚ ਅਸਫਲ ਰਿਹਾ, ਕਿਉਂਕਿ ਇਸ ਨੇ ਸਾਡੇ ਧਰਮਾਂ ਦੀ ਭਾਸ਼ਾ ਸਿੱਖਣ ਤੇ ਬੋਲਣ ਤੋਂ ਇਨਕਾਰ ਕੀਤਾ," ਬਾਰੇ ਸਵਰਾਜ ਬੀਰ ਦੀ ਟਿੱਪਣੀ ਹੈ, "ਇਹ ਸੁਆਲ ਏਨੇ ਸਿੱਧੇ ਤਰੀਕੇ ਨਾਲ ਪੁੱਛਿਆ ਗਿਆ ਹੈ ਜਿਵੇਂ ਇਹ ਬਹੁਤ ਆਸਾਨ ਕੰਮ ਹੋਵੇ।"

### ਪੱਛਮੀ ਬੌਧਿਕਤਾ ਦਾ ਸ਼ਿਕਾਰ ਸਵਰਾਜਬੀਰ

ਦਰਅਸਲ ਸਵਰਾਜ ਬੀਰ ਨੂੰ ਏਨੀ ਕੀਮਤ ਤਾਰ ਕੇ ਵੀ ਅਜੇ ਜੇ ਇਹ ਸੁਆਲ ਔਖਾ ਲਗ ਰਿਹਾ ਹੈ ਤਾਂ ਇਸ ਦਾ ਕਾਰਨ ਫਿਰ ਇਹੀ ਹੈ ਕਿ ਉਹ ਅਜੇ ਵੀ ਇਸ ਸੁਆਲ ਨੂੰ ਪੱਛਮੀ ਬੌਧਿਕਤਾ ਦੇ ਚੌਖਟੇ ਵਿਚੋਂ ਹੀ ਵੇਖ ਰਿਹਾ ਹੈ। ਜੇ ਉਹ ਇਸ ਸੁਆਲ ਨੂੰ ਵੈਦਿਕ ਫ਼ਿਲਾਸਫ਼ੀ ਦੇ ਚੌਖਟੇ ਵਿਚੋਂ ਵੇਖੇ ਤਾਂ ਉਸ ਨੂੰ ਇਸ ਸੁਆਲ ਦੀ ਬੜੀ ਛੇਤੀ ਸਮਝ ਆ ਸਕਦੀ ਹੈ। ਇੱਥੇ ਇਹ ਵੀ ਸਪਸ਼ਟ ਕਰਨ ਦੀ ਲੋੜ ਹੈ ਕਿ ਵੈਦਿਕ ਫ਼ਿਲਾਸਫ਼ੀ ਨਿਰੋਲ ਬ੍ਰਾਹਮਣੀ ਵਿਚਾਰਧਾਰਾ ਨਹੀਂ ਹੈ।

ਸਵਰਾਜ ਬੀਰ ਨੇ ਬਾਬਾ ਸਾਹਿਬ ਅੰਬੇਡਕਰ ਦੀ ਇਕ ਮਸ਼ਹੂਰ ਲਿਖਤ ਜਾਤਪਾਤ ਦਾ ਬੀਜ ਨਾਸ ਦਾ ਹਵਾਲਾ ਦਿੱਤਾ ਹੈ। ਇਸ ਹਵਾਲੇ ਅਨੁਸਾਰ ਬਾਬਾ ਸਾਹਿਬ ਦਾ ਕਥਨ ਹੈ, "ਮੈਨੂੰ ਬਹੁਤ ਤਸੱਲੀ ਹੋਵੇਗੀ, ਜੇ ਮੈਂ ਹਿੰਦੂਆਂ ਨੂੰ ਇਹ ਮਹਿਸੂਸ ਕਰਵਾ ਸਕਾਂ ਕਿ ਉਹ ਭਾਰਤ ਦੇ ਬਿਮਾਰ ਲੋਕ ਹਨ ਅਤੇ ਉਨਾਂ ਦੀ ਬਿਮਾਰੀ ਬਾਕੀ ਦੇ ਹਿੰਦੁਸਤਾਨੀਆਂ ਦੀ ਸਿਹਤ ਅਤੇ ਖ਼ੁਸ਼ੀ ਲਈ ਖ਼ਤਰਾ ਹੈ।" ਸਵਰਾਜ ਬੀਰ ਲਿਖਦਾ ਹੈ ਕਿ "ਹਿੰਦੂ ਧਰਮ ਵਿਚਲੇ ਜਾਤੀਵਾਦ ਦੀ ਲੋਹ-ਜਕੜ ਤੋਂ ਅੰਬੇਡਕਰ ਏਨਾ ਨਿਰਾਸ਼ ਹੋਇਆ ਕਿ ਉਸ ਨੇ ਹਿੰਦੂ ਧਰਮ ਨੂੰ ਛੱਡ ਕੇ ਬੁੱਧ ਧਰਮ ਦੀ ਸ਼ਰਨ ਲਈ।"

### ਡਾਕਟਰ ਅੰਬੇਡਕਰ ਦੀ ਹਿੰਦੂ ਧਰਮ ਬਾਰੇ ਸਹੀ ਪਹੁੰਚ

ਬੇਸ਼ੱਕ ਇਹ ਬਾਬਾ ਸਾਹਿਬ ਦੀ ਸੋਚ ਦਾ ਇਕ ਪੱਖ ਹੈ। ਬਾਬਾ ਸਾਹਿਬ ਦੀ ਫ਼ਿਲਾਸਫ਼ੀ ਦਾ ਇਕ ਹੋਰ ਪੱਖ ਵੀ ਹੈ। ਬਾਬਾ ਸਾਹਿਬ ਨੇ ਵੈਦਿਕ ਫ਼ਿਲਾਸਫ਼ੀ ਦੀ ਭਰਵੀਂ ਪੁਣਛਾਣ ਕਰ ਕੇ ਸਾਡੇ ਗਿਆਨ ਵਿਚ ਮੌਲਿਕ ਵਾਧਾ ਕੀਤਾ ਹੈ। ਉਨਾਂ ਨੇ ਵੈਦਿਕ ਫ਼ਿਲਾਸਫ਼ੀ ਦੀਆਂ ਭੌਤਿਕਵਾਦੀ ਤੇ ਆਦਰਸ਼ਵਾਦੀ ਦੋ ਧਾਰਾਵਾਂ ਵਿਚਾਲੇ ਸਪਸ਼ਟ ਨਿਖੇੜਾ ਕੀਤਾ ਹੈ। ਇਹ ਨਿਖੇੜਾ ਸਾਨੂੰ ਬ੍ਰਾਹਮਣਵਾਦ ਦੀ ਮਨ-ਕਲਪਿਤ ਘਾੜਤ ਬ੍ਰਹਮਾ ਦੀ ਜੜ ਤਕ ਪਹੁੰਚਣ ਵਿਚ ਸਹਾਇਤਾ ਕਰਦਾ ਹੈ। ਬਾਬਾ ਸਾਹਿਬ ਦੇ ਆਪਣੇ ਕਥਨ ਅਨੁਸਾਰ, "ਭਾਵੇਂ ਹਿੰਦੂ ਧਰਮ ਅਤੇ ਹਿੰਦੂ ਫ਼ਿਲਾਸਫ਼ੀ ਦੀ ਸੋਚ ਭਾਈਚਾਰੇ ਦੇ ਸਿਧਾਂਤ ਤੋਂ ਅਣਜਾਣ ਹੈ ਪਰ ਹਿੰਦੂ ਧਰਮ ਅਤੇ ਹਿੰਦੂ ਫ਼ਿਲਾਸਫ਼ੀ ਦੀ ਸੋਚ ਨੇ ਇਕ ਅਜਿਹੇ ਸੰਕਲਪ ਨੂੰ ਜਨਮ ਦਿੱਤਾ ਹੈ, ਜਿਸ ਦੀਆ ਸਮਾਜੀ ਜਮਹੂਰੀਅਤ ਲਈ ਭਾਈਚਾਰੇ ਦੇ ਸਿਧਾਂਤ ਨਾਲੋਂ ਵੀ ਕਿਤੇ ਵਧ ਸੰਭਾਵਨਾਵਾਂ ਹਨ। ਇਹ ਸੰਕਲਪ ਬ੍ਰਹਮਵਾਦ ਦਾ ਸਿਧਾਂਤ ਹੈ। ਇਹ ਮੰਨਣਾ ਅਤੇ ਅਹਿਸਾਸ ਕਰਨਾ ਕਿ ਤੁਸੀਂ ਅਤੇ ਮੈਂ ਸਾਰੇ ਇੱਕੋ ਹੀ ਬ੍ਰਹਮ ਦਾ ਅੰਸ਼ ਹਾਂ ਤਾਂ ਇਹ ਜਮਹੂਰੀਅਤ ਤੋਂ ਸਿਵਾਏ ਕਿਸੇ ਹੋਰ ਸਿਧਾਂਤ ਵਾਸਤੇ ਕੋਈ ਥਾਂ ਹੀ ਨਹੀਂ ਛੱਡਦਾ। ਇਹ ਸੋਚ ਜਮਹੂਰੀਅਤ ਦਾ ਸਿਰਫ਼ ਪ੍ਰਚਾਰ ਹੀ ਨਹੀਂ ਕਰਦੀ ਸਗੋਂ ਜਮਹੂਰੀਅਤ ਨੂੰ ਸਾਰਿਆਂ ਦੀ ਜ਼ਿੰਮੇਵਾਰੀ ਬਣਾ ਦੇਂਦੀ ਹੈ। ਜਮਹੂਰੀਅਤ ਨੂੰ ਮਨੁੱਖ ਦੀ ਲੋੜ ਬਣਾ ਦੇਂਦੀ ਹੈ।"

ਬਾਬਾ ਸਾਹਿਬ ਨੇ ਲਿਖਿਆ ਹੈ, "ਜੇ ਕੋਈ ਪੁੱਛੇ ਕਿ ਇਹ ਬ੍ਰਹਮਵਾਦ ਕੀ ਹੈ ਤਾਂ ਇਹ ਹੈਰਾਨੀਜਨਕ ਨਹੀਂ ਹੋਵੇਗਾ। ਕਿਉਂਕਿ ਹਿੰਦੂਆਂ ਲਈ ਵੀ ਇਹ ਨਵਾਂ ਸਿਧਾਂਤ ਹੈ। ਹਿੰਦੂ ਵੇਦਾਂਤ ਤੋਂ ਜਾਣੂ ਹਨ, ਉਹ ਬ੍ਰਾਹਮਣਵਾਦ ਤੋਂ ਜਾਣੂ ਹਨ ਪਰ ਨਿਸ਼ਚਿਤ ਤੌਰ ਉੱਤੇ ਉਹ ਬ੍ਰਹਮਵਾਦ ਤੋਂ ਜਾਣੂ ਨਹੀਂ ਹਨ। ਬ੍ਰਹਮਵਾਦ ਦੇ ਤੱਤ ਨੂੰ ਇਕ ਧਾਰਨਾ ਵਿਚ ਪੇਸ਼ ਕੀਤਾ ਜਾ ਸਕਦਾ ਹੈ ਕਿ ਸਾਡੇ ਆਲੇ-ਦੁਆਲੇ ਦਿਸ ਰਿਹਾ ਸਗਲ ਪਸਾਰਾ ਬ੍ਰਹਮ ਹੈ।"

ਇਸੇ ਆਧਾਰ ਉੱਤੇ ਬਾਬਾ ਸਾਹਿਬ ਨੇ ਪੱਛਮੀ ਤਰਜ਼ ਦੀ ਪ੍ਰਚਲਿਤ ਜਮਹੂਰੀਅਤ ਦੀ ਆਲੋਚਨਾ ਕੀਤੀ ਹੈ, "ਪੱਛਮੀ ਤਰਜ਼ ਦੀ ਜਮਹੂਰੀਅਤ ਦਾ ਆਧਾਰ ਇਹ ਹੈ ਕਿ ਅਸੀਂ ਸਾਰੇ ਪਰਮਾਤਮਾ (ਗਾਡ) ਦੇ ਬੱਚੇ ਹਾਂ। ਇਹ ਵਿਚਾਰ ਜਮਹੂਰੀਅਤ ਦੀ ਬੜੀ ਕਮਜ਼ੋਰ ਬੁਨਿਆਦ ਹੈ। ਇਹੀ ਕਾਰਨ ਹੈ ਕਿ ਜਿੱਥੇ ਕਿਤੇ ਵੀ (ਪੱਛਮੀ ਤਰਜ਼ ਦੀ) ਜਮਹੂਰੀਅਤ ਦੀ ਸਿਰਜਣਾ ਹੋਈ ਹੈ, ਉੱਥੇ ਹੀ ਇਹ ਇਸ ਕਮਜ਼ੋਰ ਬੁਨਿਆਦ ਉੱਤੇ ਖੜੀ ਹੈ।

(ਚਲਦਾ...)





# Gary Singh
## FOR UNION CITY CITY COUNCIL

### ENDORSEMENTS

Congressmen Eric Swalwell
Alameda County Accessor Fong La
City Councilmember Pat Gacoscos
City Councilmember Jaime Patino
Former City Council Member Jim Navarro
School Board Member Linda Canlas
School Board Member Lance Nishihira
School Board Member Sharan Kaur
School Board Member Jeff Wang
School Board Member Sarabjit Cheema

garypsingh@sbcglobal.net
(510) 861-4783
1275 Atlantic St., Union City, CA 94587

# Gary Singh,
## The Voice of Small Business

### ACCOMPLISHMENTS

- Urged the city manager in 2018 to conduct an audit management study to ensure optimal efficiency in all departments of the city.
- Consistently voted for business growth to increase revenue and prevent unreasonable tax increases.
- Collaborated with the police department and city leaders to strategically tackle crime resulting in a 20% reduction.
- Shown necessary leadership by working with others to maintain standards of excellence in our city.
- As the President of Daily Bowl, I provided the less fortunate with essential needs.

### PRIORITIES

- Promoting the economic development and employment retention.
- Maintaining growth and development.
- Bringing new jobs to the community.
- Invest in public safety services.
- Build more affordable work force housing.

PAID FOR BY GARY SINGH FOR CITY COUNCIL 2020. FPPC #1425084

# RE - ELECT for City Council
# Gary Singh
## THE VOICE OF SMALL BUSINESS

*Gary Singh is a Union City small business owner and an advocate for other small businesses in our community.*



FOR MORE INFORMATIONS ABOUT GARY SINGH, PLEASE VISIT HIS WEBSITE:
Gary-SinghForCityCouncil.com

**On November 3, Remember to VOTE for**
**Gary Singh for Union City, City Council!**

# ALL STATE HOMES



**GURDIP KAUR**
REAL ESTATE AGENT
&
MOBILE NOTARY PUBLIC

CALDRE. #02032641

EMAIL: realtorgurdip@gmail.com

PO BOX 231992
SACRAMENTO 95823

**916-695-0035, 916-603-4437**

# Website Design & Development

→ ਛੋਟੇ/ਵੱਡੇ ਬਿਜ਼ਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
→ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

### SERVICES

- ✔ WEB DEVELOPMENT
- ✔ WEB DESIGNING
- ✔ WEB RE-DESIGN
- ✔ LOGO DESIGN
- ✔ SEO SERVICES
- ✔ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

# ਕਿਤਿਓਂ ਰਾਵਣ ਨੂੰ ਹੀ ਲੱਭ ਲਿਆਓ



- ਡਾ. ਹਰਸ਼ਿੰਦਰ ਕੌਰ, ਐਮ. ਡੀ.

ਰਾਵਣ ਬਾਰੇ ਇਹ ਮਸ਼ਹੂਰ ਹੈ ਕਿ ਉਸ ਨੇ ਸੀਤਾ ਨੂੰ ਚੁੱਕਿਆ ਅਤੇ ਕੈਦ ਕਰ ਕੇ ਰੱਖਿਆ। ਕੈਦ ਵਿਚ ਵੀ ਸੀਤਾ ਦੀ ਮਾਨ ਮਰਿਆਦਾ ਦਾ ਖ਼ਿਆਲ ਰੱਖਦਿਆਂ ਉਸ ਦੀ ਮਰਜ਼ੀ ਤੋਂ ਬਗ਼ੈਰ ਉਸ ਨੂੰ ਹੱਥ ਵੀ ਨਹੀਂ ਲਾਇਆ।

ਦੂਜੇ ਪਾਸੇ ਪਤੀ ਭਗਵਾਨ ਰਾਮ ਵੱਲੋਂ ਇੱਕ ਧੋਬੀ ਦੇ ਕਹਿਣ ਉੱਤੇ ਸੀਤਾ ਨੂੰ ਅਗਨ ਪ੍ਰੀਖਿਆ ਵੱਲ ਧੱਕ ਦਿੱਤਾ ਗਿਆ। ਵੱਡੀ ਗਿਣਤੀ ਭਾਰਤੀ ਮਰਦ ਆਪਣੇ ਆਪ ਨੂੰ ਰਾਮ ਭਗਤ ਮੰਨਦਿਆਂ ਸਿਰਫ਼ ਇਹੀ ਇਕ ਨੁਕਤਾ ਯਾਦ ਰੱਖ ਕੇ ਆਪਣੀ ਪਤਨੀ ਕੋਲੋਂ ਜੀ ਹਜ਼ੂਰੀ ਤਾਂ ਕਰਵਾਉਂਦੇ ਹੀ ਹਨ, ਆਪਣੀ ਚੌਧਰ ਵੀ ਮਰਦ ਪ੍ਰਧਾਨ ਸਮਾਜ ਵਿਚ ਜਤਾਉਂਦੇ ਹਨ, ਪਰ ਪਤਨੀ ਦੀ ਗ਼ਲਤੀ ਹੋਵੇ ਜਾਂ ਨਾ, ਸ਼ੱਕ ਦੇ ਆਧਾਰ ਉੱਤੇ ਹੀ ਉਸ ਵਿਚ ਕਸੂਰ ਕੱਢ ਕੇ ਅਗਨ ਪ੍ਰੀਖਿਆ ਲਈ ਸਮਾਜ ਦੇ ਹਵਾਲੇ ਕਰ ਦਿੰਦੇ ਹਨ। ਸਮਾਜ ਵੀ ਬੇਰਹਿਮ ਧੋਬੀ ਵਾਂਗ 100 ਫ਼ੀਸਦੀ ਗ਼ਲਤੀ ਔਰਤ ਦੀ ਹੀ ਕੱਢਦਾ ਹੈ ਭਾਵੇਂ ਬਾਲੜੀ ਦਾ ਹੀ ਬਲਾਤਕਾਰ ਕਿਉਂ ਨਾ ਹੋ ਗਿਆ ਹੋਵੇ।

ਇਹੀ ਕਾਰਨ ਹੈ ਕਿ ਮਰਦ ਪ੍ਰਧਾਨ ਸਮਾਜ ਔਰਤ ਨੂੰ ਹੋਰ ਦਬਾਉਂਦਾ, ਸੀਤਾ ਵਾਂਗ ਉਸ ਨੂੰ ਸਭ ਕੁੱਝ ਸਹਿ ਜਾਣ ਉੱਤੇ ਮਜਬੂਰ ਕਰਦਾ ਹੋਇਆ ਔਰਤ ਜ਼ਾਤ ਉੱਤੇ ਵੱਧ ਜ਼ੁਲਮ ਕਰਦਾ ਜਾਂਦਾ ਹੈ।

ਕੀ ਕਦੇ ਕਿਸੇ ਨੇ ਔਰਤ ਨੂੰ ਪੁੱਛਣਾ ਚਾਹਿਆ ਹੈ ਕਿ ਉਸ ਵਿੱਚ ਰਾਮ ਦੀ ਪੂਜਾ ਕਰਨ ਵਾਲੇ ਦੀ ਸ਼ਰਨ ਵਿਚ ਘਰੇਲੂ ਹਿੰਸਾ, ਬਲਾਤਕਾਰ ਜਾਂ ਲਗਾਤਾਰ ਮਾਰ ਕੁਟਾਈ ਸਹਿਣ ਦੀ ਹੋਰ ਹਿੰਮਤ ਬਚੀ ਹੈ ਜਾਂ ਉਹ ਰਾਵਣ ਵਰਗੇ ਕੋਲ ਸੁਰੱਖਿਅਤ ਮਹਿਸੂਸ ਕਰਦੀ ਹੈ ਜਿੱਥੇ ਉਸ ਦੇ ਅਰਮਾਨਾਂ ਦਾ ਸੰਘ ਨਹੀਂ ਘੋਟਿਆ ਜਾਂਦਾ ਅਤੇ ਉਸ ਦੀਆਂ ਇੱਛਾਵਾਂ ਵਿਰੁੱਧ ਕੁੱਝ ਵੀ ਨਹੀਂ ਕੀਤਾ ਜਾਂਦਾ?

ਮੇਰੇ ਇਨਾਂ ਕੌੜੇ ਸ਼ਬਦਾਂ ਪਿੱਛੇ ਕਾਰਨ ਕੀ ਹੈ, ਉਹ ਅਗਲੀ ਖ਼ਬਰ ਪੜਨ ਬਾਅਦ ਸੌਖਿਆਂ ਸਮਝ ਆ ਜਾਵੇਗੀ।

ਘਟਨਾ ਤਹਿਜ਼ੀਬ ਵਾਲਿਆਂ ਦੇ ਸੂਬੇ ਲਖਨਊ ਦੀ ਹੈ ਜਿੱਥੇ 'ਪਹਿਲੇ ਆਪ' 'ਪਹਿਲੇ ਆਪ' ਕਰਦਿਆਂ ਲੋਕਾਂ ਦੇ ਮੂੰਹ ਸੁੱਕ ਜਾਂਦੇ ਹਨ। ਲਖੀਮਪੁਰ ਖੇੜੀ ਜ਼ਿਲੇ ਵਿਚ ਪੁਲਿਸ ਵਾਲਿਆਂ ਨੇ ਦੋ ਬੰਦਿਆਂ ਨੂੰ ਥਾਣੇ ਵਿਚ ਫੜ ਕੇ ਰੱਖਿਆ। ਕਾਰਨ ? ਉਨਾਂ ਨੇ ਇੱਕ 13 ਸਾਲਾਂ ਦੀ ਬੱਚੀ ਨੂੰ ਸਵੇਰੇ ਖੇਤਾਂ ਵਿਚ ਜਾਂਦੀ ਨੂੰ ਘੇਰ ਲਿਆ ਤੇ ਸਮੂਹਕ ਬਲਾਤਕਾਰ ਕੀਤਾ। ਜਦੋਂ ਬੱਚੀ ਨੇ ਚੀਕਣਾ ਚਾਹਿਆ ਤਾਂ ਉਸ ਦਾ ਗਲ਼ਾ ਘੁੱਟ ਦਿੱਤਾ। ਫੇਰ ਵੀ ਉਸ ਦੀ ਹਲਕੀ ਗੱਲਾ ਨਿਕਲਣੀ ਬੰਦ ਨਾ ਹੋਈ ਤਾਂ ਤੇਜ਼ਧਾਰ ਹਥਿਆਰ ਨਾਲ ਜ਼ਬਾਨ ਵੱਢ ਦਿੱਤੀ। ਲਹੂ ਦੀਆਂ ਧਤੀਰੀਆਂ ਨਿਕਲ ਪਈਆਂ। ਆਵਾਜ਼ ਬੰਦ ਹੋ ਗਈ ਤਾਂ ਦੁਬਾਰਾ ਜਬਰ-ਜ਼ਿਨਾਹ ਕੀਤਾ। ਉਸ ਦੀਆਂ ਹੰਝੂ ਕੇਰਦੀਆਂ ਅੱਖਾਂ ਉਨਾਂ ਤੋਂ ਬਰਦਾਸ਼ਤ ਨਹੀਂ ਸੀ ਹੋ ਰਹੀਆਂ। ਇਸ ਲਈ ਚਾਕੂ ਨਾਲ ਦੋਵੇਂ ਅੱਖਾਂ ਵੀ ਕੱਢ ਦਿੱਤੀਆਂ। ਜਦੋਂ ਰੱਜ ਪੈ ਗਿਆ ਤਾਂ ਗਲ਼ਾ ਘੁੱਟ ਕੇ ਮਾਰ ਮੁਕਾ ਦਿੱਤਾ ਤੇ ਨਿਰਵਸਤਰ ਗੱਲਾ ਨੂੰ ਗੰਨੇ ਦੇ ਖੇਤ ਵਿਚ ਸੁੱਟ ਕੇ ਮੁੱਛਾਂ ਨੂੰ ਤਾਅ ਦਿੰਦੇ ਭੱਜ ਗਏ।

ਜਦੋਂ ਦੁਪਹਿਰ ਤੱਕ ਬੱਚੀ ਨਾ ਮੁੜੀ ਤਾਂ ਪਿਤਾ ਦੀ ਸ਼ਿਕਾਇਤ ਉੱਤੇ ਡੀ.ਐੱਸ.ਪੀ. ਅਭਿਸ਼ੇਕ ਪ੍ਰਤਾਪ ਨੇ ਇਨਾਂ ਦੋਵਾਂ ਨੂੰ ਫੜ ਲਿਆ।

ਹੱਦ ਤਾਂ ਇਹ ਹੈ ਕਿ ਆਜ਼ਾਦੀ ਦੇ ਜਸ਼ਨਾਂ ਤੋਂ ਇੱਕ ਦਿਨ ਪਹਿਲਾਂ ਯਾਨੀ 14 ਅਗਸਤ 2020 ਦੀ ਇਸ ਘਟਨਾ ਵਿਚ ਦਲਿਤ ਨਾਬਾਲਗ ਬੱਚੀ ਨਾਲ ਹੋਈ ਦਰਿੰਦਗੀ ਬਾਰੇ ਮਰਿਆਦਾ ਪੁਰਸ਼ ਭਗਵਾਨ ਰਾਮ ਨੂੰ ਮੰਨਣ ਵਾਲੇ ਇਸ ਮੁਲਕ ਵਿਚ ਹਾਹਾਕਾਰ ਕਿਉਂ ਨਹੀਂ ਮਚੀ? ਕੀ ਉਹ ਨਾਬਾਲਗ ਬੱਚੀ ਦੇ ਨੁਕਸ ਲੱਭਣ ਵਿਚ ਸਮਾਂ ਲਾ ਰਹੇ ਹਨ? ਉਹ ਇਕੱਲੀ ਖੇਤ ਵਿਚ ਕਿਉਂ ਗਈ? ਉਹ ਦਲਿਤ ਸੀ! ਉਸ ਦਾ ਸੂਟ ਘਸਿਆ ਹੋਇਆ ਕਿਉਂ ਸੀ? ਉਹ ਚੀਕੀ ਕਿਉਂ? ਉਸ ਨੇ ਬਲਾਤਕਾਰ ਵਿਚ ਮਜ਼ਾ ਕਿਉਂ ਨਾ ਲਿਆ? ਅੱਖਾਂ 'ਚੋਂ ਹੰਝੂ ਕਿਉਂ ਡੇਗੇ?

ਹਾਲੇ ਹੋਰ ਬਥੇਰੇ ਸਵਾਲਾਂ ਦੇ ਜਵਾਬ ਬਾਕੀ ਹਨ। ਇਸੇ ਲਈ ਲੋਕਾਂ ਨੇ ਚੁੱਪ ਚੁਪੀਤੇ ਖ਼ਬਰ ਪੜ ਕੇ ਪਾਸੇ ਰੱਖ ਦਿੱਤੀ ਤੇ ਆਜ਼ਾਦੀ ਦੇ ਜਸ਼ਨਾਂ ਵਿਚ ਰੁੱਝ ਗਏ।

ਕੀ ਹੁਣ ਮਰਿਆਦਾ ਪੁਰਸ਼ ਨੂੰ ਮੰਨਣ ਵਾਲੇ ਨਾਬਾਲਗ ਬੱਚੀਆਂ ਦੇ ਉਧਾਲੇ ਤੇ ਕਤਲ ਨੂੰ ਜਾਇਜ਼ ਕਰਾਰ ਦੇਣਗੇ? ਕੀ ਦਲਿਤ ਹੋਣਾ ਏਨਾ ਭਾਰੀ ਗੁਨਾਹ ਹੈ ਕਿ ਮੰਦਰ ਵਿਚ ਤਾਂ ਵੜਨ ਦੀ ਇਜਾਜ਼ਤ ਨਹੀਂ ਜਿੱਥੇ ਰੱਬ ਵੱਸਦਾ ਹੈ, ਪਰ ਉਸੇ ਦਲਿਤ ਦੀ ਇੱਜ਼ਤ ਤਾਰ ਤਾਰ ਕਰਨ ਲੱਗਿਆਂ ਉੱਚੀ ਜਾਤ ਅੜਿੱਕਾ ਨਹੀਂ ਬਣਦੀ? ਉਦੋਂ ਧਰਮ ਭ੍ਰਿਸ਼ਟ ਕਿਉਂ ਨਹੀਂ ਹੁੰਦਾ? ਕਿਉਂ ਉੱਚੀ ਜਾਤ ਵਾਲੇ ਦਲਿਤ ਬੱਚੀ ਦਾ ਸਰੀਰ ਹੰਢਾਉਣ ਲੱਗਿਆਂ ਭਿੱਟ ਨਹੀਂ ਜਾਂਦੇ?

ਕੀ ਅਜਿਹੀ ਬੱਚੀ ਲਈ ਰਾਵਣ ਬਿਹਤਰ ਨਹੀਂ ਹੋਵੇਗਾ ਜੋ ਉਸ ਦੀ ਇੱਜ਼ਤ ਉੱਤੇ ਕਦੇ ਹੱਥ ਨਾ ਪਾਵੇ?

ਹੁਣ ਇੱਕ ਹੋਰ ਖ਼ਬਰ ਵੱਲ ਧਿਆਨ ਕਰੋ। ਪੰਜਾਬ ਕੇਸਰੀ ਟੈਲੀਵਿਜ਼ਨ ਵਿਚ ਰਿਪੋਰਟ ਕੀਤੀ ਗਈ ਇਹ ਘਟਨਾ ਅਜਿਹੀ ਹੈ ਜਿਸ ਤੋਂ ਬਾਅਦ ਬਹੁਤਾ ਕੁੱਝ ਦੱਸਣ ਨੂੰ ਰਹਿ ਨਹੀਂ ਜਾਂਦਾ। ਗੱਲ ਦਿੱਲੀ ਦੀਆਂ ਉਨਾਂ ਗਲੀਆਂ ਦੀ ਹੈ ਜਿਨਾਂ ਨੇ ਨਿਹੱਥੇ ਸਿੱਖਾਂ ਉੱਤੇ ਦੰਗਾਈਆਂ ਵੱਲੋਂ ਕੀਤੇ ਹੱਲੇ ਵੇਖੇ ਅਤੇ ਅਨੇਕ ਸਿੱਖ ਬੱਚੀਆਂ ਦੇ ਸਮੂਹਕ ਬਲਾਤਕਾਰ ਹੁੰਦੇ ਵੇਖੇ। ਭਾਰਤ ਦੀ 'ਰੇਪ ਕੈਪੀਟਲ' ਵਜੋਂ ਜਾਣੀ ਜਾਂਦੀ ਦਿੱਲੀ ਦੀ ਗੀਤਾ ਕਾਲੋਨੀ ਵਿਚ ਇਕ ਨਾਬਾਲਗ ਬੱਚੀ ਨੂੰ ਪੁਲ ਹੇਠਾਂ ਨਿਰਵਸਤਰ ਖੜੀ ਨੂੰ ਵੇਖ ਕੇ ਇੱਕ ਸਿੱਖ ਨੌਜਵਾਨ ਸੁਰਿੰਦਰ ਸਿੰਘ, ਜੋ ਸਾਈਕਲ ਉੱਤੇ ਲੰਘਦਾ ਜਾ ਰਿਹਾ ਸੀ, ਰੁਕ ਗਿਆ। ਬੱਚੀ ਨੇ ਕੰਬਦੇ ਹੱਥਾਂ ਨਾਲ ਉਸ ਨੂੰ ਹੇਠਾਂ ਆਉਣ ਦਾ ਇਸ਼ਾਰਾ ਕੀਤਾ। ਜਿਉਂ ਹੀ ਸੁਰਿੰਦਰ ਸਿੰਘ ਪੁਲ ਹੇਠਾਂ ਉੱਤਰਿਆ ਤਾਂ ਚਾਰ ਮੁਸ਼ਟੰਡੇ 'ਓਏ ਸਿਖੜੇ ਯੇ ਹਮਾਰਾ ਸ਼ਿਕਾਰ ਹੈ' ਕਹਿ ਕੇ ਉਸ ਉੱਪਰ ਟੁੱਟ ਕੇ ਪੈ ਗਏ। ਸਭ ਨੂੰ ਘਸੁੰਨ ਮਾਰ ਪਰਾਂ ਕਰ ਸਭ ਤੋਂ ਪਹਿਲਾਂ ਉਸ ਨੇ ਬੱਚੀ ਨੂੰ ਆਪਣੀ ਕਮੀਜ਼ ਪਾਉਣ ਨੂੰ ਫੜਾ ਦਿੱਤੀ। ਫੇਰ ਪੁਲਿਸ ਨੂੰ ਬੁਲਾਇਆ। ਦੋ ਪੁਲਿਸ ਵਾਲੇ ਪਹੁੰਚੇ ਤਾਂ ਪਰਾਂ ਕਮਰੇ ਅੰਦਰੋਂ ਆਵਾਜ਼ਾਂ ਆ ਰਹੀਆਂ ਸਨ। ਪੁਲਿਸ ਵਾਲੇ ਡਰ ਕੇ ਪਿਛਾਂਹ ਹੋ ਗਏ ਕਿ ਰਾਈਫ਼ਲ ਲੈ ਕੇ ਆਵਾਂਗੇ, ਪਰ ਸੁਰਿੰਦਰ ਸਿੰਘ ਨੇ ਡਾਂਗ ਚੁੱਕ ਕੇ ਕਮਰੇ ਅੰਦਰ ਹੱਲਾ ਬੋਲ ਕੇ ਦੋ ਹੋਰ ਲੁਕੇ ਹੋਏ ਬਲਾਤਕਾਰੀਆਂ ਨੂੰ ਫੜ ਲਿਆ। ਫੇਰ ਪੀ.ਸੀ.ਆਰ. ਵੈਨ ਰਾਹੀਂ ਬੱਚੀ ਨੂੰ ਪਹਿਲਾਂ ਘਰ ਪਹੁੰਚਾਇਆ, ਫੇਰ ਸੁਰਿੰਦਰ ਸਿੰਘ ਆਪ ਮੁੜਿਆ।

ਇਹ ਖ਼ਬਰ ਸੁਣ ਕੇ ਦੋ ਗੱਲਾਂ ਇਤਿਹਾਸ ਵਿੱਚੋਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ। ਪਹਿਲੀ, ਕਾਬਲ, ਈਰਾਨ ਤੇ ਬਸਰੇ ਵੱਲੋਂ ਆਏ ਹਮਲਾਵਰਾਂ ਵੱਲੋਂ ਹਿੰਦੂ ਧੀਆਂ ਨੂੰ ਚੁੱਕ ਕੇ ਲਿਜਾਉਣ ਲੱਗਿਆਂ ਉਸ ਸਮੇਂ ਦੀਆਂ ਕੂਕਾਂ ਜੋ ਦਰਜ ਹਨ-'ਮੋੜੀਂ ਬਾਬਾ ਕੱਛ ਵਾਲਿਆਂ, ਰੰਨ ਬਸਰੇ ਨੂੰ ਗਈ' ਰਾਹੀਂ ਬੇਟੀਆਂ ਸਿੱਖਾਂ ਅੱਗੇ ਹਾੜੇ ਕੱਢਦੀਆਂ ਸਨ ਕਿ ਉਨਾਂ ਨੂੰ ਬਚਾਉਣ ਲਈ ਅੱਗੇ ਆਓ। ਸਿੱਖ ਅੱਗੇ ਆਏ ਤੇ ਉਨਾਂ ਨੂੰ ਬਚਾਉਣ ਲਈ ਆਪਣੀਆਂ ਜਾਨਾਂ ਵੀ ਵਾਰੀਆਂ।

ਦੂਜੀ ਇਤਿਹਾਸਕ ਗੱਲ ਇਹ ਹੈ ਕਿ ਏਸੇ ਦਿੱਲੀ ਵਿਚ ਸਿੱਖਾਂ ਦੀਆਂ ਧੀਆਂ ਦੀ ਪੱਤ ਰੋਲਣ ਲਈ ਦੰਗਾਈ 'ਹਰ ਹਰ ਮਹਾਦੇਵ' ਦੇ ਨਾਅਰੇ ਲਾਉਂਦਿਆਂ ਇਹ ਵੀ ਚੀਕਦੇ ਰਹੇ-'ਫ਼ੂਕ ਦੋ ਸਰਦਾਰੋ ਕੋ, ਦੇਸ ਕੇ ਗੱਦਾਰੋਂ ਕੋ।'

ਮੈਂ ਇਸ ਲੇਖ ਰਾਹੀਂ ਕੋਈ ਧਾਰਮਿਕ ਪਾੜ ਵਧਾਉਣ ਦੀ ਕੋਸ਼ਿਸ਼ ਨਹੀਂ ਕਰ ਰਹੀ। ਬੜੀ ਡੂੰਘੀ ਸਾਜ਼ਿਸ਼ ਬਾਰੇ ਚੇਤੰਨ ਕਰ ਰਹੀ ਹਾਂ। ਆਮ ਲੋਕਾਂ ਦੀਆਂ ਧੀਆਂ ਭੈਣਾਂ ਦੀ ਪੱਤ ਰੋਲਣ ਲਈ ਧਾਰਮਿਕ ਭਾਵਨਾਵਾਂ ਉਜਾਗਰ ਕਰ ਕੇ ਗੁੰਡੇ ਕਿਸੇ ਧਰਮ ਨੂੰ ਮੰਨਣ ਵਾਲਿਆਂ ਦੀਆਂ ਧੀਆਂ ਨੂੰ ਬਖ਼ਸ਼ ਨਹੀਂ ਰਹੇ। ਹਿੰਦੂ, ਸਿੱਖ , ਮੁਸਲਮਾਨ ਜਾਂ ਈਸਾਈ ਧਰਮ ਕਦੇ ਦੂਜਿਆਂ ਦੀਆਂ ਧੀਆਂ ਭੈਣਾਂ ਦੀ ਪੱਤ ਰੋਲਣ ਦੀ ਗੱਲ ਨਹੀਂ ਕਰਦੇ।

ਪੱਤ ਲੁੱਟਣ ਵਾਲੇ 'ਹਰ ਹਰ ਮਹਾਦੇਵ' ਜਾਂ 'ਅੱਲਾ ਹੂ ਅਕਬਰ' ਦੇ ਨਾਅਰੇ ਲਾ ਕੇ ਸਿਰਫ਼ ਆਮ ਲੋਕਾਂ ਵਿਚ ਧਾਰਮਿਕ ਪਾੜ ਪਾ ਕੇ, ਮਨਾਂ ਵਿਚ ਦੂਰੀਆਂ ਵਧਾ ਕੇ, ਕਿਸੇ ਦੀ ਵੀ ਧੀ ਦੀ ਪਤ ਰੋਲ ਕੇ ਹੋਰ ਸ਼ਿਕਾਰ ਭਾਲਣ ਵਿਚ ਜੁਟ ਜਾਂਦੇ ਹਨ। ਇਨਾਂ ਗੁੰਡਾ ਅਨਸਰਾਂ ਦਾ ਧਰਮ ਨਾਲ ਦੂਰ ਦੂਰ ਤੱਕ ਕੋਈ ਨਾਤਾ ਨਹੀਂ ਹੁੰਦਾ।

ਸਿੱਖ ਧਰਮ ਵਿਚ ਦੂਜਿਆਂ ਦੀਆਂ ਧੀਆਂ ਭੈਣਾਂ ਦੀ ਪੱਤ ਬਚਾਉਣ ਅਤੇ ਉਨਾਂ ਨੂੰ ਆਪਣੀਆਂ ਧੀਆਂ ਵਾਂਗ ਸਮਝਣ ਬਾਰੇ ਕਿਹਾ ਗਿਆ ਹੈ। ਇਹੀ ਕਾਰਨ ਹੈ ਕਿ ਕਿਸੇ ਵੀ ਮੁਲਕ ਦੀ ਧੀ ਕਿਸੇ ਦਸਤਾਰਧਾਰੀ ਕੋਲ ਇਕੱਲੀ ਖੜੀ ਸੁਰੱਖਿਅਤ ਮਹਿਸੂਸ ਕਰਦੀ ਹੈ। ਆਮ ਹਿੰਦੂ ਟੱਬਰ ਸਿੱਖਾਂ ਨੂੰ ਵੱਢਣ ਨੂੰ ਨਹੀਂ ਫਿਰਦੇ। ਪੰਜਾਬੀ ਮੁਸਲਮਾਨ ਵੀ ਸਿੱਖਾਂ ਦਾ ਪਾਕਿਸਤਾਨ ਵਿਚ ਦਿਲ ਖੋਲ ਕੇ ਸੁਆਗਤ ਕਰਦੇ ਹਨ।

ਸਿਆਸਤਦਾਨਾਂ ਦੇ ਪਾਲੇ ਗੁੰਡੇ ਅਨਸਰਾਂ ਤੋਂ ਅਸੀਂ ਕਦੇ ਤਾਂ ਬਚ ਕੇ ਆਪੋ ਵਿਚਲਾ ਪਿਆਰ ਬਹਾਲ ਕਰਾਂਗੇ। ਸਾਂਝੇ ਹੋ ਕੇ, ਹਿੰਦੂ, ਸਿੱਖ, ਮੁਸਲਮਾਨ ਦਾ ਵਿਤਕਰਾ ਛੱਡ ਕੇ ਸਾਂਝੀਆਂ ਧੀਆਂ ਮੰਨ ਕੇ ਰਹਾਂਗੇ ਤਾਂ ਇਨਾਂ ਗੁੰਡਾ ਅਨਸਰਾਂ ਦੀ ਜੁਰਅਤ ਨਹੀਂ ਹੋਵੇਗੀ ਕਿ ਸਾਡੀਆਂ ਧੀਆਂ ਵੱਲ ਝਾਕ ਸਕਣ।

ਮੈਂ ਸ਼ੁਰੂ ਵਾਲੀ ਗੱਲ ਫਿਰ ਦੁਹਰਾਉਣਾ ਚਾਹੁੰਦੀ ਹਾਂ ਕਿ ਸਾਨੂੰ ਅੱਜ ਦੇ ਦਿਨ ਹਵਸੀ ਕੁੱਤਿਆਂ ਦੀ ਥਾਂ, ਜੋ ਧਰਮ ਦੀ ਆੜ ਹੇਠ ਬਲਾਤਕਾਰ ਕਰਦੇ ਜਾ ਰਹੇ ਹਨ, ਰਾਵਣਾਂ ਦੀ ਲੋੜ ਭਾਸਦੀ ਹੈ ਜੋ ਧੀ ਚੁੱਕੇ ਜਾਣ ਉੱਤੇ ਵੀ ਉਸ ਦੀ ਇੱਜ਼ਤ ਉੱਤੇ ਹੱਥ ਨਾ ਪਾਉਣ ਬਲਕਿ ਉਸ ਦੀ ਮਾਣ ਮਰਿਆਦਾ ਦਾ ਪੂਰਾ ਖ਼ਿਆਲ ਰੱਖਣ! ਜੇ ਨਹੀਂ ਤਾਂ 'ਬਾਬੇ ਕੱਛ ਵਾਲਿਆਂ' ਦੀ ਸਖ਼ਤ ਲੋੜ ਹੈ ਜੋ ਹਰ ਧਰਮ ਵਾਲਿਆਂ ਦੀ ਧੀ ਨੂੰ ਆਪਣਾ ਮੰਨ ਕੇ, ਜਾਨ ਜੋਖ਼ਮ ਵਿਚ ਪਾ ਕੇ ਉਸ ਦੀ ਰਾਖੀ ਕਰਨ ਲਈ ਤਤਪਰ ਰਹਿੰਦੇ ਹਨ।

ਆਖ਼ਰੀ ਸਵਾਲ ਇਹ ਹੈ ਕਿ ਜੇ ਕਿਸੇ ਨੂੰ ਸਾਰੀ ਗੱਲ ਸਮਝ ਆ ਗਈ ਹੋਵੇ ਤਾਂ ਝੱਟ ਪਤਾ ਲਾਇਆ ਜਾ ਸਕਦਾ ਹੈ ਕਿ ਕੌਣ ਕੁਰਾਨ, ਗੀਤਾ ਜਾਂ ਗੁਰੂ ਗ੍ਰੰਥ ਸਾਹਿਬ ਸਾੜ ਰਹੇ ਹਨ ਤੇ ਕੌਣ ਧਾਰਮਿਕ ਥਾਵਾਂ ਸਾੜ ਕੇ ਗਾਂ ਦੀਆਂ ਪੂਛਾਂ ਸੁੱਟ ਰਹੇ ਹਨ! ਜਾਗ ਜਾਓ! ਹਾਲੇ ਵੀ ਵੇਲਾ ਹੈ।

ਜੇ ਨਹੀਂ ਤਾਂ ਧਾਰਮਿਕ ਦੰਗੇ ਜੋ ਸ਼ੁਰੂ ਹੋਣਗੇ, ਉਸ ਦੀ ਆੜ ਹੇਠ ਹੋਰ ਕਿੰਨੀਆਂ ਧੀਆਂ ਦੀ ਪੱਤ ਲੁੱਟੀ ਜਾਏਗੀ, ਇਹ ਗਿਣਤੀ ਹੁਣੇ ਤੋਂ ਕਰਨੀ ਸ਼ੁਰੂ ਕਰ ਦਿਓ!

**ਬੱਚਿਆਂ ਦੀ ਮਾਹਿਰ**, 28,
**ਪ੍ਰੀਤ ਨਗਰ, ਲੋਅਰ ਮਾਲ ਪਟਿਆਲਾ।**
**0175-2216783**

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)




• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**




# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਪਛੜੀਆਂ ਜਾਤੀਆਂ ਦੀ ਵੱਡੀ ਨੁਮਾਇੰਦਗੀ ਭਾਜਪਾ ਕੋਲ

## ਪਛੜੀ ਲੀਡਰਸ਼ਿਪ ਦਾ ਆਧਾਰ ਖੁੱਸਿਆ

**- ਅਭੈ ਕੁਮਾਰ**

ਅਗਸਤ ਦਾ ਮਹੀਨਾ ਹੁੰਮਸ, ਗਰਮੀ ਅਤੇ ਬਾਰਸ਼ ਦੇ ਮਿਲੇ-ਜੁਲੇ ਮੌਸਮ ਲਈ ਜਾਣਿਆ ਜਾਂਦਾ ਹੈ ਪਰ ਆਧੁਨਿਕ ਭਾਰਤ ਦੇ ਇਤਿਹਾਸ ਵਿਚ ਇਸ ਮਹੀਨੇ ਦਾ ਰਾਜਨੀਤਕ ਮਹੱਤਵ ਹਮੇਸ਼ਾ ਬਹੁਤ ਜ਼ਿਆਦਾ ਰਿਹਾ ਹੈ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਇਸੇ ਮਹੀਨੇ 9 ਅਗਸਤ, 1942 ਵਿਚ 'ਭਾਰਤ ਛੱਡੋ ਅੰਦੋਲਨ' ਦੀ ਸ਼ੁਰੂਆਤ ਹੋਈ ਸੀ। 5 ਸਾਲ ਬਾਅਦ 15 ਅਗਸਤ ਨੂੰ ਸਾਨੂੰ ਆਜ਼ਾਦੀ ਮਿਲੀ। 2019 ਦੀ 5 ਅਗਸਤ ਨੂੰ ਸੰਸਦ ਵਿਚ ਕਸ਼ਮੀਰ ਤੋਂ ਧਾਰਾ 370 ਹਟਾਉਣ ਦਾ ਐਲਾਨ ਕੀਤਾ ਗਿਆ। ਮੌਜੂਦਾ ਸਾਲ 5 ਅਗਸਤ ਨੂੰ ਹੀ ਅਯੁੱਧਿਆ ਵਿਚ ਰਾਮ ਮੰਦਰ ਦੇ ਨਿਰਮਾਣ ਲਈ ਭੂਮੀ ਪੂਜਨ ਹੋਇਆ। ਅਸੀਂ ਆਪਣੇ ਵਿਚਾਰਾਤਮਿਕ ਰੁਝਾਨਾਂ ਅਨੁਸਾਰ ਇਨਾਂ ਇਤਿਹਾਸਕ ਤਰੀਕਾਂ ਨੂੰ ਹਾਂ-ਪੱਖੀ ਜਾਂ ਨਾਂਹ-ਪੱਖੀ ਸ਼ੀਸ਼ੇ ਵਿਚ ਵੇਖ-ਸਮਝ ਸਕਦੇ ਹਾਂ। ਪਰ ਇਸ ਸਭ ਤੋਂ ਪਰੇ ਅਗਸਤ ਮਹੀਨੇ ਦੀ ਇਕ ਤਰੀਕ ਅਜਿਹੀ ਹੈ, ਜਿਸ ਦੀ ਚਰਚਾ ਨਹੀਂ ਹੁੰਦੀ, ਨਾ ਹੀ ਇਹ ਯਾਦ ਰਹਿੰਦੀ ਹੈ। ਹਾਂ, ਇਸ ਤਰੀਕ ਨੂੰ ਜੋ ਵਾਪਰਿਆ ਸੀ, ਉਸ ਦੇ ਨਤੀਜੇ ਵਜੋਂ ਲਗਾਤਾਰ ਸਾਡੀ ਰਾਜਨੀਤਕ ਚੇਤਨਾ ਚਲਦੀ ਰਹਿੰਦੀ ਹੈ। 30 ਸਾਲ ਪਹਿਲਾਂ 7 ਅਗਸਤ ਨੂੰ ਤਤਕਾਲੀ ਪ੍ਰਧਾਨ ਮੰਤਰੀ ਵਿਸ਼ਵਾਨਾਥ ਪ੍ਰਤਾਪ ਸਿੰਘ ਨੇ ਬਿੰਦੇਸ਼ਵਰੀ ਪ੍ਰਸਾਦ ਮੰਡਲ ਦੀ ਪ੍ਰਧਾਨਗੀ 'ਚ ਬਣੇ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਦਾ ਐਲਾਨ ਕਰਦਿਆਂ ਸਰਕਾਰੀ ਨੌਕਰੀਆਂ ਵਿਚ ਪਛੜੀਆਂ ਸਮਝੀਆਂ ਜਾਣ ਵਾਲੀਆਂ ਜਾਤਾਂ (ਹਿੰਦੂਆਂ ਦੇ ਨਾਲ-ਨਾਲ ਮੁਸਲਮਾਨ ਵੀ) ਲਈ 27 ਫ਼ੀਸਦੀ ਰਾਖਵਾਂਕਰਨ ਨਿਰਧਾਰਿਤ ਕਰ ਦਿੱਤਾ ਸੀ। ਐਲਾਨ ਹੁੰਦਿਆਂ ਹੀ ਉੱਚੀਆਂ ਜਾਤੀਆਂ ਵੱਲੋਂ ਇਕ ਜ਼ਬਰਦਸਤ ਰਾਖਵਾਂਕਰਨ ਵਿਰੋਧੀ ਅੰਦੋਲਨ ਸ਼ੁਰੂ ਕਰ ਦਿੱਤਾ ਗਿਆ ਸੀ। ਵਿਦਿਆਰਥੀਆਂ ਤੇ ਨੌਜਵਾਨਾਂ ਵਿਚੋਂ ਕੁਝ ਆਤਮਦਾਹ ਨਿਕਲ ਆਏ ਅਤੇ ਉਨਾਂ ਨੇ ਆਪਣੇ ਸਰੀਰ 'ਤੇ ਮਿੱਟੀ ਦਾ ਤੇਲ ਅਤੇ ਪੈਟਰੋਲ ਛਿੜਕ ਕੇ ਅੱਗ ਲਗਾ ਲਈ। ਸੜਕਾਂ 'ਤੇ ਭੱਜਦੇ ਰਾਖਵਾਂਕਰਨ ਵਿਰੋਧੀ ਅਤੇ ਕੁਝ ਨਾ-ਸਮਝ ਨੌਜਵਾਨਾਂ ਦੀ ਦੇਹ ਤੋਂ ਉੱਠਦੀਆਂ ਲਪਟਾਂ ਨੇ ਜੋ ਮਾਹੌਲ ਸਿਰਜਿਆ ਸੀ, ਉਹ ਭਾਰਤੀ ਇਤਿਹਾਸ ਦੇ ਸਭ ਤੋਂ ਬੁਰੇ ਦ੍ਰਿਸ਼ਾਂ ਵਿਚੋਂ ਇਕ ਸਾਬਤ ਹੋਇਆ। ਉਸ ਨੂੰ ਅੱਜ ਕੋਈ ਯਾਦ ਨਹੀਂ ਕਰਨਾ ਚਾਹੁੰਦਾ।

ਇਹ ਇਕ ਦਿਲਚਸਪ ਤੱਥ ਹੈ ਕਿ ਜਦੋਂ ਉੱਚੀਆਂ ਜਾਤੀਆਂ ਹਮਲਾਵਰ ਅੰਦਾਜ਼ ਵਿਚ ਰਾਖਵਾਂਕਰਨ ਵਿਰੋਧੀ ਲਾਮਬੰਦੀ ਕਰ ਰਹੀਆਂ ਸਨ, ਉਸ ਸਮੇਂ ਪਛੜੀਆਂ ਅਤੇ ਅਨੁਸੂਚਿਤ ਜਾਤੀਆਂ ਦੇ ਨੌਜਵਾਨ ਮੁਕਾਬਲਾ ਕਰਨ ਦੀ ਬਜਾਏ ਇਕ ਰਣਨੀਤਕ ਚੁੱਪੀ ਸਾਧ ਕੇ ਬੈਠੇ ਹੋਏ ਸਨ। ਰਾਖਵਾਂਕਰਨ ਦੇ ਸਮਰਥਨ ਵਿਚ ਨਾ ਕੋਈ ਅੰਦੋਲਨ ਚੱਲਿਆ, ਨਾ ਹੀ ਜਲੂਸ ਕੱਢੇ ਗਏ। ਦਰਅਸਲ, ਇਸ ਖ਼ਾਮੋਸ਼ੀ ਦੇ ਗਰਭ ਵਿਚ ਇਕ ਰਾਜਨੀਤਕ ਪਰਿਵਰਤਨ ਪੱਕ ਰਿਹਾ ਸੀ। ਇਸੇ ਬਦਲਾਅ ਨੂੰ ਭਾਰਤੀ ਰਾਜਨੀਤੀ ਲਈ ਫਰਾਂਸੀਸੀ ਵਿਦਵਾਨ ਕ੍ਰਿਸਟੋਫ ਜੈਫੇਲੋ ਨੇ 'ਮੌਨ ਕ੍ਰਾਂਤੀ' ਦਾ ਨਾਂਅ ਦਿੱਤਾ ਹੈ। ਰਾਜਨੀਤਕ ਬਦਲਾਅ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ 90 ਦੇ ਦਹਾਕੇ ਵਿਚ ਸੰਸਦ ਲਈ ਚੁਣੇ ਜਾਣ ਵਾਲੇ ਪਛੜੀਆਂ ਜਾਤਾਂ ਦੇ ਉਮੀਦਵਾਰਾਂ ਵਿਚ ਤਕਰੀਬਨ ਸੌ ਫ਼ੀਸਦੀ ਵਾਧਾ ਹੋਇਆ। ਦੂਜੇ ਪਾਸੇ ਉੱਚੀਆਂ ਜਾਤਾਂ ਦੇ ਸਫਲ ਉਮੀਦਵਾਰਾਂ ਦੀ ਗਿਣਤੀ ਘਟਦੀ ਗਈ।

ਵਿਧਾਇਕਾਂ ਦੀ ਸਮਾਜਿਕ ਸ਼ਕਲ-ਸੂਰਤ ਵਿਚ ਹੋਏ ਇਸ ਬਦਲਾਅ ਵਿਚ ਜਨਤਾ ਦਲ ਅਤੇ ਉਸ ਤੋਂ ਟੁੱਟੇ ਹੋਏ ਹਿੱਸਿਆਂ (ਰਾਸ਼ਟਰੀ ਜਨਤਾ ਦਲ ਅਤੇ ਸਮਾਜਵਾਦੀ ਪਾਰਟੀ) ਦੀ ਪ੍ਰਮੁੱਖ ਭੂਮਿਕਾ ਸੀ। ਬਹੁਜਨ ਸਮਾਜ ਪਾਰਟੀ ਨੇ ਵੀ ਇਸ ਪਰਿਵਰਤਨ ਵਿਚ ਆਪਣਾ ਯੋਗਦਾਨ ਪਾਇਆ ਸੀ। ਜ਼ਾਹਿਰ ਸੀ ਕਿ ਉੱਚੀਆਂ ਜਾਤੀਆਂ ਰੌਲਾ ਰੱਪਾ ਪਾ ਸਕਦੀਆਂ ਸਨ ਪਰ ਵੋਟ ਦੀ ਤਾਕਤ ਪਛੜੀਆਂ ਜਾਤੀਆਂ ਅਤੇ ਦਲਿਤਾਂ ਕੋਲ ਸੀ। ਮੰਡਲ ਤੋਂ ਬਾਅਦ ਦੇ ਹਾਲਾਤ ਵਿਚ ਇਨਾਂ ਬਹੁਗਿਣਤੀ ਜਾਤੀਆਂ ਦੇ ਵੋਟਰਾਂ ਨੇ ਉੱਚੀਆਂ ਜਾਤੀਆਂ ਦੇ ਉਮੀਦਵਾਰਾਂ ਦੀ ਬਜਾਏ ਆਪਣੇ ਵਿਚੋਂ ਨਿਕਲੇ ਨੇਤਾਵਾਂ ਅਤੇ ਸੰਗਠਨਾਂ ਵਿਚ ਦਿਲਚਸਪੀ ਦਿਖਾਈ। ਇਸ ਨਵੀਂ ਸਥਿਤੀ ਅਤੇ ਨਵੇਂ ਰੌਂਅ ਨੂੰ ਸਾਰੀਆਂ ਪਾਰਟੀਆਂ ਨੇ ਭਾਂਪ ਲਿਆ। ਉਨਾਂ ਨੇ ਪਛੜੀਆਂ ਜਾਤੀਆਂ ਦੇ ਨੇਤਾਵਾਂ ਨੂੰ ਆਪਣੀਆਂ ਪਾਰਟੀਆਂ ਵਿਚ ਜ਼ਿਆਦਾ ਤੋਂ ਜ਼ਿਆਦਾ ਜਗਾ ਦੇਣੀ ਸ਼ੁਰੂ ਕਰ ਦਿੱਤੀ। ਚੋਣਾਂ ਲਈ ਟਿਕਟਾਂ ਵੰਡਦਿਆਂ ਪਛੜੀਆਂ ਜਾਤੀਆਂ ਦੀਆਂ ਵੋਟਾਂ ਦਾ ਖ਼ਾਸ ਤੌਰ 'ਤੇ ਧਿਆਨ ਰੱਖਿਆ ਜਾਣ ਲੱਗਾ। ਪਰ ਇਸ ਬਦਲੀ ਹੋਈ ਰਾਜਨੀਤੀ ਦਾ ਇਹ ਮਤਲਬ ਨਹੀਂ ਕੱਢਿਆ ਜਾਣਾ ਚਾਹੀਦਾ ਕਿ ਇਸ ਦੇ ਨਤੀਜੇ ਵਜੋਂ ਪਛੜੀਆਂ ਜਾਤੀਆਂ ਨੂੰ 27 ਫ਼ੀਸਦੀ ਨੌਕਰੀਆਂ ਮਿਲ ਗਈਆਂ ਹੋਣਗੀਆਂ। ਦਰਅਸਲ ਚਮਕਦਾਰ ਰਾਜਨੀਤਕ ਸਫਲਤਾ ਦੇ ਬਾਵਜੂਦ ਅਜਿਹਾ ਨਹੀਂ ਹੋ ਸਕਿਆ। 2015 ਤੱਕ ਸਥਿਤੀ ਇਹ ਸੀ ਕਿ ਕੇਂਦਰ ਸਰਕਾਰ ਵਿਚ 'ਏ' ਵਰਗ ਦੀਆਂ ਨੌਕਰੀਆਂ ਵਿਚ ਸਿਰਫ਼ 12 ਫ਼ੀਸਦੀ ਹੀ ਪਛੜੀਆਂ ਜਾਤਾਂ ਨਾਲ ਸਬੰਧਿਤ ਲੋਕ ਸਨ। 'ਬੀ' ਵਰਗ ਵਿਚ ਉਨਾਂ ਦੀ ਗਿਣਤੀ ਸਿਰਫ਼ 12.5 ਫ਼ੀਸਦੀ ਹੀ ਸੀ। ਇੱਥੋਂ ਤੱਕ ਕਿ 'ਸੀ' ਵਰਗ ਦੇ ਕਰਮਚਾਰੀਆਂ ਵਿਚ ਉਨਾਂ ਦੀ ਗਿਣਤੀ ਸਿਰਫ਼ 19 ਫ਼ੀਸਦੀ ਤੱਕ ਹੀ ਪਹੁੰਚ ਸਕੀ ਸੀ ਭਾਵ 27 ਫ਼ੀਸਦੀ ਨੁਮਾਇੰਦਗੀ ਪਾਉਣ ਲਈ ਇਹ ਜਾਤੀਆਂ ਅੱਜ ਵੀ ਬਹੁਤ ਪਿੱਛੇ ਹਨ। ਜ਼ਿਕਰਯੋਗ ਇਹ ਹੈ ਕਿ ਪਛੜੀਆਂ ਜਾਤੀਆਂ ਦੀ ਰਾਜਨੀਤਕ ਲੀਡਰਸ਼ਿਪ ਦਾ ਦਾਅਵਾ ਕਰਨ ਵਾਲੀਆਂ ਪਾਰਟੀਆਂ ਵੱਲੋਂ ਇਸ ਕਮੀ ਦੀ ਭਰਪਾਈ ਲਈ ਕੋਈ ਪ੍ਰਭਾਵਸ਼ਾਲੀ ਮੰਗ ਨਹੀਂ ਕੀਤੀ ਜਾ ਰਹੀ। ਨਾ ਹੀ ਇਹ ਯਾਦ ਆਉਂਦਾ ਹੈ ਕਿ ਪਿਛਲੇ 10 ਸਾਲਾਂ ਵਿਚ ਇਸ ਸਵਾਲ 'ਤੇ ਇਨਾਂ ਰਾਜਨੀਤਕ ਤਾਕਤਾਂ ਨੇ ਕਦੀ ਕੋਈ ਅੰਦੋਲਨ ਚਲਾਇਆ ਹੋਵੇ। ਅਖੀਰ ਇਸ ਵਿਰੋਧ ਦਾ ਕਾਰਨ ਕੀ ਹੈ? ਪਹਿਲੀ ਨਜ਼ਰ ਵਿਚ ਲਗਦਾ ਇਹ ਹੈ ਕਿ ਪਛੜੀਆਂ ਜਾਤੀਆਂ ਦੀ ਨੁਮਾਇੰਦਗੀ ਕਰਨ ਵਾਲੀਆਂ ਤਾਕਤਾਂ ਦੀ ਦਿਲਚਸਪੀ ਆਪਣੇ ਸਮਾਜ ਦੇ ਨੌਜਵਾਨਾਂ ਨੂੰ ਨੌਕਰੀਆਂ ਦਿਵਾਉਣ ਤੋਂ ਜ਼ਿਆਦਾ ਰਾਜਨੀਤਕ ਸੱਤਾ ਲਈ ਉਨਾਂ ਦੀ ਗੋਲਬੰਦੀ ਕਰਨ ਵਿਚ ਜ਼ਿਆਦਾ ਹੈ। ਸ਼ਾਇਦ ਸ਼ੁਰੂ ਤੋਂ ਉਨਾਂ ਦੀ ਤਰਜੀਹ ਇਹੀ ਸੀ। ਉਨਾਂ ਨੇ ਮੰਡਲ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਹੋਣ ਦੇ ਖ਼ਿਲਾਫ਼ ਚੱਲੇ ਅੰਦੋਲਨ ਦੇ ਪ੍ਰਤੀਕਰਮ ਵਿਚ ਆਪਣੇ ਸਮਾਜਾਂ ਦੀ ਰਾਜਨੀਤਕ ਗੋਲਬੰਦੀ ਤਾਂ ਕਰ ਲਈ ਪਰ ਉਸ ਦੀ ਵਰਤੋਂ ਸਿਰਫ਼ ਆਪਣੇ ਵਿਧਾਇਕਾਂ ਦੀ ਗਿਣਤੀ ਵਧਾਉਣ ਅਤੇ ਸੱਤਾ ਵਿਚ ਹਿੱਸੇਦਾਰੀ ਪ੍ਰਾਪਤ ਕਰਨ ਲਈ ਕੀਤੀ। ਨਿਸ਼ਚਿਤ ਰੂਪ ਨਾਲ ਇਹ ਵੀ ਇਕ ਜਾਇਜ਼ ਉਦੇਸ਼ ਸੀ ਪਰ ਕੀ ਇਸ ਦੀ ਕੀਮਤ ਨੌਕਰੀਆਂ ਵਿਚ ਪਛੜੀਆਂ ਜਾਤਾਂ ਦੀ ਦਾਅਵੇਦਾਰੀ ਛੱਡਣ ਜਾਂ ਨਜ਼ਰਅੰਦਾਜ਼ ਕਰਨ ਦੇ ਰੂਪ ਵਿਚ ਚੁਕਾਈ ਜਾਣੀ ਚਾਹੀਦੀ ਸੀ? ਇਸ ਦਾ ਜਵਾਬ ਖ਼ੁਦ ਨੂੰ ਪਛੜੇ ਵਰਗਾਂ ਦਾ ਨੇਤਾ ਅਤੇ ਸਮਾਜਿਕ ਨਿਆਂ ਦੀ ਪੈਰੋਕਾਰੀ ਕਰਨ ਵਾਲਿਆਂ ਨੂੰ ਦੇਣਾ ਚਾਹੀਦਾ ਹੈ।

ਕ੍ਰਿਸਟੋਫ ਜੈਫੇਲੋ ਪਿਛਲੇ ਕੁਝ ਸਾਲਾਂ ਤੋਂ ਆਪਣੇ ਲੇਖਾਂ ਵਿਚ ਇਹ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਨਰਿੰਦਰ ਮੋਦੀ ਦੀ ਅਗਵਾਈ ਵਿਚ ਹਿੰਦੂਤਵ ਦੀ ਰਾਜਨੀਤੀ ਦੇ ਉਭਾਰ ਨੇ ਇਸ 'ਮੌਨ ਕ੍ਰਾਂਤੀ' ਨੂੰ ਅੰਦਰੋਂ ਪਲਟਣਾ ਸ਼ੁਰੂ ਕਰ ਦਿੱਤਾ ਹੈ। ਵਿਧਾਇਕਾਂ ਵਿਚ ਪਛੜੇ ਵਰਗਾਂ ਦੇ ਮੈਂਬਰਾਂ ਦੀ ਕੀਮਤ 'ਤੇ ਉੱਚੀਆਂ ਜਾਤੀਆਂ ਦੇ ਮੈਂਬਰਾਂ ਦੀ ਗਿਣਤੀ ਵਧਣ ਲੱਗੀ ਹੈ। ਜੇਕਰ ਇਸ ਤੱਥ ਨੂੰ ਸਮਾਜਿਕ ਨਿਆਂ ਦੀ ਰਾਜਨੀਤੀ ਦੀ ਨੁਮਾਇੰਦਗੀ ਕਰਨ ਵਾਲੀਆਂ ਪਾਰਟੀਆਂ ਦੀ ਲਗਾਤਾਰ ਚੋਣ ਨਾਕਾਮੀ ਦੀ ਰੌਸ਼ਨੀ ਵਿਚ ਵੇਖਿਆ ਜਾਵੇ ਤਾਂ ਸਪਸ਼ਟ ਹੋਣ ਲਗਦਾ ਹੈ ਕਿ 7 ਅਗਸਤ, 1990 ਨੂੰ ਜਿਸ ਰਾਜਨੀਤਕ ਬਦਲਾਅ ਦੀ ਸ਼ੁਰੂਆਤ ਹੋਈ ਸੀ, ਉਹ ਹੁਣ ਆਪਣੀ ਸ਼ਕਤੀ ਗੁਆ ਚੁੱਕਾ ਹੈ। ਇਸ ਦਾ ਕਾਰਨ ਕੀ ਹੈ? ਮੋਦੀ ਅਤੇ ਭਾਜਪਾ ਦੀ ਜਿੱਤ ਦੇ ਦਰਵਾਜ਼ੇ ਇਸ ਦਾ ਠੀਕਰਾ ਨਹੀਂ ਭੰਨਿਆ ਜਾ ਸਕਦਾ। ਇਹ ਗੱਲ ਤਾਂ ਪੱਕੀ ਹੈ ਕਿ ਕੋਈ ਹਾਰੇਗਾ ਤਾਂ ਉਸ ਦੀ ਜਗਾ ਕੋਈ ਨਾ ਕੋਈ ਜਿੱਤੇਗਾ ਹੀ। ਇਸ ਦੇ ਸਹੀ ਕਾਰਨਾਂ ਦੀ ਪੜਚੋਲ ਦਾ ਪਤਾ ਲਗਾਉਣ ਲਈ ਸਮਾਜਿਕ ਨਿਆਂ ਦੀਆਂ ਤਾਕਤਾਂ ਨੂੰ ਆਪਣੇ ਗਿਰੇਬਾਨ ਵੱਲ ਵੇਖਣਾ ਪਵੇਗਾ।

ਮੌਜੂਦਾ ਸਥਿਤੀ ਇਹ ਹੈ ਕਿ ਪਿਛਲੇ 30 ਸਾਲ ਵਿਚ ਕਈ-ਕਈ ਵਾਰ ਸੱਤਾ ਵਿਚ ਆਉਣ ਦੇ ਬਾਵਜੂਦ ਇਨਾਂ ਸ਼ਕਤੀਆਂ ਨੇ ਪ੍ਰਸ਼ਾਸਨਿਕ, ਵਿਕਸਿਤ ਅਤੇ ਰਾਜਨੀਤਕ ਵਿਕਾਸ ਦੇ ਪੱਧਰ 'ਤੇ ਅਜਿਹੀਆਂ ਕਦਰਾਂ-ਕੀਮਤਾਂ ਦੀ ਸਥਾਪਨਾ ਨਹੀਂ ਕੀਤੀ, ਜੋ ਉੱਚੀਆਂ ਜਾਤੀਆਂ ਦੇ ਨੇਤਾਵਾਂ ਤੋਂ ਵੱਖ ਹੋਣ। ਇਕ ਤਰਾਂ ਨਾਲ ਵੇਖਿਆ ਜਾਵੇ ਤਾਂ ਇਹ ਨੇਤਾ ਅਤੇ ਉਨਾਂ ਦੀਆਂ ਪਾਰਟੀਆਂ ਕਈ ਅਸਫਲਤਾਵਾਂ ਵਿਚ ਦੂਜਿਆਂ ਤੋਂ ਵੀ ਅੱਗੇ ਹਨ। ਇਹ ਆਪਣੇ ਹੀ ਭਾਈਚਾਰਿਆਂ ਦੀ ਹਮਦਰਦੀ ਗੁਆ ਚੁੱਕੇ ਹਨ। ਇਸ ਦਾ ਨਤੀਜਾ ਇਹ ਹੈ ਕਿ ਯਾਦਵਾਂ ਅਤੇ ਜਾਟਵਾਂ ਨੂੰ ਛੱਡ ਕੇ ਬਾਕੀ ਪਛੜੀਆਂ ਅਤੇ ਦਲਿਤ ਬਰਾਦਰੀਆਂ ਦੀਆਂ ਵੋਟਾਂ ਦਾ ਰੁਝਾਨ ਭਾਜਪਾ ਵੱਲ ਹੋ ਗਿਆ ਹੈ। ਜੈਫੇਲੋ ਦਾ ਇਹ ਤਰਕ ਬਹੁਤ ਪ੍ਰਭਾਵੀ ਨਹੀਂ ਹੈ ਕਿ ਜੇਕਰ ਸਰਕਾਰੀ ਨੌਕਰੀਆਂ ਵਿਚ ਆਪਣਾ ਪੂਰਾ ਕੋਟਾ ਪਾਉਣ ਲਈ ਰਾਜਨੀਤਕ ਗੋਲਬੰਦੀ ਕੀਤੀ ਜਾਵੇ ਤਾਂ ਸਮਾਜਿਕ ਨਿਆਂ ਦੀ ਰਾਜਨੀਤੀ ਵਾਪਸ ਆ ਸਕਦੀ ਹੈ। ਅਸੀਂ ਦੇਖ ਚੁੱਕੇ ਹਾਂ ਕਿ ਨੌਕਰੀਆਂ ਵਿਚ ਆਪਣੀ ਗਿਣਤੀ ਵਧਾਉਣਾ ਪਛੜੀਆਂ ਜਾਤੀਆਂ ਦੇ ਨੇਤਾਵਾਂ ਦੀ ਤਰਜੀਹ ਕਦੇ ਨਹੀਂ ਰਹੀ। ਉਹ ਸੱਤਾ ਚਾਹੁੰਦੇ ਸਨ, ਉਹ ਉਨਾਂ ਨੂੰ ਮਿਲੀ। ਪਰ ਆਪਣੀਆਂ ਕਮਜ਼ੋਰੀਆਂ ਦੇ ਚਲਦਿਆਂ ਉਨਾਂ ਸੱਤਾ ਗੁਆ ਲਈ। ਅੱਜ ਪਛੜੀਆਂ ਜਾਤੀਆਂ ਦੀ ਜ਼ਿਆਦਾ ਵੱਡੀ ਨੁਮਾਇੰਦਗੀ ਉਨਾਂ ਕੋਲ ਨਾ ਰਹਿ ਕੇ ਭਾਜਪਾ ਕੋਲ ਹੈ।

# ਮਹੰਤ ਸਤਿੰਦਰ ਦਾਸ ਨੇ ਵਾਲਮੀਕੀ ਭਾਈਚਾਰੇ ਵਿਰੁੱਧ ਛੇੜਿਆ ਨਵਾਂ ਵਿਵਾਦ

## ਮਹਾਰਾਜ ਵਾਲਮੀਕੀ ਬ੍ਰਾਹਮਣ ਸਨ, ਦਲਿਤ ਨਹੀਂ ਯੋਗੀ ਝੂਠਾ ਪ੍ਰਚਾਰ ਨਾ ਕਰੇ

ਬੀਤੇ ਦਿਨੀਂ ਮਹੰਤ ਸਤਿੰਦਰ ਦਾਸ ਦੀ ਸੋਸ਼ਲ ਮੀਡੀਆ 'ਤੇ ਯੂ-ਟਿਊਬ ਰਾਹੀਂ ਇਕ ਵੀਡੀਓ ਆਈ, ਜਿਸ ਵਿਚ ਉਸ ਨੇ ਯੂਪੀ ਦੇ ਮੁੱਖ ਅਦਿਤਿਆਨਾਥ ਯੋਗੀ ਦੇ ਨਿੰਦਾ ਕਰਦਿਆਂ ਕਿਹਾ ਹੈ ਕਿ ਉਸ ਨੇ ਭਗਵਾਨ ਵਾਲਮੀਕੀ ਨੂੰ ਦਲਿਤ ਕਹਿ ਕੇ ਰਾਮ ਜੀ ਦਾ ਅਪਮਾਨ ਕੀਤਾ ਹੈ, ਜਦ ਕਿ ਭਗਵਾਨ ਵਾਲਮੀਕੀ ਬ੍ਰਾਹਮਣ ਸਨ, ਦਲਿਤਾਂ ਨਾਲ ਉਸ ਦਾ ਕੋਈ ਵਾਸਤਾ ਨਹੀਂ। ਉਸ ਨੇ ਇੱਥੋਂ ਤੱਕ ਕਿਹਾ ਕਿ ਯੋਗੀ ਝੂਠਾ ਪ੍ਰਚਾਰ ਕਰ ਰਹੇ ਹਨ ਤੇ ਸੰਤ ਸਮਾਜ ਦਾ ਅਪਮਾਨ ਕਰ ਰਹੇ ਹਨ। ਉਨਾਂ ਕਿਹਾ ਕਿ ਬ੍ਰਹਮਾ ਨੇ ਭਗਵਾਨ ਵਾਲਮੀਕੀ ਨੂੰ ਆਦੇਸ਼ ਦਿੱਤਾ ਸੀ ਕਿ ਉਹ ਸੀਤਾ ਮਈਆ ਦੀ ਰਾਮਾਇਣ ਵਿਚ ਉਸਤਤ ਕਰਨ। ਵਾਲਮੀਕੀ ਮਹਾਰਾਜ ਨੇ ਬ੍ਰਹਮਾ ਦੀ ਗੱਲ ਮੰਨ ਕੇ ਰਾਮਾਇਣ ਲਿਖੀ। ਮਹੰਤ ਦੇ ਇਹਨਾਂ ਸ਼ਬਦਾਂ ਨਾਲ ਵੱਡਾ ਵਿਵਾਦ ਛਿੜ ਗਿਆ ਹੈ।

### ਕੀ ਹੈ ਇਤਿਹਾਸਕ ਪੱਖ

ਮਹਾਨ ਰਾਮਾਇਣ ਦਾ ਸਿਰਜਣਹਾਰ ਮਹਾਂਰਿਸ਼ੀ ਬਾਲਮੀਕ ਜੀ ਨੂੰ ਮੰਨਿਆ ਜਾਂਦਾ ਹੈ ਮਹਾਂਰਿਸ਼ੀ ਬਾਲਮੀਕ ਜੀ ਨੇ ਰਮਾਇਣ ਦੀ ਰਚਨਾ ਕਰਦਿਆਂ ਸੰਸਕ੍ਰਿਤ ਭਾਸ਼ਾ ਨੂੰ ਕਾਵਿ ਰੂਪ ਪੇਸ਼ ਕੀਤਾ ਸੀ, ਇਸੇ ਕਰਕੇ ਸੰਸਕ੍ਰਿਤ ਸਾਹਿਤ ਵਿੱਚ ਉਚਾਰੀ ਰਮਾਇਣ ਇੱਕ ਮਹਾਨ "ਆਦਿ ਕਾਵਿ" ਹੈ। ਮਹਾਂਰਿਸ਼ੀ ਬਾਲਮੀਕ ਜੀ ਦਾ ਪੁਰਾਣਾਂ ਮੁਤਾਬਿਕ ਪੂਰਾ ਨਾਮ "ਰਤਨਾਕਰ ਪ੍ਰਚੇਤਾ ਵਾਲਮੀਕੀ" ਸੀ। ਇਸ ਬਾਲਮੀਕੀ ਭਾਈਚਾਰੇ ਦੇ ਗੁਰੂ,ਸਰਬ ਗਿਆਤਾ, ਤੇਜਸਵੀ ਦੇ ਜਨਮ ਸਥਾਨ ਬਾਰੇ ਇਤਿਹਾਸਕ ਪੁਸ਼ਟੀ ਨਹੀਂ ਮਿਲਦੀ, ਪਰ ਉਨਾਂ ਬੁਦੇਲਖੰਡ ਦੀਆਂ ਚਿਤ੍ਰਕੂਟ ਪਹਾੜੀਆਂ ਵਿਚ ਭਗਤੀ ਸਥਾਨ ਮੰਨਿਆ ਜਾਂਦਾ ਹੈ। ਮਹਾਂਰਿਸ਼ੀ ਬਾਲਮੀਕ ਤ੍ਰੇਤੇ ਯੁੱਗ ਦੇ ਸਰਵਸ੍ਰੇਸ਼ਠ ਮਹਾਨ ਰਿਸ਼ੀ ਹੋਏ ਹਨ। ਉਨਾਂ ਦੇ ਜੀਵਨ ਸੰਬੰਧੀ ਜਾਣਕਾਰੀ ਉਨਾਂ ਦੁਆਰਾ ਰਚਿਤ ਗ੍ਰੰਥ "ਰਮਾਇਣ" 'ਚੋਂ ਮਿਲਦੀ ਹੈ। ਰਮਾਇਣ ਦੇ ਉੱਤਰ ਕਾਂਡ ਸਲੋਕ 24 ਅਧਿਆਇ 19 ਮੁਤਾਬਿਕ ਮਹਾਂਰਿਸ਼ੀ ਬਾਲਮੀਕ ਨੇ ਫੁਰਮਾਇਆ ਹੈ:-

"ਪ੍ਰਚੇਤੇ ਸੋਹੰ ਦਸਮ ਪੁਤਰ ਰਾਘਵ ਨੰਦਨ।<br>
ਨਾ ਸਿੰਗਰਾਮ ਯੰਤ੍ਰ ਵਾਕ<br>
ਮਮੋਤੇ ਤਵ ਪੁਤਰੋ।।

ਇਸ ਸਲੋਕ ਮੁਤਾਬਿਕ ਉਹ ਪ੍ਰਚੇਤਾ ਜੀ ਦੇ ਦਸਵੇਂ ਪੁੱਤਰ ਤੇ ਮਾਤਾ ਦਾ ਨਾਮ ਚਰਸ਼ਨੀ ਹੈ। ਮਹਾਂਰਿਸ਼ੀ ਵੇਦ ਵਿਆਸ ਨੇ 'ਸਕੰਦ ਪੁਰਾਣ' ਮਹਾਂਰਿਸ਼ੀ ਬਾਲਮੀਕ ਦੀ ਜੀਵਨੀ ਦਾ ਵਰਣਨ ਕਰਦਿਆਂ ਉਨਾਂ ਨੂੰ ਪੁਰਾਣੇ ਗੁਰੂ ਤੇ ਇਸ ਜੀਵ ਬ੍ਰਹਿਮੰਡ ਦੇ ਗੁਰੂ ਮੰਨਿਆ ਹੈ। ਉਹ ਭਗਤੀ ਵਿੱਚ ਏਨੇ ਲੀਨ ਹੋਏ ਕਿ ਉਨਾਂ ਦੀ



ਰੱਬ ਨਾਲ ਲਿਵ ਲੱਗ ਗਈ। ਉੱਥੋਂ ਜੰਗਲ ਵਿਚੋਂ ਗੁਜ਼ਰਦੇ ਸਾਧੂਆਂ ਦੀ ਟੋਲੀ ਨੇ ਉਨਾਂ ਨੂੰ ਵਰਮੀ ਵਿਚੋਂ ਕੱਢ ਕੇ ਉਜਾਗਰ ਕੀਤਾ। ਉਨਾਂ ਉਸ ਵੇਲੇ ਇਸ ਧਰਤੀ ਤੇ ਪ੍ਰਕਾਸ਼ ਧਾਰਿਆ, ਜਦੋਂ ਆਰੀਅਨ ਤਾਕਤਾਂ ਮੂਲ ਨਿਵਾਸੀਆਂ 'ਤੇ ਜ਼ੁਲਮ ਕਰ ਰਹੀਆਂ ਸਨ। ਹਰ ਪਾਸੇ ਅੱਤਿਆਚਾਰ ਦਾ ਬੋਲਬਾਲਾ ਸੀ। ਉਨਾਂ ਰਮਾਇਣ ਦੀ ਸਿਰਜਣਾ ਕਰਕੇ ਇੱਕ ਨਵੇਂ ਅਧਿਆਇ ਦੀ ਸ਼ੁਰੂਆਤ ਕੀਤੀ। ਇੱਕ ਆਮ ਵਿਅਕਤੀ ਦੇ ਮਿਹਣਾ ਮਾਰਨ ਤੇ ਰਾਮ ਵੱਲੋਂ ਸੀਤਾ ਨੂੰ ਘਰੋਂ ਕੱਢ ਦੇਣ ਤੇ ਉਸਨੂੰ ਆਪਣੀ ਕੁਟੀਆ ਵਿਚ ਨਿਵਾਸ ਦੇ ਕੇ ਇਸਤਰੀ ਜਾਤੀ ਦੀ ਇੱਜ਼ਤ ਨੂੰ ਬਰਕਰਾਰ ਰੱਖਣ ਦਾ ਸੰਦੇਸ਼ ਦਿੱਤਾ। ਜੇਕਰ ਵਾਲਮੀਕੀ ਆਰੀਅਨ ਹੁੰਦੇ ਤਾਂ ਉਨਾਂ ਦਾ ਜੰਗਲਾਂ ਵਿਚ ਕਿਉਂ ਨਿਵਾਸ ਹੁੰਦਾ ਤੇ ਉਹ ਰਾਮ ਨਗਰੀ ਵਿਚ ਬਾਕੀ ਬ੍ਰਾਹਮਣ ਰਿਸ਼ੀਆਂ ਵਾਂਗ ਕਿਉਂ ਨਾ ਬਸਦੇ। ਵਾਲਮੀਕੀ ਭਾਈਚਾਰੇ ਨੇ ਇਸ ਮਹਾਂਪੁਰਖ ਨੂੰ ਆਪਣਾ ਭਗਵਾਨ ਮੰਨਿਆ ਹੈ, ਪਰ ਭਗਵੇਂਵਾਦੀ ਸੰਤ ਇਸ ਨੂੰ ਬ੍ਰਾਹਮਣ ਦਾ ਦਰਜਾ ਦੇ ਕੇ ਵਾਲਮੀਕੀ ਭਾਈਚਾਰੇ ਦਾ ਅਪਮਾਨ ਕਰ ਰਹੇ ਹਨ। ਭਗਤਮਾਲ (ਪੰਡਿਤ ਗਿ. ਨਰੈਣ ਸਿੰਘ) ਵਿਚ ਮਹਾਂਰਿਸ਼ੀ ਬਾਲਮੀਕ ਦੀ ਸਾਖੀ ਲਿਖੀ ਹੈ। ਇਸ ਵਿੱਚ ਬਾਲਮੀਕ ਦਾ ਜਿਹੜਾ ਪਿਛੋਕੜ ਵਰਣਨ ਕੀਤਾ ਹੈ, ਉਸ ਤੋਂ ਸਪਸ਼ਟ ਸਿੱਧ ਹੁੰਦਾ ਹੈ ਕਿ ਉਹ ਦ੍ਰਾਵੜੀ ਭੀਲ ਸਨ, ਨਾ ਕਿ ਬ੍ਰਾਹਮਣ। ਹਿੰਦੂ ਮਿਥਿਹਾਸ ਕੋਸ਼:- 'ਭਾਸ਼ਾ ਵਿਭਾਗ ਪੰਜਾਬ' ਦੀ ਪੰਜਾਬੀ ਸਾਹਿਤ ਲਈ ਇੱਕ ਵਡਮੁੱਲੀ ਦੇਣ ਹੈ, ਜੋ ਪਹਿਲੀ ਵਾਰ ਸੰਨ 1963 ਵਿੱਚ ਪ੍ਰਕਾਸ਼ਿਤ ਹੋਇਆ। ਇਸ ਕੋਸ਼ ਵਿੱਚ ਵਾਲਮੀਕੀ (ਰਿਸ਼ੀ) ਨਾਲ ਸਬੰਧਿਤ ਹੇਠ ਲਿਖਿਆ ਇੱਕੋ ਇੰਦਰਾਜ ਹੈ:-ਵਾਲਮੀਕੀ (ਬਾਲਮੀਕੀ) : ਇਹ ਰਾਮਾਇਣ ਦਾ ਲੇਖਕ ਸੀ। ਵੈਦਿਕ ਵਾਕੰਸ਼ ਅਨੁਸਾਰ ਇਸ ਦਾ ਅਰਥ 'ਵੇਖਿਆ' ਹੈ। ਰਾਮਾਇਣ ਵਿੱਚ ਵਰਣਿਤ ਕੁੱਝ ਵਰਤਣ ਵਿੱਚ ਇਸ ਨੇ ਆਪ ਵੀ ਭਾਗ ਲਿਆ ਹੈ। ਸੀਤਾ ਬਣਵਾਸ ਸਮੇਂ ਇਸ ਦੇ ਆਸ਼ਰਮ ਵਿੱਚ, ਜਿਹੜਾ ਚਿਤ੍ਰਕੂਟ ਵਿੱਚ ਸੀ, ਹੀ ਰਹੀ ਸੀ ਅਤੇ ਇਸ ਨੇ ਹੀ ਸੀਤਾ ਦੇ ਜੌੜੇ ਪੁੱਤਰਾਂ ਲਵ ਤੇ ਕੁਸ਼ ਨੂੰ ਪੜਾਇਆ ਸੀ। ਪਰੰਪਰਾ ਅਨੁਸਾਰ ਇਸ ਦਾ ਨਿਵਾਸ ਸਥਾਨ ਬੁੰਦੇਲ ਖੰਡ ਦੇ ਜ਼ਿਲਾ ਬਾਂਦਾ ਵਿੱਚ ਸਥਿਤ ਇੱਕ ਪਹਾੜ ਨੂੰ ਮੰਨਿਆ ਜਾਂਦਾ ਹੈ।

(ਰਿਸ਼ੀ) ਵਾਲਮੀਕੀ ਤੇ (ਭਗਤ) ਬਾਲਮੀਕ ਦੋ ਵੱਖ ਵੱਖ ਵਿਅਕਤੀ ਹਨ। ਪਹਿਲਾ ਤ੍ਰੇਤਾਯੁਗੀ ਹੈ ਤੇ ਉਹ ਅਯੁੱਧਿਆ ਦੇ ਰਾਜਾ ਸ੍ਰੀ ਰਾਮਚੰਦਰ ਦੇ ਅਤਿ ਨਿਕਟਵਰਤੀ ਹੈ। ਦੂਜਾ ਦੁਆਪਰਯੁਗੀ ਕ੍ਰਿਸ਼ਨ ਭਗਤ ਪਾਂਡਵਾਂ ਦਾ ਸਮਕਾਲੀ ਹੈ। ਕਿਉਂਕਿ, ਸਿੱਖ ਸਾਹਿਤ ਦੇ ਲਗਭਗ ਸਾਰੇ ਕੋਸ਼ਾਂ ਨੇ ਭਗਤ ਜੀ ਨੂੰ ਸ੍ਰੀ ਕ੍ਰਿਸ਼ਨ ਦੇ ਸਹਿਯੋਗ ਨਾਲ ਕਰਵਾਏ ਪਾਂਡਵਾਂ ਦੇ ਰਾਜਸੂ-ਯੱਗ ਨਾਲ ਸਬੰਧਿਤ ਕੀਤਾ ਹੈ। ਰਿਸ਼ੀ ਵਾਲਮੀਕੀ ਸ਼ਸਤਰ, ਸ਼ਾਸਤਰ ਤੇ ਸੰਗੀਤ ਵਿੱਚ ਇੱਕ ਨਿਪੁੰਨ ਸਖਸ਼ੀਅਤ ਸੀ। 'ਸ਼੍ਰੀਮਦ ਰਾਮਾਇਣ' ਦਾ ਕਰਤਾ ਹੋਣ ਨਾਤੇ ਆਦਿ-ਕਵੀ ਕਰਕੇ ਜਾਣਿਆ ਜਾਂਦਾ ਸੀ। ਮਹੰਤ ਸਤਿੰਦਰ ਦਾਸ ਕੋਲ ਆਪਣੇ ਇਤਿਹਾਸਕ ਨੁਕਤੇ ਹੋ ਸਕਦੇ ਹਨ, ਪਰ ਵਾਲਮੀਕੀ ਭਾਈਚਾਰਾ ਵਾਲਮੀਕੀ ਨੂੰ ਆਪਣਾ ਭਗਵਾਨ ਮੰਨਦਾ ਹੈ ਤੇ ਵਾਲਮੀਕੀ ਭਾਈਚਾਰੇ ਨੂੰ ਅਜਿਹੀਆਂ ਚੋਭਾ ਲਾਉਣੀਆਂ ਮਹਾਤਮਾ ਲੋਕਾਂ ਦਾ ਕੰਮ ਨਹੀਂ।

# ਦਸਮੇਸ਼ ਪਿਤਾ ਜੀ ਦੇ 52 ਦਰਬਾਰੀ ਕਵੀ ਅਤੇ ਵਿਦਵਾਨ



**- ਪ੍ਰਮਿੰਦਰ ਸਿੰਘ ਪ੍ਰਵਾਨਾ**

ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸੰਕਲਪ ਧਰਮ ਵਿਚ ਸਮਾਜ ਨੂੰ ਪੁਰਾਤਨ ਝੂਠੇ ਕਰਮ ਕਾਂਡਾਂ ਅਤੇ ਰਹੁ ਰੀਤਾਂ ਵਿਚੋਂ ਕੱਢ ਕੇ ਇਨਕਲਾਬੀ ਸਵੈ ਮਾਣ ਵਾਲਾ ਜੀਵਨ ਜਿਊਣ ਦੇ ਸਮਰੱਥ ਬਣਾਉਣਾ ਸੀ। ਗੁਰੂ ਨਾਨਕ ਦੇਵ ਸਾਹਿਬ ਜੀ ਦੇ ਉਪਦੇਸ਼ ਵਿਚ ਵਿਕਸਤ ਸ਼ਬਦਾਵਲੀ ਦਾ ਭੰਡਾਰ ਸੀ। ਉਨਾਂ ਨੂੰ ਦੂਸਰੇ ਧਰਮ ਦਾ ਗਿਆਨ ਸੀ, ਜਿਸ ਨਾਲ ਉਹ ਆਤਮਿਕ ਵਿੱਦਿਆ ਵਿਚ ਨਿਪੁੰਨ ਸਨ। ਉਨਾਂ ਨੇ ਬਹੁਤ ਸਾਰਾ ਸਮਾਂ ਸੰਤਾਂ, ਫ਼ਕੀਰਾਂ ਨਾਲ ਚਰਚਾ ਵਿਚ ਬਿਤਾਇਆ। ਸਿੱਧ ਗੋਸ਼ਟੀ ਵੀ ਉਨਾਂ ਦੇ ਇਸ ਹੁਨਰ ਤੇ ਹੀ ਆਧਾਰਤ ਰਹੀ।

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛ ਕਹੀਐ॥ ਅੰਗ 660 ਹੇ ਨਾਨਕ ! ਜਦ ਤੱਕ ਦੁਨੀਆ ਵਿਚ ਜਿਊਣਾ ਹੈ, ਪ੍ਰਮਾਤਮਾ ਦੀ ਸਿਫ਼ਤ ਸਲਾਹ ਸੁਣਨੀ ਕਰਨੀ ਚਾਹੀਦੀ ਹੈ। ਇਹ ਉਸ ਸੱਦ ਭਾਵਨਾ ਦਾ ਮੰਤਰ ਹੈ ਕਿਸੇ ਦੀ ਗੱਲ ਸੁਣਨਾ ਤੇ ਆਪਣੀ ਕਹਿਣ ਨਾਲ ਸੁਖ ਮਿਲਦਾ ਹੈ। ਇਕ ਦੂਜੇ ਦੀ ਪਛਾਣ ਹੁੰਦੀ ਹੈ। ਵਿਚਾਰ ਚਰਚਾ ਚਲਦੀ ਹੈ। ਸ਼ੰਕੇ ਦੂਰ ਹੁੰਦੇ ਹਨ। ਗੁਰੂ ਜੀ ਨੇ ਸਿੱਖਾਂ ਨੂੰ ਅਧਿਆਤਮਕ, ਵਿੱਦਿਅਕ, ਰਾਜਨੀਤਕ ਪੱਖੋਂ ਜਾਗ੍ਰਿਤ ਕਰਨਾ ਚਾਹਿਆ ਸੀ। ਸਿੱਖਾਂ ਨੂੰ ਆਪਣੀ ਬੋਲੀ ਆਪਦੀ ਲਿਖੀ ਵਿਚ ਉਪਦੇਸ਼ ਪੜਨ ਅਤੇ ਸਮਝਣ ਦੇ ਕਾਬਿਲ ਬਣਾਉਣ ਲਈ ਗੁਰਮੁਖੀ ਲਿਖੀ ਨੂੰ ਈਜਾਦ ਕੀਤਾ। ਅੱਗੇ ਜਾ ਕੇ ਗੁਰੂਆਂ ਨੇ ਇਸ ਨੂੰ ਹੋਰ ਬਣਾਇਆ ਸੰਵਾਰਿਆ।

ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸਿੱਖਾਂ ਨੂੰ ਹਰ ਪੱਖ ਤੋਂ ਸੰਪੂਰਨ ਬਣਾਉਣ ਲਈ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਿਆ। ਇਸ ਦੀ ਆਰੰਭਤਾ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਜ ਗੁਰੂਆਂ ਦੀ ਬਾਣੀ ਅਤੇ ਭਗਤਾਂ, ਭੱਟਾਂ, ਸੰਤਾਂ ਅਤੇ ਸਿੱਖ ਬਾਣੀ ਕਾਰਾਂ ਦੀ ਪਵਿੱਤਰ ਬਾਣੀ ਲੋਕ ਭਾਸ਼ਾਵਾਂ, ਸੰਤ ਭਾਸ਼ਾ ਸਾਹਿਤ ਦੀ ਉਮਦਾ ਵੰਨਗੀ ਕਾਵਿ ਰੂਪ ਵਿਚ ਹੈ। ਪਵਿੱਤਰ ਬਾਣੀ ਦੀ ਰਚਨਾ ਨੂੰ ਸੰਭਾਲਿਆ ਗਿਆ। ਇਸ ਪ੍ਰਮਾਤਮਾ ਦੀ ਉਸਤਤ ਨੂੰ ਜਦੋਂ ਰਾਗਾਂ ਵਿਚ ਗਾਇਆ ਜਾਂਦਾ ਹੈ ਤਾਂ ਇਸ ਦੀ ਵਾਰਤਕ ਵਿਆਖਿਆ ਮਨ ਨੂੰ ਢਾਰਸ ਜਾਂ ਧੀਰਜ ਹੀ ਨਹੀਂ ਦਿੰਦੀ ਸਗੋਂ ਮਾਨਸਿਕ ਤਸੱਲੀ ਵੀ ਪ੍ਰਾਪਤ ਹੁੰਦੀ ਹੈ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਵਿਚ ਗੁਰ-ਪਿਤਾ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਇਕੱਤਰ ਕਰਕੇ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਦਰਜ ਕਰਵਾ ਕੇ ਆਦਿ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਜਾ ਦਿੱਤਾ। ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਸਾਰੀ ਮਾਨਵ ਜਾਤੀ ਵਾਸਤੇ ਹੈ। ਉਪਦੇਸ਼ ਚਹੁੰ ਵਰਨਾ ਕਉ ਸਾਂਝਾ। ਇਹ ਪੰਜਾਬੀ ਸਾਹਿਤ ਦੀ ਸਿਰਮੌਰ ਸਦੀਵੀ ਵੰਨਗੀ ਹੈ। ਗੁਰੂ ਨਾਨਕ ਦੇਵ ਸਾਹਿਬ ਜਰੀ ਦੇ ਸੰਕਲਪ ਨੂੰ ਅੱਗੇ ਗੁਰੂਆਂ ਨੇ ਨਿਰੰਤਰ ਤੋਰਿਆ। ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਸੰਕਲਪ ਵਿਚ ਕੌਮ ਉਸਾਰੀ ਦੀ ਵਿਉਂਤਬੰਦੀ ਕੀਤੀ। ਜਿਸ ਵਿਚ ਉਨਾਂ ਨੇ ਕਵਿਤਾ ਦਾ ਮਾਧਿਅਮ ਚੁਣਿਆ। ਆਪ ਸਾਹਿਤ ਰਚਨਾ ਕੀਤੀ। ਆਪ ਨੇ ਦੂਸਰੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਕੀਤਾ। ਆਪ ਜੀ ਨੇ ਪੁਰਾਣ, ਰਮਾਇਣ, ਮਹਾਂਭਾਰਤ ਦੇ ਸੂਰਮਿਆਂ ਦੀਆਂ ਕਥਾਵਾਂ ਦਾ ਅਨੁਵਾਦਨ ਕਰਨ ਦਾ ਕਾਰਜ ਅਰੰਭਿਆ। ਦੂਸਰੇ ਰਾਜਿਆਂ ਦੇ ਸਤਾਏ ਹੋਏ ਕਵੀ ਵੀ ਆਪ ਜੀ ਨਾਲ ਆ ਜੁੜੇ। ਗੁਰੂ ਜੀ ਨੂੰ ਆਪ ਸ਼ਾਇਰੀ ਦਾ ਬੜਾ ਸ਼ੌਕ ਸੀ। ਆਪ ਜੀ ਨੇ ਅਜੇਹੀ ਮਨੋਹਰ ਕਵਿਤਾ ਰਚੀ ਜਿਸ ਨਾਲ ਪੰਜਾਬੀ ਸਾਹਿਤ ਨੂੰ ਹੋਰ ਵੀ ਅਮੀਰੀ ਬਖ਼ਸ਼ੀ। ਉਨਾਂ ਨੇ ਵਿਦਵਾਨਾਂ ਨੂੰ ਬਨਾਰਸ ਭੇਜਿਆ ਕਿ ਸੰਸਕ੍ਰਿਤ ਦਾ ਗਿਆਨ ਪ੍ਰਾਪਤ ਕਰਨ। ਜਿਨਾਂ ਨੇ ਦੂਸਰੀਆਂ ਭਾਸ਼ਾਵਾਂ ਦਾ ਅਨੁਵਾਦ ਕਰਕੇ ਗੁਰੂ ਜੀ ਨਾਲ ਧਰਮ ਪ੍ਰਚਾਰ ਵਿਚ ਮਦਦ ਕੀਤੀ। ਇਨਾਂ ਨੂੰ ਨਿਰਮਲੇ ਕਿਹਾ ਜਾਂਦਾ ਸੀ। ਇਸ ਸਾਹਿਤ ਰਚਨਾ ਦਾ ਮਨੋਰਥ ਸੀ ਕਿ ਸਿੱਖਾਂ ਵਿਚ ਬੀਰ ਰਸ ਭਰਿਆ ਜਾਵੇ ਤਾਂ ਜੋ ਉਹ ਜ਼ੁਲਮ ਦੇ ਵਿਰੁੱਧ ਡਟਣ ਲਈ ਕੁਰਬਾਨੀ ਤੋਂ ਵੀ ਪਿੱਛੇ ਨਾ ਰਹਿਣ।

ਗੁਰੂ ਜੀ ਦੀ ਲੇਖਣੀ ਦਾ ਸਮਾਂ 1678 ਤੋਂ ਸ਼ੁਰੂ ਹੋ ਕੇ ਦੋ ਦਹਾਕੇ ਤੋਂ ਵੱਧ ਚੱਲਿਆ ਗੁਰੂ ਜੀ 1685-1689 ਤੱਕ ਚਾਰ ਸਾਲ ਦਾ ਸਮਾਂ ਪਾਉਂਟਾ ਸਾਹਿਬ ਦੀ ਪਵਿੱਤਰ ਧਰਤੀ ਤੇ ਠਹਿਰੇ। ਜਿੱਥੇ ਆਪ ਜੀ ਨੇ ਫ਼ੌਜੀ ਛਾਉਣੀਆਂ ਸਥਾਪਤ ਕੀਤੀਆਂ, ਉੱਥੇ ਪੰਜਾਬੀ ਸਾਹਿਤ ਦਾ ਵੀ ਬਹੁਤ ਕੰਮ ਕੀਤਾ। ਗੁਰਬਾਣੀ ਦੀ ਰਚਨਾ ਕੀਤੀ।

ਉਦੋਂ ਗੁਰੂ ਜੀ ਸਾਹਿਤ ਵਾਸਤੇ ਇਕ ਇਕਾਂਤ ਟਿਕਾਣੇ ਦੀ ਤਲਾਸ਼ ਵਿਚ ਸਨ। ਤਦ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ ਤੇ ਨਾਹਨ ਪਹੁੰਚ ਗਏ। ਉੱਥੇ ਰਹਿੰਦਿਆਂ ਗੁਰੂ ਜੀ ਇਲਾਕੇ ਦੀ ਸੈਰ ਕਰਦੇ ਰਹੇ, ਸ਼ਿਕਾਰ ਖੇਡਦੇ ਰਹੇ। ਇਕ ਦਿਨ ਰਾਜਾ ਮੇਦਨੀ ਪ੍ਰਕਾਸ਼ ਨੇ ਕਿਹਾ ਤੁਸੀਂ ਮੇਰੀ ਰਿਆਸਤ ਵਿਚ ਜੇਕਰ ਟਿਕ ਜਾਵੋ ਤਾਂ ਚੰਗਾ ਹੋਵੇਗਾ। ਗੁਰੂ ਜੀ ਨੇ ਚੰਗੀ ਜਗਾ ਵੇਖ ਕੇ ਇਕ ਕਿਲਾ ਬਣਵਾਇਆ ਜਿਸ ਦਾ ਨਾਉਂ ਆਪ ਨੇ ਪਾਉਂਟਾ ਰੱਖਿਆ। ਪਾਉਂਟਾ ਸਾਹਿਬ ਟਿਕ ਕੇ ਆਪ ਨੇ ਗੁਰਬਾਣੀ ਦੀ ਰਚਨਾ ਦਾ ਕਾਰਜ ਜਾਰੀ ਰੱਖਿਆ। ਉਸ ਸਮੇਂ ਸੰਸਕ੍ਰਿਤ ਜੋ ਧਰਮ ਪ੍ਰਚਾਰ ਦੀ ਵਿੱਦਿਆ ਸੀ, ਉੱਪਰ ਬ੍ਰਾਹਮਣਾਂ ਦਾ ਕਬਜ਼ਾ ਸੀ। ਗੁਰੂ ਜੀ ਨੇ ਉਸ ਗਿਆਨ ਨੂੰ ਲੋਕ ਭਾਸ਼ਾ ਵਿਚ ਰਚ ਕੇ ਆਪਣੇ ਢੰਗ ਨਾਲ ਪ੍ਰਚਾਰ ਕੀਤਾ। ਉਨਾਂ ਦੇ ਅਨੂਪਮ ਇਲਾਹੀ ਦਰਬਾਰ ਵਿਚ ਗੁਣੀਆਂ, ਵਿਦਵਾਨ ਕਵੀਆਂ, ਕਲਾਕਾਰਾਂ ਅਤੇ ਕਥਾਕਾਰਾਂ ਨੂੰ ਵੱਡਾ ਸੰਗਠਨ ਹੋ ਗਿਆ। ਜਿਨਾਂ ਵਿਚ 52 ਦਰਬਾਰੀ ਰਤਨ ਕਵੀ ਵੀ ਸ਼ਾਮਲ ਸਨ। ਅਧਿਆਤਮਕ ਉਪਦੇਸ਼ ਦੇ ਨਾਲ ਨਾਲ ਹੋਰ ਸਾਧਨਾਂ ਵਿਚ ਕਥਾ ਕੀਰਤਨ, ਬੀਰ ਰਸ ਅਤੇ ਸ਼ਸਤਰਾਂ ਦਾ ਸਤਿਕਾਰ ਸੰਭਾਲ ਹੁੰਦੀ ਅਤੇ ਵਿੱਦਿਆ ਕਲਾ ਅਤੇ ਕਵਿਤਾ ਦੀ ਰੌਣਕ ਵੀ ਬਾ ਕਮਾਲ ਸੀ। ਦੂਰ ਦੂਰ ਤੋਂ ਗੁਣੀ ਗੁਰੂ ਜੀ ਦੇ ਦਰਬਾਰ ਦੀ ਸ਼ੋਭਾ ਸੁਣ ਕੇ ਆਉਂਦੇ ਅਤੇ ਪੂਰਾ ਮਾਣ ਸਤਿਕਾਰ ਪ੍ਰਾਪਤ ਕਰਕੇ ਸ਼ਾਂਤ ਰਹਿਣ ਲੱਗੇ। ਗੁਰੂ ਜੀ ਸਭ ਦਾ ਬਰਾਬਰ ਸਤਿਕਾਰ ਕਰਦੇ। ਭੱਟ ਵੀ ਆਪਣੀਆਂ ਰਚਨਾਵਾਂ ਦਾ ਗਾਇਨ ਕਰਦੇ ਰਹਿੰਦੇ ਸਨ। ਮੁਗ਼ਲ ਦਰਬਾਰ ਦੇ ਸਤਾਏ ਹੋਏ ਕਵੀ ਜਿਵੇਂ ਪੰਡਿਤ ਸੁਖਦੇਵ, ਬਰਿੰਡ, ਅਲੀਮ, ਕਨੂੰਵਰੇਸ਼, ਕਾਸ਼ੀ ਰਾਮ ਅਤੇ ਭਾਈ ਨੰਦ ਲਾਲ ਗੋਆ ਵਰਗੇ ਵੀ ਗੁਰੂ ਜੀ ਦੀ ਪ੍ਰਤੀ ਪਾਲਣਾ ਹੇਠ ਆ ਗਏ ਸਨ। ਭਾਵੇਂ 52 ਦਰਬਾਰੀ ਰਤਨ ਕਵੀ ਪੱਕੇ ਤੌਰ 'ਤੇ ਗੁਰੂ ਦਰਬਾਰ ਵਿਚ ਰਹੇ, ਪਰ ਸਮੇਂ ਸਮੇਂ ਵਿਦਵਾਨਾਂ ਦੇ ਆਉਣ ਜਾਣ ਦਾ ਤਾਂਤਾ ਲੱਗਾ ਰਹਿੰਦਾ ਸੀ। ਸਮੂਹਿਕ ਲੇਖਣੀ ਨਾਲ ਭਾਵੇਂ ਕਿਸੇ ਸਮੇਂ ਸਾਹਿਤ ਦਾ ਵੱਡਾ ਭੰਡਾਰ ਹੋ ਗਿਆ ਸੀ। ਜਿਸ ਨੂੰ 'ਵਿੱਦਿਆ ਸਾਗਰ' ਕਿਹਾ ਜਾਂਦਾ ਸੀ। ਪਰ ਅਨੰਦਪੁਰ ਛੱਡਣ ਸਮੇਂ ਖ਼ੁਰਦ ਬੁਰਦ ਹੋ ਗਿਆ। ਸਿਰਫ਼ ਉਹ ਹੀ ਸਾਹਿਤ ਬਚਿਆ ਜੋ ਲੇਖਕਾਂ ਕੋਲ ਸੀ ਜਾਂ ਉਨਾਂ ਦੇ ਰਿਸ਼ਤੇਦਾਰਾਂ ਦੇ ਘਰਾਂ ਵਿਚ ਸੀ। ਕਵੀਆਂ ਦੀਆਂ ਰਚਨਾ ਵਿਚ ਭਿਆਨਕ ਜੰਗਾਂ ਵਿਚ ਨਗਾਰਿਆਂ ਦੀ ਚੋਟ, ਫ਼ੌਜਾਂ ਦੀ ਤਿਆਰੀ, ਰਣਭੂਮੀ ਦੇ ਵੀਰਤਾ ਦ੍ਰਿਸ਼, ਮਹਾਰਾਜ ਦੀ ਸ਼ਖ਼ਸੀਅਤ, ਤੀਰ ਅੰਦਾਜ਼ੀ, ਸ਼ਿਕਾਰ, ਗਤਕੇ ਦੇ ਕਰਤੱਵ ਆਦਿ ਪ੍ਰਸੰਗਾਂ ਦਾ ਵੇਰਵਾ ਉਨਾਂ ਦੀਆਂ ਰਚਨਾਵਾਂ ਵਿਚ ਮਿਲਦਾ ਹੈ। ਵੱਡੇ ਵੱਡੇ ਇਕੱਠ ਦੇ ਸਮੇਂ ਰਚਨਾਵਾਂ ਦੇ ਪਰਚੇ ਸੰਗਤਾਂ ਵਿਚ ਵੰਡੇ ਜਾਂਦੇ। ਦਸਮੇਸ਼ ਪਿਤਾ ਜੀ ਦੀ ਲਾਸਾਨੀ ਸ਼ਖ਼ਸੀਅਤ ਬਿਆਨ ਨਹੀਂ ਕੀਤੀ ਜਾ ਸਕਦੀ। ਪਰ ਦਰਬਾਰੀ ਰਤਨ ਕਵੀਆਂ ਨੇ ਆਪ ਜੀ ਦੀ ਸ਼ਖ਼ਸੀਅਤ ਦੇ ਦੀਦਾਰ ਪ੍ਰਾਪਤ ਕੀਤੇ ਸਨ। ਗੁਰੂ ਜੀ ਦੀ ਸ਼ਖ਼ਸੀਅਤ ਨੂੰ ਬਿਆਨ ਕਰਦਿਆਂ ਉਨਾਂ ਦਾ ਸਿਰ ਸਤਿਕਾਰ ਵਿਚ ਝੁਕਦਾ ਹੈ। ਗੁਰੂ ਦਰਬਾਰ ਦੇ ਸ਼੍ਰੋਮਣੀ ਕਵੀ ਨੰਦ ਲਾਲ ਜੀ ਆਪਣੀ ਰਚਨਾ 'ਗੰਜਨਾਮਾ' ਵਿਚ ਮਹਾਰਾਜ ਦੇ ਗੁਣਾਂ ਦੀ ਉਪਮਾ ਕਰਦਿਆਂ ਲਿਖਦੇ ਹਨ : ਬਾਦ ਜਾਨਸ਼ ਫਿਦਾਏ ਗੁਰੂ ਗੋਬਿੰਦ ਸਿੰਘ। ਫਰਕ ਓਬਰ ਪਾਇ ਗੁਰੂ ਗੋਬਿੰਦ ਸਿੰਘ। ਭਾਵ ਬੇਨਤੀ ਹੈ ਕਿ ਮੇਰੀ ਜਾਨ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਤੋਂ ਕੁਰਬਾਨ ਹੋਵੇ ਅਤੇ ਮੇਰਾ ਸੀਸ ਸਦਾ ਮਹਾਰਾਜ ਦੇ ਚਰਨਾਂ ਵਿਚ ਰਹੇ।

52 ਦਰਬਾਰੀ ਰਤਨ ਕਵੀਆਂ ਅਤੇ ਵਿਦਵਾਨਾਂ ਦੇ ਪੱਖ ਵਿਚ ਇਹ ਗੱਲ ਅਹਿਮ ਹੈ ਕਿ ਗੁਰੂ ਜੀ ਨੂੰ ਖ਼ੁਦ ਸ਼ਾਇਰੀ ਦਾ ਬੜਾ ਸ਼ੌਕ ਸੀ। ਉਹ ਆਪਣੀ ਨਿਗਰਾਨੀ ਹੇਠ ਕਾਵਿ ਗੋਸ਼ਟੀਆਂ ਕਰਵਾਉਂਦੇ ਅਤੇ ਕਵੀਆਂ ਨੂੰ ਮਾਨ ਸਨਮਾਨ ਨਾਲ ਨਿਵਾਜਦੇ। ਅੱਜ ਵੀ ਪਾਉਂਟਾ ਸਾਹਿਬ ਦੀ ਧਰਤੀ ਤੇ ਕਵੀ ਦਰਬਾਰ ਅਸਥਾਨ ਮੌਜੂਦ ਹੈ ਜਿੱਥੇ ਹਰ ਪੂਰਨਮਾਸ਼ੀ ਨੂੰ ਪ੍ਰਬੰਧਕਾਂ ਵੱਲੋਂ ਕਵੀ ਦਰਬਾਰ ਸਜਾਇਆ ਜਾਂਦਾ ਹੈ।




Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
TABLE CLOTH, NAPKINS, CHAIRS ETC.

# ਪੰਜ-ਆਬ ਦਾ ਪਹਿਲਾ ਬਾਦਸ਼ਾਹ ਪੋਰਸ

**- ਡਾ. ਸੁਖਦਿਆਲ ਸਿੰਘ**

ਆਰੀਆ ਕਬੀਲਿਆਂ ਦੇ ਆਉਣ ਤੋਂ ਲੈ ਕੇ ਸ਼ਾਹ ਜ਼ਮਾਨ ਦੇ ਸਮੇਂ (1798-99) ਤੱਕ ਕੋਈ ਨਾ ਕੋਈ ਹਮਲਾਵਰ ਭਾਰਤ ਆਉਂਦਾ ਰਿਹਾ। ਹਰ ਹਮਲਾਵਰ ਇਸ ਦੇਸ਼ ਨੂੰ ਲੁੱਟ ਕੇ ਲਿਜਾਂਦਾ ਜਾਂ ਇੱਥੇ ਰਾਜ ਕਰਦਾ ਰਿਹਾ। ਇਹ ਹਮਲਾਵਰ ਆਪਣਾ ਇਤਿਹਾਸ ਆਪ ਲਿਖਦੇ ਰਹੇ ਹਨ। ਹਾਰਨ ਵਾਲੀ ਧਿਰ ਭਾਵ ਅਸੀਂ ਜਾਂ ਤਾਂ ਆਪਣਾ ਇਤਿਹਾਸ ਲਿਖਿਆ ਹੀ ਨਹੀਂ ਤੇ ਜਾਂ ਫਿਰ ਸਾਡੇ ਲਿਖੇ ਹੋਏ ਇਤਿਹਾਸ ਨੂੰ ਇਨ੍ਹਾਂ ਹਮਲਾਵਰਾਂ ਨੇ ਰਹਿਣ ਨਹੀਂ ਦਿੱਤਾ। ਸਾਡੀਆਂ ਵਿੱਦਿਅਕ ਸੰਸਥਾਵਾਂ ਵਿੱਚ ਪੜ੍ਹਾਏ ਜਾਂਦੇ ਇਤਿਹਾਸ 'ਚ ਦੱਸਿਆ ਜਾਂਦਾ ਹੈ ਕਿ ਭਾਰਤ ਸੋਨੇ ਦੀ ਚਿੜੀ ਸੀ ਅਤੇ ਇਸ ਨੂੰ ਹਰ ਹਮਲਾਵਰ ਲੁੱਟ ਕੇ ਲਿਜਾਂਦਾ ਰਿਹਾ ਹੈ। ਇਹ ਗੱਲ ਕਿਤੇ ਨਹੀਂ ਮਿਲੇਗੀ ਕਿ ਸਾਡੇ ਦੇਸ਼ ਨੇ ਹਮਲਾਵਰ ਨੂੰ ਮੂੰਹ-ਤੋੜ ਜਵਾਬ ਦਿੱਤਾ। ਇਉਂ ਜਾਪਦਾ ਹੈ ਜਿਵੇਂ ਅਸੀਂ ਇਨ੍ਹਾਂ ਹਮਲਾਵਰਾਂ ਦੇ ਹਮਲਿਆਂ ਕਾਰਨ ਮਾਣ ਮਹਿਸੂਸ ਕਰਦੇ ਹਾਂ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਹਮਲਾਵਰਾਂ ਦਾ ਇਤਿਹਾਸ ਸਾਡੇ ਪਾਸ ਇਨ੍ਹਾਂ ਦਾ ਹੀ ਲਿਖਿਆ ਹੋਇਆ ਹੈ। ਇਸੇ ਤਰਜ਼ 'ਤੇ ਇਤਿਹਾਸ ਵਿੱਚ ਸਿਕੰਦਰ ਨੂੰ 'ਵਿਸ਼ਵ-ਜੇਤੂ ਸਿਕੰਦਰ ਮਹਾਨ' ਦੇ ਰੂਪ ਵਿੱਚ ਦਿਖਾਇਆ ਗਿਆ ਹੈ ਪਰ ਪੋਰਸ ਨੂੰ ਹਾਰਿਆ ਅਤੇ ਆਪਣੇ ਰਾਜ-ਭਾਗ ਦੀ ਖ਼ੈਰ ਮੰਗਦਾ ਹੋਇਆ ਦਿਖਾਇਆ ਹੈ। ਪੋਰਸ ਕਹਿ ਰਿਹਾ ਹੈ ਕਿ 'ਜਿਸ ਤਰਾਂ ਦਾ ਸਲੂਕ ਇੱਕ ਬਾਦਸ਼ਾਹ ਨੂੰ ਦੂਜੇ ਬਾਦਸ਼ਾਹ ਨਾਲ ਕਰਨਾ ਚਾਹੀਦਾ ਹੈ ਉਸ ਨਾਲ ਵੀ ਉਸੇ ਤਰਾਂ ਦਾ ਸਲੂਕ ਕੀਤਾ ਜਾਵੇ'। ਰਾਜਨੀਤੀ ਅਤੇ ਲੜਾਈ ਦਾ ਅਸੂਲ ਹੈ ਕਿ ਇੱਕ ਥਾਂ 'ਤੇ ਬਾਦਸ਼ਾਹ ਇੱਕ ਹੀ ਹੋਵੇਗਾ, ਦੋ ਬਾਦਸ਼ਾਹ ਇਕੱਠੇ ਨਹੀਂ। ਜਿੱਤਿਆ ਹੋਇਆ ਬਾਦਸ਼ਾਹ ਹਾਰੇ ਹੋਏ ਬਾਦਸ਼ਾਹ ਨੂੰ ਕਦੇ ਵੀ ਬਾਦਸ਼ਾਹ ਨਹੀਂ ਮੰਨੇਗਾ। ਜੇ ਹਾਰਿਆ ਹੋਇਆ ਬਾਦਸ਼ਾਹ ਜਿੱਤੇ ਹੋਏ ਕੋਲੋਂ ਰਾਜ-ਭਾਗ ਦੀ ਸਲਾਮਤੀ ਮੰਗੇਗਾ ਤਾਂ ਸਿਰਫ਼ ਇਹ ਉਹਦੀ ਮੰਗ ਹੀ ਹੋਵੇਗੀ ਅਤੇ ਮੰਗਿਆਂ ਕਦੇ ਰਾਜ-ਭਾਗ ਨਹੀਂ ਮਿਲਦੇ। ਮੰਗਿਆਂ ਸਿਰਫ਼ ਖ਼ੈਰ ਹੀ ਮਿਲ ਸਕਦੀ ਹੈ।

ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਪੰਜਾਬ (ਹਿੰਦੁਸਤਾਨ) ਉੱਪਰ ਹਮਲਾ ਕਰਨ ਤੋਂ ਪਹਿਲਾਂ ਸਿਕੰਦਰ ਨੇ ਈਰਾਨ ਅਤੇ ਅਰਬ ਦੇਸ਼ਾਂ ਨੂੰ ਵੀ ਜਿੱਤਿਆ ਸੀ। ਇਨ੍ਹਾਂ ਮੁਲਕਾਂ ਦੀਆਂ ਮੁੱਢਲੀਆਂ ਲਿਖਤਾਂ ਵਿੱਚ ਕਿਤੇ ਵੀ ਸਿਕੰਦਰ ਨੂੰ 'ਮਹਾਨ' ਜਾਂ 'ਵਿਸ਼ਵ-ਜੇਤੂ' ਨਹੀਂ ਲਿਖਿਆ ਗਿਆ ਸਗੋਂ ਉਸ ਨੂੰ 'ਸ਼ੈਤਾਨ' ਦਾ ਵਿਸ਼ੇਸ਼ਣ ਦਿੱਤਾ ਗਿਆ ਹੈ। ਈਰਾਨ ਦੇ ਮਸ਼ਹੂਰ ਕਵੀ ਫਿਰਦੌਸੀ ਦਾ ਸ਼ਾਹਨਾਮਾ ਇਰਾਨੀ ਇਤਿਹਾਸ ਅਤੇ ਸਿਕੰਦਰ ਤੇ ਪੋਰਸ ਦੀ ਬਹੁਤ ਵਿਸਥਾਰਪੂਰਵਕ ਜਾਣਕਾਰੀ ਦਿੰਦਾ ਹੈ ਪਰ ਉਸ ਵਿੱਚ ਪੋਰਸ ਨੂੰ ਸਿਕੰਦਰ ਤੋਂ ਜ਼ਿਆਦਾ ਥਾਂ ਦਿੱਤੀ ਗਈ ਹੈ। ਫਿਰਦੌਸੀ ਸਿਰਫ਼ ਇਰਾਨੀ ਰਵਾਇਤਾਂ ਦੇ ਆਧਾਰ 'ਤੇ ਹੀ ਗੱਲ ਕਰਦਾ ਹੈ। ਉਹ ਯੂਨਾਨੀ ਇਤਿਹਾਸ ਦਾ ਕਿਤੇ ਵੀ ਜ਼ਿਕਰ ਨਹੀਂ ਕਰਦਾ।

ਇਸੇ ਤਰਾਂ ਇੱਕ ਯੂਨਾਨੀ ਲੇਖਕ ਕਲਿਸਥੇਨਜ਼ ਵੀ ਸਿਕੰਦਰ ਵਾਂਗ ਫ਼ਿਲਾਸਫ਼ਰ ਅਰਸਤੂ ਦਾ ਸ਼ਾਗਿਰਦ ਸੀ ਪਰ ਉਹ ਅਰਸਤੂ ਦਾ ਰਿਸ਼ਤੇਦਾਰ ਵੀ ਸੀ। ਜਦੋਂ ਸਿਕੰਦਰ ਪੰਜਾਬ ਵੱਲ ਰਵਾਨਾ ਹੋਇਆ ਤਾਂ ਅਰਸਤੂ ਦੀ ਸਿਫ਼ਾਰਸ਼ ਨਾਲ ਉਹ ਵੀ ਸਿਕੰਦਰ ਦੇ ਨਾਲ ਆ ਗਿਆ ਸੀ ਪਰ ਉਹ ਬਾਕੀ ਯੂਨਾਨੀ ਲੇਖਕਾਂ ਨਾਲੋਂ ਅਲੱਗ ਹੀ ਰਿਹਾ। ਉਸ ਨੇ ਆਪਣੇ ਤੌਰ 'ਤੇ ਜਿਸ ਤਰਾਂ ਸਿਕੰਦਰ ਅਤੇ ਉਸ ਦੀ ਲੜਾਈ ਨੂੰ ਦੇਖਿਆ ਸੀ ਉਸੇ ਤਰਾਂ ਲਿਖ ਦਿੱਤਾ। ਇਸ ਤਰਾਂ ਲਿਖਣ ਕਾਰਨ ਸਿਕੰਦਰ ਨੇ ਕਈ ਵਾਰ ਉਸ ਨੂੰ ਝਿੜਕਿਆ ਵੀ ਪਰ ਉਹ ਆਪਣੀ ਆਜ਼ਾਦੀ ਨਾਲ ਲਿਖਣ ਤੋਂ ਨਾ ਟਲਿਆ। ਅਖੀਰ ਉਹ ਪੰਜਾਬ ਵਿੱਚ ਮਰ ਗਿਆ ਜਾਂ ਮਾਰ ਦਿੱਤਾ ਗਿਆ ਸੀ ਪਰ ਉਸ ਦੇ ਸਾਥੀਆਂ ਨੇ ਉਸ ਦੀਆਂ ਲਿਖਤਾਂ ਨੂੰ ਕਿਸੇ ਤਰੀਕੇ ਸੰਭਾਲ ਰੱਖਿਆ ਸੀ। ਇਹ ਲਿਖਤਾਂ ਸਿਕੰਦਰ ਵੱਲੋਂ ਜਿੱਤੇ ਹੋਏ ਦੇਸ਼ਾਂ ਵਿੱਚ ਚਲੀਆਂ ਗਈਆਂ। ਉੱਥੇ ਇਨ੍ਹਾਂ ਦਾ ਅਵੇਸਤਾ, ਅਰਬੀ ਅਤੇ ਇਥੋਪੀਆਈ ਭਾਸ਼ਾਵਾਂ 'ਚ ਅਨੁਵਾਦ ਕੀਤਾ ਗਿਆ। ਇਸ ਸਮੇਂ ਸਾਡੇ ਪਾਸ ਕਲਿਸਥੇਨਜ਼ ਦੀਆਂ ਲਿਖਤਾਂ ਦਾ ਇਥੋਪੀਆਈ ਅਨੁਵਾਦ ਹੈ। ਇਸ ਵਿੱਚ ਸਿਕੰਦਰ ਬਾਰੇ ਕੀਤੇ ਗਏ ਵਰਣਨ ਨੂੰ ਆਧੁਨਿਕ ਇਤਿਹਾਸਕਾਰ ਅਰਨਸਟ ਏ. ਵਾਲਿਸ ਬੱਜ ਨੇ ਆਪਣੀ ਪੁਸਤਕ ਵਿੱਚ ਦਿੱਤਾ ਹੈ। ਇਸ ਤਰਾਂ ਪਤਾ ਲਗਦਾ ਹੈ ਕਿ ਕਲਿਸਥੇਨਜ਼ ਦਾ ਸਿਕੰਦਰ ਅਤੇ ਪੋਰਸ ਦੀ ਲੜਾਈ ਦਾ ਬਿਰਤਾਂਤ ਸਿਕੰਦਰ ਦੇ ਆਪਣੇ ਇਤਿਹਾਸਕਾਰਾਂ ਵੱਲੋਂ ਦਿੱਤੇ ਗਏ ਬਿਰਤਾਂਤ ਨਾਲੋਂ ਬਿਲਕੁਲ ਵੱਖਰਾ ਹੈ।

ਸਾਡੇ ਇਤਿਹਾਸ ਦਾ ਦੁਖਾਂਤ ਹੈ ਕਿ ਸਾਡੀ ਕਿਸੇ ਵੀ ਲਿਖਤ ਵਿੱਚ ਪੋਰਸ ਅਤੇ ਸਿਕੰਦਰ ਦੀ ਲੜਾਈ ਦਾ ਬਿਰਤਾਂਤ ਨਹੀਂ ਹੈ। ਸਾਡੇ ਰਿਸ਼ੀਆਂ-ਮੁਨੀਆਂ ਵੱਲੋਂ ਲਿਖੇ ਗਏ ਗ੍ਰੰਥ ਮਿਥਿਹਾਸਿਕ ਕਥਾ-ਕਹਾਣੀਆਂ ਜਾਂ ਫਿਰ ਸਮਾਜਿਕ ਵੰਡ (ਜਾਤ-ਪਾਤ) ਦੀਆਂ ਕਥਾਵਾਂ ਨਾਲ ਭਰੇ ਹੋਏ ਹਨ। ਕੁਝ ਅਜੋਕੇ ਇਤਿਹਾਸਕਾਰਾਂ ਨੇ ਮਹਾਂਭਾਰਤ ਵਿੱਚੋਂ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ ਹੈ ਪਰ ਇਹ ਕਿਸੇ ਵੀ ਤਰੀਕੇ ਪੋਰਸ ਦਾ ਇੱਕ ਯੋਧੇ ਵਜੋਂ ਵਰਣਨ ਦੇਣ ਵਿੱਚ ਸਫਲ ਨਹੀਂ ਹੁੰਦੀ। ਇਸ ਦੇ ਸਿੱਟੇ ਵਜੋਂ ਸਾਡੇ ਇਤਿਹਾਸਕਾਰਾਂ ਨੇ ਸਿਕੰਦਰ ਦੇ ਇਤਿਹਾਸਕਾਰਾਂ ਦੀਆਂ ਲਿਖਤਾਂ ਨੂੰ ਹੀ ਅਪਨਾ ਲਿਆ ਹੈ।



ਜਦੋਂ ਸਿਕੰਦਰ ਦੇ ਇਤਿਹਾਸਕਾਰਾਂ ਦੀਆਂ ਲਿਖਤਾਂ ਵਿੱਚੋਂ ਹੀ ਜਾਣਕਾਰੀ ਲੈਣ ਕਾਰਨ ਸਾਡੇ ਇਤਿਹਾਸਕਾਰਾਂ ਦੀਆਂ ਲਿਖਤਾਂ ਵਿੱਚ 'ਸਿਕੰਦਰ ਮਹਾਨ' ਅਤੇ 'ਵਿਸ਼ਵ-ਜੇਤੂ' ਬਣਿਆ ਹੋਇਆ ਹੈ।

ਏਰੀਅਨ ਨਿਕੋਮਿਡੀਆ, ਕੁਇੰਟਸ ਕਰਟੀਅਸ, ਪਲੂਟਾਰਕ, ਡਾਇਓਡੋਰੋਸ ਅਤੇ ਜਸਟਿਨਸ ਜਾਂ ਜਸਟਿਨ ਟਰੋਗੋਟੀਨਸ ਜਿਹੇ ਪ੍ਰਸਿੱਧ ਇਤਿਹਾਸਕਾਰ ਸਿਕੰਦਰ ਦੇ ਸਮਕਾਲੀ ਸਨ। ਉਹ ਸਾਰੇ ਉਸ ਦੇ ਨਾਲ ਸਨ। ਉਨ੍ਹਾਂ ਦੀਆਂ ਮੌਲਿਕ ਲਿਖਤਾਂ ਤਾਂ ਅੱਜ-ਕੱਲ ਉਪਲਬਧ ਨਹੀਂ ਪਰ ਉਨ੍ਹਾਂ ਦੀਆਂ ਲਿਖਤਾਂ ਦੇ ਹਵਾਲੇ ਡਬਲਿਊ.ਐੱਮ.ਕਰਿੰਡਲ ਨੇ ਆਪਣੀ ਪੁਸਤਕ ਵਿੱਚ ਉਲੱਥਾ ਕੇ ਦਿੱਤੇ ਹਨ। ਇਨ੍ਹਾਂ ਇਤਿਹਾਸਕਾਰਾਂ ਬਾਰੇ ਪ੍ਰੋ. ਫਰੀਮੈਨ ਨੇ ਆਪਣੀ ਪੁਸਤਕ ਵਿੱਚ ਲਿਖਿਆ ਹੈ: 'ਅਸਲ ਵਿੱਚ ਇਨ੍ਹਾਂ ਨੂੰ ਇਤਿਹਾਸਕਾਰ ਕਹਿਣਾ ਹੀ ਠੀਕ ਨਹੀਂ ਜਾਪਦਾ। ਇਹ ਲੇਖਕ ਸਾਡੀ ਸਮਝ ਤੋਂ ਬਾਹਰ ਹਨ। ਇਨ੍ਹਾਂ ਨੇ ਕੁਝ ਕਥਾ-ਕਹਾਣੀਆਂ ਲਿਖ ਕੇ ਸਦਾਚਾਰਕ ਸਿੱਟੇ ਕੱਢੇ ਹਨ। ਇਹ ਕਮਜ਼ੋਰ ਜਿਹੀਆਂ ਅਤੇ ਸੰਖੇਪ ਰਚਨਾਵਾਂ ਪੇਸ਼ ਕਰਦੇ ਹਨ। ਇਹ ਸਾਰੇ ਹੀ, ਖ਼ਾਸ ਕਰਕੇ ਜਸਟਿਨਸ (ਜਸਟਿਨ), ਕਲਪਿਤ ਕਹਾਣੀਆਂ ਲਿਖਣ ਵਾਲਿਆਂ ਤੋਂ ਵੱਧ ਕੁਝ ਨਹੀਂ ਹਨ। ਇਨ੍ਹਾਂ ਨੇ ਜਾਣ-ਬੁੱਝ ਕੇ ਸਚਾਈ ਨੂੰ ਛੱਡਿਆ ਹੈ। ਸਿਰਫ਼ ਏਰੀਅਨ ਨੇ ਹੀ ਕੁਝ ਸੂਝ-ਬੂਝ ਨਾਲ ਲਿਖਿਆ ਹੈ ਪਰ ਇਹ ਵੀ ਕਈ ਥਾਈਂ ਸਿਕੰਦਰ ਦੀਆਂ ਕਮਜ਼ੋਰੀਆਂ ਉੱਪਰ ਪਰਦਾ ਪਾ ਜਾਂਦਾ ਹੈ'। ਇੱਕ ਹੋਰ ਆਧੁਨਿਕ ਇਤਿਹਾਸਕਾਰ ਪ੍ਰੋਫ਼ੈਸਰ ਤਰਨ ਆਪਣੀ ਪੁਸਤਕ ਵਿੱਚ ਇਸ ਗੱਲ ਦੀ ਪੁਸ਼ਟੀ ਕਰਦਾ ਹੈ। ਕੁਰੂਕਸ਼ੇਤਰ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਬੁੱਧ ਪਰਕਾਸ਼ ਨੇ ਇਨ੍ਹਾਂ ਸਾਰੇ ਯੂਨਾਨੀ ਇਤਿਹਾਸਕਾਰਾਂ ਬਾਰੇ ਲਿਖਿਆ ਕਿ "ਜਦੋਂ ਦੋ ਧਿਰਾਂ ਲੜਦੀਆਂ ਹਨ ਤਾਂ ਸਭ ਤੋਂ ਪਹਿਲੀ ਮੌਤ ਸਚਾਈ ਦੀ ਹੁੰਦੀ ਹੈ। ਦੋਵਾਂ ਧਿਰਾਂ ਵੱਲੋਂ ਲੜਾਈ ਬਾਰੇ ਦਿੱਤੀਆਂ ਖ਼ਬਰਾਂ ਉਨ੍ਹਾਂ ਦੇ ਆਪੋ-ਆਪਣੇ ਪੱਖਪਾਤੀ ਖ਼ਿਆਲਾਂ ਦੇ ਰੰਗ ਵਿੱਚ ਰੰਗੀਆਂ ਹੁੰਦੀਆਂ ਹਨ। ਉਹ ਦੋਵੇਂ ਦੂਜੀ ਧਿਰ ਨੂੰ ਛੁਟਿਆ ਕੇ ਆਪੋ-ਆਪਣੇ ਬਲਵਾਨ ਤੱਤਾਂ ਉੱਤੇ ਜ਼ੋਰ ਦਿੰਦੀਆਂ ਹਨ। ਇਸ ਦੇ ਬਾਵਜੂਦ ਝੂਠ ਦੇ ਹਨੇਰੇ ਵਿੱਚ ਹਮੇਸ਼ਾ ਕੋਈ ਘਾਟ ਰਹਿ ਜਾਂਦੀ ਹੈ ਜਿਸ ਵਿੱਚੋਂ ਸੱਚ ਦੀ ਰੌਸ਼ਨੀ ਦੀ ਕੋਈ ਕਿਰਨ ਬਾਹਰ ਨਿਕਲ ਹੀ ਆਉਂਦੀ ਹੈ ਅਤੇ ਅਸਲ ਘਟਨਾ ਬਾਰੇ ਇਸ਼ਾਰਾ ਕਰ ਜਾਂਦੀ ਹੈ। ਯੂਨਾਨੀਆਂ ਦੇ ਲਿਖੇ ਹੋਏ ਬਿਰਤਾਂਤ ਦੀ ਹੂ-ਬ-ਹੂ ਇਹੀ ਹਾਲਤ ਹੈ। ਉਹ ਇੱਕ-ਦੂਜੇ ਦੇ ਉਲਟ ਵੀ ਹਨ ਅਤੇ ਸਵੈ-ਵਿਰੋਧੀ, ਬੇਮੇਲ ਅਤੇ ਅਢੁੱਕਵੇਂ ਵੀ ਹਨ। ਇਹ ਤੱਥ ਇਸ ਗੱਲ ਦਾ ਲਖਾਇਕ ਹੈ ਕਿ ਉਨ੍ਹਾਂ ਵਿੱਚ ਕਿਤੇ ਨਾ ਕਿਤੇ ਕੋਈ ਉਕਾਈ ਹੈ ਜਿਹੜੀ ਉਨ੍ਹਾਂ ਵਿੱਚ ਇਕਸਾਰਤਾ ਨਹੀਂ ਆਉਣ ਦਿੰਦੀ। ਦਸਤਾਵੇਜ਼ਾਂ ਨੂੰ ਘੋਖ ਕੇ ਪਤਾ ਲੱਗਦਾ ਹੈ ਕਿ ਅਸਲ ਵਿੱਚ ਜਿਹਲਮ ਦੀ ਲੜਾਈ ਬਰਾਬਰ ਦੀ ਰਹੀ ਸੀ ਤੇ ਇਸ ਦੇ ਨਤੀਜੇ ਵਜੋਂ ਸਿਕੰਦਰ ਤੇ ਪੋਰਸ ਵਿਚਕਾਰ ਸੁਲਾ ਹੋ ਗਈ ਸੀ। ਇੱਕ-ਦੂਜੇ ਦੇ ਵੈਰੀ ਬਣੇ ਰਹਿਣ ਦੀ ਥਾਂ ਉਹ ਪੰਜਾਬ ਦੇ ਕਬੀਲਿਆਂ ਤੇ ਰਿਆਸਤਾਂ ਨੂੰ ਅਧੀਨ ਕਰਨ ਦੇ ਕਾਰਜ ਨੂੰ ਪੂਰਾ ਕਰਨ ਖ਼ਾਤਰ ਮਿੱਤਰ ਬਣ ਗਏ ਸਨ।" ਇਸ ਲਈ ਪੰਜਾਬ ਦੇ ਪਹਿਲੇ ਬਾਦਸ਼ਾਹ ਪੋਰਸ ਦਾ ਇਤਿਹਾਸ ਅਹਿਮ ਹੈ। ਪੋਰਸ ਦਾ ਸਮਾਂ ਅੰਦਾਜ਼ਨ 335 ਪੂ.ਈ. ਤੋਂ ਲੈ ਕੇ 325 ਪੂ.ਈ. ਤੱਕ ਦਾ ਸੀ। ਪੋਰਸ ਦੇ ਸਮੇਂ ਪੰਜਾਬ ਦੀ ਧਰਤੀ 'ਤੇ ਜੱਟ ਕਬੀਲਿਆਂ ਦਾ ਬੋਲਬਾਲਾ ਸੀ। ਪੋਰਸ ਸਭ ਤੋਂ ਵੱਡੇ ਜੱਟ ਕਬੀਲੇ 'ਮਦਰਾਂ' ਦਾ ਸਰਦਾਰ ਸੀ। ਮਦਰਾਂ ਦੇ ਨਾਲ ਨਾਲ ਮਾਲਵ ਅਤੇ ਸਾਲਵ ਨਾਂ ਦੇ ਦੋ ਹੋਰ ਵੱਡੇ ਜੱਟ ਕਬੀਲੇ ਸਨ। ਮਾਲਵਾਂ ਨੇ ਮਾਲਵੇ ਵਿੱਚ ਸਰਦਾਰੀ ਕਾਇਮ ਕਰ ਲਈ ਸੀ ਅਤੇ ਸਾਲਵਾਂ ਨੇ ਸਿਆਲਕੋਟ ਨੂੰ ਕੇਂਦਰ ਮੰਨ ਕੇ ਆਪਣੀ ਸਰਦਾਰੀ ਕਾਇਮ ਕੀਤੀ ਹੋਈ ਸੀ। ਮਦਰਾਂ ਨੇ ਪੋਰਸ ਦੀ ਅਗਵਾਈ ਹੇਠ ਚੱਜ ਅਤੇ ਰਚਨਾ ਦੁਆਬ ਵਿੱਚ ਆਪਣਾ ਰਾਜ ਸਥਾਪਤ ਕਰ ਲਿਆ ਸੀ।

ਮਦਰ ਕਬੀਲਾ ਜਿਹਲਮ ਅਤੇ ਰਾਵੀ ਦੇ ਵਿਚਕਾਰਲੇ ਦੁਆਬਾਂ ਵਿੱਚ ਫੈਲਿਆ ਹੋਇਆ ਸੀ। ਰਾਵੀ ਤੋਂ ਉਰਾਂ ਬਿਆਸ, ਸਤਲੁਜ ਅਤੇ ਘੱਗਰ-ਸਰਸਵਤੀ ਤਕ ਮਾਲਵ ਕਬੀਲਾ ਪਸਰਿਆ ਹੋਇਆ ਸੀ। ਜੱਟਾਂ ਦੇ ਅਜੋਕੇ ਅਨੇਕਾਂ ਗੋਤ ਇਨ੍ਹਾਂ ਵਿੱਚੋਂ ਹੀ ਪੈਦਾ ਹੋਏ ਹਨ। ਇਨ੍ਹਾਂ ਇਲਾਕਿਆਂ ਵਿੱਚ ਹੋਰ ਛੋਟੇ-ਮੋਟੇ ਕਬੀਲੇ ਵੀ ਵਸੇ ਹੋਏ ਸਨ ਪਰ ਦਬਦਬਾ ਮਦਰ, ਸਾਲਵ ਅਤੇ ਮਾਲਵ ਕਬੀਲਿਆਂ ਦਾ ਹੀ ਸੀ। ਮਦਰ ਕਬੀਲੇ ਦੇ ਸਰਦਾਰ ਪੋਰਸ ਦੇ ਮਨ ਵਿੱਚ ਪੰਜਾਬ ਵਿਚਲੇ ਸਾਰੇ ਜੱਟ ਕਬੀਲਿਆਂ ਨੂੰ ਇਕੱਠਾ ਕਰਕੇ ਸ਼ਕਤੀਸ਼ਾਲੀ ਬਾਦਸ਼ਾਹਤ ਕਾਇਮ ਕਰਨ ਦੀ ਇੱਛਾ ਸੀ। ਉਸ ਦੀ ਸਭ ਤੋਂ ਵੱਡੀ ਸਮੱਸਿਆ ਉਸ ਦੇ ਗੁਆਂਢ ਵਿੱਚ ਆਰੀਆ ਕਬੀਲਿਆਂ ਦੀਆਂ ਰਿਆਸਤਾਂ ਸਨ। ਇਨ੍ਹਾਂ ਵਿੱਚ ਤਕਸ਼ਿਲਾ ਦੀ ਰਿਆਸਤ ਦਾ ਮੁਖੀ ਰਾਜਾ ਅੰਭੀ ਸੀ। ਉਸ ਦਾ ਰਾਜ ਸਿੰਧ ਅਤੇ ਜਿਹਲਮ ਦੇ ਵਿਚਕਾਰਲੇ ਦੁਆਬ (ਸਿੰਧ-ਸਾਗਰ) ਵਿੱਚ ਸੀ। ਉਸ ਦੀ ਰਾਜਧਾਨੀ ਤਕਸ਼ਿਲਾ ਸੀ। ਇਸ ਸਮੇਂ ਦਾ ਵਿਦਵਾਨ ਚਾਣਕਯ (ਕੌਟਲਿਆ) ਉਸ ਦੀ ਮਦਦ 'ਤੇ ਸੀ। ਚਾਣਕਯ ਦਾ ਸ਼ਾਗਿਰਦ ਚੰਦਰ ਗੁਪਤ ਡਾਕੇ ਜਾਂ ਧਾੜਾਂ ਮਾਰਨ ਵਾਲੇ ਇੱਕ ਟੋਲੇ ਦਾ ਸਰਦਾਰ ਸੀ। ਚਾਣਕਯ ਅਤੇ ਚੰਦਰ ਗੁਪਤ ਨੂੰ ਆਪਣੇ ਠਹਿਰਾਅ ਲਈ ਅੰਭੀ ਦੀ ਰਿਆਸਤ ਮਿਲ ਗਈ। ਉਨ੍ਹਾਂ ਨੇ ਅੰਭੀ ਨੂੰ ਪੋਰਸ ਦੇ ਖ਼ਿਲਾਫ਼ ਉਭਾਰਨਾ ਸ਼ੁਰੂ ਕਰ ਦਿੱਤਾ। ਘੱਗਰ-ਸਰਸਵਤੀ ਪਾਰ ਦੇ ਆਰੀਆ ਕਬੀਲੇ ਵੀ ਅੰਭੀ ਦੀ ਮਦਦ 'ਤੇ ਸਨ। ਪੋਰਸ ਇਕੱਲਾ ਹੀ ਸ਼ਕਤੀਸ਼ਾਲੀ ਬਾਦਸ਼ਾਹ ਦੇ ਰੂਪ ਵਿੱਚ ਉੱਭਰ ਰਿਹਾ ਸੀ। ਪੋਰਸ ਦੇ ਇਸ ਉਭਾਰ ਤੋਂ ਅੰਭੀ, ਚਾਣਕਯ ਅਤੇ ਚੰਦਰ ਗੁਪਤ ਖ਼ਾਰ ਖਾਂਦੇ ਸਨ ਪਰ ਪੋਰਸ ਦਾ ਉਭਾਰ ਹਕੀਕਤ ਸੀ।

ਪ੍ਰੋ. ਬੁੱਧ ਪ੍ਰਕਾਸ਼ ਨੇ ਪੋਰਸ ਦੇ ਉਭਾਰ ਨੂੰ ਇਉਂ ਬਿਆਨ ਕੀਤਾ ਹੈ: "ਸਿਕੰਦਰ ਦੇ ਹਮਲੇ ਤੋਂ ਪਹਿਲਾਂ ਪੋਰਸ ਪੱਛਮੀ ਪੰਜਾਬ ਦਾ ਸਭ ਤੋਂ ਵਧੇਰੇ ਬਲਵਾਨ ਬਾਦਸ਼ਾਹ ਸੀ। ਹੋਰ ਸਾਰੀਆਂ ਮਹੱਤਵਪੂਰਨ ਰਿਆਸਤਾਂ ਤੇ ਰਜਵਾੜਿਆਂ ਦੀ ਕਿਸਮਤ ਉਸ ਦੀਆਂ ਨੀਤੀਆਂ ਨਾਲ ਜੁੜੀ ਹੋਈ ਸੀ। ਅੰਭੀ ਦੀ ਘਬਰਾਹਟ ਦਾ ਕਾਰਨ ਵੀ ਪੋਰਸ ਦੀ ਸ਼ਕਤੀ ਦੇ ਉਭਾਰ ਤੇ ਵਿਸਥਾਰ ਅਤੇ ਉਸ ਦੀ ਚੜ੍ਹਦੀ ਕਲਾ ਵਿੱਚੋਂ ਲੱਭਿਆ ਤੇ ਸਮਝਿਆ ਜਾ ਸਕਦਾ ਹੈ। ਡਾਇਓਡੋਰੋਸ ਲਿਖਦਾ ਹੈ ਕਿ ਪੋਰਸ ਦੀ ਫ਼ੌਜ ਵਿੱਚ ਪੰਜਾਹ ਹਜ਼ਾਰ ਪਿਆਦੇ, ਤੀਹ ਹਜ਼ਾਰ ਘੋੜ ਸਵਾਰ, ਇੱਕ ਹਜ਼ਾਰ ਤੋਂ ਵੱਧ ਰਥ ਅਤੇ ਇੱਕ ਸੌ ਤੀਹ ਹਾਥੀ ਸਨ। ਫ਼ੌਜ ਦੀ ਇੰਨੀ ਭਾਰੀ ਗਿਣਤੀ ਤੋਂ ਪਤਾ ਲੱਗਦਾ ਹੈ ਕਿ ਉਸ ਦੇ ਵਿੱਤੀ ਵਸੀਲੇ ਬਹੁਤ ਵਿਸ਼ਾਲ ਹੋਣਗੇ। ਇਹ ਗੱਲ ਵੀ ਧਿਆਨ ਦੇਣ ਯੋਗ ਹੈ ਕਿ ਇੰਨੀ ਵਿਸ਼ਾਲ ਫ਼ੌਜ ਇਕੱਲੇ ਪੋਰਸ ਦੀ ਕਮਾਨ ਹੇਠ ਸੀ। ਇਸ ਤੋਂ ਪਤਾ ਲਗਦਾ ਹੈ ਕਿ ਉਸ ਸਮੇਂ ਦੇ ਰਾਜਨੀਤਕ ਵਿਚਾਰਾਂ ਦੇ ਨਵੇਂ ਝੁਕਾਵਾਂ ਅਧੀਨ ਪੋਰਸ ਨੇ ਆਪਣੇ ਰਾਜ-ਪ੍ਰਬੰਧ ਵਿੱਚ ਉੱਚੇ ਪੱਧਰ 'ਤੇ ਕੇਂਦਰੀਕਰਨ ਕਰ ਲਿਆ ਸੀ। ਉਸ ਨੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੱਛਮੀ ਪੰਜਾਬ ਦੇ ਕੁਝ ਭਾਗਾਂ ਦੀਆਂ ਫ਼ੌਜੀ ਜੁੰਡਲੀਆਂ ਨੂੰ ਇੱਕ ਲੜੀ ਵਿੱਚ ਪਰੋ ਕੇ ਫ਼ੌਲਾਦੀ ਜੰਗੀ ਢਾਂਚਾ ਤਿਆਰ ਕਰ ਲਿਆ ਸੀ ਜਿਸ ਵਿੱਚ ਹਮਲਾ ਕਰਨ ਦੀ ਪ੍ਰਬਲ ਸ਼ਕਤੀ ਸੀ। ਇਸੇ ਕਾਰਨ ਵਿਦੇਸ਼ੀ ਬਾਦਸ਼ਾਹ ਵੀ ਉਸ ਦੀ ਸ਼ਕਤੀ ਨੂੰ ਮੰਨਦੇ ਤੇ ਉਸ ਦੀ ਕਦਰ ਕਰਦੇ ਸਨ। ਲੋੜ ਵੇਲੇ ਉਸ ਦੀ ਮਿੱਤਰਤਾ ਤੇ ਸਹਾਇਤਾ 'ਤੇ ਵੀ ਭਰੋਸਾ ਰੱਖਦੇ ਸਨ।

ਸਾਡੇ ਇਤਿਹਾਸਕਾਰਾਂ ਨੇ ਪੋਰਸ ਨੂੰ ਕਈ ਕਾਰਨਾਂ ਕਰਕੇ ਅਣਗੌਲਿਆ ਹੀ ਰੱਖਿਆ ਹੈ। ਪੋਰਸ ਪੰਜਾਬ ਦਾ ਐਸਾ ਤਾਕਤਵਰ ਬਾਦਸ਼ਾਹ ਸੀ ਜਿਸ ਨੇ ਸਿੰਧ ਦਰਿਆ ਨੂੰ ਪਾਰ ਕਰਕੇ ਸਮੁੱਚੇ ਕੇਂਦਰੀ ਏਸ਼ੀਆ ਨੂੰ ਫ਼ਤਿਹ ਕਰਨ ਦੀ ਯੋਜਨਾ ਬਣਾਈ ਹੋਈ ਸੀ। ਪੋਰਸ ਪਹਿਲਾਂ ਸਿੰਧ ਪਾਰ ਕਰਕੇ ਸਿਕੰਦਰ ਨੂੰ ਉਸ ਦੀ ਆਪਣੀ ਧਰਤੀ 'ਤੇ ਹੀ ਟੱਕਰ ਦੇਣੀ ਚਾਹੁੰਦਾ ਸੀ ਪਰ ਸਾਡੇ ਦੇਸ਼ ਦਾ ਦਿਮਾਗ਼ ਸਮਝੇ ਜਾਂਦੇ ਚਾਣਕਯ ਵਰਗੇ ਵਿਅਕਤੀ, ਪੋਰਸ ਵਿਰੁੱਧ ਸਿਕੰਦਰ ਨੂੰ ਮਿਲਣ ਦੀਆਂ ਵਿਉਂਤਾਂ ਬਣਾ ਰਹੇ ਸਨ।

ਮੌਰੀਆ ਖ਼ਾਨਦਾਨ ਦੇ ਮੋਢੀ ਅਤੇ ਭਾਰਤ ਦਾ ਸਿਰਜਕ ਸਮਝੇ ਜਾਂਦੇ ਚੰਦਰ ਗੁਪਤ ਨੇ ਚਾਣਕਯ ਦੀ ਸਲਾਹ ਨਾਲ ਅੰਭੀ ਅਤੇ ਸਿਕੰਦਰ ਦਾ ਸਾਥ ਦਿੱਤਾ ਸੀ। ਇਨ੍ਹਾਂ ਸਭ ਨੇ ਪੋਰਸ ਨੂੰ ਘੇਰੀ ਰੱਖਣ ਦੀ ਯੋਜਨਾ ਬਣਾਈ ਹੋਈ ਸੀ। ਸਿਕੰਦਰ ਮਈ 326 ਪੂ.ਈ. ਵਿੱਚ ਜਿਹਲਮ 'ਤੇ ਪਹੁੰਚਿਆ। ਪੋਰਸ ਦੀ ਫ਼ੌਜ ਜਿਹਲਮ ਦੇ ਪਰਲੇ ਕੰਢੇ ਐਸੀ ਮਜ਼ਬੂਤ ਸਥਿਤੀ ਅਨੁਸਾਰ ਖੜੀ ਸੀ ਕਿ ਸਿਕੰਦਰ ਸਾਹਮਣੇ ਮੱਥੇ ਦਰਿਆ ਪਾਰ ਕਰਨ ਦਾ ਹੌਸਲਾ ਨਹੀਂ ਕਰ ਸਕਿਆ। ਪੋਰਸ ਉੱਚੀ ਆਵਾਜ਼ ਵਿੱਚ ਲਲਕਾਰ ਕੇ ਸਿਕੰਦਰ ਨੂੰ ਕਹਿ ਰਿਹਾ ਸੀ, "ਐ ਸਿਕੰਦਰ, ਜੇ ਤੂੰ ਆਪਣੇ-ਆਪ ਨੂੰ ਬਲਵਾਨ ਸਮਝਦਾ ਹੈ ਤਾਂ ਜਿਹਲਮ ਪਾਰ ਕਰਕੇ ਦਿਖਾ।" ਸਿਕੰਦਰ ਮਈ ਤੋਂ ਲੈ ਕੇ ਜੁਲਾਈ ਤੱਕ ਲਗਾਤਾਰ ਦੋ-ਢਾਈ ਮਹੀਨੇ ਉਸੇ ਡੇਰੇ ਵਿੱਚ ਬੈਠਾ ਰਿਹਾ। ਸਿਕੰਦਰ ਨੇ ਪੋਰਸ ਨੂੰ ਧੋਖਾ ਦੇ ਕੇ ਅਸਲੀ ਥਾਂ ਤੋਂ ਤਕਰੀਬਨ ਚਾਲੀ ਕਿੱਲੋਮੀਟਰ ਦੂਰ ਜਾ ਕੇ ਜਿਹਲਮ ਪਾਰ ਕੀਤਾ। ਉੱਥੇ ਪੋਰਸ ਦੇ ਪੁੱਤਰ ਸੰਘਰ ਨੇ ਉਸ ਦਾ ਮੁਕਾਬਲਾ ਕੀਤਾ।

ਬਾਕੀ ਸਫ਼ਾ 31 'ਤੇ

# ਸੁਮੇਧ ਸੈਣੀ ਨੂੰ ਹੋ ਸਕਦੀ ਏ ਉਮਰ ਕੈਦ ਦੀ ਸਜ਼ਾ !

**✪ 29 ਸਾਲ ਪੁਰਾਣੇ ਕਤਲ ਕੇਸ ’ਚ ਬੁਰੇ ਫਸੇ ਸੈਣੀ ✪ ਸੈਣੀ ਦੇ ਸਾਥੀ ਬਣੇ ਸਰਕਾਰੀ ਗਵਾਹ ✪ ਸੈਣੀ ਬਣਾ ਚੁੱਕਾ ਏ ਅਨੇਕਾਂ ਸਿੱਖ ਨੌਜਵਾਨਾਂ ਨੂੰ ਲਾਵਾਰਸ ਲਾਸ਼ਾਂ ✪ ਬਾਦਲ ਸਰਕਾਰ ਵੀ ਹਮਾਇਤੀ ਰਹੀ ਏ ਸੈਣੀ ਦੀ**



**- ਬਘੇਲ ਸਿੰਘ ਧਾਲੀਵਾਲ**
99142-58142

ਪੰਜਾਬੀ ਦੀ ਇੱਕ ਠੇਠ ਪੇਂਡੂ ਕਹਾਵਤ ਹੈ ਕਿ 12 ਸਾਲਾਂ ਬਾਅਦ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਹੈ, ਪਰੰਤੂ ਪੰਜਾਬੀਆਂ ਖ਼ਾਸ ਕਰਕੇ ਸਿੱਖਾਂ ਨਾਲ ਧੱਕੇਸ਼ਾਹੀ ਅਤੇ ਬੇਇਨਸਾਫ਼ੀ ਵਰਗੇ ਗੰਭੀਰ ਮਸਲਿਆਂ ਵਿਚ ਇਹ ਕਹਾਵਤ ਬਿਲਕੁਲ ਹੀ ਨਿਰਮੂਲ ਸਿੱਧ ਹੋਈ ਹੈ। ਸਿੱਖਾਂ ਦੀ 12 ਸਾਲ ਬਾਅਦ ਵੀ ਨਹੀਂ, 24 ਸਾਲ ਬਾਅਦ ਵੀ ਨਹੀਂ, ਬਲਕਿ 36. 36 ਸਾਲ ਬਾਅਦ ਵੀ ਨਹੀਂ ਸੁਣੀ ਗਈ। ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਛੱਤੀਆਂ ਸਾਲਾਂ ਦੇ ਬੀਤ ਜਾਣ ਬਾਅਦ ਵੀ ਇਨਸਾਫ਼ ਨਹੀਂ ਮਿਲਿਆ। ਬਹੁਤ ਸਾਰੇ ਪੀੜਤ ਇਨਸਾਫ਼ ਦੀ ਉਡੀਕ ਵਿੱਚ ਅਦਾਲਤਾਂ ਦੇ ਚੱਕਰ ਕੱਟਦੇ ਕੱਟਦੇ ਦੁਨੀਆ ਤੋਂ ਚਲੇ ਗਏ ਹਨ। ਕੁਝ ਬੇਸਹਾਰਾ ਬੇਘਰ ਹੋ ਕੇ ਦਰ ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਭਾਰਤੀ ਨਿਆਂ ਪ੍ਰਣਾਲੀ ਤੋ ਇਨਸਾਫ਼ ਦੀ ਉਮੀਦ ਹੀ ਛੱਡ ਚੁੱਕੇ ਹਨ। ਇਸੇ ਤਰਾਂ 90 ਦੇ ਦਹਾਕੇ ਵਿਚ ਪੰਜਾਬ ਪੁਲਿਸ ਦੁਆਰਾ ਕੀਤੀਆਂ ਵਧੀਕੀਆਂ ਦੇ ਜ਼ਖ਼ਮ ਵੀ ਭਾਵੇਂ ਪੀੜਤਾਂ ਲਈ ਤਰੋ ਤਾਜ਼ਾ ਹਨ, ਪਰ ਇਨਸਾਫ਼ ਮਿਲਣ ਦੀ ਉਡੀਕ ਇੱਥੇ ਵੀ ਤਿੰਨ ਤਿੰਨ ਦਹਾਕਿਆਂ ਤੱਕ ਕਰਨੀ ਪੰਜਾਬ ਦੇ ਲੋਕਾਂ ਦੀ ਮਜਬੂਰੀ ਬਣ ਚੁੱਕੀ ਹੈ।

### ਸੁਮੇਧ ਸੈਣੀ ਦਾ ਕੇਸ

ਅਜਿਹਾ ਹੀ ਇੱਕ ਕੇਸ ਸਾਬਕਾ ਪੁਲਿਸ ਮੁਖੀ ਸੁਮੇਧ ਸਿੰਘ ਸੈਣੀ ਦਾ ਸਾਹਮਣੇ ਆਇਆ ਹੈ, ਜਿਸ ਵਿੱਚ ਪੀੜਤ ਪਰਿਵਾਰ ਨੂੰ ਪੂਰੇ 29 ਵਰੇ ਗੁਜਰ ਜਾਣ ਤੋ ਬਾਅਦ ਹੁਣ ਕੁਝ ਇਨਸਾਫ਼ ਦੀ ਉਮੀਦ ਬੱਝੀ ਹੈ, ਜਦੋਂ ਸੁਮੇਧ ਸੈਣੀ ਤੇ ਅਦਾਲਤ ਨੇ ਕਤਲ ਦਾ ਪਰਚਾ ਦਰਜ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਇੱਥੇ ਦੱਸਣਾ ਬਣਦਾ ਹੈ ਕਿ ਪੰਜਾਬ ਦੇ ਸਾਬਕਾ ਆਈਏਐੱਸ ਅਧਿਕਾਰੀ ਦਰਸ਼ਨ ਸਿੰਘ ਮੁਲਤਾਨੀ ਦੇ ਬੇਟੇ ਅਤੇ ਸਿਟਕੋ ਦੇ ਜੂਨੀਅਰ ਇੰਜੀਨੀਅਰ ਬਲਵੰਤ ਸਿੰਘ ਮੁਲਤਾਨੀ ਨੂੰ ਪੁਲਿਸ ਵੱਲੋਂ 29 ਸਾਲ ਪਹਿਲਾਂ ਦਸੰਬਰ 1991 ਵਿਚ ਅਗਵਾ ਕਰਨ ਮਗਰੋਂ ਭੇਦਭਰੀ ਹਾਲਤ ਵਿੱਚ ਲਾਪਤਾ ਕਰ ਦਿੱਤਾ ਗਿਆ ਸੀ, ਜਿਸ ਨੂੰ ਗੁੰਮਸ਼ੁਦਗੀ ਦੇ ਨਾਮ ਹੇਠ ਕਤਲ ਕਰਨ ਦੇ ਦੋਸ਼ ਸਿੱਧੇ ਤੌਰ ਤੇ ਸੈਣੀ ਤੇ ਲੱਗੇ ਸਨ।

### ਸੈਣੀ ਕਾਨੂੰਨੀ ਸੰਕਟ ’ਚ

ਲੰਮਾ ਸਮਾਂ ਭਾਵੇਂ ਸੁਮੇਧ ਸੈਣੀ ਨੌਕਰਸ਼ਾਹੀ ਤਾਕਤ ਦੇ ਸਹਾਰੇ ਕਨੂੰਨ ਦੀ ਮਾਰ ਤੋਂ ਬੇਅਸਰ ਰਿਹਾ ਪਰ ਪਰਿਵਾਰ ਵੱਲੋਂ ਮੁੜ ਤੋਂ ਇਨਸਾਫ਼ ਲਈ ਸ਼ੁਰੂ ਕੀਤੀ ਕਨੂੰਨੀ ਜੰਗ ਕਾਰਨ ਮੁਹਾਲੀ ਅਦਾਲਤ ਨੇ ਵਾਅਦਾ ਮੁਆਫ਼ ਗਵਾਹ ਬਣੇ ਯੂ.ਟੀ. ਪੁਲਿਸ ਦੇ ਦੋ ਸਾਬਕਾ ਇੰਸਪੈਕਟਰਾਂ ਜਗੀਰ ਸਿੰਘ ਤੇ ਕੁਲਦੀਪ ਸਿੰਘ ਸੰਧੂ ਦੇ ਬਿਆਨਾਂ ਨੂੰ ਆਧਾਰ ਬਣਾ ਕੇ ਪੰਜਾਬ ਪੁਲਿਸ ਦੀ ਸਿੱਟ ਨੂੰ ਸਾਬਕਾ ਡੀ ਜੀ ਪੀ ਸੈਣੀ ਖ਼ਿਲਾਫ਼ ਧਾਰਾ 302 ਦੇ ਜੁਰਮ ਦਾ ਵਾਧਾ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਮਗਰੋਂ ਪੁਲਿਸ ਨੇ ਸੈਣੀ ਖ਼ਿਲਾਫ਼ ਕਤਲ ਦਾ ਮੁਕੱਦਮਾ ਦਰਜ ਕਰ ਲਿਆ ਹੈ। ਇਹ ਵੀ ਪੰਜਾਬੀ ਦੀ ਕਹਾਵਤ ਹੈ ਕਿ “ਮਾੜਾ ਵਕਤ ਪੁੱਛ ਕੇ ਨਹੀਂ ਆਉਂਦਾ”।

ਸੋ ਸੁਮੇਧ ਸੈਣੀ ਨਾਲ ਵੀ ਹਾਲ ਦੀ ਘੜੀ ਕੁੱਝ ਅਜਿਹਾ ਹੀ ਹੋ ਰਿਹਾ ਹੈ, ਕਿਉਂਕਿ ਕਿਸੇ ਵੇਲੇ ਸੈਣੀ ਦੇ ਚਹੇਤੇ ਰਹੇ ਦੋਵੇਂ ਸਾਬਕਾ ਇੰਸਪੈਕਟਰਾਂ ਨੇ ਬੀਤੇ ਵੀਰਵਾਰ ਨੂੰ ਮੁਹਾਲੀ ਦੀ ਜੁਡੀਸ਼ੀਅਲ ਮੈਜਿਸਟਰੇਟ ਕਮ ਡਿਊਟੀ ਮੈਜਿਸਟਰੇਟ ਰਸਵੀਨ ਕੌਰ ਦੀ ਅਦਾਲਤ ਵਿੱਚ ਸੀਆਰਪੀਸੀ ਦੀ



ਧਾਰਾ 164 ਤਹਿਤ ਬਿਆਨ ਦਰਜ ਕਰਵਾਏ ਹਨ। ਉਨਾਂ ਅਦਾਲਤ ਨੂੰ ਦੱਸਿਆ ਹੈ ਕਿ ਉਨਾਂ ਉੱਤੇ ਕਿਸੇ ਦਾ ਕੋਈ ਦਬਾਅ ਨਹੀਂ ਹੈ ਅਤੇ ਨਾ ਹੀ ਉਹ ਕਿਸੇ ਲਾਲਚ ਵਿੱਚ ਆ ਕੇ, ਬਲਕਿ ਆਪਣੀ ਮਰਜ਼ੀ ਅਨੁਸਾਰ ਵਾਅਦਾ ਮੁਆਫ਼ ਗਵਾਹ ਬਣੇ ਹਨ। ਯੂ.ਟੀ. ਪੁਲਿਸ ਦੇ ਸਾਬਕਾ ਅਫ਼ਸਰਾਂ ਨੇ ਆਪਣੇ ਲਿਖਤੀ ਬਿਆਨਾਂ ਵਿੱਚ ਇਹ ਵੀ ਸਪਸ਼ਟ ਕੀਤਾ ਹੈ ਕਿ ਬਲਵੰਤ ਸਿੰਘ ਮੁਲਤਾਨੀ ’ਤੇ ਅਣਮਨੁੱਖੀ ਤਸ਼ੱਦਦ ਢਾਹਿਆ ਗਿਆ, ਜਿਸ ਕਾਰਨ ਉਸ ਦੀ ਹਿਰਾਸਤ ਦੌਰਾਨ ਹੀ ਮੌਤ ਹੋ ਗਈ। ਅਖੀਰ ਅਦਾਲਤ ਨੇ ਪੁਲਿਸ ਨੂੰ ਸੁਮੇਧ ਸੈਣੀ ਖ਼ਿਲਾਫ਼ ਕਤਲ ਦਾ ਮੁਕੱਦਮਾ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਮਾਮਲੇ ਵਿੱਚ ਛੇ ਹੋਰ ਵਿਅਕਤੀਆਂ ਖ਼ਿਲਾਫ਼ ਵੀ ਕੇਸ ਦਰਜ ਕੀਤਾ ਗਿਆ ਹੈ। ਇਨਾਂ ਲੋਕਾਂ ਵਿੱਚ ਸਾਬਕਾ ਡਿਪਟੀ ਸੁਪਰਡੈਂਟ ਬਲਦੇਵ ਸਿੰਘ ਸੈਣੀ, ਤਤਕਾਲੀ ਇੰਸਪੈਕਟਰ ਸਤਬੀਰ ਸਿੰਘ, ਤਤਕਾਲੀ ਸਬ-ਇੰਸਪੈਕਟਰ ਹਰਸਹਾਏ ਸ਼ਰਮਾ, ਜਗੀਰ ਸਿੰਘ, ਅਨੂਪ ਸਿੰਘ ਤੇ ਸਹਾਇਕ ਸਬ-ਇੰਸਪੈਕਟਰ ਕੁਲਦੀਪ ਸਿੰਘ ਸ਼ਾਮਲ ਹਨ। ਮੁਹਾਲੀ ਪੁਲਿਸ ਨੇ ਇਸ ਕੇਸ ਦੀ ਇਕ ਵਿਸ਼ੇਸ਼ ਜਾਂਚ ਟੀਮ ਬਣਾਈ ਹੈ, ਜਿਹੜੀ ਪਹਿਲਾਂ ਹੀ ਕੁਝ ਪ੍ਰਮੁੱਖ ਗਵਾਹਾਂ ਦੇ ਬਿਆਨ ਦਰਜ ਕਰ ਚੁੱਕੀ ਹੈ।

### ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲਾ ਅਫ਼ਸਰ

6 ਮਈ ਨੂੰ ਦਰਜ ਹੋਏ ਕੇਸ ਵਿੱਚ ਸੁਮੇਧ ਸੈਣੀ ਨੂੰ ਜ਼ਮਾਨਤ ਦੇਣ ਵਾਲੀ ਵਧੀਕ ਜ਼ਿਲਾ ਤੇ ਸੈਸ਼ਨ ਜੱਜ ਮੋਨਿਕਾ ਗੋਇਲ ਨੇ ਕਥਿਤ ਅਪਰਾਧ ਤੋਂ ਤਕਰੀਬਨ ਤਿੰਨ ਦਹਾਕਿਆਂ ਬਾਅਦ ਐਫਆਈਆਰ ਦੇ ਸਮੇਂ ’ਤੇ ਸਵਾਲ ਚੁੱਕੇ ਸਨ, ਜ਼ਮਾਨਤ ਦੇ ਆਦੇਸ਼ ਵਿੱਚ ਜੱਜ ਨੇ ਬਲਵੰਤ ਦੇ ਭਰਾ ਪਲਵਿੰਦਰ ਦੀ ਇਹ ਦਲੀਲ ਰੱਦ ਕਰ ਦਿੱਤੀ ਸੀ ਕਿ ਸੈਣੀ ਬਹੁਤ ਪ੍ਰਭਾਵਸ਼ਾਲੀ ਹੈ ਤੇ ਇਸ ਲਈ ਉਹ ਪਹਿਲਾਂ ਸ਼ਿਕਾਇਤ ਦਰਜ ਨਹੀਂ ਕਰਵਾ ਸਕਿਆ ਸੀ, ਜਿਸ ਦੇ ਆਧਾਰ ਤੇ 6 ਮਈ ਨੂੰ ਐਫਆਈਆਰ ਦਰਜ ਕੀਤੀ ਗਈ ਸੀ। ਜੱਜ ਨੇ ਕਿਹਾ, “ਕੋਈ ਕਾਰਨ ਨਹੀਂ ਦੱਸਿਆ ਜਾ ਰਿਹਾ ਕਿ ਮੌਜੂਦਾ ਸ਼ਿਕਾਇਤਕਰਤਾ ਜੂਨ 2018 (ਜਦੋਂ ਸੈਣੀ ਸੇਵਾਮੁਕਤ ਹੋਏ) ਤੋਂ ਇੰਨੇ ਲੰਬੇ ਸਮੇਂ ਲਈ ਚੁੱਪ ਕਿਉਂ ਰਹੇ, ਜਿਸ ਦੇ ਆਧਾਰ ਤੇ 11 ਮਈ ਨੂੰ ਵਧੀਕ ਜ਼ਿਲਾ ਤੇ ਸੈਸ਼ਨ ਜੱਜ ਦੀ ਅਦਾਲਤ ਵੱਲੋਂ ਸੁਮੇਧ ਸੈਣੀ ਨੂੰ ਜ਼ਮਾਨਤ ਦੇ ਦਿੱਤੀ ਗਈ। ਮਾਣਯੋਗ ਜੱਜ ਸਾਹਿਬ ਜੇਕਰ ਇਹ ਦਲੀਲ ਮੰਨਣ ਨੂੰ ਤਿਆਰ ਨਹੀਂ ਸਨ ਕਿ ਸੁਮੇਧ ਸੈਣੀ ਇੱਕ ਪ੍ਰਭਾਵਸ਼ਾਲੀ ਵਿਅਕਤੀ ਹੋਣ ਕਰਕੇ ਪਰਿਵਾਰ ਉਸ ਖ਼ਿਲਾਫ਼ ਪਹਿਲਾਂ ਕਾਰਵਾਈ ਕਰਨ ਵਿਚ ਅਸਫਲ ਰਿਹਾ ਹੈ ਤਾਂ ਮੈ ਸਮਝਦਾ ਹਾਂ ਕਿ ਇਸ ਤੋਂ ਵੱਡੀ ਦਲੀਲ ਸ਼ਾਇਦ ਹੋਰ ਕੋਈ ਹੋ ਹੀ ਨਹੀਂ ਸੀ ਸਕਦੀ, ਕਿਉਂਕਿ ਉਸ ਮੌਕੇ ਸੁਮੇਧ ਸੈਣੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲਾ ਸਭ ਤੋਂ ਖ਼ਤਰਨਾਕ ਤੇ ਤਾਕਤਵਰ ਪੁਲਿਸ ਅਫ਼ਸਰ ਦੇ ਤੌਰ ਤੇ ਜਾਣਿਆ ਜਾਂਦਾ ਸੀ। ਸੈਣੀ 1982 ਵਿਚ ਆਈਪੀਐਸ ਵਿਚ ਸ਼ਾਮਲ ਹੋਇਆ ਅਤੇ ਅਗਲੇ 20 ਸਾਲਾਂ ਲਈ ਛੇ ਜ਼ਿਲਿਆਂ ਵਿਚ ਸੀਨੀਅਰ ਸੁਪਰਡੈਂਟ ਵਜੋਂ ਕੰਮ ਕੀਤਾ। ਉਹ ਬਲਵੰਤ ਸਿੰਘ ਮੁਲਤਾਨੀ ਦੇ ਲਾਪਤਾ ਹੋਣ ਸਮੇਂ ਚੰਡੀਗੜ ਵਿੱਚ ਐਸਐਸਪੀ ਸੀ।

ਅੱਸੀ ਅਤੇ ਨੱਬੇ ਦੇ ਦਹਾਕੇ ਦੌਰਾਨ ਪੰਜਾਬ ਵਿਚ ਇਕ ਸੀਨੀਅਰ ਪੁਲਿਸ ਅਧਿਕਾਰੀ ਵਜੋਂ ਖਾੜਕੂ ਲਹਿਰ ਵਿਰੋਧੀ ਕਾਰਵਾਈਆਂ ਵਿਚ ਸ਼ਾਮਲ ਸੀ, ਜਦੋਂ ਉਸ ਨੇ ਸੈਂਕੜੇ ਸਿੱਖ ਨੌਜਵਾਨਾਂ ਨੂੰ ਲਾਵਾਰਸ ਲਾਸ਼ਾਂ ਬਣਾਇਆ, ਜਿਨਾਂ ਵਿਚ ਬਲਵੰਤ ਸਿੰਘ ਮੁਲਤਾਨੀ ਵੀ ਸ਼ੁਮਾਰ ਸਨ। ਕਿਹਾ ਜਾਂਦਾ ਹੈ ਕਿ ਉਸ ਨੇ ਰਾਜ ਦੇ ਸਾਬਕਾ ਡੀ ਜੀ ਪੀ ਕੇਪੀਐਸ ਗਿੱਲ ਦੀ ਸਰਪ੍ਰਸਤੀ ਦਾ ਫ਼ਾਇਦਾ ਉਠਾਇਆ ਸੀ। ਗਿੱਲ ਜਿਹੜੇ ਪੰਜਾਬ ਦਾ ਦੋ ਵਾਰੀ ਡੀ ਜੀ ਪੀ ਰਿਹਾ ਸੀ, ਨੇ ਖਾੜਕੂ ਸਿੱਖ ਲਹਿਰ ਨੂੰ ਖ਼ਤਮ ਕਰਨ ਲਈ ਅਪਣਾਈ ਗਈ ਰਣਨੀਤੀ ਲਈ ਆਪਣੀ ਮੌਤ ਤੱਕ ਸਖ਼ਤ ਅਲੋਚਨਾ ਦਾ ਸਾਹਮਣਾ ਕੀਤਾ। ਉਸ ਉੱਪਰ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਤੋਂ ਲੈ ਕੇ ਝੂਠੇ ਮੁਕਾਬਲੇ ਅਤੇ ਗੈਰ ਕਾਨੂੰਨੀ ਕਤਲੇਆਮ ਤੱਕ ਦੇ ਦੋਸ਼ ਲੱਗੇ ਹਨ।

ਸਿੱਖ ਕੌਮ ਸਮੁੱਚੇ ਰੂਪ ਵਿੱਚ ਕੇ ਪੀ ਐੱਸ ਗਿੱਲ ਨੂੰ ਸਿੱਖ ਨੌਜਵਾਨਾਂ ਦਾ ਕਾਤਲ ਗਰਦਾਨ ਚੁੱਕੀ ਹੈ। ਸਾਲ 2012 ਵਿਚ ਅਕਾਲੀ ਭਾਜਪਾ ਸਰਕਾਰ ਨੇ ਸੁਮੇਧ ਸੈਣੀ ਨੂੰ ਡਾਇਰੈਕਟਰ ਜਨਰਲ ਆਫ਼ ਪੁਲਿਸ ਪੰਜਾਬ ਵਜੋਂ ਨਿਯੁਕਤ ਕੀਤਾ, ਜਿਸ ਦੌਰਾਨ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਸੰਘਰਸ਼ ਦੌਰਾਨ ਵੀ ਨਿਹੱਥੇ ਸ਼ਾਂਤਮਈ ਸਿੱਖ ਸੰਗਤ ਤੇ ਗੋਲੀਆਂ ਚਲਾ ਕੇ ਦੋ ਸਿੱਖ ਨੌਜਵਾਨਾਂ ਨੂੰ ਕਤਲ ਕਰਨ ਤੇ ਸੈਂਕੜੇ ਸਿੱਖਾਂ ਨੂੰ ਗੰਭੀਰ ਰੂਪ ਵਿਚ ਜ਼ਖ਼ਮੀ ਕਰਨ ਦਾ ਵੀ ਸੁਮੇਧ ਸੈਣੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਜ਼ਿੰਮੇਵਾਰ ਠਹਿਰਾਇਆ ਹੋਇਆ ਹੈ, ਪਰੰਤੂ ਇਸ 14 ਅਕਤੂਬਰ 2015 ਵਾਲੇ ਗੋਲੀ ਕਾਂਡ ਵਿੱਚ ਵੀ ਸੁਮੇਧ ਸੈਣੀ ਖ਼ਿਲਾਫ਼ ਕਾਰਵਾਈ ਨਾ ਹੋਣੀ, ਉਹਦੇ ਤਾਕਤਵਰ ਹੋਣ ਦੀ ਮਿਸਾਲ ਹੀ ਤਾਂ ਹੈ।

### ਸੈਣੀ ਨੂੰ ਬਚਾਉਣ ਵਾਲੀ ਬਾਦਲ ਸਰਕਾਰ

ਇੱਥੇ ਇਹ ਦੱਸਣਾ ਜ਼ਰੂਰੀ ਬਣਦਾ ਹੈ ਕਿ 7 ਦਸੰਬਰ 2011 ਨੂੰ ਸੁਪਰੀਮ ਕੋਰਟ ਨੇ ਤਤਕਾਲੀ ਅਕਾਲੀ ਸਰਕਾਰ ਦੀ ਅਪੀਲ ਨੂੰ ਮਨਜ਼ੂਰੀ ਦੇ ਕੇ ਸੀਬੀਆਈ ਵੱਲੋਂ ਸੁਮੇਧ ਸੈਣੀ ਖ਼ਿਲਾਫ਼ ਕੀਤੀ ਜਾ ਰਹੀ ਜਾਂਚ ਨੂੰ ਬੰਦ ਕਰਨ ਦੇ ਹੁਕਮ ਦੇ ਦਿੱਤੇ ਸਨ, ਜਿਸ ਵਿੱਚ ਬਾਦਲ ਸਰਕਾਰ ਦਾ ਤਰਕ ਸੀ ਕਿ ਸੁਮੇਧ ਸੈਣੀ ਉਨਾਂ ਪੁਲਿਸ ਅਫ਼ਸਰਾਂ ਵਿਚੋਂ ਇੱਕ ਹੈ ਜਿਸ ਨੇ ਨੱਬੇ ਦੇ ਦਹਾਕੇ ਵਿੱਚ ਆਪਣੀ ਜਾਨ ਜੋਖ਼ਮ ਵਿੱਚ ਪਾ ਕੇ ਖਾੜਕੂਵਾਦ ਵਿਰੁੱਧ ਲੜਾਈ ਲੜੀ, ਭਾਵ ਅਕਾਲੀ ਭਾਜਪਾ ਸਰਕਾਰ ਨੇ ਹਰ ਫ਼ਰੰਟ ’ਤੇ ਇੱਕ ਕਾਤਲ ਪੁਲਿਸ ਅਧਿਕਾਰੀ ਦਾ ਸਾਥ ਦੇ ਕੇ ਨਾ ਸਿਰਫ਼ ਉਸ ਨੂੰ ਕਨੂੰਨੀ ਸ਼ਿਕੰਜੇ ਤੋਂ ਬਚਾਇਆ, ਬਲਕਿ ਉਸ ਨੂੰ ਪੰਜਾਬ ਪੁਲਿਸ ਮੁਖੀ ਵਜੋਂ ਨਿਯੁਕਤ ਕਰਕੇ ਸਿੱਖ ਨੌਜਵਾਨਾਂ ਦੀ ਨਸਲਕੁਸ਼ੀ ਕਰਨ ਦਾ ਇਨਾਮ ਵੀ ਦਿੱਤਾ। ਸੁਮੇਧ ਸਿੰਘ ਸੈਣੀ ਦੇ ਸੇਵਾਮੁਕਤ ਹੋਣ ਤੋਂ ਬਾਅਦ, ਬਲਵੰਤ ਸਿੰਘ ਮੁਲਤਾਨੀ ਦੇ ਪਰਿਵਾਰ ਨੇ ਮੁੜ ਹਿੰਮਤ ਨਾਲ ਨਿਆਂ ਦੀ ਲੜਾਈ ਸ਼ੁਰੂ ਕੀਤੀ ਹੈ, ਜਿਸ ਵਿੱਚ ਉਨਾਂ ਨੂੰ ਅਦਾਲਤ ਦੇ ਤਾਜ਼ਾ ਹੁਕਮਾਂ ਤੋ ਬਾਅਦ ਹੁਣ ਕੁਝ ਹੌਸਲਾ ਮਿਲਿਆ ਹੈ।

### ਪੁਲੀਸ ਨੇ ਸੈਣੀ ਨੂੰ ਨੋਟਿਸ ਭੇਜਿਆ

ਸਰਕਾਰੀ ਵਕੀਲ ਸਰਤੇਜ ਸਿੰਘ ਨਰੂਲਾ ਨੇ ਦੱਸਿਆ ਕਿ ਪੁਲੀਸ ਰਾਹੀਂ ਸੈਣੀ ਨੂੰ ਨੋਟਿਸ ਭੇਜ ਕੇ ਉਸ ਖ਼ਿਲਾਫ਼ ਧਾਰਾ 302 ਦੇ ਜੁਰਮ ਦਾ ਵਾਧਾ ਕਰਨ ਅਤੇ ਉਨਾਂ ਨੂੰ ਗ੍ਰਿਫ਼ਤਾਰ ਕਰਨ ਬਾਰੇ ਜਾਣਕਾਰੀ ਦਿੱਤੀ ਗਈ ਹੈ। ਅਦਾਲਤ ਨੇ ਪੁਲੀਸ ਨੂੰ ਹਦਾਇਤ ਕੀਤੀ ਸੀ ਕਿ ਸੈਣੀ ਖ਼ਿਲਾਫ਼ ਕਤਲ ਕੇਸ ਦਰਜ ਕਰਕੇ ਗ੍ਰਿਫ਼ਤਾਰੀ ਤੋਂ ਪਹਿਲਾਂ ਤਿੰਨ ਦਿਨ ਦਾ ਨੋਟਿਸ ਦਿੱਤਾ ਜਾਵੇ।

### ਕੀ ਨਿਆਂ ਹੋਵੇਗਾ ?

ਹੁਣ ਦੇਖਣਾ ਇਹ ਹੋਵੇਗਾ ਕਿ ਅਦਾਲਤ ਵੱਲੋਂ ਪੁਲਿਸ ਨੂੰ ਕਤਲ ਦੀ ਧਾਰਾ ਦਾ ਵਾਧਾ ਕਰਨ ਦੀ ਮਨਜ਼ੂਰੀ ਦੇਣ ਦੇ ਬਾਵਜੂਦ ਸੁਮੇਧ ਸੈਣੀ ਨੂੰ ਗ੍ਰਿਫ਼ਤਾਰ ਕੀਤਾ ਜਾ ਸਕੇਗਾ ਜਾਂ ਗ੍ਰਿਫ਼ਤਾਰ ਕਰਨ ਦੇ ਬਾਵਜੂਦ ਵੀ ਕੇਂਦਰ ਦੀ ਘੁਰਕੀ ਫਿਰ ਸਾਰੇ ਤਾਣੇ ਬਾਣੇ ਨੂੰ ਉਲਝਾਉਣ ਵਿੱਚ ਕਾਮਯਾਬ ਹੋ ਸਕੇਗੀ।

ਜੇਕਰ ਅਜਿਹਾ ਹੁੰਦਾ ਹੈ ਤਾਂ ਇਹ ਘੱਟ ਗਿਣਤੀਆਂ ਤੇ ਲੰਮੇ ਸਮੇਂ ਤੋਂ ਹੁੰਦੇ ਆ ਰਹੇ ਜ਼ੁਲਮਾਂ ਤੇ ਭਾਰਤੀ ਲੋਕਤੰਤਰ ਦੀ ਸਹੀ ਪਾਈ ਮੰਨੀ ਜਾਵੇਗੀ, ਜਿੱਥੇ ਇਹ ਲੋਕਤੰਤਰ ਲਈ ਸ਼ਰਮਸਾਰ ਕਰਨ ਵਾਲੀ ਕਾਰਵਾਈ ਸਮਝੀ ਜਾਵੇਗੀ, ਉੱਥੇ ਦੇਸ਼ ਦੀ ਨਿਆਂ ਪ੍ਰਣਾਲੀ ਪ੍ਰਤੀ ਘੱਟ ਗਿਣਤੀਆਂ ਦੇ ਮਨਾਂ ਵਿਚ ਪਹਿਲਾਂ ਹੀ ਬਣੀ ਅਵਿਸ਼ਵਾਸ ਵਾਲੀ ਭਾਵਨਾ ਹੋਰ ਪ੍ਰਬਲ ਹੋਵੇਗੀ, ਜਿਹੜੀ ਭਾਰਤ ਦੇ ਲੋਕਤੰਤਰ ਲਈ ਕਾਲਖ ਸਿੱਧ ਹੋਵੇਗੀ।

# ‘ਵਰਕ ਫਰੌਮ ਹੋਮ’ ਦਾ ਸਿਹਤ ’ਤੇ ਪੈਂਦਾ ਮਾੜਾ ਪ੍ਰਭਾਵ

**ਨਵੀਂ ਦਿੱਲੀ/ਏ.ਟੀ.ਨਿਊਜ਼:** ਕੋਰੋਨਾ ਸੰਕਟ ਕਾਲ ਦੌਰਾਨ ਕਈ ਕੰਪਨੀਆਂ ਘਰੋਂ ਕੰਮ ਯਾਨੀ ‘ਵਰਕ ਫਰੌਮ ਹੋਮ’ ਦੀ ਸੁਵਿਧਾ ਦੇ ਰਹੀਆਂ ਹਨ। ਸਮਾਰਟ ਫ਼ੋਨ, ਲੈਪਟਾਪ ਤੇ ਬਾਕੀ ਟੈਕਨਾਲੋਜੀ ਨੂੰ ਵਰਕ ਫਰੌਮ ਹੋਮ ਵਿਚ ਇਸਤੇਮਾਲ ਕਰਨ ਨਾਲ ਤੁਹਾਡੇ ਕੰਮ ਕਰਨ ਦੇ ਘੰਟੇ ਵਧ ਜਾਂਦੇ ਹਨ। ਮਾਹਿਰਾਂ ਮੁਤਾਬਿਕ ਮਾਡਰਨ ਕਮਿਊਨੀਕੇਸ਼ਨ ਟੈਕਨਾਲੋਜੀ ਵਰਕ ਲਾਈਫ਼ ਮੈਨੇਜ ਕਰਨ ਲਈ ਬਹੁਤ ਚੰਗੀ ਹੈ। ਪਰ ਘਰ ਕੰਮ ਕਰਨ ’ਤੇ ਇਸ ਦਾ ਉਲਟਾ ਅਸਰ ਪੈਂਦਾ ਹੈ। ਖੋਜ ਵਿਚ ਪਾਇਆ ਗਿਆ ਕਿ ਵੱਖ-ਵੱਖ ਤਰਾਂ ਦੇ ਕਰਮਚਾਰੀ ਦਫ਼ਤਰ ਤੋਂ ਬਾਹਰ ਆਫੀਸ਼ੀਅਲ ਕੰਮ ਕਰਨ ਲਈ ਕਈ ਤਰੀਕੇ ਵਰਤਦੇ ਹਨ। ਰਿਪੋਰਟ ਵਿਚ ਸਾਹਮਣੇ ਆਇਆ ਕਿ ਜੋ ਲੋਕ ਘਰੋਂ ਕੰਮ ਕਰਦੇ ਹਨ ਉਹ ਨਾ ਸਿਰਫ਼ ਜ਼ਿਆਦਾ ਘੰਟੇ ਕੰਮ ਕਰਦੇ ਸਗੋਂ ਬੇਹੱਦ ਤਣਾਅ ਵਿਚ ਕੰਮ ਕਰਦੇ ਹਨ। ਏਨਾ ਹੀ ਨਹੀਂ ਕੰਮ ਦੇ ਘੰਟੇ ਤੈਅ ਨਾ ਹੋਣ ਕਾਰਨ ਇਨਾਂ ਲੋਕਾਂ ਦੀ ਨੀਂਦ ਵੀ ਡਿਸਟਰਬ ਹੋਣ ਲੱਗਦੀ ਹੈ। ਖੋਜ ਵਿਚ ਪਾਇਆ ਗਿਆ ਕਿ ਲੋਕ ਘਰ ਵਿਚ ਕੰਮ ਕਰਦੇ ਹਨ ਤਾਂ ਲੰਬਾ ਸਮਾਂ ਕੰਮ ਕਰਦੇ ਹਨ ਜਦਕਿ ਦਫ਼ਤਰ ਵਿਚ ਅਜਿਹਾ ਨਹੀਂ ਹੈ। ਅਜਿਹੇ ਵਿਚ ਸਿਹਤ ’ਤੇ ਨਕਾਰਾਤਮਿਕ ਪ੍ਰਭਾਵ ਪੈਂਦਾ ਹੈ।

ਸਵੇਰੇ ਉੱਠ ਕੇ ਭੁੱਲ ਕੇ ਵੀ ਨਾ ਕਰੋ ਇਹ ਗ਼ਲਤੀਆਂ, ਵੱਧ ਸਕਦਾ ਹੈ ਭਾਰ

ਨਵੀਂ ਦਿੱਲੀ-ਤੁਸੀਂ ਸਵੇਰੇ ਉੱਠਣ ਤੋਂ ਬਾਅਦ ਜੋ ਵੀ ਕਰਦੇ ਹੋ ਉਸ ਦਾ ਸਿੱਧਾ ਅਸਰ ਤੁਹਾਡੀ ਸਿਹਤ ’ਤੇ ਪੈਂਦਾ ਹੈ। ਇਨਾਂ ਮਾੜੀਆਂ ਆਦਤਾਂ ਕਾਰਨ ਤੁਹਾਡਾ ਭਰ ਵੱਧ ਸਕਦਾ ਹੈ।

ਬਹੁਤ ਜ਼ਿਆਦਾ ਨੀਂਦ ਤੁਹਾਡੇ ਭਾਰ ਵਧਾ ਸਕਦੀ ਹੈ। ਜੇ ਤੁਸੀਂ ਰਾਤ ਨੂੰ ਨੌਂ ਘੰਟੇ ਤੋਂ ਵੱਧ ਸੌਂ ਰਹੇ ਹੋ, ਤਾਂ ਤੁਸੀਂ ਓਵਰਸਲੀਪ ਕਰ ਰਹੇ ਹੋ।

ਸਵੇਰੇ ਉੱਠਣਾ ਅਤੇ ਪਾਣੀ ਨਾਲ ਆਪਣੇ ਦਿਨ ਦੀ ਸ਼ੁਰੂਆਤ ਕਰਨਾ ਚੰਗੀ ਆਦਤ ਹੈ। ਪਾਣੀ ਸਰੀਰ ਵਿਚ ਸੰਤੁਲਨ ਬਣਾਈ ਰੱਖਣ ਵਿਚ ਮਦਦ ਕਰਦਾ ਹੈ ਅਤੇ ਤੁਹਾਨੂੰ ਜ਼ਿਆਦਾ ਖਾਣ ਤੋਂ ਬਚਾਉਂਦਾ ਹੈ। ਜੇ ਤੁਸੀਂ ਸਵੇਰ ਦਾ ਨਾਸ਼ਤਾ ਨਹੀਂ ਕਰਦੇ, ਤਾਂ ਇਹ ਤੁਹਾਡੇ ਮੇਟਾਬੋਲੀਜ਼ਮ ਨੂੰ ਪ੍ਰਭਾਵਿਤ ਕਰਦਾ ਹੈ। ਜਿਸ ਕਾਰਨ ਸਰੀਰ ਦੀ ਇੰਟਰਨਲ ਕਲੋਕ ਵਿਚ ਵਿਘਨ ਪੈ ਸਕਦਾ ਹੈ।

ਸਵੇਰੇ ਧਿਆਨ ਲਗਾਉਣ ਨਾਲ ਤੁਸੀਂ ਭਾਰ ਘਟਾ ਸਕਦੇ ਹੋ। ਮੈਡੀਟੇਸ਼ਨ ਤਣਾਅ ਵਧਾਉਣ ਵਾਲੇ ਹਾਰਮੋਨ ਨੂੰ ਘੱਟ ਕਰਨ ਵਿੱਚ ਸਹਾਇਤਾ ਕਰਦਾ ਹੈ ਜਿਸ ਨੂੰ ਕੋਰਟੀਸੋਲ ਕਹਿੰਦੇ ਹਨ।ਕਸਰਤ ਤੁਹਾਡਾ ਭਾਰ ਘਟਾਉਣ ਲਈ ਬਹੁਤ ਮਹੱਤਵਪੂਰਨ ਹੈ। ਜੇ ਤੁਸੀਂ ਨਿਯਮਤ ਤੌਰ ’ਤੇ ਕਸਰਤ ਕਰਦੇ ਹੋ, ਤਾਂ ਫੈਟ ਬਰਨ ਕਰਨ ਦਾ ਇਹ ਇਕ ਸ਼ਾਨਦਾਰ ਢੰਗ ਹੈ।

# ਲੰਡਨ ਵਿਚ ਜੱਗੀ ਜੌਹਲ ਦੇ ਹੱਕ ਵਿਚ ਭਾਰੀ ਰੋਸ ਮੁਜ਼ਾਹਰਾ

**✪ ਭਾਰਤ ਸਰਕਾਰ ਨੇ ਹਾਲੇ ਤੱਕ ਨਹੀਂ ਕੀਤਾ ਨਿਆਂ ✪ ਆਰਐਸਐਸ ਅਤੇ ਸ਼ਿਵ ਸੈਨਾ ਦੇ ਨੇਤਾਵਾਂ ਦੇ ਕਤਲ ਦੀ ਸਾਜ਼ਿਸ਼ ਰਚਣ ਦੇ ਲੱਗੇ ਸਨ ਦੋਸ਼ ✪ ਅਗਲੀ ਤਾਰੀਖ਼ 28 ਅਗਸਤ 2020 ਨੂੰ ✪ ਜੱਗੀ ਦੇ ਭਰਾ ਨੇ ਕਿਹਾ ਕਿ ਅਸੀਂ ਸੰਗਤ ਦੇ ਸਹਿਯੋਗ ਕਾਰਨ ਜਿਉਂਦੇ ਹਾਂ ਤੇ ਕਾਨੂੰਨੀ ਲੜਾਈ ਲੜ ਰਹੇ ਹਾਂ**

**ਜਲੰਧਰ/ਏ.ਟੀ.ਨਿਊਜ਼:** ਜਲੰਧਰ ਦੇ ਰਾਮਾਮੰਡੀ ਇਲਾਕੇ ਵਿਚੋਂ ਤਿੰਨ ਸਾਲ ਪਹਿਲਾਂ ਪੰਜਾਬ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਇੰਗਲੈਂਡ ਦੇ ਨਾਗਰਿਕ ਜਗਤਾਰ ਸਿੰਘ ਜੱਗੀ ਜੌਹਲ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਲਈ ਸਿੱਖ ਸੰਗਤ ਨੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਦੇ ਘਰ ਦੇ ਬਾਹਰ ਡਾਊਨਿੰਗ ਸਟਰੀਟ ਲੰਡਨ ਵਿਚ ਰੋਸ ਵਿਖਾਵਾ ਕੀਤਾ। ਯਾਦ ਰਹੇ ਕਿ ਇੰਗਲੈਂਡ ਦੇ 100 ਦੇ ਕਰੀਬ ਐੱਮਪੀਜ਼ ਨੇ ਉਸ ਦੀ ਰਿਹਾਈ ਲਈ ਆਵਾਜ਼ ਉਠਾਈ ਸੀ। ਵਰਦੇ ਮੀਂਹ ਵਿਚ ਰੋਸ ਵਿਖਾਵਾ ਕਰ ਰਹੇ ਸਿੱਖ ਆਗੂਆਂ ਨੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਜੌਹਨਸਨ ਨੂੰ ਅਪੀਲ ਕੀਤੀ ਕਿ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ’ਤੇ ਦਬਾਅ ਬਣਾ ਕੇ ਜੌਹਲ ਦੀ ਰਿਹਾਈ ਕਰਵਾਉਣ। ਰੋਸ ਮੁਜ਼ਾਹਰੇ ਨੂੰ ਜੱਗੀ ਦੇ ਭਰਾ ਗੁਰਪ੍ਰੀਤ ਸਿੰਘ, ਫੈਡਰੇਸ਼ਨ ਸਿੱਖ ਆਰਗੇਨਾਈਜ਼ੇਸ਼ਨਜ਼ ਯੂਕੇ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ, ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਅਮਰੀਕ ਸਿੰਘ ਗਿੱਲ ਰਾਜਮਨਵਿੰਦਰ ਸਿੰਘ ਕੰਗ ਆਦਿ ਨੇ ਸੰਬੋਧਨ ਕੀਤਾ।

## ਕੀ ਹੈ ਮਾਮਲਾ

ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਜੱਗੀ ਆਰ ਐੱਸ ਐੱਸ ਤੇ ਸ਼ਿਵ ਸੈਨਾ ਦੇ ਨੇਤਾਵਾਂ ਦੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਲੱਗੇ ਸਨ, ਜਿਸ ਕਰਕੇ ਸਾਲ 2016-2017 ਦੌਰਾਨ ਪੰਜਾਬ ਵਿੱਚ ਗ੍ਰਿਫ਼ਤਾਰੀ ਹੋਈ ਸੀ। ਜੱਗੀ ਸਕੌਟਿਸ਼ ਸ਼ਹਿਰ ਡੰਬਰਟਨ ਦਾ ਰਹਿਣ ਵਾਲਾ ਹੈ। ਤਿੰਨ ਸਾਲ ਪਹਿਲਾਂ ਨਵੰਬਰ 2017 ਵਿੱਚ, ਜੱਗੀ ਦੇ ਭਰਾ ਨੂੰ ਸਕਾਟਲੈਂਡ ਵਿੱਚ ਆਪਣੀ ਪਤਨੀ ਗੁਰਪ੍ਰੀਤ ਕੌਰ ਦਾ ਫ਼ੋਨ ਆਇਆ ਕਿ ਜਗਤਾਰ ਸਿੰਘ ਜੱਗੀ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਜੱਗੀ ਆਪਣੀ ਗ੍ਰਿਫ਼ਤਾਰੀ ਤੋਂ ਇਕ ਮਹੀਨਾ ਪਹਿਲਾਂ, ਅਕਤੂਬਰ ਦੌਰਾਨ ਆਪਣੇ ਪਰਿਵਾਰ ਸਮੇਤ ਆਪਣੇ ਵਿਆਹ ਲਈ ਪੰਜਾਬ ਆਇਆ ਸੀ। ਜੱਗੀ ਦਾ ਪਰਿਵਾਰ ਵਿਆਹ ਤੋਂ ਬਾਅਦ ਸਕਾਟਲੈਂਡ ਵਾਪਸ ਪਰਤ ਗਿਆ, ਪਰ ਜੱਗੀ ਆਪਣੀ ਪਤਨੀ ਮਨਦੀਪ ਕੌਰ ਨਾਲ ਭਾਰਤ ਵਿੱਚ ਕੁਝ ਚਿਰ ਲਈ ਠਹਿਰ ਗਿਆ। 4 ਨਵੰਬਰ, 2017 ਦੌਰਾਨ ਜਦੋਂ ਦੋਵੇਂ ਪੰਜਾਬ ਦੇ ਜ਼ਿਲਾ ਜਲੰਧਰ ਦੇ ਕਸਬੇ ਰਾਮਾ ਮੰਡੀ ਵਿੱਚ ਖ਼ਰੀਦੋ ਫ਼ਰੋਖ਼ਤ ਕਰ ਰਹੇ ਸਨ, ਤਾਂ ਪੁਲਿਸ ਨੇ ਜੱਗੀ ਨੂੰ ਕਾਰ ਰਾਹੀਂ ਅਗਵਾ ਕਰ ਲਿਆ। ਜੱਗੀ ਦੀ ਪਤਨੀ ਮਨਦੀਪ ਕੌਰ ਨੇ ਦੱਸਿਆ ਕਿ ਅਸੀਂ ਜੱਗੀ ਨੂੰ ਲੱਭਣ ਲਈ ਸਿਟੀ ਥਾਣੇ ਅਤੇ ਫਿਰ ਕੈਂਟ ਥਾਣੇ ਗਏ, ਪਰ ਸਾਨੂੰ ਕੁਝ ਵੀ ਪਤਾ ਨਾ ਲੱਗਾ। ਕੁਝ ਸਮੇਂ ਬਾਅਦ ਸਾਨੂੰ ਇੱਕ ਫ਼ੋਨ ਆਇਆ ਕਿ ਬਾਘਾ ਪੁਰਾਣਾ (ਮੋਗਾ) ਪਹੁੰਚੋ, ਜਿੱਥੇ ਜੱਗੀ ਨੂੰ 5 ਨਵੰਬਰ ਦੀ ਸਵੇਰ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਣਾ ਸੀ। ਅਸੀਂ ਉੱਥੇ ਗਏ। ਸਾਡੇ ਨਾਲ ਬ੍ਰਿਟਿਸ਼ ਹਾਈ ਕਮਿਸ਼ਨ ਦੇ ਅਧਿਕਾਰੀ ਵੀ ਸਨ। ਅਦਾਲਤ ਨੇ ਜੱਗੀ ਦਾ ਪੰਜ ਦਿਨਾਂ ਦਾ ਪੁਲਿਸ ਰਿਮਾਂਡ ਦੇ ਦਿੱਤਾ। ਜਨਵਰੀ 2016 ਤੋਂ ਅਕਤੂਬਰ 2017 ਦੇ ਦਰਮਿਆਨ, ਪੰਜਾਬ ਵਿੱਚ ਰਾਸ਼ਟਰੀ ਸਵੈਮ ਸੇਵਕ ਸੰਘ ਤੇ ਸ਼ਿਵ ਸੈਨਾ ਦੇ ਨੇਤਾਵਾਂ ਸਮੇਤ ਸੱਤ ਨਾਮਵਰ ਆਗੂਆਂ ਦੇ ਕਤਲ ਹੋਏ ਸਨ। 7 ਨਵੰਬਰ ਨੂੰ, ਜੱਗੀ ਦੀ ਗ੍ਰਿਫ਼ਤਾਰੀ ਤੋਂ ਤਿੰਨ ਦਿਨ ਬਾਅਦ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਉਸ ਵੇਲੇ ਦੇ ਪੁਲਿਸ ਡਾਇਰੈਕਟਰ ਜਨਰਲ ਸੁਰੇਸ਼ ਅਰੋੜਾ ਨੇ ਇੱਕ ਪ੍ਰੈੱਸ ਕਾਨਫ਼ਰੰਸ ਕੀਤੀ ਜਿਸ ਵਿਚ ਦਾਅਵਾ ਕੀਤਾ ਸੀ ਕਿ ਪਾਕਿਸਤਾਨ ਤੇ ਆਈਐਸਆਈ ਭਾਰਤ ਵਿਚ ਫ਼ਿਰਕੂ ਗੜਬੜ ਪੈਦਾ ਕਰਨ ਤੇ ਰਾਜ ਦਾ ਮਾਹੌਲ ਅਸਥਿਰ ਕਰਨ ਦੀ ਇੱਕ ਵੱਡੀ ਸਾਜ਼ਿਸ਼ ਸਾਹਮਣੇ ਆਈ ਹੈ। ਉਸ ਨੇ ਕਿਹਾ ਕਿ ਚਾਰ ਸ਼ੱਕੀ ਬੰਦਿਆਂ ਵਿਚੋਂ ਇਕ ਜਗਤਾਰ ਸਿੰਘ ਜੱਗੀ ਹੈ ਤੇ ਉਸ ਨੂੰ ਹਿੰਦੂ ਨੇਤਾਵਾਂ ਦੇ ਕਤਲਾਂ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇੰਡੀਅਨ ਐਕਸਪ੍ਰੈੱਸ ਦੀ ਇੱਕ ਰਿਪੋਰਟ ਦੇ ਅਨੁਸਾਰ, ਜਾਂਚ ਕਰਤਾਵਾਂ ਨੇ ਦਾਅਵਾ ਕੀਤਾ ਕਿ ਜੱਗੀ ਕੇਐਲਐਫ ਦੇ ਇੱਕ ਪਾਕਿਸਤਾਨ ਆਧਾਰਿਤ ਆਗੂ ਜੋ ਕਿ ਕਤਲੇਆਮ ਦਾ ਕਥਿਤ ਸਾਜ਼ਿਸ਼ ਕਰਤਾ ਹੈ, ਦੇ ਸੰਪਰਕ ਵਿੱਚ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪੁਲਿਸ ਕੋਲ ਇਸ ਬਾਰੇ ਸਬੂਤ ਹਨ ਕਿ ਜਗਤਾਰ ਨੇ ਫਰਾਂਸ ਵਿਚ ਕੇਐਲਐਫ ਦੇ ਮੁਖੀ ਹਰਮਿੰਦਰ ਸਿੰਘ ਮਿੰਟੂ ਨਾਲ ਮੁਲਾਕਾਤ ਕੀਤੀ ਸੀ ਤੇ ਵਿਦੇਸ਼ ਵਿਚ “ਖਾੜਕੂ ਸਿੱਖ ਨੇਤਾਵਾਂ” ਦੇ ਸੰਪਰਕ ਵਿਚ ਸੀ। ਨਵੰਬਰ ਤੇ ਦਸੰਬਰ 2017 ਵਿਚ, ਪੰਜਾਬ ਸਰਕਾਰ ਨੇ ਮਾਮਲਿਆਂ ਦੀ ਜਾਂਚ ਕੌਮੀ ਜਾਂਚ ਏਜੰਸੀ ਨੂੰ ਸੌਂਪ ਦਿੱਤੀ। ਇਕ ਚਾਰਜਸ਼ੀਟ ਵਿਚ, ਐਨਆਈਏ ਨੇ ਦਾਅਵਾ ਕੀਤਾ ਕਿ ਜੱਗੀ ਹਰਮਿੰਦਰ ਸਿੰਘ ਮਿੰਟੂ ਨੂੰ 3000 ਡਾਲਰ ਦੇਣ ਲਈ ਬ੍ਰਿਟੇਨ ਤੋਂ ਫਰਾਂਸ ਗਿਆ ਸੀ। ਐਨਆਈਏ ਨੇ ਚਾਰਜਸ਼ੀਟ ਵਿਚ ਕਿਹਾ ਹੈ ਕਿ ਗਵਾਹਾਂ ਦੇ ਬਿਆਨਾਂ ਤੋਂ ਪਤਾ ਚੱਲਿਆ ਹੈ ਕਿ ਜੱਗੀ ਕੇਐਲਐਫ ਦਾ ਮੈਂਬਰ ਹੈ ਤੇ ਉਹ ਇਸ ਸਾਜ਼ਿਸ਼ ਵਿਚ ਸ਼ਾਮਲ ਸੀ।

## ਜੱਗੀ ਦੇ ਵਕੀਲ ਦਾ ਬਿਆਨ

ਦੂਜੇ ਪਾਸੇ ਜੱਗੀ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਦਾ ਕਹਿਣਾ ਹੈ ਕਿ ਜਾਂਚ ਕਰਤਾਵਾਂ ਨੇ ਅਜੇ ਜਗਤਾਰ ਖ਼ਿਲਾਫ਼ ਅਦਾਲਤ ਵਿੱਚ ਕੋਈ ਭਰੋਸੇਯੋਗ ਸਬੂਤ ਪੇਸ਼ ਨਹੀਂ ਕੀਤੇ। ਥਾਣੇ ਵਿੱਚ ਜਗਤਾਰ ਸਿੰਘ ਦਾ ਜੋ ਆਪਣਾ ਬਿਆਨ ਦਰਜ ਹੈ, ਉਸ ਨੂੰ ਇਹ ਸਬੂਤ ਬਣਾ ਰਹੇ ਹਨ। ਵਕੀਲ ਮੰਝਪੁਰ ਨੇ ਕਿਹਾ ਕਿ ਇਸ ਸਮੇਂ ਜੱਗੀ ਖ਼ਿਲਾਫ਼ ਦਸ ਕੇਸ ਚੱਲ ਰਹੇ ਹਨ, ਜਿਨਾਂ ਵਿਚੋਂ ਅੱਠ ਦੀ ਐਨਆਈਏ ਜਾਂਚ ਕਰ ਰਹੀ ਹੈ। ਛੇ ਕੇਸ ਕਤਲ ਨਾਲ ਸਬੰਧਿਤ ਹਨ ਤੇ ਦੋ ਕਤਲ ਦੀ ਕੋਸ਼ਿਸ਼ ਦੇ ਦੋਸ਼ ਹਨ। ਬਾਕੀ ਦੋ ਮਾਮਲਿਆਂ ਦੀ ਜਾਂਚ ਪੰਜਾਬ ਪੁਲਿਸ ਕਰ ਰਹੀ ਹੈ। ਐਨਆਈਏ ਦੇ ਛੇ ਮਾਮਲਿਆਂ ਦਾ ਜ਼ਿਕਰ ਕਰਦਿਆਂ ਐਡਵੋਕੇਟ ਮੰਝਪੁਰ ਨੇ ਕਿਹਾ, “1 ਨਵੰਬਰ, 2018 ਤੋਂ ਅੱਜ ਤੱਕ, ਇਨਾਂ ਛੇ ਮਾਮਲਿਆਂ ਵਿਚ ਕੋਈ ਅਗਲੀ ਕਾਰਵਾਈ ਨਹੀਂ ਕੀਤੀ ਗਈ। ਅੱਜ ਤੱਕ ਸਾਨੂੰ ਐਨਆਈਏ ਨੇ ਚਾਰਜਸ਼ੀਟ ਨਾਲ ਜੁੜੇ ਕੋਈ ਦਸਤਾਵੇਜ਼ ਨਹੀਂ ਦਿੱਤੇ। ਐਨਆਈਏ ਕੋਰਟ ਮਾਮਲਿਆਂ ਨੂੰ ਮਹੀਨਾਵਾਰ ਆਧਾਰ ’ਤੇ ਮੁਲਤਵੀ ਕਰ ਰਹੀ ਹੈ। ਅਗਲੀ ਤਾਰੀਖ਼ 28 ਅਗਸਤ 2020 ਹੈ। ਮੰਝਪੁਰ ਨੇ ਕਿਹਾ, “ਮੇਰਾ ਖ਼ਿਆਲ ਹੈ ਕਿ ਐਨਆਈਏ ਜਾਣ ਬੁੱਝ ਕੇ ਜੱਗੀ ਦੇ ਮਾਮਲਿਆਂ ਵਿਚ ਦੇਰੀ ਕਰ ਰਹੀ ਹੈ ਤਾਂ ਜੋ ਜੱਗੀ ਦੀ ਰਿਹਾਈ ਨਾ ਹੋ ਸਕੇ। 4 ਨਵੰਬਰ, 2017 ਨੂੰ ਜੌਹਲ ਦੇ ਗ੍ਰਿਫ਼ਤਾਰ ਕੀਤੇ ਜਾਣ ਦੇ ਪਹਿਲੇ ਕੇਸ ਦਾ ਜ਼ਿਕਰ ਕਰਦਿਆਂ ਐਡਵੋਕੇਟ ਮੰਝਪੁਰ ਨੇ ਕਿਹਾ, “ਜਾਂਚ ਏਜੰਸੀ ਸਿਰਫ਼ ਉਹ ਸਬੂਤ ਮੰਨ ਰਹੀ ਹੈ, ਜਿਸ ਵਿਚ ਜੱਗੀ ਨੇ ਇਕ ਥਾਣੇ ਵਿਚ ਇਕਬਾਲੀਆ ਬਿਆਨ ਦਿੱਤਾ ਸੀ। ਇਹ ਅਦਾਲਤ ਵਿਚ ਵਿਚ ਮੰਨਣਯੋਗ ਨਹੀਂ ਹੈ।” ਮੰਝਪੁਰ ਨੇ ਕਿਹਾ ਕਿ ਸਰਕਾਰੀ ਵਕੀਲ ਨੇ 74 ਗਵਾਹਾਂ ਨੂੰ ਸੂਚੀਬੱਧ ਕੀਤਾ ਸੀ, ਜਿਨਾਂ ਵਿਚੋਂ ਹੁਣ ਤੱਕ ਸਿਰਫ਼ 12 ਅਦਾਲਤ ਵਿਚ ਪੇਸ਼ ਹੋਏ ਹਨ। ਮੰਝਪੁਰ ਨੇ ਕਿਹਾ ਕਿ ਜਦੋਂ ਅਦਾਲਤ ਵਿੱਚ ਪੁੱਛਗਿੱਛ ਕੀਤੀ ਗਈ ਤਾਂ ਪੁਲਿਸ ਦਾ ਪ੍ਰਮੁੱਖ ਗਵਾਹ ਉਪ ਪੁਲਿਸ ਕਪਤਾਨ ਬਲਵਿੰਦਰ ਸਿੰਘ ਜਗਤਾਰ ਖ਼ਿਲਾਫ਼ ਕੋਈ ਸਬੂਤ ਨਹੀਂ ਦੇ ਸਕਿਆ। ਮਾਰਚ 2019 ਦੌਰਾਨ ਮੋਗਾ ਦੀ ਸੈਸ਼ਨ ਕੋਰਟ ਵਿਚ ਉਸਦੀ ਗਵਾਹੀ ਵਿਚ ਇਸਤਗਾਸਾ ਦੁਆਰਾ ਪ੍ਰਸ਼ਨ-ਜਵਾਬ ਦੇ ਦੌਰਾਨ, ਬਲਵਿੰਦਰ ਨੇ ਕਿਹਾ, “ਮੇਰੀ ਜਾਂਚ ਦੌਰਾਨ ਜੱਗੀ ਕੋਲੋਂ ਇਸ ਮਾਮਲੇ ਵਿਚ ਕੋਈ ਵੀ ਦਸਤਾਵੇਜ਼ ਬਰਾਮਦ ਨਹੀਂ ਹੋਏ। ਮੈਂ ਜੱਗੀ ਦੇ ਫਰਾਂਸ ਜਾਣ ਦੀ ਸਹੀ ਤਰੀਕ, ਮਹੀਨਾ ਤੇ ਸਾਲ ਬਾਰੇ ਪਤਾ ਨਹੀਂ ਕਰ ਸਕਿਆ।

ਬਲਵਿੰਦਰ ਨੇ ਦੱਸਿਆ ਕਿ ਇੱਕ ਹੋਰ ਦੋਸ਼ੀ ਤਲਜੀਤ ਸਿੰਘ ਨੇ ਪੁਲਿਸ ਨੂੰ ਦਿੱਤੇ ਆਪਣੇ ਬਿਆਨ ਵਿੱਚ ਦਾਅਵਾ ਕੀਤਾ ਸੀ ਕਿ ਜੱਗੀ ਨੇ ਉਸਨੂੰ 800 ਪੌਂਡ ਦਿੱਤੇ ਸਨ, ਜਿਸ ਨਾਲ ਹਥਿਆਰ ਖ਼ਰੀਦਣੇ ਸਨ। ਹਾਲਾਂਕਿ ਉਸ ਨੇ ਕਿਹਾ, “ਰਿਕਾਰਡ ਵਿਚ ਅਜਿਹਾ ਕੋਈ ਸਬੂਤ ਨਹੀਂ ਹੈ ਕਿ ਜੌਹਲ ਨੇ ਤਲਜੀਤ ਸਿੰਘ ਨੂੰ 800 ਪੌਂਡ ਤੇ ਹਰਮਿੰਦਰ ਮਿੰਟੂ ਨੂੰ 3000 ਪੌਂਡ ਦਿੱਤੇ।“

## ਕੀ ਕਹਿੰਦਾ ਹੈ ਪਰਿਵਾਰ

ਸਕਾਟਲੈਂਡ ਵਿਚ ਜੱਗੀ ਦੇ ਪਰਿਵਾਰ ਨੇ ਪੁਲਿਸ ਦੇ ਦਾਅਵਿਆਂ ’ਤੇ ਸਵਾਲ ਉਠਾਏ। ਉਨਾਂ ਕਿਹਾ ਕਿ ਜੱਗੀ ਇੰਟਰਨੈੱਟ ਮਾਰਕੀਟਿੰਗ ਵਿਚ ਕੰਮ ਕਰਦਾ ਸੀ। ਜੱਗੀ ਦੇ ਪਰਿਵਾਰ ਨੇ ਕਿਹਾ ਕਿ ਜੱਗੀ ਨੇ 1984 ਤੋਂ ਸਿੱਖ ਵਿਰੋਧੀ ਕਤਲੇਆਮ ਤੇ ਉਸ ਤੋਂ ਬਾਅਦ ਦੇ ਸਮਾਗਮਾਂ ਲਈ ਪੰਜਾਬੀ ਤੋਂ ਅੰਗਰੇਜ਼ੀ ਕਰਕੇ ਸਿੱਖ ਵੈੱਬਸਾਈਟਾਂ ਵਿੱਚ ਲੇਖਾਂ ਦਾ ਅਨੁਵਾਦ ਕੀਤਾ। ਜਗਤਾਰ ਦਾ ਭਰਾ ਗੁਰਪ੍ਰੀਤ ਸਿੰਘ ਜੌਹਲ, ਜੋ ਕਿ ਯੂਕੇ ਵਿਚ ਵਕੀਲ ਹੈ, ਨੇ ਦੱਸਿਆ, “ਜਦੋਂ ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਉਨਾਂ ਕੋਲ ਜਗੀ ਦੇ ਖ਼ਿਲਾਫ਼ ਸਬੂਤ ਹਨ, ਤਾਂ ਸਬੂਤ ਅਦਾਲਤ ਵਿਚ ਪੇਸ਼ ਕਿਉਂ ਨਹੀਂ ਕੀਤੇ ਜਾ ਰਹੇ? ‘ਮਾਮਲਾ ਲੰਬਾ ਕਿਉਂ ਪਾਇਆ ਜਾ ਰਿਹਾ ਹੈ।’

ਮਨਦੀਪ ਕੌਰ ਤੇ ਗੁਰਪ੍ਰੀਤ ਨੇ ਦੱਸਿਆ ਕਿ ਕਿਵੇਂ ਪੁਲਿਸ ਜੱਗੀ ਦਾ ਪਾਸਪੋਰਟ ਲੈਣ ਲਈ ਉਤਸੁਕ ਸੀ। ਮਨਦੀਪ ਕੌਰ ਨੇ ਦੱਸਿਆ ਕਿ ਜਦੋਂ ਉਹ ਆਪਣੇ ਪਤੀ ਦੀ ਭਾਲ ਲਈ ਥਾਣੇ ਗਈ ਤਾਂ ਪੁਲਿਸ ਅਧਿਕਾਰੀ ਨੇ ਕਿਹਾ ਕਿ ਪੁਲੀਸ ਉਸਨੂੰ ਜਗੀ ਤਦ ਦੇਖਣ ਦੇਵੇਗੀ ਜਦੋਂ ਜੱਗੀ ਦਾ ਪਾਸਪੋਰਟ ਜਮਾਂ ਹੋ ਜਾਵੇਗਾ। ਪਰ ਮੇਰੇ ਕੋਲ ਪਾਸਪੋਰਟ ਨਹੀਂ ਸੀ। ਇਸ ਤੋਂ ਬਾਅਦ ਪੁਲੀਸ ਮੈਨੂੰ ਧਮਕੀਆਂ ਦੇਣ ਲਗ ਪਈ। ਗੁਰਪ੍ਰੀਤ ਨੇ ਦੱਸਿਆ ਕਿ ਪੁਲੀਸ ਸਾਡੇ ਸਾਰੇ ਰਿਸ਼ਤੇਦਾਰਾਂ ਕੋਲ ਗਈ ਤੇ ਜੱਗੀ ਦਾ ਪਾਸਪੋਰਟ ਦੇਣ ਲਈ ਕਿਹਾ।”

ਜਗਤਾਰ ਦੀ ਗ੍ਰਿਫ਼ਤਾਰੀ ਦੀ ਖ਼ਬਰ ਸੁਣਦਿਆਂ ਹੀ ਜੱਗੀ ਦੇ ਭਰਾ, ਜੋ ਪੰਜਾਬ ਪਹੁੰਚੇ ਸਨ, ਬ੍ਰਿਟਿਸ਼ ਹਾਈ ਕਮਿਸ਼ਨ ਵਿਖੇ ਆਪਣਾ ਪਾਸਪੋਰਟ ਜਮਾ ਕਰਾਉਣ ਲਈ ਦਿਲੀ ਚਲੇ ਗਏ। ਗੁਰਪ੍ਰੀਤ ਨੇ ਕਿਹਾ ਕਿ ਜੱਗੀ ਦਾ “ਸਾਫ਼ ਪਾਸਪੋਰਟ” ਇਸ ਗੱਲ ਦਾ ਸਬੂਤ ਹੈ ਕਿ ਉਹ ਪਾਕਿਸਤਾਨ ਕਦੇ ਨਹੀਂ ਗਿਆ। ਉਸ ਨੇ ਕਿਹਾ ਕਿ ਜੱਗੀ ਨਿਰਦੋਸ਼ ਹੈ, ਜੇ ਉਹ ਦੋਸ਼ੀ ਹੁੰਦਾ ਤਾਂ ਫਿਰ ਭਾਰਤ ਕਿਉਂ ਆਉਂਦਾ?

## ਜੱਗੀ ਦੀ ਪਤਨੀ ਦਾ ਬਿਆਨ

ਜੱਗੀ ਦੀ ਪਤਨੀ ਮਨਦੀਪ ਕੌਰ ਨੇ ਕਿਹਾ ਕਿ ਉਹ 18 ਅਕਤੂਬਰ 2017 ਨੂੰ ਆਪਣੇ ਵਿਆਹ ਤੋਂ ਪਹਿਲਾਂ ਜਗਤਾਰ ਨੂੰ ਸਿਰਫ਼ ਤਿੰਨ ਤੋਂ ਚਾਰ ਵਾਰ ਮਿਲੀ ਸੀ।” ਜਦੋਂ ਮੈਂ ਪਹਿਲੀ ਵਾਰ ਉਸ ਨੂੰ ਮਿਲੀ, ਮੈਂ ਸੋਚਿਆ ਕਿ ਮੈਂ ਬਹੁਤ ਕਿਸਮਤ ਵਾਲੀ ਹਾਂ ਕਿ ਮੈਨੂੰ ਜੱਗੀ ਵਰਗਾ ਪਤੀ ਮਿਲਿਆ, ਪਰ ਪੁਲੀਸ ਨੇ ਝੂਠੇ ਕੇਸ ਪਾ ਕੇ ਮੇਰੇ ਸੁਪਨੇ ਚੂਰੋ ਚੂਰ ਕਰ ਦਿੱਤੇ। ਉਸ ਦੇ ਬਿਨਾਂ ਉਸ ਦੇ ਘਰ ਰਹਿਣਾ ਮੈਨੂੰ ਅਜੀਬ ਲਗਦਾ ਸੀ। ਗੁਰਪ੍ਰੀਤ ਦਾ ਜ਼ਿਕਰ ਕਰਦਿਆਂ ਉਸਨੇ ਕਿਹਾ, “ਮੈਂ ਵੀ ਭਾਜੀ ਨੂੰ ਇਸ ਮਾਮਲੇ ਬਾਰੇ ਪੁੱਛਣਾ ਬੰਦ ਕਰ ਦਿੱਤਾ ਹੈ। ਜ਼ਿੰਦਗੀ ਰੁਕ ਗਈ ਹੈ।” ਮਨਦੀਪ ਕੌਰ ਅਪ੍ਰੈਲ 2019 ਵਿਚ ਯੂਕੇ ਗਈ ਸੀ। ਮਨਦੀਪ ਕੌਰ ਨੇ ਕਿਹਾ, “ਭਾਰਤ ਵਿਚ ਮੈਨੂੰ ਸਾਰਿਆਂ ਰਿਸ਼ਤੇਦਾਰਾਂ ਨੇ ਦੱਸਿਆ ਕਿ ਬ੍ਰਿਟਿਸ਼ ਸਰਕਾਰ ਆਪਣੇ ਨਾਗਰਿਕਾਂ ਨੂੰ ਸੁਰੱਖਿਆ ਦਿੰਦੀ ਹੈ। ਵਿਦੇਸ਼ ਸਕੱਤਰ ਨੂੰ ਮਿਲਣ ਲਈ ਮੈਨੂੰ ਤੁਰੰਤ ਯੂਕੇ ਦਾ ਵੀਜ਼ਾ ਦਿੱਤਾ ਗਿਆ।” 24 ਅਪ੍ਰੈਲ ਨੂੰ ਉਹ ਉਸ ਸਮੇਂ ਦੀ ਵਿਦੇਸ਼ ਸਕੱਤਰ ਜੇਰੇਮੀ ਹੰਟ ਨੂੰ ਮਿਲੀ ਤੇ ਯੂਕੇ ਸਰਕਾਰ ਤੋਂ ਮਦਦ ਮੰਗੀ। ਕੌਰ ਨੂੰ ਇਕ ਸਕਾਟਲੈਂਡ ਦੇ ਅਖ਼ਬਾਰ, ਨੈਸ਼ਨਲ ਅਨੁਸਾਰ ਉਸ ਨੂੰ ਭਰੋਸਾ ਦਿਵਾਇਆ ਗਿਆ ਸੀ ਕਿ ਉਹ ਆਪਣੀ ਪੂਰੀ ਕੋਸ਼ਿਸ਼ ਕਰਨਗੇ। ਕੌਰ ਬ੍ਰਿਟੇਨ ਵਿਚ ਰਹੀ। ਜੱਗੀ ਦੇ ਪਰਿਵਾਰ ਨੇ ਉਸ ਦੀ ਯਾਤਰਾ ਦਾ ਸਮਾਂ ਖ਼ਤਮ ਹੋਣ ਤੋਂ ਬਾਅਦ ਰਹਿਣ ਦੀ ਆਗਿਆ ਲਈ ਅਰਜ਼ੀ ਦਿੱਤੀ ਸੀ। ਪਰ ਉਸ ਨੂੰ ਸਵੀਕਾਰ ਨਹੀਂ ਕੀਤਾ ਗਿਆ ਅਤੇ ਉਸਨੇ ਇਸ ਫ਼ੈਸਲੇ ਖ਼ਿਲਾਫ਼ ਅਪੀਲ ਵੀ ਕੀਤੀ। ਗੁਰਪ੍ਰੀਤ ਨੇ ਕਿਹਾ ਕਿ ਬ੍ਰਿਟੇਨ ਭਾਰਤ ਨਾਲ ਆਰਥਿਕ ਸਬੰਧਾਂ ਨੂੰ ਆਪਣੇ ਕਿਸੇ ਨਾਗਰਿਕ ਦੇ ਮਨੁੱਖੀ ਅਧਿਕਾਰਾਂ ਨਾਲੋਂ ਵਧੇਰੇ ਮਹੱਤਵ ਦਿੰਦਾ ਹੈ। ਉਸਨੇ ਕਿਹਾ ਕਿ ਉਸਨੇ ਆਪਣੇ ਸਥਾਨਕ ਸੰਸਦ ਮੈਂਬਰ ਅਤੇ ਹੋਰ ਸੰਸਦ ਮੈਂਬਰਾਂ ਦੇ ਨਾਲ ਬ੍ਰਿਟੇਨ ਵਿੱਚ ਮਨੁੱਖੀ ਅਧਿਕਾਰ ਸੰਗਠਨਾਂ ਨਾਲ ਲਾਬਿੰਗ ਕੀਤੀ ਹੈ।

ਗੁਰਪ੍ਰੀਤ ਨੇ ਕਿਹਾ, “ਆਪਣੇ ਚਾਚੇ ਦੇ ਵਿਆਹ ’ਤੇ ਇੰਨੇ ਮਸਤੀ ਕਰਨ ਤੋਂ ਬਾਅਦ, ਮੇਰੇ ਬੱਚੇ ਹੁਣ ਇੰਨੇ ਡਰ ਗਏ ਹਨ ਕਿ ਉਹ ਫਿਰ ਕਦੇ ਭਾਰਤ ਨਹੀਂ ਆਉਣਾ ਚਾਹੁੰਦੇ।” ਉਸਨੇ ਕਿਹਾ ਕਿ ਲੋਕ ਕਹਿੰਦੇ ਹਨ ਕਿ ਮੈਂ ਇਕ ਚੰਗਾ ਵਕੀਲ ਹਾਂ ਪਰ ਮੈਂ ਜਗਤਾਰ ਨੂੰ ਰਿਹਾਅ ਨਹੀਂ ਕਰਵਾ ਸਕਿਆ। ਇਹ ਲੋਕਾਂ ਅਤੇ ਸਿੱਖ ਸੰਗਤ ਦਾ ਸਹਿਯੋਗ ਹੈ ਜੋ ਮੈਨੂੰ ਜ਼ਿੰਦਾ ਰੱਖਦਾ ਹੈ।



# ਬ੍ਰਹਿਮੰਡੀ ਵਿਆਖਿਆ ਕਰਨ ਦੇ ਸਮਰੱਥ ਏ ਗੁਰਬਾਣੀ



- ਗੁਰਭਗਤ ਸਿੰਘ

ਜੀਵਨ ਨੂੰ ਵਿਗਾਸ ਮੁਖੀ ਬਣਾਉਣ ਲਈ ਕੋਈ ਚਿੰਤਨ ਤਾਂ ਹੀ ਯੋਗਦਾਨ ਪਾ ਸਕਦਾ ਹੈ ਜੇ ਉਹ ਸਮੁੱਚੀ ਕਾਇਨਾਤ ਦੀ ਵਿਆਖਿਆ ਕਰੇ। ਕਾਇਨਾਤ ਦੇ ਸੰਗਠਨ ਅਤੇ ਇਸ ਵਿਚ ਸਮਾਜ ਅਤੇ ਵਿਅਕਤੀ/ ਮਨੁੱਖ ਦੀ ਥਾਂ ਨਿਸ਼ਚਿਤ ਕਰੇ। ਉਹੀ ਚਿੰਤਨ ਵਧਦੇ-ਫੁੱਲਦੇ ਹਨ ਜੋ ਮਨੁੱਖ ਨੂੰ ਸਮੁੱਚੇ ਬ੍ਰਹਿਮੰਡ ਜਾਂ ਕੁੱਲ ਬ੍ਰਹਿਮੰਡਾਂ ਦੀ ਅਸਲੀਅਤ ਅਤੇ ਇਸ ਵਿਚੋਂ ਸਾਡੀ ਰਿਸ਼ਤੇਦਾਰੀ ਨੂੰ ਸਮਝਾ ਸਕੇ। ਕੁੱਲ ਬ੍ਰਹਿਮੰਡਾਂ ਦੀ ਮਹਾਂ ਵਿਆਖਿਆ ਦੇਣਾ ਕੋਈ ਆਸਾਨ ਕੰਮ ਨਹੀਂ, ਕਿਉਂਕਿ ਮਨੁੱਖ ਬ੍ਰਹਿਮੰਡੀ ਰਿਸ਼ਤੇ-ਨਾਤੇ ਵਿਚ ਵੱਸਦਾ ਹੈ। ਇਸ ਲਈ ਬ੍ਰਹਿਮੰਡੀ ਅਸਲੀਅਤ ਬਾਰੇ ਧਾਰਨਾ ਬਣਾਉਣ ਨਾਲ ਹੀ ਕਿਸੇ ਚਿੰਤਨ ਦੀ ਸਾਰਥਿਕਤਾ ਉੱਸਰਦੀ ਹੈ। ਉਸ ਧਾਰਨਾ ਵਿਚ ਸਮਾਜ, ਉਸ ਦੀਆਂ ਸੰਸਥਾਵਾਂ ਤੇ ਮਨੁੱਖ ਨੂੰ ਕਿਵੇਂ ਪਰੋਇਆ ਜਾਵੇ, ਇਹ ਵੀ ਇਕ ਵੱਡੇ ਯਤਨ ਨਾਲ ਸੰਭਵ ਬਣਦਾ ਹੈ। ਇਸ ਯਤਨ ਨੂੰ ਸਿਰੇ ਚੜਾਉਣ ਲਈ ਪ੍ਰਯੋਗਸ਼ਾਲਾਵਾਂ ਕਿਹੜੀਆਂ ਹੋਣ? ਕੀ ਵਿਗਿਆਨਕ ਪ੍ਰਯੋਗਸ਼ਾਲਾਵਾਂ ਹੋਣ ਜਾਂ ਮਨੁੱਖੀ ਬੁੱਧੀ ਹੀ ਕਾਫ਼ੀ ਹੈ? ਪੱਛਮੀ ਸਮਾਜਾਂ ਦਾ ਵਧੇਰੇ ਆਸਰਾ ਵਿਗਿਆਨਕ ਪ੍ਰਯੋਗਸ਼ਾਲਾਵਾਂ ਬਣੀਆਂ ਹਨ ਤੇ ਪੂਰਬੀ ਸਮਾਜਾਂ ਦਾ ਵਿਸ਼ਵਾਸ ਵਧੇਰੇ ਮਨੁੱਖੀ ਬੁੱਧੀ ਨੂੰ ਹੀ ਪ੍ਰਯੋਗਸ਼ਾਲਾ ਦੇ ਤੌਰ 'ਤੇ ਵਰਤਣ ਵਿਚ ਰਿਹਾ ਹੈ।

ਅਜਿਹਾ ਕਿਉਂ ਵਾਪਰਿਆ ਹੈ? ਇਸ ਨੂੰ ਸਮਝਣ ਲਈ ਇਹ ਜਾਣਨਾ ਪਵੇਗਾ ਕਿ ਪੱਛਮ ਵਿਚ ਕੁੱਲ ਅਸਲੀਅਤ ਬਾਰੇ ਮਹਾਂ-ਵਿਆਖਿਆਵਾਂ ਕੀ ਕੀਤੀਆਂ ਗਈਆਂ? ਹਰ ਮਹਾਂ-ਵਿਆਖਿਆ ਉੱਪਰ ਤੋਂ ਹੇਠਾਂ ਤਕ ਸਭ ਰਿਸ਼ਤੇਦਾਰੀਆਂ ਨਿਸ਼ਚਿਤ ਕਰਦੀ ਹੈ। ਉਸ ਨਿਸਚਿਤਤਾ ਨਾਲ ਹੀ ਚਿੰਤਨ ਦੀਆਂ ਧਾਰਨਾਵਾਂ ਅਤੇ ਸੰਸਥਾਵਾਂ ਬਣਦੀਆਂ ਹਨ। ਜਿਨਾਂ ਆਦਿ-ਕਾਲੀਨ ਮਹਾਂ-ਵਿਆਖਿਆਵਾਂ ਨੇ ਪੱਛਮ ਦਾ ਮਨ ਸਿਰਜਿਆ ਹੈ ਤੇ ਉੱਥੋਂ ਦੀਆਂ ਸੰਸਥਾਵਾਂ ਉਸਾਰਨ ਵਿਚ ਵੱਡਾ ਭਾਗ ਅਦਾ ਕੀਤਾ ਹੈ, ਉਹ ਪ੍ਰਮੁੱਖ ਤੌਰ 'ਤੇ ਤਿੰਨ ਹਨ। ਸਮਕਾਲੀ ਪੱਛਮੀ ਚਿੰਤਨ ਧਾਰਾਵਾਂ, ਇਨਾਂ ਤਿੰਨਾਂ ਪਰਮ-ਬ੍ਰਿਛਾਂ ਦੀਆਂ ਟਾਹਣੀਆਂ ਹੀ ਹਨ ਜਿਨਾਂ ਉੱਤੇ ਰੰਗ-ਬਿਰੰਗੇ ਪੰਛੀ ਬੋਲਦੇ ਹਨ। ਇਹ ਤਿੰਨ ਵਿਆਖਿਆਵਾਂ ਯੂਨਾਨੀ ਹਨ। ਬਹੁਤ ਪ੍ਰਭਾਵਸ਼ਾਲੀ ਹਨ।

ਲਗਪਗ ਛੇ ਸੌ ਵਰੇ ਈਸਾ ਤੋਂ ਪਹਿਲਾਂ ਪਾਈਥਾਗੋਰਸ ਨੇ ਆਪਣੇ ਚਿੰਤਨ ਵਿਚ ਇਹ ਧਾਰਨਾ ਦਿੱਤੀ ਕਿ ਸ੍ਰਿਸ਼ਟੀ ਦੀ ਮੁੱਢਲੀ ਅਸਲੀਅਤ ਸੰਰਚਨਾਤਮਿਕ ਹੈ। ਭਾਵ ਇਹ ਕਿ ਇਹ ਅਸਲੀਅਤ ਤੇ ਇਸ ਦੀਆਂ ਸ਼ਾਖਾਵਾਂ ਸੰਰਚਨਾਵਾਂ ਹਨ। ਇਨਾਂ ਨੂੰ ਰਚਣ ਵਾਲੇ ਕੁਝ ਅਨੁਪਾਤ ਹਨ। ਸਾਧਾਰਨ ਅਰਥਾਂ ਵਿਚ ਹਰ ਸੰਰਚਨਾ ਨੰਬਰਾਂ ਦੀ ਖੇਡ ਹੈ। ਜੇ ਇਹ ਗਣਿਤ ਸ਼ਾਸਤਰੀ ਨੰਬਰ ਜਾਣ ਲਈਏ ਤਾਂ ਅਸਲੀਅਤ ਹੀ ਸਮਝ ਆ ਜਾਂਦੀ ਹੈ। ਕੁੱਲ ਬ੍ਰਹਿਮੰਡ ਨੰਬਰ-ਖੇਡ ਹੀ ਹੈ। ਸਾਡਾ ਮਨ ਵੀ ਇਕ ਸੰਰਚਨਾ ਹੈ। ਇਹ ਵੀ ਬ੍ਰਹਿਮੰਡ ਦੀ ਨੰਬਰ ਖੇਡ ਨਾਲ ਜੁੜੀ ਹੋਈ ਹੈ। ਇਹ ਧਾਰਨਾ ਸਪਸ਼ਟ ਕਰਦੀ ਹੈ ਕਿ ਕੁੱਲ ਅਸਲੀਅਤ ਨੂੰ ਜਾਣਨਾ ਗਣਿਤ ਸ਼ਾਸਤਰੀ ਹੋਣਾ ਹੈ। ਪਾਈਥਾਗੋਰਸ ਪਹਿਲਾ ਵੱਡਾ ਸੰਰਚਨਾ ਵਾਦੀ ਹੈ। ਉਸ ਨੇ ਬ੍ਰਹਿਮੰਡ ਅਤੇ ਸੰਰਚਨਾ ਦੇ ਸੰਕਲਪ ਸਥਾਪਿਤ ਕਰ ਦਿੱਤੇ। ਪੱਛਮ ਦੇ ਬਹੁਤੇ ਗਿਆਨ ਤੇ ਅਨੁਸ਼ਾਸਨ ਇਸ ਮੁੱਢਲੇ ਸਿਧਾਂਤ ਨਾਲ ਜੁੜੇ ਹੋਏ ਹਨ। ਅੱਜ ਦੇ ਪੱਛਮੀ ਅਨੁਸ਼ਾਸਨ ਤੇ ਸ਼ਾਸਤਰ ਇਸ ਧਾਰਨਾ ਤੋਂ ਪ੍ਰਭਾਵਿਤ ਹਨ। ਜਿਵੇਂ ਦਰਸ਼ਨ, ਸੰਗੀਤ, ਚਿੱਤਰਕਲਾ, ਮਾਨਵ ਸ਼ਾਸਤਰ ਆਦਿ। ਪਾਈਥਾਗੋਰਸ ਦੇ ਇਸ ਸਿਧਾਂਤ ਵਿਚ ਅਨੁਭਵ ਦੀ ਵੀ ਥਾਂ ਹੈ ਪਰ ਇਸ ਦਾ ਵਧੇਰੇ ਬਲ ਬਾਹਰਮੁਖੀ ਅੰਸ਼ਾਂ ਨੂੰ ਲੱਭਣ ਉੱਤੇ ਹੈ ਜੋ ਬ੍ਰਹਿਮੰਡ ਦੀ ਸੰਰਚਨਾ ਸਮਝਾ ਸਕਣ। ਪਰ ਇਸ ਵਿਚ ਸ਼ੱਕ ਨਹੀਂ ਕਿ ਪਾਈਥਾਗੋਰਸ ਦਾ ਪ੍ਰਭਾਵ ਅੱਜ ਦੇ ਪੱਛਮੀ ਚਿੰਤਕਾਂ ਉੱਤੇ ਸਾਫ਼ ਨਜ਼ਰ ਆਉਂਦਾ ਹੈ। ਚਿੰਨ ਸ਼ਾਸਤਰੀ ਸੌਸਿਉਰ, ਮਾਨਵ ਸ਼ਾਸਤਰੀ ਲੈਵੀ ਸਤ੍ਰੌਸ, ਮਨੋਵਿਗਿਆਨੀ ਲਾਕਾਂ, ਦਾਰਸ਼ਨਿਕ ਦੇਰਿਦਾ ਆਦਿ ਪਾਈਥਾਗਓਰੀਅਨ ਲਿੰਕ ਤੋਂ ਮੁਕਤ ਨਹੀਂ ਹਨ।

ਦੂਜਾ ਪ੍ਰਮੁੱਖ ਚਿੰਤਨ ਹੈਰਾਕਲਾਈਟਸ ਨਾਲ ਸਬੰਧਿਤ ਹੈ। ਇਹ ਚਿੰਤਕ ਵੀ ਪੰਜਵੀਂ-ਛੇਵੀਂ ਪੂਰਵ ਈਸਵੀ ਵਿਚ ਹੀ ਹੋਇਆ ਹੈ। ਪੰਜਵੀਂ-ਚੌਥੀ ਪੂਰਨ ਈਸਵੀ ਵਿਚ ਵੀ ਹੋ ਸਕਦਾ ਹੈ। ਇਹ ਵੀ ਬ੍ਰਹਿਮੰਡ ਜਾਂ 'ਕੌਸਮੌਸ' ਦੀ ਅਸਲੀਅਤ ਅਤੇ ਸੰਕਲਪ ਨੂੰ ਮੰਨਦਾ ਹੈ। ਹੈਰਾਕਲਾਈਟਸ ਦੇ ਚਿੰਤਨ ਨੂੰ ਪ੍ਰਕਾਸ਼ਮਾਨ ਕਰਨ ਵਾਲੇ ਕੁਝ 'ਫਰੈਗਮੈਂਟਸ' ਮਿਲਦੇ ਹਨ। ਸਮੁੱਚਾ ਬ੍ਰਹਿਮੰਡ ਨਿਯਮਿਤ ਹੈ। ਇਹ ਨਿਯਮ ਜਾਂ ਅਸੂਲ ਕਿਸੇ ਦੇਵਤੇ ਜਾਂ ਮਨੁੱਖ ਦਾ ਸਿਰਜਿਆ ਹੋਇਆ ਨਹੀਂ। ਇਹ ਹੈ, ਹੈ ਸੀ ਤੇ ਹੋਵੇਗਾ। ਇਸ ਨਿਯਮ ਨੂੰ ਪ੍ਰਗਟਾਉਣ ਵਾਲਾ ਮੁੱਢਲਾ ਅੰਸ਼ ਅਗਨ ਹੈ। ਅਗਨ ਹੀ ਹਰ ਚੀਜ਼ ਨੂੰ ਮਿਟਾਉਂਦੀ ਹੈ, ਸਾਜਦੀ ਹੈ, ਮੁੜ ਜਨਮ ਦਿੰਦੀ ਹੈ। ਇਸ ਤਰਾਂ ਬ੍ਰਹਿਮੰਡੀ ਅਸਲੀਅਤ ਗਤੀਸ਼ੀਲ ਹੈ। ਗਤੀ ਜਾਂ ਤਬਦੀਲੀ ਵੱਡੀ ਅਸਲੀਅਤ ਹੈ। ਵਿਰੋਧ, ਗਤੀ ਦਾ ਹਿੱਸਾ ਹਨ ਤੇ ਇਸ ਵਿਚ ਸਮਾ ਜਾਂਦੇ ਹਨ। ਮਨੁੱਖੀ ਸਥਿਤੀ ਜਾਂ ਮਨ ਜੇ ਇਸ ਬ੍ਰਹਿਮੰਡੀ ਅਸਲੀਅਤ ਨਾਲ ਜੁੜੇ ਰਹਿਣ ਤਾਂ ਹੀ ਮਨੁੱਖੀ ਜੀਵਨ ਵਿਚ ਤਬਦੀਲੀ ਵਾਪਰਦੀ ਹੈ। ਪਾਈਥਾਗੋਰੀਅਨ ਨੰਬਰ ਖੇਡ ਤੇ ਅਨੁਪਾਤਾਂ ਨੂੰ ਵੀ ਅਗਨ ਨਾਲ ਜੋੜ ਕੇ ਦੇਖਣਾ ਚਾਹੀਦਾ ਹੈ। ਹੈਰਾਕਲਾਈਟਸ ਨੇ ਇਹ ਸਥਾਪਿਤ ਕੀਤਾ ਕਿ ਬ੍ਰਹਿਮੰਡੀ ਨਿਯਮ ਅਤੇ ਮਨੁੱਖੀ ਸਥਿਤੀ/ ਮਨ ਨੂੰ ਜੋੜਨ ਵਿਚ ਹੀ ਲਾਭ ਅਤੇ ਉਧਾਰ ਹੈ।

ਪਾਈਥਾਗੋਰੀਅਨ ਚਿੰਤਨ ਵਾਂਗ ਹੈਰਾਕਲਾਈਟਸ ਦੇ ਚਿੰਤਨ ਵਿਚ ਵੀ ਬਲ ਬਾਹਰਮੁਖੀ ਪੈਟਰਨ ਨੂੰ ਜਾਣਨ ਉੱਤੇ ਹੈ। ਇਹ ਜਾਣ ਕੇ ਫਿਰ ਬ੍ਰਹਿਮੰਡ ਅਤੇ ਮਨ ਨੂੰ ਇਕ ਸਾਂਝ ਵਿਚ ਪਰੋਇਆ ਜਾਵੇ। ਸਪਸ਼ਟ ਹੈ ਕਿ ਪਾਈਥਾਗੋਰਸ ਨੇ ਜਿਸ ਗਣਿਤ ਸ਼ਾਸਤਰੀ ਅਤੇ ਜਿਉਮੈਟਰੀਕਲ ਪਹੁੰਚ ਨੂੰ ਪ੍ਰਮੁੱਖ ਬਣਾਇਆ ਅਤੇ ਇਸ ਅਨੁਸਾਰ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ। ਹੈਰਾਕਲਾਈਟਸ ਨੇ ਵੀ ਉਸੇ ਨੂੰ ਕੁਝ ਵਾਧੇ ਨਾਲ ਅੱਗੇ ਤੋਰਿਆ। ਹੈਰਾਕਲਾਈਟਸ ਦੇ ਚਿੰਤਨ ਨੇ ਪੱਛਮ ਦੇ ਵੱਡੇ ਚਿੰਤਕਾਂ ਨੂੰ ਪ੍ਰਭਾਵਿਤ ਕੀਤਾ। ਨੀਟਸ਼ੇ, ਹੇਗਲ, ਮਾਰਕਸ ਦੇ ਚਿੰਤਨ ਵਿਚ ਵਿਰੋਧਾਂ ਤੇ ਤਬਦੀਲੀ ਨੂੰ ਵੱਡੀ ਥਾਂ ਦਿੱਤੀ ਗਈ ਹੈ। ਹੈਰਾਕਲਾਈਟੀ ਸਬੰਧ ਸਪਸ਼ਟ ਹੈ। ਸਪੈਂਗਲਰ, ਜਿਸ ਨੇ ਯੇਟਸ ਤੇ ਐਲੀਅਟ ਦੀ ਕਵਿਤਾ ਉੱਤੇ ਵੀ ਪ੍ਰਭਾਵ ਪਾਇਆ, ਹੈਰਾਕਲਾਈਟਸ ਨਾਲ ਜੁੜਿਆ ਹੋਇਆ ਹੈ। ਪਾਈਥਾਗੋਰਸ ਦੀ ਜਿਉਮੈਟਰੀਕਲ ਪਹੁੰਚ ਨੂੰ ਆਪਣੇ ਚਿੰਤਨ ਨਾਲ ਜੋੜ ਕੇ ਪਲੈਟੋ ਨੇ ਰੂਪਾਂ ਦਾ ਸੰਕਲਪ ਦਿੱਤਾ। ਪਲੈਟੋ ਅਨੁਸਾਰ ਸ੍ਰਿਸ਼ਟੀ ਵਿਚ ਰੂਪਾਂ ਦੇ ਨਕਸ਼ੇ ਮੌਜੂਦ ਹਨ। ਇਹ ਰੂਪ ਜਿਉਮੈਟਰੀਕਲ ਹਨ। ਇਨਾਂ ਦਾ ਅਨੁਕਰਣ ਕਰਨਾ ਹੀ ਚਿੰਤਨ ਸਾਜਣਾ ਹੈ। ਇਨਾਂ ਰੂਪਾਂ ਨੂੰ ਸਮਝਣ ਤੇ ਹਰ ਪੱਧਰ ਉੱਤੇ ਉਤਾਰਨ ਵਿਚ ਹੀ ਕਿਸੇ ਸਮਾਜ ਦਾ ਤਾਰਕਿਕ ਜਾਂ ਗਿਆਨਪੂਰਤ ਵਿਕਾਸ ਹੋ ਸਕਦਾ ਹੈ। ਪਲੈਟੋ ਦਾ ਇਹ ਗਣਿਤ ਸ਼ਾਸਤਰੀ ਦਰਸ਼ਨ, ਇੰਦਰੀਆਂ ਰਾਹੀਂ ਪ੍ਰਾਪਤ ਕੀਤੇ ਗਿਆਨ ਨੂੰ ਰੱਦ ਕਰਦਾ ਹੈ ਜਾਂ ਇਉਂ ਕਹਿ ਲਓ ਇਹ ਮਨੁੱਖ ਨੂੰ ਬੌਧਿਕ-ਤਾਰਕਿਕ ਬਣਾਉਣ ਨੂੰ ਹੀ ਸਮਰਪਿਤ ਹੈ। ਇਸ ਚਿੰਤਨ ਦਾ ਦੇਵਤਾ ਅਪੋਲੋ ਹੈ। ਡਾਇਉਨੀਸੁਸ ਜਾਂ ਭਾਵਾਂ-ਇੰਦਰੀਆਂ ਦਾ ਦੇਵਤਾ ਅਪੋਲੋ ਦੇ ਵਿਰੋਧ ਵਿਚ ਖੜਦਾ ਹੈ। ਪਲੈਟੋ ਨੇ ਵੱਡੀ ਗੱਲ ਇਹ ਕੀਤੀ ਕਿ ਤਾਰਕਿਕ ਬੌਧਿਕ ਸਮਾਜ ਦਾ ਸੰਕਲਪ ਤਿਆਰ ਕੀਤਾ ਅਤੇ ਆਪਣੀ ਪੁਸਤਕ ਰਿਪਬਲਿਕ ਰਾਹੀਂ ਇਸ ਨੂੰ ਸਿਧਾਂਤ ਬੱਧ ਕੀਤਾ। ਪਲੈਟੋ ਅਨੁਭਵ ਵੀ ਜਿਉਮੈਟੈਰੀਕਲ ਰੂਪਾਂ ਦੀ ਦਿੱਬ-ਦ੍ਰਿਸ਼ਟੀ ਹੀ ਹੋ ਸਕਦੀ ਹੈ।

ਪੱਛਮ ਦੇ ਤਿੰਨੋਂ ਪਰਮ-ਚਿੰਤਨ ਜਿਨਾਂ ਨੇ ਪੱਛਮ ਦਾ ਮਨ ਤੇ ਸਮਾਜ ਉਸਾਰੇ ਹਨ ਤਾਰਕਿਕ-ਬੌਧਿਕ ਹਨ। ਇਨਾਂ ਚਿੰਤਨਾਂ ਦਾ ਅਨੁਸਰਨ ਕਰਕੇ ਪੱਛਮ ਨੇ ਵਿਗਿਆਨ ਪੈਦਾ ਕੀਤਾ। ਅਰਥ-ਸ਼ਾਸਤਰ, ਰਾਜਨੀਤੀ ਸ਼ਾਸਤਰ, ਮਾਨਵ-ਵਿਗਿਆਨ ਆਦਿ ਪ੍ਰਬੰਧ ਤਿਆਰ ਕੀਤੇ। ਮਨੁੱਖ ਪ੍ਰਤੀ ਡਾਰਵਿਨੀ ਪਹੁੰਚ ਦੇ ਪਰਮ ਸਿਧਾਂਤ ਹੋਂਦ ਵਿਚ ਲਿਆਂਦੇ। ਪੂੰਜੀਵਾਦ ਵਿਕਸਿਤ ਹੋਇਆ। ਮੁਕਾਬਲਾ ਤੇ ਮਾਰਕੀਟ ਮਹੱਤਵਪੂਰਨ ਬਣ ਗਏ ਪਰ ਇਨਾਂ ਪ੍ਰਾਪਤੀਆਂ ਵਿਚੋਂ ਹੀ ਨਾਸ ਕਰਨ ਵਾਲੇ ਹਥਿਆਰ ਅਤੇ ਜੰਗਾਂ ਹੋਂਦ ਵਿਚ ਆਈਆਂ। ਹਉਮੈਂ ਵਧੀ, ਨਸਲਵਾਦ ਜਿਹੀਆਂ ਘਿਣਾਉਣੀਆਂ ਧਿਰਤੀਆਂ ਹੋਂਦ ਵਿਚ ਆਈਆਂ। ਇਨਾਂ ਨਿਸ਼ੇਧਾਤਮਿਕ ਅਪ੍ਰਾਪਤੀਆਂ ਦੇ ਬਾਵਜੂਦ ਜੋ ਖ਼ੁਸ਼ਹਾਲੀ ਤੇ ਗਿਆਨ ਹੋਂਦ ਵਿਚ ਆਏ, ਉਨਾਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

ਪੱਛਮੀ ਚਿੰਤਨ ਅਤੇ ਸਮਾਜਾਂ ਨੂੰ ਸੰਤੁਲਿਤ ਬਣਾਇਆ ਜਾਵੇ। ਇਹ ਫ਼ਿਕਰ ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਹੀ ਪ੍ਰਬਲ ਹੋਇਆ। ਭਾਵੇਂ ਫਰਾਇਡ ਨੇ ਇਹ ਚਿੰਤਾ ਪਹਿਲਾਂ ਜ਼ਾਹਿਰ ਕਰ ਦਿੱਤੀ ਸੀ ਪਰ ਉਸ ਦਾ ਸੁਝਾਇਆ ਹੱਲ ਵੀ ਤਾਰਕਿਕ ਹੀ ਸੀ। ਨੌਰਮਨ ਓ. ਬਰਾਊਨ, ਹਰਬਰਟ ਮਾਰਕੂਜ਼ੇ, ਮੈਲਿਨੀ ਕਲਾਈਨ ਆਦਿ ਨੇ ਆਪਣੇ-ਆਪਣੇ ਨੁਕਤਿਆਂ ਤੋਂ ਇਸ ਫ਼ਿਕਰ ਨੂੰ ਮਹੱਤਵਪੂਰਨ ਬਣਾਇਆ। ਪਰ ਇਸ ਫ਼ਿਕਰ ਦੇ ਬਰਾਬਰ ਹੀ ਡਾਰਵਿਨ ਦੀ ਪ੍ਰੇਰਿਤ ਚਿੰਤਨਧਾਰਾ ਵੀ ਵਹਿ ਰਹੀ ਸੀ। ਅੱਜ ਵੀ ਉਸ ਦੇ ਵੱਡੇ ਨੁਮਾਇੰਦੇ ਡਾਕਿਨਜ਼ ਅਤੇ ਡੈਨੱਟ ਹਨ ਜੋ ਮੁਕੰਮਲ ਤੌਰ 'ਤੇ ਤਾਰਕਿਕ- ਵਿਕਾਸਵਾਦੀ ਹਨ।

ਪੂਰਬ ਦੀ ਪਹੁੰਚ ਕੁਝ ਵੱਖਰੀ ਰਹੀ ਹੈ। ਏਸ਼ੀਆ ਦੇ ਪ੍ਰਮੁੱਖ ਦੇਸ਼ਾਂ ਵਿਚ (ਜਿਵੇਂ ਚੀਨ, ਜਾਪਾਨ, ਭਾਰਤ) ਬਲ ਅੰਤਰੀਵ ਉੱਤੇ ਰਿਹਾ ਹੈ। ਚੀਨ ਦਾ 'ਤਾਉਵਾਦ' ਕੁੱਲ ਯਥਾਰਥ ਨੂੰ ਸਿਰਜਨਾਤਮਕ ਪ੍ਰਕਿਰਿਆ ਹੀ ਮੰਨਦਾ ਹੈ ਜੋ ਆਪਣੀ ਸੁਤੰਤਰਤਾ ਤੇ ਸਹਿਜ ਵਿਚ ਚਲਦਾ ਹੈ। ਇਸ ਨੂੰ ਕਿਸੇ ਬਾਹਰਲੇ ਦਖ਼ਲ ਦੀ ਲੋੜ ਨਹੀਂ। ਹਰ ਵਸਤ ਦਾ ਆਪਣਾ ਨਿਸ਼ਾਨਾ ਹੈ ਜੋ ਉਸ ਦੇ ਸੁਹਜ ਵਿਚ ਪੂਰਾ ਹੋਣ ਦਿੱਤਾ ਜਾਣਾ ਚਾਹੀਦਾ ਹੈ। ਇਸ ਸੁਹਜ ਪ੍ਰਕਿਰਿਆ ਨਾਲ ਮਨੁੱਖ ਰਹੱਸਮਈ ਇਕਸੁਰਤਾ ਕਾਇਮ ਕਰਕੇ ਹੀ ਯਥਾਰਥ ਨੂੰ ਗ੍ਰਹਿਣ ਕਰਦਾ ਹੈ। ਸਮਕਾਲੀ ਮਾਰਕਸਵਾਦ ਦਾ ਬਾਹਰਲਾ ਦਖ਼ਲ ਤੇ ਤਾਉ ਦੀ ਅੰਤਰੀਵਤਾ ਇਕ-ਦੂਜੇ ਦੇ ਵਿਰੋਧੀ ਹਨ। ਜੇ ਇਸ ਅੰਤਰੀਵਤਾ ਨੇ ਵਿਗਿਆਨ, ਆਰਥਿਕਤਾ ਅਤੇ ਤਕਨੀਕੀ ਇਨਕਲਾਬ ਤੋਂ ਪਿੱਛੇ ਰੱਖਿਆ, ਤਦ ਵੀ ਤਾਉਵਾਦ, ਕਨਫਿਊਸ਼ੀਅਸਵਾਦ ਆਦਿ ਨੇ ਚੀਨੀ ਮਨੁੱਖ ਨੂੰ ਇਕ ਨੈਤਿਕ ਸੂੱਚਮ ਵਿਚ ਬੰਨ ਕੇ ਰੱਖਿਆ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅਜਿਹਾ ਨੈਤਿਕ ਭਾਗ ਹੀ ਬੁੱਧਵਾਦ ਨੇ ਅਦਾ ਕੀਤਾ। ਨੈਤਿਕ ਸੂੱਚਮ ਅਤੇ ਮਾਰਕਸੀ ਕ੍ਰਾਂਤੀ ਨੇ ਮਿਲ ਕੇ ਹੀ ਅੱਜ ਦੇ ਚੀਨ ਦੇ ਚਮਤਕਾਰੀ ਵਿਕਾਸ ਨੂੰ ਸੰਭਵ ਬਣਾਇਆ ਹੈ।

ਜਾਪਾਨ ਦੇ ਬੋਧੀ ਜ਼ੈਨ ਨੇ ਵੀ ਯਥਾਰਥ ਦਾ ਗਿਆਨ ਪ੍ਰਾਪਤ ਕਰਨ ਲਈ ਦਿੱਬ-ਦ੍ਰਿਸ਼ਟੀ ਨਾਲ ਅਨੁਭਵੇ ਫਲੈਸ਼ਾਂ ਉੱਤੇ ਜ਼ੋਰ ਦਿੱਤਾ। ਇਹ ਫਲੈਸ਼ ਪ੍ਰਾਪਤ ਕਰਨ ਲਈ ਗੁਰੂ ਦੀ ਸਹਾਇਤਾ ਵੀ ਲਈ ਜਾ ਸਕਦੀ ਹੈ। ਇਹ ਫਲੈਸ਼ ਜਿਉਮੈਟਰੀਕਲ ਪੈਟਰਨਾਂ ਅਤੇ ਤਰਕ ਤੋਂ ਵੱਖਰੇ ਹਨ। ਸਪਸ਼ਟ ਹੈ ਕਿ ਵਿਅਕਤੀ ਨੂੰ ਅੰਤਰਮੁਖੀ ਅਤੇ ਮਹਾਂ-ਸੂੱਚਮ ਵਿਚ ਜਿਊਣਾ ਪਵੇਗਾ। ਜਿਸ ਨਿਰਹਉਂ ਵਿਅਕਤੀ ਦੀ ਸਾਜਨਾ ਇਸ ਪਹੁੰਚ ਨੇ ਜਾਪਾਨ ਵਿਚ ਕੀਤੀ, ਉਸ ਨੇ ਸਮਾਜ ਪ੍ਰਤੀ ਜ਼ਿੰਮੇਵਾਰ ਮਨੁੱਖ ਸਾਜਣ ਵਿਚ ਵੀ ਕੀਤੀ। ਇਸ ਦਾ ਨਿਸ਼ੇਧਾਤਮਿਕ ਪੱਖ ਇਹ ਰਿਹਾ ਕਿ ਇਸ ਨੇ ਰਾਜਿਆਂ ਅਤੇ ਡਿਕਟੇਟਰਾਂ ਦੀ ਸਵੀਕ੍ਰਿਤੀ ਸੌਖੀ ਕਰ ਦਿੱਤੀ। ਪਰ ਨਾਲ ਹੀ ਜਾਪਾਨ ਦੀ ਤਕਨੀਕੀ ਕ੍ਰਾਂਤੀ ਦਾ ਰਾਹ ਵੀ ਤਿਆਰ ਕਰ ਦਿੱਤਾ। ਦਸਤਕਾਰੀ ਤੇ ਤਕਨੀਕੀ ਕ੍ਰਾਂਤੀ ਲਈ ਵੀ ਨਿਰਹਉਂ ਅਤੇ ਸਮਾਜਕ ਵਿਕਾਸ ਲਈ ਪ੍ਰਤੀਬੱਧ ਮਨੁੱਖ ਦੀ ਲੋੜ ਹੁੰਦੀ ਹੈ। ਨਿਮਰਤਾ ਰਾਹੀਂ ਕੁੱਲ ਕਾਇਨਾਤ ਨਾਲ ਜੁੜਨਾ, ਸੁੰਦਰਤਾ ਲੱਭਣਾ ਅਤੇ ਵਿਗਿਆਨ ਨੂੰ ਵੀ ਇਸ ਪਾਸੇ ਲਾ ਦੇਣਾ, ਪਿਛਲੇ ਦੋ ਸਦੀਆਂ ਦੇ ਜਾਪਾਨ ਵਿਚ ਸੰਭਵ ਹੋ ਸਕਿਆ ਹੈ। ਜਾਪਾਨੀ ਪੂੰਜੀਵਾਦ ਨੂੰ ਵਿਕਸਿਤ ਕਰਨ ਵਿਚ ਜਾਪਾਨ ਦੇ ਨਿਰਹਉਂ ਮਨੁੱਖ ਨੇ ਵੱਡਾ ਹਿੱਸਾ ਪਾਇਆ ਹੈ। ਇਸ ਗੱਲ ਦਾ ਅਹਿਸਾਸ ਤੁਹਾਨੂੰ ਜਾਪਾਨ ਵਿਚ ਜਾ ਕੇ ਹੁੰਦਾ ਹੈ। ਜਾਪਾਨ ਦਾ ਨਿਰਹਉਂ ਸੂੱਚਮ ਅਤੇ ਪੂੰਜੀ ਘੁਲ-ਮਿਲ ਕੇ ਕ੍ਰਿਸ਼ਮਾ ਕਾਰੀ ਹੋ ਗਏ ਹਨ।

ਭਾਰਤ ਵਿਚ ਸਿੱਖ ਵਿਰਸੇ ਦਾ ਵਿਸਮਾਦੀ ਚਿੰਤਨ ਪੂਰਬੀ ਚਿੰਤਨ ਦਾ ਇਕ ਸਿਖਰ ਹੈ। ਇਸ ਚਿੰਤਨ ਅਨੁਸਾਰ ਕੁੱਲ ਅਸਲੀਅਤ ਵਿਸਮਾਦੀ ਹੈ। ਇਸ ਦੀ ਸਿਰਜਣਾਤਮਿਕਤਾ, ਇਸ ਦਾ ਰਹੱਸ, ਇਸ ਵਿਚ ਮੌਜੂਦ ਵਿਲੱਖਣਤਾਵਾਂ, ਭੇਦ, ਅਨੇਕਾਂ ਰੂਪ ਰੰਗ ਵਿਚਿੱਤਰਤਾ ਉਤਪੰਨ ਕਰਦੇ ਹਨ। ਜੀਵਨ ਨੂੰ ਅਜਿਹੇ ਵਿਗਾਸ (ਵਿਕਾਸ+ਖੇੜਾ) ਨੂੰ ਵਧਾਉਣ ਲਈ ਵਿਲੱਖਣਤਾ ਵਾਂ ਕਰਦੇ ਹਨ ਜਿਸ ਨਾਲ ਭਰਪੂਰਤਾ ਤੇ ਅਨੰਦ ਵਧ ਸਕਣ। ਇਸ ਭਰਪੂਰਤਾ ਦਾ ਪ੍ਰਤੀਕ 'ਵਾਹਿਗੁਰੂ' ਜਾਂ ਅਸ਼ਚਰਜਤਾ ਦਾ ਗੁਰੂ ਹੈ। ਵੱਡੀ ਪ੍ਰੇਰਨਾ ਇਹ ਹੈ ਕਿ ਮਨੁੱਖ ਆਪਣੇ ਸਾਰੇ ਅਦਾਰੇ ਜਾਂ ਸੰਸਥਾਵਾਂ ਵਿਸਮਾਦ ਨੂੰ ਵਿਕਸਿਤ ਕਰਨ ਲਈ ਬਣਾਏ। ਆਰਥਿਕਤਾ ਅਤੇ ਰਾਜਨੀਤੀ ਵੀ ਇਸੇ ਨਿਸ਼ਾਨੇ ਨੂੰ ਪੂਰਾ ਕਰਨ ਲਈ ਸਮਰਪਿਤ ਹੋਣ। ਪੂੰਜੀਵਾਦ ਤੇ ਸਮਾਜਵਾਦ ਦੀ ਕਾਇਨਾਤੀ ਸਿਰਜਣਾ ਨਾਲੋਂ ਟੁੱਟੀ ਹੋਈ ਪੂੰਜੀ ਨੂੰ ਨਵੇਂ ਸਿਰਿਓਂ ਸੰਕਲਪਣ ਅਤੇ ਨਵੇਕਲੇ ਅਭਿਆਸ ਦਾ ਮਾਧਿਅਮ ਬਣਾਇਆ ਜਾਵੇ। ਵਿਸਮਾਦੀ ਚਿੰਤਨ ਦਾ ਮੁੱਢਲਾ ਫ਼ਿਲਾਸਫ਼ਰ ਤੇ ਸ਼ਾਇਰ ਗੁਰੂ ਨਾਨਕ ਦੇਵ ਹੈ।

ਵਿਸਮਾਦੀ ਚਿੰਤਨ ਵਿਲੱਖਣਤਾਵਾਂ ਤੇ ਇਕਸੁਰਤਾ ਦੀ ਸਵੀਕ੍ਰਿਤੀ ਹੈ। ਉਨਾਂ ਦਾ ਸੰਯੋਗ ਹੈ। ਵਿਸ਼ਵ ਦੇ ਵੱਡੇ ਤੇ ਵਿਚਿੱਤਰਤਾ ਭਰਪੂਰ ਵਿਰਸੇ ਨੂੰ ਸਾਂਭਣ ਅਤੇ ਇਸ ਨੂੰ ਸਿਹਤਮੰਦ ਰੱਖ ਕੇ ਇਸ ਦੀਆਂ ਨਵੀਆਂ ਆਰਥਿਕ, ਰਾਜਨੀਤਕ ਤੇ ਸਮਾਜਕ ਸੰਸਥਾਵਾਂ ਉਸਾਰਨ ਲਈ ਵਿਸਮਾਦੀ ਚਿੰਤਨ ਦਿਸ਼ਾ ਦਿੰਦਾ ਹੈ। ਮਨੁੱਖ ਦੇ ਬਹੁ-ਪੱਧਰੀ ਵਿਯੋਗ ਨੂੰ ਖ਼ਤਮ ਕਰਕੇ ਇਸ ਵਿਚ ਸ਼ਾਇਰੀ ਅਤੇ ਸੰਗੀਤ ਭਰਨ ਦਾ ਵਾਹਿਦਾ, ਇਸ ਵਿਸਮਾਦੀ ਚਿੰਤਨ ਵਿਚ ਮੌਜੂਦ ਹੈ। ਲੋੜ ਉਨਾਂ ਦਾਰਸ਼ਨਿਕਾਂ ਅਤੇ ਚਿੰਤਕਾਂ ਦੀ ਹੈ ਜੋ ਅਜੋਕੇ ਮਨੁੱਖ ਦੀਆਂ ਗਿਆਨ-ਪ੍ਰੌਤ, ਤੀਬਰ ਭਾਵਨਾਤਮਕ ਬਿਰਤੀਆਂ ਨੂੰ ਵਿਸਮਾਦੀ ਪਾਸਾਰ ਦੇ ਸਕਣ, ਬਿਨਾਂ ਪਿੱਛੇ ਮੁੜਨ ਦੇ ਪਿਛਲੀਆਂ ਪ੍ਰਾਪਤੀਆਂ ਨੂੰ ਵਿਸ਼ਵ ਅਸਲੀਅਤ ਨਾਲ ਜੋੜ ਸਕਣ।




# ਭਾਰਤ ’ਚ ਮਨੁੱਖੀ ਅਧਿਕਾਰਾਂ ਤੇ ਅਜ਼ਾਦੀ ਨੂੰ ਕਾਇਮ ਰੱਖਣ ਦੀ ਲੋੜ

**- ਰਜਿੰਦਰ ਸਿੰਘ**

ਨਿਊਜ਼ ਐਕਸ ਦੀ ਸੀਨੀਅਰ ਪੱਤਰਕਾਰ ਸ਼੍ਰੇਆ ਚੈਟਰਜੀ, ਟਾਈਮਜ਼ ਨਾਓ ਦੀ ਪ੍ਰਵੀਨਾ ਪੁਰਕਾਯਸਥ, ਟਾਈਮਜ਼ ਆਫ ਇੰਡੀਆ ਦੀ ਅਨਿਘ ਚਟੋਪਾਧਿਆਏ, ਰਾਈਟਰਜ਼ ਦੀ ਦਾਨਿਸ਼ ਸਿੱਦੀਕੀ ਅਤੇ ਹੋਰ ਕਈ ਪੱਤਰਕਾਰਾਂ ਨੂੰ ਫ਼ਿਰਕੂ ਭੀੜ ਨੇ ਨਿਸ਼ਾਨਾ ਬਣਾਇਆ। ਅਖ਼ਬਾਰ ‘ਹਿੰਦੂ’ ਦੇ ਉਮਰ ਰਸ਼ੀਦ ਤੇ ਕੰਨੜ ਅਖ਼ਬਾਰ ‘ਵਰਠਾ ਭਾਰਤੀ’ ਦੇ ਇਸਮਾਈਲ ਜਾਰਜ ਨੂੰ ਫ਼ਿਰਕੂ ਭੀੜ ਦੇ ਗ਼ੁੱਸੇ ਦਾ ਸ਼ਿਕਾਰ ਹੋਣਾ ਪਿਆ ਅਤੇ ਦਿੱਲੀ ਪੁਲਿਸ ਨੇ ਵੀ ਉਨਾਂ ਨੂੰ ਆਪਣਾ ਨਿਸ਼ਾਨਾ ਬਣਾਇਆ। ਇਹ ਰੁਝਾਨ ਕੋਵਿਡ 19 ਦੇ ਦੌਰਾਨ ਤਾਲਾਬੰਦੀ ਵਿੱਚ ਵੀ ਜਾਰੀ ਰਿਹਾ। ਰਾਈਟਸ ਐਂਡ ਰਿਸਕਸ ਐਨੈਲਿਸਿਸ ਗਰੁਪ ਦੀ ਇੱਕ ਰਿਪੋਰਟ ਦੇ ਅਨੁਸਾਰ 25 ਮਾਰਚ ਤੋਂ 31 ਮਈ ਤੱਕ 55 ਪੱਤਰਕਾਰਾਂ ਖ਼ਿਲਾਫ਼ ਵੱਖ ਵੱਖ ਤਰਾਂ ਦੀਆਂ ਪੁਲਿਸ ਕਾਰਵਾਈਆਂ ਕੀਤੀਆਂ ਗਈਆਂ ਸਨ। ਕਈਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਕਈਆਂ ਨੂੰ ਸੰਮਨ ਅਤੇ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਹਨ। ਹੁਣੇ ਜਿਹੇ ਉੱਤਰ-ਪੂਰਬੀ ਦਿੱਲੀ ਵਿੱਚ ਤਿੰਨ ਕਾਰਵਾਂ ਪੱਤਰਕਾਰਾਂ ਉੱਤੇ ਇੱਕ ਭੀੜ ਨੇ ਹਮਲਾ ਕੀਤਾ ਸੀ ਤੇ ਪੱਤਰਕਾਰ ਬੀਬੀ ਨਾਲ ਅਸ਼ਲੀਲ ਹਰਕਤਾਂ ਕਰਕੇ ਜ਼ਲੀਲ ਵੀ ਕੀਤਾ। ਪਰ ਪੁਲੀਸ ਨੇ ਕੋਈ ਕਾਰਵਾਈ ਨਹੀਂ ਕੀਤੀ। ਸਿਟੀਜ਼ਨਸ਼ਿਪ ਸੋਧ ਐਕਟ ਦੇ ਵਿਰੁੱਧ ਅੰਦੋਲਨ ਵਿਚ ਹਿੱਸਾ ਲੈਣ ਵਾਲੇ ਗੁਲਫਿਸਾਂ ਫਾਤਿਮਾ, ਸਫੂਰਾ ਜਰਜਰ, ਦੇਵਾਨਗਾਨਾ ਕਾਲੀਤਾ, ਨਤਾਸ਼ਾ ਨਰਵਾਲ ਅਤੇ ਹੋਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਬੁੱਧੀਜੀਵੀਆਂ ਅਤੇ ਸਮਾਜ ਸੇਵਕਾਂ ਜਿਵੇਂ ਹਰਸ਼ ਮੰਡੇਰ, ਅਪੁਰਵਾਨੰਦ, ਯੋਗੇਂਦਰ ਯਾਦਵ ਆਦਿ ਨੂੰ ਪੁਲੀਸ ਰਾਹੀਂ ਧਮਕਾਇਆ ਜਾ ਰਿਹਾ ਹੈ। ਫਿਰ ਅਜ਼ਾਦੀ ਕਿਵੇਂ ਕਾਇਮ ਰੱਖੀ ਜਾ ਸਕਦੀ ਹੈ? ਇਹ ਵਰਤਾਰਾ ਭਾਰਤ ਦੀ ਸਾਂਝੀ ਵਿਰਾਸਤ ਦੀ ਮੂਲ ਭਾਵਨਾ ਦੇ ਉਲਟ ਹੈ।

ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਆਜ਼ਾਦੀ ਲੱਖਾਂ ਨਿਹਮਤਾਂ ਵਿਚੋਂ ਸਭ ਤੋਂ ਵੱਡੀ ਨਿਹਮਤ ਹੈ। ਆਜ਼ਾਦੀ ਦਾ ਅਰਥ ਅਸਹਿਮਤੀ ਵੀ ਹੁੰਦਾ ਹੈ। ਜਦੋਂ ਤੁਸੀਂ ਸਿਸਟਮ ਦੇ ਘੇਰੇ ਵਿਚ ਰਹਿ ਕੇ ਵੀ ਦੋਸ਼ੀ ਸਿੱਧ ਹੁੰਦੇ ਹੋ ਤਾਂ ਉਹ ਗ਼ੁਲਾਮੀ ਹੀ ਹੁੰਦਾ ਹੈ। ਜਿਨਾਂ ਦੇਸਾਂ ਵਿਚ ਫਾਸ਼ੀਵਾਦ ਦਾ ਰੁਝਾਨ ਪੈਦਾ ਹੁੰਦਾ ਹੈ, ਉੱਥੇ ਇਹੋ ਜਿਹੇ ਹਾਲਾਤ ਤੇ ਐਮਰਜੈਂਸੀ ਹੁੰਦੀ ਹੈ। ਅੱਜ ਭਾਰਤ ਵਿਚ ਜਮਹੂਰੀਅਤ ਖ਼ਤਮ ਹੋਣ ਦਾ ਕਾਰਨ ਹੀ ਇਹ ਹੈ ਕਿ ਲੋਕ ਇੱਕਮੁੱਠ ਨਹੀਂ ਹਨ। ਧਰਮਾਂ ਤੇ ਜਾਤਾਂ ਵਿਚ ਵੰਡੇ ਹੋਏ ਹਨ। ਬੁੱਧੀਜੀਵੀ ਤਾਂ ਇਹ ਕਹਿੰਦੇ ਹਨ ਕਿ ਭਾਰਤ ਵਿਚ ਅਜ਼ਾਦੀ ਨਹੀਂ ਆਈ, ਇਹ ਦੇਸ ਗ਼ਦਰੀ ਬਾਬਿਆਂ ਦੇ ਸੁਪਨੇ ਦਾ ਦੇਸ ਨਹੀਂ ਬਣ ਸਕਿਆ। ਇੱਥੇ ਤਾਂ ਸੱਤਾ ਟਰਾਂਸਫ਼ਰ ਹੋਈ। ਬਹੁਗਿਣਤੀ ਦੀਆਂ ਵੋਟਾਂ ਦੇ ਨਾਮ ’ਤੇ ਘੱਟ ਗਿਣਤੀਆਂ ਨੂੰ ਦਬਾਇਆ ਜਾ ਰਿਹਾ ਹੈ। ਆਰਥਿਕਤਾ, ਕੁਦਰਤੀ ਅਧਿਕਾਰ, ਸਭਿਆਚਾਰਕ ਆਜ਼ਾਦੀ, ਵਿੱਦਿਆ ਤੇ ਨਿਆਂ ਉੱਪਰ ਸਭਨਾਂ ਦਾ ਅਧਿਕਾਰ ਖ਼ਤਮ ਹੋ ਰਿਹਾ ਹੈ। ਸਭ ਕਾਰਪੋਰੇਟ ਦੇ ਕਬਜ਼ੇ ਵਿਚ ਆ ਰਿਹਾ ਹੈ। ਆਰਥਿਕ ਪਾੜਾ ਏਨਾ ਵਧ ਚੁੱਕਾ ਹੈ ਕਿ ਕਰੋੜਾਂ ਲੋਕ ਗ਼ਰੀਬੀ ਦੀ ਦਲਦਲ ਵਿਚ ਧਸੇ ਹੋਏ ਹਨ। ਦੇਸ਼ ਦੀ ਕੁੱਲ ਆਮਦਨ ਦਾ 73 ਫ਼ੀਸਦੀ ਹਿੱਸਾ ਕੇਵਲ 1 ਫ਼ੀਸਦੀ ਅਮੀਰਾਂ ਦੇ ਕੋਲ ਹੈ। ਆਕਸਫੈਮ ਦੀ ਰਿਪੋਰਟ ਅਨੁਸਾਰ ਦੇਸ਼ ਦੇ ਕੇਵਲ 57 ਧਨਾਢਾਂ ਕੋਲ ਦੇਸ਼ ਦੀ 70 ਫ਼ੀਸਦੀ ਆਬਾਦੀ ਦੇ ਬਰਾਬਰ ਦੌਲਤ ਦੇ ਭੰਡਾਰ ਹਨ। ਭਾਰਤ ਮਹਾਨ ਦੇ 1 ਫ਼ੀਸਦੀ ਅਰਬਪਤੀਆਂ ਨੇ ਹੀ ਦੇਸ਼ ਦਾ 58 ਫ਼ੀਸਦੀ ਸਰਮਾਇਆ ਹੜੱਪਿਆ ਹੋਇਆ ਹੈ। ਇਕ ਅਨੁਮਾਨ ਅਨੁਸਾਰ ਭਾਰਤ ਵਿਚ ਦੁਨੀਆ ਦੀ ਸਭ ਤੋਂ ਵੱਧ ਭੁੱਖ-ਮਰੀ ਹੈ। 40 ਕਰੋੜ ਤੋਂ ਵੱਧ ਲੋਕ ਗ਼ਰੀਬੀ ਰੇਖਾ ਤੋਂ ਹੇਠਾਂ ਜੀਵਨ ਦੇ ਦਿਨ ਕੱਟ ਰਹੇ ਹਨ। ਸੰਸਾਰ ਬੈਂਕ ਅਨੁਸਾਰ ਦੁਨੀਆ ਦੇ 49 ਫ਼ੀਸਦੀ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ, ਜਿਨਾਂ ਵਿਚੋਂ 34 ਫ਼ੀਸਦੀ ਭਾਰਤ ਵਿਚ ਹਨ। ਹੈਰਾਨੀਜਨਕ ਗੱਲ ਹੈ ਕਿ 2017 ਵਿਚ ਹੀ ਸਰਕਾਰਾਂ ਦੇ ਚਹੇਤੇ ਵੱਡੇ ਉਦਯੋਗਪਤੀਆਂ ਆਡਾਨੀ, ਅੰਬਾਨੀ ਤੇ ਸੁਨੀਲ ਮਿੱਤਲ ਦੀ ਆਮਦਨ ਛੜੱਪੇ ਮਾਰ ਕੇ ਵਧੀ ਹੈ। ਇਕ ਸਰਵੇਖਣ ਅਨੁਸਾਰ ਅਡਾਨੀ ਦੀ ਦੌਲਤ ਵਿਚ 120 ਫ਼ੀਸਦੀ ਦਾ ਵਾਧਾ ਹੋਇਆ ਹੈ। ਟਰਾਂਸਮਿਸ਼ਨ ਖੇਤਰ ਵਿਚ 294 ਫ਼ੀਸਦੀ, ਆਡਾਨੀ ਇੰਟਰਪਰਾਇਜ਼ਜ਼ ਵਿਚ 177 ਫ਼ੀਸਦੀ ਤੇ ਪਾਵਰ-ਸ਼ੇਅਰਾਂ ਵਿਚ 36 ਫ਼ੀਸਦੀ ਦੇ ਵਾਧੇ ਨਾਲ ਗੌਤਮ ਆਡਾਨੀ ਦੀ ਦੌਲਤ ਕਈ ਗੁਣਾਂ ਵਧ ਚੁੱਕੀ ਹੈ। ਅਜ਼ਾਦੀ ਆਪਣੇ ਹੱਕਾਂ ਲਈ ਲੜਨ ਦਾ ਅਧਿਕਾਰ ਹੈ। ਕਾਲੇ ਕਨੂੰਨਾਂ ਨਾਲ ਇਸ ਮਨੁੱਖੀ ਅਧਿਕਾਰ ਨੂੰ ਦਬਾਇਆ ਨਹੀਂ ਜਾ ਸਕਦਾ। ਗੁਰੂ ਨਾਨਕ ਸਾਹਿਬ ਦਾ ਹੁਕਮ ਸਭ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਅਸਲ ਅਜ਼ਾਦੀ ਕੀ ਹੈ। ਜੇ ਜੀਵੈ ਪਤਿ ਲਥੀ ਜਾਇ।। ਸਭੁ ਹਰਾਮੁ ਜੇਤਾ ਕਿਛੁ ਖਾਇ।। ਚਲੋ ਅਸੀਂ ਮੰਨ ਲਈਏ ਕਿ ਆਜ਼ਾਦ ਉਹ ਹੈ ਜੋ ਆਪਣੇ ਹੱਕਾਂ ਲਈ ਲੜਦਾ ਹੈ। ਪਰ ਸੁਆਲ ਇਹ ਹੈ ਕਿ ਭਾਰਤ ਵਿਚ ਉਨਾਂ ਨੂੰ ਕੈਦ ਕਿਉਂ ਕਰ ਲਿਆ ਜਾਂਦਾ ਹੈ? ਵਰਵਰਾ ਰਾਓ, ਗੌਤਮ ਨਵਲੱਖਾ, ਸੁਧਾ ਭਾਰਦਵਾਜ, ਪ੍ਰੋ.ਸਾਈਬਾਬਾ ਅਤੇ ਕਈ ਸਿੱਖ ਤੇ ਮੁਸਲਮਾਨ ਬਹੁਤ ਸਾਰੇ ਲੋਕ ਅੱਜ ਜੇਲਾਂ ਵਿਚ ਕਿਉਂ ਬੰਦ ਹਨ? ਮੀਡੀਆ ਗੋਦੀ ਮੀਡੀਆ ਕਿਉਂ ਬਣ ਚੁੱਕਾ ਹੈ? ਸਾਰੇ ਰਾਜਨੀਤਕ ਲੋਕ ਸੰਸਦ ਵਿੱਚ ਇਕੱਠੇ ਹਨ, ਪਰ ਕੀ ਲੋਕਾਂ ਲਈ ਉਨਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ? ਅਦਾਲਤਾਂ ਦੇ ਫ਼ੈਸਲੇ ਉਡੀਕਦੇ ਸਭ ਬਿਰਖ ਹੋ ਰਹੇ ਹਨ। ਸੁਪਰੀਮ ਕੋਰਟ ਦੇ ਚਾਰ ਸੀਨੀਅਰ ਜੱਜਾਂ ਨੇ ਇੱਕ ਪ੍ਰੈੱਸ ਕਾਨਫ਼ਰੰਸ ਕਰਕੇ ਚੀਫ਼ ਜਸਟਿਸ ਦੇ ਕੰਮਕਾਜ ’ਤੇ ਸਵਾਲ ਉਠਾਏ ਤੇ ਅਸੀਂ ਉਨਾਂ ਨੂੰ ਕੁਝ ਦਿਨ ਪਹਿਲਾਂ ਲੋਕਤੰਤਰ ਦੇ ਜਨਾਜ਼ੇ ਨੂੰ ਫੁੱਲ ਭੇਟ ਕਰਦਿਆਂ ਦੇਖਿਆ ਸੀ। ਅਸੀਂ ਕੋਲਕਾਤਾ ਹਾਈ ਕੋਰਟ ਦੇ ਚੀਫ਼ ਜਸਟਿਸ ਨੂੰ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਨੂੰ ਇਹ ਕਹਿੰਦੇ ਸੁਣਿਆ ਕਿ ਉਹ ਪਾਗਲ ਹੋ ਗਿਆ ਹੈ ਇਹ ਗੈਰ ਜਮਹੂਰੀਅਤ ਦ੍ਰਿਸ਼ ਦੇਖਕੇ। ਜੇਕਰ ਰਾਮ ਮੰਦਰ ਦੇ ਹੱਕ ਵਿਚ ਲਏ ਗਏ ਫ਼ੈਸਲੇ ਤੋਂ ਬਾਅਦ ਰਾਜ ਸਭਾ ਸੀਟ ਜੱਜ ਲਈ ਸੁਰੱਖਿਅਤ ਹੋ ਗਈ ਹੈ ਤਾਂ ਹੁਣ ਫਿਰ ਕੋਰਟਾਂ ਕਿਵੇਂ ਅਜ਼ਾਦ ਰਹਿਣਗੀਆਂ? ਕੀ ਕਾਰਨ ਹੈ ਕਿ ਭਾਰਤ ਵਿਚ ਪੱਤਰਕਾਰਾਂ ਨੂੰ ਭੀੜਾਂ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤੇ ਗੁੰਡਾਗਰਦ ਭੀੜਾਂ ’ਤੇ ਕੋਈ ਕਾਨੂੰਨ ਲਾਗੂ ਨਹੀਂ ਹੁੰਦਾ। ਦਿੱਲੀ ਸਿੱਖ ਕਤਲੇਆਮ, ਨਵੰਬਰ 84 ਤੇ ਗੁਜਰਾਤ 2002 ਵਿਚ ਇਹ ਦ੍ਰਿਸ਼ ਅਸੀਂ ਦੇਖ ਚੁੱਕੇ ਹਾਂ ਤੇ ਹੁਣ 2020 ਦਿੱਲੀ ਹਿੰਸਾ ਵਿਚ ਇਹ ਦ੍ਰਿਸ਼ ਦੇਖੇ ਹਨ। ਕੁਝ ਚਿਰ ਪਹਿਲਾਂ ਮੈਂ ਵਤਨ ਯਾਤਰਾ ਦੌਰਾਨ ਹਿੰਸਾ ਵਿਚ ਦਿੱਲੀ ਵਿਖੇ ਉੱਜੜੇ ਮੁਸਲਮਾਨਾਂ ਦੇ ਕੈਂਪ ਵਿਚ ਜਾ ਕੇ ਆਇਆ ਸੀ। ਉਹ ਉੱਥੇ ਕੀੜੇ ਮਕੌੜਿਆਂ ਦੀ ਤਰਾਂ ਰਹਿ ਰਹੇ ਸਨ। ਦੂਸਰੇ ਪਾਸੇ ਕੋਰੋਨਾ ਦਾ ਸੰਕਟ ਮੰਡਰਾਇਆ ਹੋਇਆ ਸੀ। ਉਹ ਆਪਣੀ ਦੁਖਭਰੀ ਦਾਸਤਾਨ ਸੁਣਾਉਂਦੇ ਥੱਕ ਗਏ। ਮੈਂ ਇਹ ਸੋਚਣ ਲੱਗ ਪਿਆ ਕਿ ਅਸੀਂ ਕਿਹੋ ਜਿਹੀ ਰਾਜਨੀਤੀ ਤੇ ਸਮਾਜ ਦੀ ਸਿਰਜਣਾ ਕਰ ਰਹੇ ਹਾਂ। ਜੇ ਸਰਕਾਰ ਸਖ਼ਤ ਹੋਵੇ ਤਾਂ ਇਹੋ ਜਿਹੇ ਦੁਖਾਂਤ ਕਦੇ ਨਾ ਵਾਪਰਨ। ਅਜ਼ਾਦੀ ਸਭਨਾਂ ਲਈ ਹੋਵੇ। ਜੇਕਰ ਸੱਤਾਧਾਰੀ ਭਾਜਪਾ ਨੇਤਾ ਦਿੱਲੀ ਵਿਚ ਘੱਟ ਗਿਣਤੀਆਂ ਖ਼ਿਲਾਫ਼ ਇਹ ਨਾਅਰੇਬਾਜ਼ੀ ਕਰਨ “ਦੇਸ਼ ਦੇ ਗ਼ੱਦਾਰਾਂ ਕੋ ਗੋਲੀ ਮਾਰੋ ਸਾਲੋਂ ਕੋ’ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਫ਼ਿਰਕੂ ਭੀੜ ਨੂੰ ਕੀ ਸੰਕੇਤ ਦਿੱਤੇ ਜਾ ਰਹੇ ਹਨ? ਜੇਕਰ ਦੋਸ਼ੀ ਭਾਜਪਾ ਆਗੂ ਉੱਪਰ ਕਾਰਵਾਈ ਨਹੀਂ ਹੁੰਦੀ ਤਾਂ ਸਮਝਿਆ ਜਾ ਸਕਦਾ ਹੈ ਕਿ ਅਜ਼ਾਦੀ ਦੀ ਕੀ ਹਾਲਤ ਹੈ। ਨਿਊਜ਼ ਐਕਸ ਦੀ ਸੀਨੀਅਰ ਪੱਤਰਕਾਰ ਸ਼੍ਰੇਆ ਚੈਟਰਜੀ, ਟਾਈਮਜ਼ ਨਾਓ ਦੀ ਪ੍ਰਵੀਨਾ ਪੁਰਕਾਯਸਥ, ਟਾਈਮਜ਼ ਆਫ ਇੰਡੀਆ ਦੀ ਅਨਿਘ ਚਟੋਪਾਧਿਆਏ, ਰਾਈਟਰਜ਼ ਦੀ ਦਾਨਿਸ਼ ਸਿੱਦੀਕੀ ਅਤੇ ਹੋਰ ਕਈ ਪੱਤਰਕਾਰਾਂ ਨੂੰ ਫ਼ਿਰਕੂ ਭੀੜ ਨੇ ਨਿਸ਼ਾਨਾ ਬਣਾਇਆ। ਅਖ਼ਬਾਰ ‘ਹਿੰਦੂ’ ਦੇ ਉਮਰ ਰਸ਼ੀਦ ਤੇ ਕੰਨੜ ਅਖ਼ਬਾਰ ‘ਵਰਠਾ ਭਾਰਤੀ’ ਦੇ ਇਸਮਾਈਲ ਜਾਰਜ ਨੂੰ ਫ਼ਿਰਕੂ ਭੀੜ ਦੇ ਗ਼ੁੱਸੇ ਦਾ ਸ਼ਿਕਾਰ ਹੋਣਾ ਪਿਆ ਅਤੇ ਦਿੱਲੀ ਪੁਲਿਸ ਨੇ ਵੀ ਉਨਾਂ ਨੂੰ ਆਪਣਾ ਨਿਸ਼ਾਨਾ ਬਣਾਇਆ। ਇਹ ਰੁਝਾਨ ਕੋਵਿਡ 19 ਦੇ ਦੌਰਾਨ ਤਾਲਾਬੰਦੀ ਵਿੱਚ ਵੀ ਜਾਰੀ ਰਿਹਾ। ਰਾਈਟਸ ਐਂਡ ਰਿਸਕਸ ਐਨੈਲਿਸਿਸ ਗਰੁਪ ਦੀ ਇੱਕ ਰਿਪੋਰਟ ਦੇ ਅਨੁਸਾਰ 25 ਮਾਰਚ ਤੋਂ 31 ਮਈ ਤੱਕ 55 ਪੱਤਰਕਾਰਾਂ ਖ਼ਿਲਾਫ਼ ਵੱਖ ਵੱਖ ਤਰਾਂ ਦੀਆਂ ਪੁਲਿਸ ਕਾਰਵਾਈਆਂ ਕੀਤੀਆਂ ਗਈਆਂ ਸਨ।

ਬਾਕੀ ਸਫ਼ਾ 33 ’ਤੇ

# ਆਹਲੂਵਾਲੀਆ ਦੀ ਰਿਪੋਰਟ ਪੰਜਾਬ ਦੀ ਕਿਸਾਨੀ ਨੂੰ ਸੱਟ ਮਾਰੇਗੀ

**✪ ਕੈਪਟਨ ਦੀ ਨਜ਼ਰੀਆ ਕਿਸਾਨ ਵਿਰੋਧੀ ਤੇ ਕਾਰਪੋਰੇਟ ਜਗਤ ਦੇ ਹੱਕ ’ਚ ✪ ਕੇਂਦਰ ਸਰਕਾਰ ਦੇ ਹੱਕ ’ਚ ਭੁਗਤ ਰਹੀ ਏ ਕੈਪਟਨ ਸਰਕਾਰ ✪ ਛੋਟਾ ਕਿਸਾਨ ਮਹਿੰਗੀ ਖੇਤੀ ਕਾਰਨ ਖੇਤੀ ਛੱਡਣ ’ਤੇ ਮਜਬੂਰ ਹੋਇਆ**

**- ਗੁਰਮੀਤ ਸਿੰਘ ਪਲਾਹੀ**
(9815802070)

ਹਾਲ ਦੀ ਘੜੀ ਰਾਹਤ ਦੀ ਖ਼ਬਰ ਤਾਂ ਇਹ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਸਰਕਾਰ ਦਾ ਰੁਖ਼ ਸਪਸ਼ਟ ਕਰਦਿਆਂ ਇਹ ਕਿਹਾ ਹੈ ਕਿ ਜਦੋਂ ਤੱਕ ਉਨਾਂ ਦੀ ਸਰਕਾਰ ਹੈ, ਕਿਸਾਨਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਜਾਰੀ ਰਹੇਗੀ। ਪੰਜਾਬ ਸਰਕਾਰ ਵੱਲੋਂ ਮੋਂਟੇਕ ਸਿੰਘ ਆਹਲੂਵਾਲੀਆ ਦੀ ਅਗਵਾਈ ਵਾਲੀ ਕਮੇਟੀ ਵਿਚ ਮਾਹਿਰਾਂ ਦੇ ਗਰੁੱਪ ਵਿਚ ਵੱਡੀ ਗਿਣਤੀ ਵਿਚ ਆਰਥਿਕ ਮਾਹਿਰ, ਸਨਅਤਕਾਰ, ਨੌਕਰਸ਼ਾਹ ਸ਼ਾਮਲ ਸਨ (ਪਰ ਲੋਕ ਨੁਮਾਇੰਦਾ ਕੋਈ ਵੀ ਨਹੀਂ ਸੀ) ਨੇ ਆਪਣੀ ਰਿਪੋਰਟ ’ਚ ਕਿਸਾਨਾਂ ਨੂੰ ਦਿੱਤੀ ਜਾਂਦੀ ਮੁਫ਼ਤ ਬਿਜਲੀ ਬੰਦ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਇਸ ਗਰੁੱਪ ਨੇ ਮੁਫ਼ਤ ਬਿਜਲੀ ਨੂੰ ਮੁਸੀਬਤ ਦੱਸਿਆ ਹੈ ਅਤੇ ਖੇਤੀ ਟਿਊਬਵੈੱਲਾਂ ਨੂੰ ਸੂਰਜੀ ਉਪਕਰਨਾਂ ਨਾਲ ਚਲਾਉਣ ਲਈ ਕਿਹਾ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੇਣ ਦਾ ਸਲਾਨਾ ਖਰਚਾ 6500 ਕਰੋੜ ਹੈ ਤੇ ਇਹ 1996 ਤੋਂ ਲਾਗੂ ਹੈ। ਇਸ ਸਿਫ਼ਾਰਸ਼ ਦਾ ਕਿਸਾਨ ਜਥੇਬੰਦੀਆਂ ਅਤੇ ਪੰਜਾਬ ਸੂਬੇ ਦੀਆਂ ਵਿਰੋਧੀ ਸਿਆਸੀ ਪਾਰਟੀਆਂ ਨੇ ਤਿੱਖਾ ਵਿਰੋਧ ਕੀਤਾ ਸੀ। ਮੋਂਟੇਕ ਸਿੰਘ ਆਹਲੂਵਾਲੀਆ ਕਮੇਟੀ ਨੇ ਪੰਜਾਬ ਦੇ ਅਰਥਚਾਰੇ ਦੇ ਸੁਧਾਰ ਲਈ 4 ਸਫ਼ਿਆਂ ਦੀ ਮੁੱਢਲੀ ਰਿਪੋਰਟ 4 ਅਗਸਤ 2020 ਨੂੰ ਪੰਜਾਬ ਸਰਕਾਰ ਸਾਹਮਣੇ ਪੇਸ਼ ਕੀਤੀ ਸੀ ਅਤੇ ਅਗਲੀ ਰਿਪੋਰਟ 31 ਦਸੰਬਰ 2020 ਤੱਕ ਪੇਸ਼ ਕੀਤੇ ਜਾਣ ਬਾਰੇ ਕਿਹਾ ਹੈ। ਮੋਂਟੇਕ ਸਿੰਘ ਆਹਲੂਵਾਲੀਆ ਕਮੇਟੀ ਨੇ ਕੁਲ ਮਿਲਾ ਕੇ ਹਾਲ ਦੀ ਘੜੀ 13 ਸਿਫ਼ਾਰਸ਼ਾਂ ਆਪਣੀ ਰਿਪੋਰਟ ਵਿਚ ਕੀਤੀਆਂ ਹਨ।

ਆਹਲੂਵਾਲੀਆ ਰਿਪੋਰਟ ਵਿਚ ਪਬਲਿਕ ਸੈਕਟਰ ਦੇ ਰੋਪੜ ਤੇ ਲਹਿਰਾਗਾਗਾ ਥਰਮਲ ਪਲਾਂਟ ਬੰਦ ਕਰਨ ਦਾ ਸੁਝਾਉ ਹੈ। ਬਠਿੰਡਾ ਥਰਮਲ ਪਲਾਂਟ ਜੋ ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਬੰਦ ਕਰ ਦਿੱਤਾ ਗਿਆ ਹੈ ਤੇ ਜਿਸ ਦਾ ਭਰਪੂਰ ਵਿਰੋਧ ਹੋ ਰਿਹਾ ਹੈ, ਉਸ ਥਰਮਲ ਪਲਾਂਟ ਦੀ ਜ਼ਮੀਨ ਸਮੇਤ ਰੋਪੜ ਅਤੇ ਲਹਿਰਾਗਾਗਾ ਦੇ ਥਰਮਲ ਪਲਾਂਟਾਂ ਦੀ ਜ਼ਮੀਨ ਉੱਤੇ ਸਨਅਤੀ ਪਾਰਕ ਬਣਾਉਣ ਦੀ ਰਿਪੋਰਟ ਯੋਜਨਾ ਪੇਸ਼ ਕੀਤੀ ਗਈ ਹੈ। ਪ੍ਰਾਈਵੇਟ ਥਰਮਲ ਪਲਾਂਟ, ਜੋ ਪੰਜਾਬ ਦੇ ਲੋਕਾਂ ਲਈ ਹੱਥ ਫੋੜਾ ਸਾਬਤ ਹੋਏ ਹਨ, ਉਹ ਬਾਰੇ ਇਸ ਕਮੇਟੀ ਨੇ ਚੁੱਪੀ ਧਾਰੀ ਹੈ। ਇਸ ਮਾਮਲੇ ’ਚ ਇਹ ਸਮਝਣ ਦੀ ਲੋੜ ਹੈ ਕਿ ਪੰਜਾਬ ’ਚ ਕਿੰਨੇ ਸਨਅਤੀ ਪਾਰਕ ਬਣਨਗੇ? ਦੂਜਾ ਪਹਿਲੀਆਂ ਸਨਅਤਾਂ ਜੋ ਸਰਕਾਰੀ ਬੇਰੁਖ਼ੀ ਕਾਰਨ ਹਿਮਾਚਲ ਤੇ ਹੋਰ ਸੂਬਿਆਂ ਵੱਲ ਰੁਖ਼ ਕਰ ਗਈਆਂ ਹਨ, ਉਸ ਬਾਰੇ ਆਹਲੂਵਾਲੀਆ ਗਰੁੱਪ ਕੁਝ ਨਹੀਂ ਬੋਲਿਆ।

ਮਾਹਿਰਾਂ ਦੀ ਇਸ ਕਮੇਟੀ ਨੇ ਕੇਂਦਰੀ ਖੇਤੀ ਆਰਡੀਨੈਂਸਾਂ ਦੀ ਤਰਜ਼ ਤੇ ਕਿਸਾਨਾਂ ਲਈ ਖੁੱਲੀ ਮੰਡੀ ਦੀ ਸਿਫ਼ਾਰਸ਼ ਕੀਤੀ ਹੈ। ਕਮੇਟੀ ਨੇ ਇਹ ਵੀ ਸਿਫ਼ਾਰਸ਼ ਕੀਤੀ ਹੈ ਕਿ ਸੂਬਾਈ ਕਾਨੂੰਨ ਵਿਚ ਸੋਧ ਕਰਕੇ ਜ਼ਮੀਨਾਂ ਨੂੰ ਲੰਮੇ ਸਮੇਂ ਲਈ ਲੀਜ਼ ਉੱਤੇ ਦੇਣ ਦੀ ਪ੍ਰਕਿਰਿਆ ਸੌਖੀ ਕੀਤੀ ਜਾਵੇ। ਬੀਜ ਕੰਪਨੀਆਂ ਲਈ ਰਾਹ ਖੋਲਣ, ਕੰਟਰੈਕਟ ਫਾਰਮਿੰਗ ਤਹਿਤ ਕੰਪਨੀਆਂ ਨੂੰ ਬੀਜ ਕਾਰੋਬਾਰ ਕਰਨ ਦੀ ਖੁੱਲ ਦੇਣ ਦੀ ਸਿਫ਼ਾਰਸ਼ ਇਸ ਕਮੇਟੀ ਵੱਲੋਂ ਮੁੱਖ ਤੌਰ ਤੇ ਕੀਤੀ ਗਈ ਹੈ। ਝੋਨੇ ਹੇਠਲਾ ਰਕਬਾ ਘਟਾਉਣ ਅਤੇ ਹਰਿਆਣਾ ਪੈਟਰਨ ਅਪਣਾਉਣ ਦੀ ਸਿਫ਼ਾਰਸ਼ ਵੀ ਮੁੱਖ ਹੈ। ਹਰਿਆਣਾ ਵਿਚ ਝੋਨਾ ਛੱਡ ਕੇ ਹੋਰ ਫ਼ਸਲ ਬੀਜਣ ਤੇ ਕਿਸਾਨ ਨੂੰ 7000 ਰੁਪਏ ਪ੍ਰਤੀ ਏਕੜ ਮਿਲਦੇ ਹਨ। ਪੰਜਾਬ ’ਚ ਇਸ ਵੇਲੇ 76 ਲੱਖ ਏਕੜ ਜ਼ਮੀਨ ਤੇ ਹਰ ਵਰੇ ਝੋਨਾ ਬੀਜਿਆ ਜਾਂਦਾ ਹੈ ਅਤੇ ਗਰੁੱਪ ਨੇ 25 ਲੱਖ ਏਕੜ ਉੱਤੇ ਝੋਨੇ ਦੀ ਖੇਤੀ ਅਗਲੇ 6-7 ਸਾਲਾਂ ’ਚ ਘੱਟ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਪੁਲਿਸ ਦੀ ਨਫ਼ਰੀ ਘਟਾਉਣ, ਨਗਰ ਕੌਂਸਲਾਂ ਦੀ ਜ਼ਮੀਨ ਜਿਸ ਉੱਤੇ ਲੋਕਾਂ ਦਾ ਕਬਜ਼ਾ ਹੈ, ਮਾਰਕੀਟ ਰੇਟ ਉੱਤੇ ਵੇਚਣ ਅਤੇ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਨੂੰ ਕੇਂਦਰ ਸਰਕਾਰ ਦੇ ਕੇਂਦਰੀ ਸਕੇਲਾਂ ਤਹਿਤ ਤਨਖ਼ਾਹ ਦੇਣ ਲਈ ਆਖਿਆ ਗਿਆ ਹੈ। ਮੋਂਟੇਕ ਸਿੰਘ ਆਹਲੂਵਾਲੀਆ ਦਾ ਕਹਿਣਾ ਹੈ




ਕਿ ਪੰਜਾਬ ਦੀ ਮਾਲੀ ਸਥਿਤੀ, ਸਿਹਤ, ਸਨਅਤ, ਬਿਜਲੀ ਅਤੇ ਖੇਤੀ ਖੇਤਰ ਨੂੰ ਲੀਹਾਂ ਉੱਤੇ ਲਿਆਉਣ ਲਈ ਪੰਜਾਬ ਸਰਕਾਰ ਨੂੰ ਇਹ ਸਿਫ਼ਾਰਸ਼ਾਂ ਕੀਤੀਆਂ ਗਈਆਂ ਹਨ।

ਜ਼ਮੀਨ ਪੱਧਰ ’ਤੇ ਲੋਕਾਂ ਨਾਲ ਜੁੜੇ ਆਰਥਿਕ ਮਾਹਿਰਾਂ ਨੇ ਇਸ ਰਿਪੋਰਟ ਨੂੰ ਸਿੱਧੇ ਤੌਰ ’ਤੇ ਪੰਜਾਬ ਵਿਰੋਧੀ ਕਰਾਰ ਦਿੱਤਾ ਹੈ ਅਤੇ ਕੇਂਦਰ ਸਰਕਾਰ ਵੱਲੋਂ ਤੇਜ਼ੀ ਨਾਲ ਅਪਣਾਈ ਜਾ ਰਹੀ ਨਿੱਜੀਕਰਨ ਅਤੇ ਵਪਾਰੀਕਰਨ ਦੀ ਨੀਤੀ ਨੂੰ ਲਾਗੂ ਕਰਨ ਵੱਲੋਂ ਵਧਦੇ ਕਦਮਾਂ ਨੂੰ ਹੱਲਾ ਸ਼ੇਰੀ ਦੇਣ ਦਾ ਯਤਨ ਕਰਾਰ ਦਿੱਤਾ ਹੈ।

ਪੰਜਾਬ ਸਰਕਾਰ ਵੱਲੋਂ ਪੰਜਾਬ ਦੀ ਵਿੱਤੀ ਹਾਲਾਤ ਦੇ ਸੁਧਾਰ ਲਈ ਕੁਝ ਸਮਾਂ ਪਹਿਲਾਂ ਮੋਂਟੇਕ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਜੋ ਕਮੇਟੀ ਕਾਇਮ ਕੀਤੀ ਗਈ ਸੀ ਅਤੇ ਵਿਸ਼ਵ ਪ੍ਰਸਿੱਧ ਅਰਥ-ਸ਼ਾਸਤਰੀ ਭਾਰਤ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਵੀ ਇਸ ਕਮੇਟੀ ਲਈ ਸਲਾਹ ਦੇਣ ਲਈ ਬੇਨਤੀ ਕੀਤੀ ਸੀ ਤਾਂ ਕਿ ਪੰਜਾਬ ਦੀ ਆਰਥਿਕਤਾ ਦੀ ਡੁੱਬਦੀ ਬੇੜੀ ਨੂੰ ਕਿਸੇ ਕੰਢੇ ਲਗਾਇਆ ਜਾ ਸਕੇ। ਪਰ ਮੋਂਟੇਕ ਸਿੰਘ ਰਿਪੋਰਟ ਨੇ ਤਾਂ ਪੰਜਾਬ ਦੇ ਆਮ ਲੋਕਾਂ ਲਈ ਲੋਕ-ਮਾਰੂ ਰਿਪੋਰਟ ਪੇਸ਼ ਕਰਕੇ, ਉਨਾਂ ਦੇ ਦੁੱਖਾਂ ਵਿਚ ਹੋਰ ਵਾਧਾ ਕੀਤਾ ਜਾਪਦਾ ਹੈ।

ਪੰਜਾਬ ਦਾ ਬਠਿੰਡਾ ਥਰਮਲ ਪਲਾਂਟ ਬੰਦ ਕਰ ਦਿੱਤਾ ਗਿਆ। ਹਜ਼ਾਰਾਂ ਲੋਕ ਬੇਰੁਜ਼ਗਾਰ ਹੋ ਗਏ। ਦੋ ਸਾਲਾਂ ਬਾਅਦ ਲਹਿਰਾਗਾਗਾ ਥਰਮਲ ਪਲਾਂਟ ਬੰਦ ਹੋ ਜਾਏਗਾ, ਇਸ ਦੀ ਉਮਰ ਪੁੱਗ ਜਾਏਗੀ। ਤਿੰਨੇ ਥਰਮਲ ਪਲਾਂਟਾਂ ਦੀ ਜ਼ਮੀਨ ਸਨਅਤੀ ਪਾਰਕ ਉਸਾਰਨ ਲਈ ਦਿੱਤੀ ਜਾਏਗੀ। ਦੋਨੋਂ ਥਰਮਲ ਪਲਾਂਟ ਦੇ ਮੁਲਾਜ਼ਮ ਕਿਥੇ ਜਾਣਗੇ? ਕਿਸ ਕਿਸਮ ਦੇ ਸਨਅਤੀ ਪਾਰਕ ਉਸਾਰੇ ਜਾਣਗੇ? ਪੰਜਾਬ ਵਿਚ ਸਨਅਤਾਂ ਲਾਉਣ ਲਈ ਪਹਿਲਾਂ ਲਈ ਪੰਚਾਇਤਾਂ ਦੀ ਜ਼ਮੀਨ ਸਨਅਤਕਾਰਾਂ, ਕਾਰਪੋਰੇਟ ਸੈਕਟਰ ਨੂੰ ਦੇਣ ਲਈ ਹਥਿਆਈ ਜਾ ਰਹੀ ਹੈ। ਪੰਚਾਇਤਾਂ ਤੋਂ ਇਸ ਸਬੰਧੀ ਮਤੇ ਪੁਆਏ ਜਾ ਰਹੇ ਹਨ। ਖੇਤੀ ਲਈ 14.5 ਲੱਖ ਲਗਾਏ ਗਏ ਟਿਊਬਵੈੱਲਾਂ ਨੂੰ ਸੂਰਜੀ ਊਰਜਾ ਨਾਲ ਚਲਾਏ ਜਾਣ ਦੀ ਸਿਫ਼ਾਰਸ਼ ਹੈ, ਜਿਨਾਂ ਨੂੰ ਲਗਾਉਣ ਲਈ 1.25 ਲੱਖ ਏਕੜ ਜ਼ਮੀਨ ਦੀ ਲੋੜ ਪਏਗੀ। ਸੂਰਜੀ ਉਪਕਰਨ ਲਗਾਉਣ ਲਈ ਰਕਮ ਕਿਥੋਂ ਆਏਗੀ? ਕੀ ਖੇਤੀ ਪ੍ਰਧਾਨ ਸੂਬੇ, ਜਿਸ ਦੀ ਆਰਥਿਕਤਾ ਖੇਤੀ ਉੱਤੇ ਅਧਾਰਿਤ ਹੈ, ਜਿਹੜਾ ਦੇਸ਼ ਦੇ ਅਨਾਜ ਭੰਡਾਰ ਦੀਆਂ 32ਫ਼ੀਸਦੀ ਲੋੜਾਂ ਪੂਰੀਆਂ ਕਰਦਾ ਹੈ, ਉਸ ਸੂਬੇ ਦਾ ਖੇਤੀ ਖੇਤਰ ਨਹੀਂ ਘਟੇਗਾ? ਕਿਸਾਨ ਦੀ ਆਮਦਨ ਵਧਣ ਦੀ ਥਾਂ ਕੀ ਘਟੇਗੀ ਨਹੀਂ? ਪੰਜਾਬ ’ਚ ਪਹਿਲੀਆਂ ਸਰਕਾਰਾਂ ਵੱਲੋਂ ਬਣਾਏ ਗਏ ਫੋਕਲ ਪੁਆਇੰਟਾਂ ਲਈ ਸਰਕਾਰ ਵੱਲੋਂ ਲਈ ਜ਼ਮੀਨ ਕਿਸ ਵੱਟੇ ਖਾਤੇ ਪਈ? ਸਨਅਤਕਾਰਾਂ ਨੂੰ ਸੌਂਪੇ ਆਦਰਸ਼ ਸਕੂਲਾਂ ਲਈ ਪੰਚਾਇਤਾਂ ਦੀ ਜ਼ਮੀਨ ਅਤੇ ਲੱਗੇ ਹੋਏ ਕਰੋੜਾਂ ਰੁਪਏ ਦਾ ਖ਼ਰਚ ਦਾ ਲਾਭ ਕਿਸ ਨੂੰ ਹੋਇਆ?

ਬਾਕੀ ਸਫ਼ਾ 33 ’ਤੇ

# ਮਨੁੱਖੀ ਰਿਸ਼ਤਿਆਂ ਦਾ ਤਾਣਾ-ਬਾਣਾ



- ਵਰਿਆਮ ਸਿੰਘ ਸੰਧੂ

ਮੇਰੀ ਕਹਾਣੀ ਵਿੱਚ ਰਾਜਨੀਤਕ ਚੇਤਨਾ ਅਤੇ ਕਿਰਸਾਣੀ ਸਮਾਜ ਦੀ ਪੇਸ਼ਕਾਰੀ ਤੋਂ ਇਲਾਵਾ ਆਲੋਚਕਾਂ ਵੱਲੋਂ ਜਿਹੜੀ ਗੱਲ ਨੋਟ ਕੀਤੀ ਗਈ ਉਹ ਹੈ ਬਦਲਦੇ ਆਰਥਕ-ਸਮਾਜਕ ਪਰਸੰਗਾਂ ਕਾਰਨ ਰਿਸ਼ਤਿਆਂ ਵਿੱਚ ਪੈ ਰਹੀਆਂ ਤ੍ਰੇੜਾਂ ਦੀ ਗੱਲ। ਮੈਂ ਆਪਣੇ ਤੋਂ ਵਡੇਰੇ ਅਤੇ ਕਿਰਸਾਣੀ ਸਮਾਜ ਦੇ ਪ੍ਰਮਾਣਿਕ ਲੇਖਕਾਂ ਕੁਲਵੰਤ ਸਿੰਘ ਵਿਰਕ ਅਤੇ ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ 'ਤੇ ਜਦੋਂ ਨਜ਼ਰ ਮਾਰਦਾ ਹਾਂ ਤਾਂ ਮੈਨੂੰ ਉਹਨਾਂ ਦੀਆਂ ਕਹਾਣੀਆਂ ਨਾਲੋਂ ਆਪਣੀਆਂ ਕਹਾਣੀਆਂ ਵਿੱਚ ਵਸਤੂ ਅਤੇ ਦ੍ਰਿਸ਼ਟੀ ਦੇ ਪੱਖੋਂ ਇੱਕ ਸਪਸ਼ਟ ਫ਼ਰਕ ਨਜ਼ਰ ਆਉਂਦਾ ਹੈ। ਅਸਲ ਵਿੱਚ ਇਹ ਫ਼ਰਕ ਸਮੇਂ ਦਾ ਫ਼ਰਕ ਹੈ। ਉਹਨਾਂ ਨੇ ਆਪਣੇ ਦੌਰ ਵਿੱਚ ਆਈਆਂ ਤਬਦੀਲੀਆਂ ਨੂੰ ਫੜਨਾ ਸੀ ਤੇ ਮੈਂ ਆਪਣੇ ਦੌਰ ਵਿੱਚ ਆਈਆਂ ਤਬਦੀਲੀਆਂ ਨੂੰ। ਇਹਨਾਂ ਦੀਆਂ, ਵਿਸ਼ੇਸ਼ ਕਰਕੇ ਵਿਰਕ ਦੀਆਂ ਕਹਾਣੀਆਂ ਵਿੱਚ ਸੰਗਠਿਤ ਕਿਰਸਾਣ ਭਾਈਚਾਰੇ, ਜ਼ਾਤ-ਬਰਾਦਰੀ ਦੇ ਆਪਸੀ ਮਾਣ ਦਾ ਜ਼ਿਕਰ ਹੈ। ਹੌਲੀ ਹੌਲੀ ਇਹ ਸੰਗਠਿਤ ਭਾਈਚਾਰਾ ਉਸਦੀਆਂ ਕਹਾਣੀਆਂ ਵਿੱਚ ਟੁੱਟਣਾ ਤੇ ਖੁੱਲਣਾ ਸ਼ੁਰੂ ਹੋ ਜਾਂਦਾ ਹੈ। ਮੇਰੀਆਂ ਕਹਾਣੀਆਂ ਵਿੱਚ ਸੰਗਠਿਤ ਭਾਈਚਾਰੇ ਦੇ ਟੁੱਟਣ ਦਾ ਦੁਖਾਂਤ ਪਿੱਛੇ ਰਹਿ ਗਿਆ ਹੈ ਤੇ ਭਾਈਚਾਰੇ ਤੋਂ ਵੀ ਅੱਗੇ ਪਰਿਵਾਰਾਂ ਦੇ ਟੁੱਟਣ-ਤਿੜਕਣ ਦੀ ਦਾਸਤਾਂ ਸ਼ੁਰੂ ਹੁੰਦੀ ਹੈ। 'ਆਪਣਾ ਆਪਣਾ ਹਿੱਸਾ', 'ਭੱਜੀਆਂ ਬਾਹੀਂ' 'ਵਾਪਸੀ' ਤੇ 'ਸੁਨਹਿਰੀ ਕਿਣਕਾ' ਵਿੱਚ ਟੁੱਟਦੇ ਪਰਿਵਾਰਾਂ ਤੇ ਤਿੜਕਦੇ ਰਿਸ਼ਤਿਆਂ ਦਾ ਜ਼ਿਕਰ ਹੈ। ਸੇਖੋਂ ਅਤੇ ਵਿਰਕ ਦੀ ਕਹਾਣੀ 'ਨਾਇਕਾਂ' ਦੀ ਕਹਾਣੀ ਹੈ। ਪਰ ਮੇਰੀ ਕਹਾਣੀ ਵਿੱਚ 'ਨਾਇਕ' 'ਪਾਤਰ' ਹੋ ਗਿਆ ਹੈ। ਉਹ ਭਾਈਚਾਰੇ ਜਾਂ ਬਰਾਦਰੀ ਦਾ 'ਠੇਕੇਦਾਰ' ਨਹੀਂ ਰਹਿ ਗਿਆ। ਉਹਨੂੰ ਦੂਜਿਆਂ ਦੇ 'ਫਸ ਜਾਣ' ਦਾ ਫ਼ਿਕਰ ਨਹੀਂ ਸਗੋਂ ਆਪਣੀਆਂ ਫਾਹੀਆਂ ਤੋਂ ਮੁਕਤ ਹੋਣ ਦੀ ਤਿਲਮਲਾਹਟ ਹੈ। ਵਿਰਕ ਦੇ ਇਹ ਨਾਇਕ ਸੁਹਿਰਦ ਹਨ ਅਤੇ ਆਪਣੇ ਭਾਈਚਾਰੇ ਲਈ ਜਾਨ ਕੁਰਬਾਨ ਕਰਨ ਨੂੰ ਤਿਆਰ ਹਨ ਪਰ ਮੇਰੀਆਂ ਕਹਾਣੀਆਂ ਵਿੱਚ ਪਾਤਰ ਪਰ-ਹਿਤ ਦੀ ਥਾਂ ਸਵੈ-ਹਿਤ ਨਾਲ ਜੁੜੇ ਹੋਏ ਹਨ। ਮੇਰੀਆਂ ਕਹਾਣੀਆਂ ਵਿੱਚ ਤਾਂ ਭੈਣ-ਭਰਾ, ਭਰਾ-ਭਰਾ, ਪਿਓ-ਪੁੱਤਾਂ ਦੇ ਤਿੜਕਦੇ ਰਿਸ਼ਤੇ ਵੀ ਪੇਸ਼ ਹੋਏ ਹਨ।

ਅਸਲ ਵਿੱਚ ਵਿਰਕ ਦੇ ਸਮੇਂ ਜਾਗੀਰੂ ਕੀਮਤਾਂ ਤਿੜਕ ਰਹੀਆਂ ਸਨ। ਉਸ ਵੇਲੇ ਪੂੰਜੀਵਾਦੀ ਕੀਮਤਾਂ ਸਾਡੇ ਜੀਵਨ ਵਿੱਚ ਪ੍ਰਵੇਸ਼ ਕਰ ਰਹੀਆਂ ਸਨ ਤੇ ਆਪਣਾ ਅਗਾਂਹਵਧੂ ਰੋਲ ਅਦਾ ਕਰ ਰਹੀਆਂ ਸਨ। ਮੇਰੀਆਂ ਕਹਾਣੀਆਂ ਦੇ ਲਿਖਣ-ਸਮੇਂ ਤੱਕ ਪਹੁੰਚਦਿਆਂ ਪੂੰਜੀਵਾਦੀ ਕੀਮਤਾਂ ਨੇ ਬੰਦੇ ਨੂੰ 'ਪੈਸੇ ਦਾ ਪੁੱਤ' ਬਣਾ ਦਿੱਤਾ ਅਤੇ ਇਸ ਦੌੜ ਵਿੱਚ ਉਹ ਆਪਣੇ ਖ਼ੂਨ ਦੇ ਰਿਸ਼ਤਿਆਂ ਤੋਂ ਵੀ ਮੁਨਕਰ ਹੋਣ ਲੱਗਾ। ਵਿਰਕ ਦੀਆਂ ਕੁੱਝ ਕਹਾਣੀਆਂ ਵਿੱਚ ਵੀ ਭਾਵੇਂ ਨਾਇਕਤਵ ਨੂੰ ਟੁੱਟਦਿਆਂ ਪੇਸ਼ ਕੀਤਾ ਗਿਆ ਹੈ ਪਰ ਮੈਂ ਆਪਣੀਆਂ ਕਹਾਣੀਆਂ ਵਿੱਚ ਪਹਿਲੀ ਵਾਰ ਜਟਕੀ ਹਉਂ ਦੇ ਖੋਖਲੇਪਨ ਨੂੰ ਉਜਾਗਰ ਕੀਤਾ ਅਤੇ ਕਿਰਸਾਣ ਦੇ 'ਜੱਟ ਸਰਦਾਰ' ਹੋਣ ਦੇ ਭਰਮ ਦਾ ਨਿਵਾਰਣ ਕਰਦਿਆਂ ਉਸਨੂੰ ਹਕੀਕਤ ਦੇ ਰੂਬਰੂ ਹੁੰਦਾ ਵਿਖਾਇਆ ਹੈ। ਜੱਟ-ਕਿਰਸਾਣੀ ਦੀਆਂ ਜ਼ਮੀਨਾਂ ਗਹਿਣੇ ਪੈਣ ਤੇ ਹੌਲੀ ਹੌਲੀ ਵਿਕ ਜਾਣ ਨਾਲ ਉਸਦੇ 'ਕੰਮੀ-ਕਮੀਣ' ਬਣ ਜਾਣ ਦੀ ਪ੍ਰਕਿਰਿਆ ਪਹਿਲੀ ਵਾਰ ਮੇਰੀਆਂ ਕਹਾਣੀਆਂ ਰਾਹੀਂ ਹੀ ਪੇਸ਼ ਹੋਈ।

ਮਨੁੱਖੀ ਰਿਸ਼ਤਿਆਂ ਦੇ ਅਸਹਿਜ ਹੋਣ ਦੀ ਕਹਾਣੀ ਮੈਂ ਕੇਵਲ ਚੌਗਿਰਦੇ ਵਿਚੋਂ ਐਵੇਂ ਉਡਦੇ ਜਾਂਦਿਆਂ ਹੀ ਨਹੀਂ ਫੜੀ। ਇਸਦਾ ਮੇਰੇ ਚੌਗਿਰਦੇ ਅਤੇ ਮੇਰੇ ਆਪੇ ਨਾਲ ਵੀ ਗਹਿਰਾ ਰਿਸ਼ਤਾ ਹੈ। ਪਹਿਲਾਂ ਤਾਂ ਮੈਂ ਆਪਣੇ ਪਿਤਾ ਦੇ ਨਸ਼ੱਈ ਹੋ ਜਾਣ ਸਮੇਂ ਉਸ ਨਾਲ ਜੁੜੇ ਤਣਾਓਸ਼ੀਲ ਰਿਸ਼ਤੇ ਵਿਚੋਂ ਗੁਜ਼ਰਿਆ ਹੀ ਸਾਂ ਅਤੇ ਉਸਦੀ ਉਮਰ ਦੇ ਪਿਛਲੇ ਚਾਰ-ਪੰਜ ਸਾਲ ਸਾਡੇ ਸੰਬੰਧ ਸੁਖਾਵੇਂ ਨਹੀਂ ਸਨ ਰਹਿ ਗਏ। ਉਸਦੀ ਮੌਤ ਪਿੱਛੋਂ ਮੇਰੇ ਸਮੇਤ ਸਾਰੇ ਪਰਿਵਾਰ ਦੀ ਮਾਨਸਿਕ ਦਸ਼ਾ ਦਾ ਵਰਨਣ 'ਅੰਗ-ਸੰਗ' ਕਹਾਣੀ ਵਿਚੋਂ ਵੇਖਿਆ ਜਾ ਸਕਦਾ ਹੈ। ਕਹਾਣੀ ਵਿੱਚ ਜਦੋਂ ਮੁੱਖ-ਪਾਤਰ ਅਮਰੀਕ ਨੂੰ ਆਪਣੇ ਪਰਵਾਰ ਦੇ ਜੀਆਂ ਕੋਲੋਂ ਪਿਤਾ ਵੱਲੋਂ ਚੁੱਕੇ ਕਰਜ਼ਿਆਂ ਅਤੇ ਗਹਿਣੇ ਪਈ ਜ਼ਮੀਨ ਦਾ ਪਤਾ ਲੱਗਦਾ ਹੈ ਤਾਂ ਉਹ ਕਹਿੰਦਾ ਹੈ:

"ਇਸ ਹਿਸਾਬ ਨਾਲ ਤਾਂ ਜਿਹੜੀ ਦੋ ਕਿੱਲੇ ਬਚਦੀ ਸੀ, ਜੇ ਜਿਊਂਦਾ ਰਹਿੰਦਾ ਤਾਂ ਉਹ ਵੀ ਗਹਿਣੇ ਪੈ ਜਾਣੀ ਸੀ ਤੇ ਪਿੱਛੇ ਰਹਿ ਜਾਣਾ ਸੀ। " ਗੱਲ ਅਜੇ ਅਮਰੀਕ ਦੇ ਮੂੰਹ ਵਿੱਚ ਹੀ ਸੀ ਕਿ ਛੋਟਾ ਮਹਿੰਦਰ ਬੋਲ ਪਿਆ, "ਪਿੱਛੇ ਰਹਿ ਜਾਣਾ ਸੀ ਠੁਣਠੁਣ ਗੁਪਾਲ! ਓ ਮੈਂ ਤਾਂ ਆਹਨਾਂ ਭਾ ਜੀ ਅਜੇ ਵੀ ਵੇਲੇ ਸਿਰ ਮਰ ਗਿਆ। ਚੰਗਾ ਈ ਹੋਇਆ ਇਹ ਵੀ। " ਗੱਲ ਕਰਕੇ ਮਹਿੰਦਰ ਫਿੱਕਾ ਜਿਹਾ ਹੱਸਿਆ। ਉਸਦੇ ਹਾਸੇ ਵਿੱਚ ਨਾ ਕੋਈ ਖ਼ੁਸ਼ੀ ਸੀ ਤੇ ਨਾ ਹੀ ਕੋਈ ਦਰਦ। ਅਜੀਬ ਤਰਾਂ ਦਾ ਇੱਕ ਬੇਰੰਗ ਹਾਸਾ। ਹਨੇਰੇ ਵਿੱਚ ਹੀ ਪਰਿਵਾਰ ਦੇ ਹੋਰ ਵੀ ਇੱਕ-ਦੋ ਜੀਅ ਹੌਲੀ ਜਿਹੀ ਹੱਸੇ। ਇੰਜ ਲੱਗਦਾ ਸੀ ਜਿਵੇਂ ਉਹਨਾਂ ਨੂੰ ਮਹਿੰਦਰ ਦੀ ਆਖੀ ਗੱਲ ਸਰਬਸੰਮਤੀ ਨਾਲ ਪਰਵਾਨ ਸੀ ਤੇ ਉਹ ਇਸ 'ਘਰ ਦੇ ਸਾਈਂ' ਦੇ 'ਵੇਲੇ ਸਿਰ' ਤੁਰ ਜਾਣ 'ਤੇ ਜਿਵੇਂ ਸੁਰਖ਼ਰੂ ਹੋਏ ਮਹਿਸੂਸ ਕਰ ਰਹੇ ਸਨ। --

ਇਸ ਕਹਾਣੀ ਦਾ ਬਹੁਤ ਸਾਰਾ ਹਿੱਸਾ ਭਾਵੇਂ ਮਨੋ-ਕਲਪਨਾ 'ਤੇ ਆਧਾਰਿਤ ਹੈ ਅਤੇ ਕਹਾਣੀ ਵਿਚਲੇ ਪਿਓ ਨੂੰ 'ਮਾੜਾ' ਵਿਖਾਉਣ ਵਾਲੇ ਸਾਰੇ ਵੇਰਵੇ ਮੇਰੇ ਪਿਤਾ ਨਾਲ ਸੰਬੰਧਤ ਨਹੀਂ ਪਰ ਉਸਦੀ ਮੌਤ 'ਤੇ ਮੁੱਖ-ਪਾਤਰ ਦੇ ਛੋਟੇ ਭਰਾ ਵੱਲੋਂ ਕੀਤੀ ਟਿੱਪਣੀ ਅਤੇ ਉਸ ਟਿੱਪਣੀ ਬਾਰੇ ਪਰਿਵਾਰ ਦਾ ਪ੍ਰਤੀਕਰਮ ਹਕੀਕਤ ਦੇ ਐਨ ਨੇੜੇ ਹੈ। ਇਸਤੋਂ ਵੱਡਾ ਦੁਖਾਂਤ ਕੀ ਹੋ ਸਕਦਾ ਹੈ ਕਿ ਆਪਣੇ ਪਿਤਾ ਅਤੇ ਪਰਿਵਾਰ ਦੇ ਮੁਖੀ ਦੀ ਮੌਤ 'ਤੇ ਪਰਿਵਾਰ ਦੇ ਜੀਆਂ ਵੱਲੋਂ ਸੁਖ ਦਾ ਅਨੁਭਵ ਕੀਤਾ ਜਾਵੇ, ਜਿਸਦੀ ਉਮਰ ਵੀ ਅਜੇ ਕੇਵਲ ਪੰਜਤਾਲੀ-ਛਿਆਲੀ ਸਾਲ ਸੀ!

ਇਹ ਉਹੋ ਪਿਓ ਸੀ ਜਿਸ ਨੂੰ ਮੈਂ ਛੋਟੇ ਹੁੰਦੇ ਅੰਤਾਂ ਦਾ ਲਾਡ-ਪਿਆਰ ਕਰਦਾ ਸਾਂ; ਹਰ ਵੇਲੇ ਜਿਸਦੀ ਉਂਗਲੀ ਫੜੀ 'ਗਿਰਧਾਰੀ ਲਾਲ' ਬਣਿਆਂ ਰਹਿੰਦਾ ਸਾਂ; ਜਿਸਨੇ ਮੇਰੇ ਅੰਦਰ ਸਾਹਿਤ ਪੜ੍ਹਨ ਅਤੇ ਪਿਆਰਨ ਦੇ ਪਹਿਲੇ ਬੀਜ ਬੀਜੇ ਸਨ; ਜਿਹੜਾ ਸੁਭਾ ਦਾ ਏਨਾ ਧੀਰਾ ਅਤੇ ਸਹਿਜ ਸੀ ਕਿ ਉਸਨੂੰ ਭਾਈਚਾਰੇ ਦੇ ਕਿਸੇ ਬੰਦੇ ਨਾਲ ਮੈਂ ਕਦੀ ਗੁੱਸੇ ਹੁੰਦਿਆਂ ਜਾਂ ਲੜਦਿਆਂ ਨਹੀਂ ਸੀ ਵੇਖਿਆ; ਜਿਸਦੀ ਲੰਮੀ ਛਾਲ ਦੀ ਪਿੰਡ ਦੇ ਬਜ਼ੁਰਗ ਮਾਣ ਨਾਲ ਗੱਲ ਕਰਦੇ ਸਨ; ਜਿਹੜਾ ਵਾਢੀ ਜਾਂ ਗੋਡੀ ਕਰਦਾ ਸੀ ਤਾਂ ਦੂਜਿਆਂ ਤੋਂ ਦੋ-ਦੋ ਕਰਮਾਂ ਅੱਗੇ ਨਿਕਲ ਜਾਂਦਾ ਸੀ; ਜਿਸਨੇ ਮੈਨੂੰ ਆਪਣੇ ਖ਼ੂਨ ਨਾਲ ਸਿੰਜੇ ਜਾਣ ਵਾਲਾ ਬੂਟਾ ਆਖਿਆ ਸੀ ਅਤੇ ਜਿਸਨੂੰ ਵੱਡਾ ਹੋ ਕੇ ਛਾਂ ਅਤੇ ਫਲ ਦੇਣ ਦਾ ਮੈਂ ਵਚਨ ਦਿੱਤਾ ਸੀ; ਜਿਹੜਾ ਆਮ ਮਾਪਿਆਂ ਤੋਂ ਉਲਟ ਮੇਰੇ ਖ਼ਤਰਨਾਕ ਸਮਝੇ ਜਾਣ ਵਾਲੇ ਸ਼ੁਰੂਆਤੀ ਸਿਆਸੀ ਜੀਵਨ 'ਤੇ ਮਾਣ ਕਰਦਾ ਸੀ ਅਤੇ ਮੇਰੇ ਸਾਥੀਆਂ ਨੂੰ 'ਭਗਤ ਸਿੰਘ' ਦਾ ਨਵਾਂ ਰੂਪ ਸਮਝ ਕੇ ਪਿਆਰਦਾ ਸੀ; ਜਿਸਨੇ ਮੇਰੀ ਲਿਖਤ ਅਤੇ ਅਮਲ ਦਾ ਮੁੱਲ ਪਾਉਂਦਿਆਂ ਮੈਨੂੰ 'ਵਗਦੇ ਦਰਿਆ' ਵਰਗੀ ਮਾਣ-ਮੱਤੀ ਤੁਲਨਾ ਦਿੱਤੀ ਸੀ; ਜਿਹੜਾ ਦਹਾਕਾ ਪਹਿਲਾਂ ਪੜ੍ਹੀ ਮੇਰੀ ਕਵਿਤਾ ਵਿੱਚ ਅਚੇਤ ਹੀ ਦਿੱਤੇ ਸੁਨੇਹੇ ਦਾ ਆਦਰ ਕਰਦਿਆਂ ਮੈਨੂੰ ਮਰਜ਼ੀ ਨਾਲ ਵਿਆਹ ਕਰਨ ਦੀ ਖੁੱਲ ਦੇਣ ਲਈ ਤਿਆਰ ਸੀ। ਅਜਿਹੇ ਮਨੁੱਖ ਦੇ ਸਮੁੱਚੇ ਕਿਰਦਾਰ ਅਤੇ ਜੀਵਨ ਇਤਿਹਾਸ 'ਤੇ ਤਾਂ ਪੋਚਾ ਨਹੀਂ ਸੀ ਫੇਰਿਆ ਜਾ ਸਕਦਾ! ਉਹ ਹਾਲਾਤ ਦੇ ਦਬਾਓ ਅਧੀਨ ਜੇ ਨਸ਼ੇ ਕਰਨ ਲੱਗ ਪਿਆ ਸੀ ਤਾਂ ਇਸ ਵਿੱਚ ਉਸ ਇਕੱਲੇ ਦਾ ਕੀ ਕਸੂਰ ਸੀ! ਕੁੱਝ ਕਸੂਰ ਉਸਨੂੰ ਨਾ ਸਮਝਣ ਵਾਲੇ ਪਰਿਵਾਰ ਦੇ ਜੀਆਂ ਦਾ ਵੀ ਤਾਂ ਸੀ ਜਿਹੜੇ ਉਸਨੂੰ ਢਹਿੰਦੇ ਦਿਨਾਂ ਵਿੱਚ ਮਾਨਸਿਕ ਆਸਰਾ ਦੇਣ ਦੀ ਥਾਂ ਉਸ ਨੂੰ 'ਮਾੜਾ-ਚੰਗਾ' ਆਖ ਕੇ ਨਿੰਦਦੇ ਰਹੇ ਸਨ ਅਤੇ ਉਸਨੂੰ ਹੀਣ-ਭਾਵਨਾ ਵਿੱਚ ਗ਼ਰਕ ਜਾਣ ਦੇਣ ਲਈ ਖ਼ੁਦ ਵੀ ਜ਼ਿੰਮੇਵਾਰ ਸਨ।

ਕੁੱਝ ਵੀ ਸੀ ਪਿਤਾ ਦੀ ਮੌਤ 'ਤੇ ਹੋਏ 'ਸੁਰਖ਼ਰੂਈਅਤ ਦੇ ਅਹਿਸਾਸ' ਨੇ ਦੱਸ ਦਿੱਤਾ ਸੀ ਕਿ ਬੰਦੇ ਅਤੇ ਲਹੂ ਦਾ ਰਿਸ਼ਤਾ ਹੀ ਸਭ ਕੁੱਝ ਨਹੀਂ ਹੁੰਦਾ। ਰਿਸ਼ਤੇ ਵੀ ਪੈਸੇ ਦੀ ਟੁਣਕਾਰ 'ਤੇ ਪਰਖੇ ਜਾਂਦੇ ਨੇ। ਰਿਸ਼ਤੇ ਤਾਂ ਆਪਣੀਆਂ ਗਰਜ਼ਾਂ ਨਾਲ ਬੱਝੇ ਹੁੰਦੇ ਨੇ। ਗਰਜ਼ ਪੂਰੀ ਕਰਦਾ ਰਿਸ਼ਤਾ ਮੋਹ ਵੀ ਦਿੰਦਾ ਹੈ ਤੇ ਮਹਿਕ ਵੀ। 'ਲੱਡੂ ਮੁੱਕਣ' ਅਤੇ 'ਯਰਾਨੇ ਟੁੱਟਣ' ਦੀ ਲੋਕ-ਬੋਲੀ ਕਿਸੇ ਐਵੇਂ ਰਾਹ ਜਾਂਦਿਆਂ ਨਹੀਂ ਸੀ ਜੋੜ ਦਿੱਤੀ, ਇਸ ਦੇ ਪਿੱਛੇ ਸਮਿਆਂ 'ਚੋਂ ਕਸ਼ੀਦੇ ਸੱਚ ਦੀ ਪ੍ਰਮਾਣਿਕਤਾ ਬੋਲਦੀ ਸੀ।

ਪਿਤਾ ਦੀ ਮੌਤ ਤੋਂ ਕੁੱਝ ਚਿਰ ਪਹਿਲਾਂ ਮੇਰੀ ਦਾਦੀ ਮਾਂ ਹਰਨਾਮ ਕੌਰ ਵੀ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਈ। ਬਾਪੂ ਹਕੀਕਤ ਸਿੰਘ ਹੁਣ ਇਕੱਲਾ ਰਹਿ ਗਿਆ ਅਤੇ ਸਾਡੇ ਨਾਲ ਹੀ ਰੋਟੀ ਖਾਣ ਲੱਗ ਪਿਆ ਸੀ। ਮੇਰੀਆਂ ਦੋਵਾਂ ਭੈਣਾਂ ਦੇ ਰਿਸ਼ਤੇ ਬਾਪੂ ਨੇ ਆਪਣੀ ਮਰਜ਼ੀ ਨਾਲ ਕੀਤੇ ਸਨ। ਭੈਣਾਂ ਦੇ ਵਿਆਹਾਂ ਦਾ ਖ਼ਰਚਾ ਤਾਂ ਮੇਰੇ ਪਿਤਾ ਨੇ ਆਪਣੇ ਸਿਰ-ਬ-ਸਿਰ ਔਖੇ-ਸੌਖੇ ਹੋ ਕੇ ਕੀਤਾ ਪਰ ਵਿਆਹਾਂ ਤੋਂ ਪਿੱਛੋਂ ਬਾਪੂ ਨੇ ਦੋਵਾਂ ਕੁੜੀਆਂ ਨੂੰ ਸਹੁਰੇ ਘਰ ਮਾਣ ਅਤੇ ਸ਼ਾਨ ਨਾਲ ਵਸਾਉਣ ਲਈ ਅਤੇ ਆਪਣੀ 'ਸਰਦਾਰੀ-ਸ਼ਾਨ' ਵਿਖਾਉਣ ਲਈ ਅਜਿਹਾ ਵਿਹਾਰ ਸ਼ੁਰੂ ਕੀਤਾ ਜਿਹੜਾ ਉਹਦੇ ਆਪਣੇ ਲਈ ਵੀ ਤੇ ਸਾਡੇ ਸਾਰੇ ਪਰਿਵਾਰ ਲਈ ਵੀ ਸੰਕਟ ਦਾ ਕਾਰਨ ਬਣ ਗਿਆ।

ਮੇਰੇ ਦੋਵੇਂ ਭਣਵੱਈਏ ਨਿਮਨ-ਕਿਰਸਾਣੀ ਪਰਿਵਾਰਾਂ ਨਾਲ ਸੰਬੰਧਤ ਸਨ। ਪਹਿਲਾਂ ਮੇਰੇ ਤੋਂ ਦੂਜੇ ਥਾਂ ਵਾਲੀ ਭੈਣ ਗੁਰਮੀਤੋ ਦਾ ਵਿਆਹ ਹੋਇਆ। ਬਾਪੂ ਨੇ ਆਪਣੀ ਕੁੱਝ ਜ਼ਮੀਨ ਵੇਚੀ ਅਤੇ ਭੈਣ ਦੇ ਨਾਂ 'ਤੇ ਉਹਦੇ ਸਹੁਰੇ ਪਿੰਡ ਕੈਰੋਂਵਾਲ ਚਾਰ-ਪੰਜ ਏਕੜ ਜ਼ਮੀਨ ਉਸਨੂੰ ਗਹਿਣੇ ਲੈ ਕੇ ਦੇ ਦਿੱਤੀ। ਲੋੜਾਂ-ਗਰਜ਼ਾਂ ਦਾ ਹੀ ਆਦਰ ਮਾਣ ਹੈ। ਅਗਲੇ ਉਸਨੂੰ 'ਬਾਪੂ ਜੀ-ਬਾਪੂ ਜੀ' ਆਖਦਿਆਂ ਨਾ ਥੱਕਣ। ਉਹਨਾਂ ਦੇ ਪਿੰਡ ਵਿੱਚ ਵੀ ਬਾਪੂ ਦੀ 'ਬੱਲੇ! ਬੱਲੇ!' ਹੁੰਦੀ ਸੀ। ਬਾਪੂ ਨੇ ਤਾਂ ਉਹਨਾਂ ਨੂੰ ਮਹੀਨੇ ਦਾ ਸੌਦਾ-ਸੂਤ ਵੀ ਪਵਾ ਕੇ ਦੇਣਾ ਸ਼ੁਰੂ ਕਰ ਦਿੱਤਾ।

ਉਹ ਦਸ-ਪੰਦਰਾਂ ਦਿਨ ਓਥੇ ਰਹਿੰਦਾ ਤੇ ਦਸ-ਪੰਦਰਾਂ ਦਿਨ ਸਾਡੇ ਕੋਲ ਲਾ ਜਾਂਦਾ। ਭੈਣ ਦੇ ਸਹੁਰੇ ਤਾਂ ਚਾਹੁੰਦੇ ਸਨ ਕਿ ਇਹ ਸੋਨੇ ਦੀ ਮੁਰਗੀ ਹਰ ਵੇਲੇ ਉਹਨਾਂ ਦੀ ਮੁੱਠੀ ਵਿੱਚ ਰਹੇ; ਪਰ ਫਿਰ ਕੁੱਝ ਚਿਰ ਲਈ ਬਾਪੂ ਨੂੰ ਮਜਬੂਰੀ ਵੱਸ ਕਾਂਟਾ ਬਦਲਨਾ ਪੈ ਗਿਆ। ਜਦੋਂ ਮੇਰੇ ਤੋਂ ਛੋਟੀ ਮੇਰੀ ਭੈਣ ਸੁਰਜੀਤੋ ਦਾ ਰਿਸ਼ਤਾ ਹੋਇਆ ਤਾਂ ਬਾਪੂ ਨੇ ਉਸਦੇ ਵਿਆਹ ਤੋਂ ਦੋ ਮਹੀਨੇ ਬਾਅਦ ਹੀ ਆਪਣੀ ਕੁੱਝ ਹੋਰ ਜ਼ਮੀਨ ਵੇਚ ਕੇ ਉਹਦਾ ਨਵਾਂ ਤੇ ਵੱਖਰਾ ਘਰ ਪਾਉਣ ਲਈ ਪੱਕੀਆਂ ਇੱਟਾਂ ਸੁਟਵਾ ਦਿੱਤੀਆਂ ਅਤੇ ਓਥੇ ਰਹਿ ਕੇ ਆਪਣੇ ਖ਼ਰਚੇ ਅਤੇ ਆਪਣੀ ਦੇਖ-ਰੇਖ ਵਿੱਚ ਦੋ ਕਮਰਿਆਂ ਦਾ ਵੱਖਰਾ ਹਿੱਸਾ ਉਸ ਨੂੰ ਪਵਾ ਦਿੱਤਾ। ਜੇ ਦੂਜੀ ਭੈਣ ਨੂੰ ਜ਼ਮੀਨ ਲੈ ਕੇ ਦਿੱਤੀ ਸੀ ਤਾਂ ਇਹ ਕਿਉਂ ਪਿੱਛੇ ਰਹੇ! ਉਸਨੇ ਉਸਨੂੰ ਵੀ ਓਨੀ ਕੁ ਹੀ ਜ਼ਮੀਨ ਗਹਿਣੇ ਲੈ ਦਿੱਤੀ। ਹੁਣ ਦੋਵੇਂ ਭੈਣਾਂ ਦੇ ਸਹੁਰੇ ਕੋਈ ਨਾ ਕੋਈ ਇਹੋ ਜਿਹਾ ਬਹਾਨਾ ਬਣਾਉਣ ਦੀ ਕੋਸ਼ਿਸ਼ ਵਿੱਚ ਰਹਿੰਦੇ ਕਿ ਬਾਪੂ ਦੀ ਉਹਨਾਂ ਨੂੰ ਬੜੀ ਲੋੜ ਹੈ! ਬਾਪੂ ਕੁੱਝ ਦਿਨ ਉਹਨਾਂ ਕੋਲ ਆ ਕੇ ਜ਼ਰੂਰ ਰਹੇ!

ਇਹਨਾਂ ਦਿਨਾਂ ਵਿੱਚ ਮੇਰਾ ਵਿਆਹ ਹੋ ਗਿਆ। ਬਾਪੂ ਵੀ ਗੋਤ ਦਾ ਢਿਲੋਂ ਸੀ ਅਤੇ ਮੇਰੀ ਪਤਨੀ ਰਜਵੰਤ ਵੀ ਝਬਾਲੀਏ ਢਿਲੋਆਂ ਦੀ ਧੀ ਹੋਣ ਕਰਕੇ ਉਹਨਾਂ ਦੋਵਾਂ ਨੇ ਦਾਦੇ-ਪੋਤੀ ਵਾਲਾ ਰਿਸ਼ਤਾ ਬਣਾ ਲਿਆ। ਮੇਰੀ ਪਤਨੀ ਦਾ ਪਿਤਾ ਉਹਦੇ ਬਚਪਨ ਵਿੱਚ ਹੀ ਗੁਜ਼ਰ ਗਿਆ ਹੋਣ ਕਰਕੇ ਉਹ ਪਿਓ ਦੇ ਪਿਆਰ ਤੋਂ ਵਾਂਝੀ ਰਹੀ ਸੀ। ਇਸ ਲਈ ਉਸਨੇ ਬਾਪੂ ਨਾਲ ਡੂੰਘੇ ਆਦਰ ਵਾਲਾ ਨੇੜਲਾ ਰਿਸ਼ਤਾ ਬਣਾ ਲਿਆ। ਜੇ ਕਦੀ ਬਾਪੂ ਘਰ ਦੇ ਕਿਸੇ ਜੀਅ ਨਾਲ ਕਿਸੇ ਗੱਲੋਂ ਨਰਾਜ਼ ਜਾਂ ਗੁੱਸੇ ਹੋ ਜਾਂਦਾ ਤਾਂ ਉਹ ਮੰਨਦਾ ਵੀ ਰਜਵੰਤ ਦੇ ਆਖਿਆਂ ਹੀ। ਬਾਪੂ ਨੂੰ ਵੀ ਬੜੇ ਚਿਰ ਬਾਅਦ ਮਹਿਸੂਸ ਹੋਇਆ ਕਿ ਇਸ ਘਰ ਵਿੱਚ ਕੋਈ ਉਸਦਾ ਆਪਣਾ ਉਸਨੂੰ ਨੇੜਿਓਂ ਮੁਹੱਬਤ ਕਰਨ ਵਾਲਾ ਹੈ। ਪਿਛਲੇ ਸਾਲਾਂ ਵਿੱਚ ਮੇਰਾ ਪਿਓ ਤੇ ਮੈਂ ਤਾਂ ਆਪਸ ਵਿੱਚ ਹੀ ਉਲਝੇ ਰਹੇ ਸਾਂ। ਬਾਪੂ ਨਾਲ 'ਉਚੇਚਾ ਸਲੂਕ' ਕਰਨ ਦੀ ਸਾਡੇ ਕੋਲ ਵਿਹਲ ਹੀ ਕਿੱਥੇ ਸੀ! ਹੁਣ ਬਾਪੂ ਘਰ ਵਿੱਚ ਟਿਕ ਗਿਆ ਸੀ। ਕੁੜੀਆਂ ਕੋਲ ਜਾਂਦਾ ਵੀ ਤਾਂ ਦੋ-ਦੋ ਚਾਰ-ਚਾਰ ਦਿਨ ਲਾ ਕੇ ਵਾਪਸ ਮੁੜ ਆਉਂਦਾ। ਘਰ ਵਿੱਚ ਉਸਦੀ ਸਾਨੂੰ ਵੀ ਲੋੜ ਸੀ, ਕਿਉਂਕਿ ਘਰ ਵਿੱਚ ਮੈਂ ਅਤੇ ਮੇਰੀ ਪਤਨੀ ਹੀ ਰਹਿ ਗਏ ਸਾਂ ਜਦ ਕਿ ਮੇਰੇ ਛੋਟੇ ਭਰਾ ਅਤੇ ਭੈਣ ਨੂੰ ਨਾਲ ਲੈ ਕੇ ਬੀਬੀ ਨੇ ਖੇਤਾਂ ਵਿੱਚ ਬਹਿਕ ਉੱਤੇ ਰਹਿਣਾ ਸ਼ੁਰੂ ਕਰ ਦਿੱਤਾ ਸੀ।

ਉਹਨਾਂ ਦੇ ਬਹਿਕ ਉੱਤੇ ਜਾ ਵੱਸਣ ਦੀ ਵੀ ਆਪਣੀ ਕਹਾਣੀ ਸੀ। ਮੈਂ ਬਿਜਲੀ ਦਾ ਟਿਊਬਵੈੱਲ ਤਾਂ ਲਵਾ ਲਿਆ ਸੀ ਪਰ ਨਿੱਤ ਦਿਨ-ਰਾਤ ਨੂੰ ਉਸਦੀ ਰਾਖੀ ਕਰਨ ਜਾਣ ਦੀ ਬੜੀ ਮੁਸ਼ਕਿਲ ਸੀ। ਉਹਨਾਂ ਦਿਨਾਂ ਵਿੱਚ ਮੋਟਰਾਂ ਦੀਆਂ ਚੋਰੀਆਂ ਬਹੁਤ ਹੁੰਦੀਆਂ ਸਨ। ਪਹਿਲਾਂ ਤਾਂ ਮੈਂ ਰਾਤ ਨੂੰ ਆਪ ਜਾ ਕੇ ਵੀ ਬੰਬੀ ਦੀ ਰਾਖੀ ਰੱਖਦਾ ਪਰ ਪਿੱਛੋਂ ਅਸੀਂ ਆਪਣੇ ਨਾਨਕਿਆਂ ਤੋਂ ਇੱਕ ਬਜ਼ੁਰਗ 'ਮਹਿਰਾ' ਸਿੰਘ ਖੇਤਾਂ ਵਿੱਚ ਮੋਟਰ ਦੀ ਰਾਖੀ ਲਿਆ ਬਿਠਾਇਆ। ਉਸਨੂੰ ਮੇਰੇ ਨਾਨਕੇ ਪਿੰਡ 'ਗੌਡ' ਕਹਿਕੇ ਸੰਬੋਧਨ ਕੀਤਾ ਜਾਂਦਾ ਸੀ, ਇਸ ਲਈ ਉਹ ਸਾਡਾ ਵੀ 'ਗੌਡ' ਹੋ ਗਿਆ। ਉਹ ਮੋਟਰ ਵਾਲੇ ਕੋਠੇ ਵਿੱਚ ਰਹਿੰਦਾ। ਉਹਦਾ ਰੋਟੀ ਪਾਣੀ ਓਥੇ ਪਹੁੰਚ ਜਾਂਦਾ। ਫਿਰ ਅਸੀਂ ਬੰਬੀ ਵਾਲੇ ਕਮਰੇ ਨਾਲ ਇੱਕ ਹੋਰ ਵੱਡਾ ਪੱਕਾ ਕਮਰਾ ਛੱਤ ਲਿਆ। ਸਭ ਤੋਂ ਛੋਟੀ ਭੈਣ ਤਾਂ ਸਕੂਲ ਚਲੀ ਜਾਂਦੀ ਤੇ ਛੋਟਾ ਭਰਾ ਸੁਰਿੰਦਰ ਬੋਤੀ 'ਤੇ ਪੱਠੇ ਲੈ ਆਉਂਦਾ। ਬੀਬੀ ਨੂੰ ਰੋਜ਼ ਕਾਮੇ ਦੀ ਅਤੇ ਬਾਬੇ 'ਗੌਡ' ਦੀ ਰੋਟੀ ਲੈ ਕੇ ਜਾਣਾ ਪੈਂਦਾ। ਅਸੀਂ ਉਸਨੂੰ ਮਹੀਨੇ ਬਾਅਦ ਸੱਠ-ਸੱਤਰ ਰੁਪਏ ਤਨਖ਼ਾਹ ਵਜੋਂ ਵੀ ਦਿੰਦੇ। ਬਹਿਕ ਪਿੰਡੋਂ ਦੋ ਢਾਈ ਮੀਲ ਦੂਰ ਸੀ।

ਸ਼ਾਮ ਨੂੰ ਮੈਂ ਨਾਲ ਲੱਗ ਕੇ ਪੱਠੇ ਕੁਤਰਾਉਂਦਾ। ਮਾਲ-ਡੰਗਰ ਸਾਂਭਣ ਵਿੱਚ ਵੀ ਕਾਮੇ ਅਤੇ ਸੁਰਿੰਦਰ ਦੀ ਮਦਦ ਕਰਦਾ। ਮੈਂ ਨੌਕਰੀ ਵੀ ਕਰਦਾ ਸਾਂ। ਹੋਰ ਵੀ ਸਾਹਿਤਕ ਅਤੇ ਸਿਆਸੀ ਰੁਝੇਵੇਂ ਹੁੰਦੇ ਸਨ। ਮੈਂ ਪੂਰੇ ਬੰਦੇ ਵਾਂਗ ਵਾਹੀ-ਖੇਤੀ ਦੇ ਕੰਮ ਨੂੰ ਸਮਰਪਿਤ ਨਹੀਂ ਸਾਂ ਹੋ ਸਕਦਾ। ਇਹ ਚੰਗੀ ਗੱਲ ਸੀ ਕਿ ਮੇਰੀ ਪਤਨੀ ਮੇਰੀ ਮੀਚਾ ਵਾਲੀ ਮਿਲ ਗਈ ਸੀ ਅਤੇ ਉਸਨੇ ਹਰ ਦੁਖ-ਸੁਖ ਵਿੱਚ ਮੇਰੇ ਨਾਲ ਨਿਭਣ ਦਾ ਵਚਨ ਨਿਭਾਇਆ। ਵਿਆਹ ਪਿੱਛੋਂ ਮਿਲਣ ਵਾਲੀ ਆਪਣੀ ਪਹਿਲੀ ਤਨਖ਼ਾਹ ਉਸਨੇ ਬੀਬੀ ਦੇ ਹੱਥ 'ਤੇ ਲਿਆ ਰੱਖੀ। ਉਸ ਵੱਲੋਂ ਦਿੱਤਾ ਮਾਣ ਸਵੀਕਾਰ ਕਰਦਿਆਂ ਬੀਬੀ ਨੇ ਤਨਖ਼ਾਹ ਮੈਨੂੰ ਫੜਾ ਦਿੱਤੀ। ਅਸੀਂ ਆਪਣੀਆਂ ਦੋਵਾਂ ਤਨਖ਼ਾਹਾਂ ਵਿਚੋਂ ਪੈਸੇ ਬਚਾ ਕੇ ਜਸਵੰਤ ਦੇ ਪੈਸੇ ਮੋੜੇ। ਖੇਤਾਂ ਵਿਚਲਾ ਵੱਡਾ ਪੱਕਾ ਕਮਰਾ ਪਵਾਇਆ। ਪਿਤਾ ਦਾ ਕਰਜ਼ਾ ਮੋੜਿਆ। ਗਹਿਣੇ ਪਈ ਜ਼ਮੀਨ ਛੁਡਵਾਈ। ਮੈਂ ਤਨਖ਼ਾਹ ਵਿਚੋਂ ਹੀ ਵਾਹੀ ਤੇ ਖਾਦ-ਪਾਣੀ ਦਾ ਖ਼ਰਚਾ ਕਰਦਾ। ਘਰ ਦੇ ਰੋਟੀ-ਟੁੱਕ ਦਾ ਖ਼ਰਚਾ ਕਰਦਾ। ਪੈਸੇ ਕਿੱਲੀ 'ਤੇ ਟੰਗੇ ਮੇਰੇ ਕੁੜਤੇ ਦੀ ਜੇਬ ਵਿੱਚ ਪਏ ਹੁੰਦੇ ਤੇ ਜਿਸਨੂੰ ਲੋੜ ਹੁੰਦੀ ਉਹ ਮੇਰੇ ਬੋਝੇ ਵਿਚੋਂ ਲੋੜ ਅਨੁਸਾਰ ਪੈਸੇ ਲੈ ਲੈਂਦਾ।

ਮੇਰੀ ਜੇਬ ਵਿਚਲੇ ਪੈਸੇ ਪਰਿਵਾਰ ਦੇ ਕੁੱਝ ਜੀਆਂ ਨੂੰ ਅਣਸੁਖਾਵੇਂ ਲੱਗਣ ਲੱਗੇ। ਸ਼ਰੀਕਾਂ ਨੇ ਮੇਰੇ ਭਰਾ ਨੂੰ ਚੁੱਕਣਾ ਸ਼ੁਰੂ ਕਰ ਦਿੱਤਾ ਕਿ 'ਉਹ (ਮੈਂ) ਤਾਂ ਪੜ੍ਹ ਗਿਆ ਹੈ ਤੇ ਦੋਵੇਂ ਜੀਅ ਕਮਾਉਂਦੇ ਹਨ। ਤੂੰ ਰਹਿ ਗਿਓਂ ਅਨਪੜ੍ਹ ਦਾ ਅਨਪੜ੍ਹ! ਸਾਰੀ ਉਮਰ ਭਰਾ-ਭਰਜਾਈ ਦੇ ਹੱਥਾਂ ਵੱਲ ਵਿੰਹਦਾ ਰਹੇਂਗਾ। ਹੁਣ ਤੋਂ ਹੀ ਆਪਣਾ ਕੁੱਝ ਵੱਖਰਾ ਜੁਗਾੜ ਸ਼ੁਰੂ ਕਰ।' ਭੈਣਾਂ ਵੀ ਆਉਂਦੀਆਂ ਤਾਂ ਕਰਦੀਆਂ ਰਹਿੰਦੀਆਂ, 'ਹਾਏ! ਵਿਚਾਰਾ! ਸਾਡਾ ਛੋਟਾ ਵੀਰ! ਵੱਢਾਂ 'ਚ ਬੁੱਥੇ ਮਰਾਉਣ ਜੋਗਾ ਰਹਿ ਗਿਆ। ਕਿਤੇ ਚਾਰ ਅੱਖਰ ਇਹ ਵੀ ਢਿੱਡ ਵਿੱਚ ਪਾ ਲੈਂਦਾ!'

ਮੈਨੂੰ ਸਮਝ ਨਹੀਂ ਸੀ ਆਉਂਦੀ ਕਿ ਮੈਂ ਹੁਣ 'ਛੋਟੇ ਵੀਰ ਲਈ' ਕੀ ਕੁੱਝ ਕਰਾਂ? ਪਰ ਵੀਰ ਸੀ ਕਿ ਸ਼ਰੀਕਾਂ ਦੀ ਚੁੱਕ ਵਿੱਚ ਆ ਕੇ ਇੱਕ ਦੋ ਵਾਰ ਸ਼ਰਾਬ ਨਾਲ ਟੁੰਨ ਹੋ ਕੇ ਘਰ ਆਇਆ। ਇਹ ਉਸਦਾ ਸਪਸ਼ਟ ਬਗ਼ਾਵਤੀ ਰਵੱਈਆ ਸੀ। ਮੈਂ ਉਸਨੂੰ ਪਹਿਲੀ ਵਾਰ ਇਸ ਹਾਲਤ ਵਿੱਚ ਵੇਖ ਕੇ ਬਹੁਤ ਦੁਖੀ ਹੋਇਆ। ਮੈਂ ਤਾਂ ਸੋਚਿਆ ਸੀ ਕਿ ਅਸੀਂ ਦੋਵੇਂ ਭਰਾ ਰਲ-ਮਿਲ ਕੇ ਘਰ ਦੀ ਲੀਹੋਂ-ਲੱਥੀ ਗੱਡੀ ਛੇਤੀ ਹੀ ਰਾਹੇ ਪਾ ਲਵਾਂਗੇ। ਦੁਖੀ ਮਨ ਨਾਲ ਮੈਂ ਉਸਨੂੰ ਉਸਦੀ ਇਸ ਹਰਕਤੋਂ ਵਰਜਿਆ ਅਤੇ ਪਿਓ ਵਰਗੇ ਭਰਾ ਵਜੋਂ ਝਿੜਕਦਿਆਂ ਸਮਝਾਇਆ ਕਿ ਅੱਗੇ ਇਸ ਘਰ ਨੇ ਸ਼ਰਾਬ ਦੇ ਬਥੇਰੇ ਰੰਗ ਵੇਖੇ ਨੇ, ਇਸ ਲਈ ਉਹ ਕੁੱਝ ਅਕਲ ਕਰੇ! ਉਸਨੇ ਸ਼ਰਾਬ ਦੇ ਨਸ਼ੇ ਵਿੱਚ ਮੈਨੂੰ 'ਵੱਡੇ ਅਕਲ ਵਾਲੇ ਨੂੰ ਆਪਣੀ ਅਕਲ ਆਪਣੇ ਕੋਲ ਹੀ ਰੱਖਣ' ਦੀ ਸਲਾਹ ਦੇ ਮਾਰੀ।

ਉਸਤੋਂ ਬਾਅਦ ਵੀ ਉਹ ਮੇਰੇ ਨਾਲ ਬੋਲ-ਕੁਬੋਲ ਕਰਨ ਦਾ ਬਹਾਨਾ ਲੱਭਣ ਲੱਗਾ। ਉਸਨੂੰ ਸ਼ਹਿ ਦੇਣ ਵਾਲਾ ਕੋਈ ਨਾ ਕੋਈ ਸਾਥੀ ਬੈਠਕ ਵਿੱਚ ਵੀ ਉਸਦੇ ਨਾਲ ਆਇਆ ਬੈਠਾ ਹੁੰਦਾ ਅਤੇ ਝੂਠੀ ਮੂਠੀ ਵਿੱਚ ਪੈ ਕੇ ਉਸਨੂੰ ਸਮਝਾਉਣ ਅਤੇ 'ਵੱਡੇ ਭਰਾ ਦੀ ਇੱਜ਼ਤ ਕਰਨ' ਦੀ ਸਿੱਖਿਆ ਦੇਣ ਦਾ ਨਾਟਕ ਵੀ ਕਰਦਾ। ਘਰ ਦੀ ਗੱਡੀ ਲੀਹੇ ਪਾਉਣ ਵਾਲਾ ਮੇਰਾ ਸੁਪਨਾ ਵਿਖੰਡਤ ਹੋਣਾ ਸ਼ੁਰੂ ਹੋ ਗਿਆ।

ਮੇਰੀ ਪਤਨੀ ਨੂੰ ਤਾਂ ਸਵੇਰੇ ਸੱਤ ਵਜੇ ਸਕੂਲ ਹਾਜ਼ਰ ਹੋਣਾ ਹੁੰਦਾ ਸੀ। ਅਜੇ ਉਸਦੀ ਸੁਰ ਸਿੰਘ ਦੀ ਬਦਲੀ ਨਹੀਂ ਸੀ ਹੋਈ। ਉਹ ਅਜੇ ਆਪਣੇ ਪੇਕੇ ਪਿੰਡ ਝਬਾਲ ਹੀ ਡਿਊਟੀ 'ਤੇ ਜਾਂਦੀ ਸੀ। ਸੱਤ ਵਜੇ ਸਕੂਲੇ ਪਹੁੰਚਣ ਲਈ ਘਰੋਂ ਹੋਰ ਵੀ ਸੁਵੱਖਤੇ ਤੁਰਨਾ ਪੈਂਦਾ ਸੀ। ਉਹ ਸਵੇਰੇ ਸਵੇਰੇ ਸਾਰੇ ਟੱਬਰ ਦਾ ਅੰਨ-ਪਾਣੀ ਤਾਂ ਕਰ ਕੇ ਜਾ ਨਹੀਂ ਸੀ ਸਕਦੀ। ਪਰ ਉਹ ਸਵੇਰੇ ਸਭ ਲਈ ਚਾਹ-ਪਾਣੀ ਬਣਾ ਕੇ, ਨਾਸ਼ਤਾ ਤਿਆਰ ਕਰਕੇ ਅਤੇ ਵਿਹੜੇ ਵਿੱਚ ਸਾਫ਼-ਸਫ਼ਾਈ ਕਰ ਕੇ ਜਾਂਦੀ। ਉਹ ਤਾਂ ਡੰਗਰਾਂ ਵਾਲੀ ਹਵੇਲੀ ਵਿੱਚ ਵੀ ਬਹੁਕਰ ਫੇਰ ਕੇ ਜਾਂਦੀ। ਸ਼ਾਮ ਨੂੰ ਸਾਰੇ ਟੱਬਰ ਦੇ ਸਵੇਰ ਤੋਂ ਹੁਣ ਤੱਕ 'ਸਾਂਭ' ਕੇ ਰੱਖੇ ਜੂਠੇ ਭਾਂਡੇ ਵੀ ਸਾਫ਼ ਕਰਦੀ ਤੇ ਸਾਰਾ ਰੋਟੀ-ਟੁੱਕ ਵੀ ਖ਼ੁਸ਼ੀ ਖ਼ੁਸ਼ੀ ਕਰਦੀ।

ਇਸਦੇ ਬਾਵਜੂਦ ਪਰਿਵਾਰ ਦੇ ਮਨਾਂ ਵਿੱਚ ਕੋਈ ਰੜਕ ਜ਼ਰੂਰ ਸੀ ਅਤੇ ਇਸੇ ਰੜਕ ਕਰਕੇ ਹੀ ਉਹਨਾਂ ਨੇ ਇੱਕ ਤਰਾਂ ਮੇਰੇ ਅਤੇ ਮੇਰੀ ਪਤਨੀ ਤੋਂ ਅਲੱਗ ਹੋਣ ਦਾ ਅੰਦਰੇ-ਅੰਦਰ ਫ਼ੈਸਲਾ ਕਰ ਲਿਆ ਸੀ।

(ਚਲਦਾ...)

# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

ਕੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕੜੀ - 5**

**- ਕਰਮ ਸਿੰਘ ਜ਼ਖ਼ਮੀ**

ਸੁਣ ਕੇ ਸਰਦਾਰ ਬਾਜ ਸਿੰਘ ਦੇ ਮੱਥੇ ਉੱਤੇ ਕੁਝ ਵੱਟ ਜਿਹੇ ਪੈ ਗਏ। ਬਾਦਸ਼ਾਹ ਸ਼ਾਹ ਵਿਰੁੱਧ ਉਸ ਦੇ ਦਿਲ ਦਿਮਾਗ ਵਿਚ ਗੁੱਸੇ ਦੀ ਅੱਗ ਭੜਕ ਉੱਠੀ ਸੀ। ਉਸ ਨੇ ਕਿਹਾ, 'ਕਿਤਨਾ ਅਹਿਸਾਨ ਫ਼ਰਾਮੋਸ਼ ਹੈ। ਇਹ ਬਹਾਦਰ ਸ਼ਾਹ ਕਲਗੀਆਂ ਵਾਲੇ ਸਤਿਗੁਰਾਂ ਨੇ ਉਸ ਨੂੰ ਇਸ ਦੇਸ਼ ਦੀ ਬਾਦਸ਼ਾਹੀ ਲੈ ਕੇ ਦਿੱਤੀ ਤੇ ਅੱਜ ਉਨਾਂ ਦੇ ਸਿੱਖਾਂ ਨਾਲ ਹੀ ਲੜ ਰਿਹਾ ਹੈ।'

ਸਰਦਾਰ ਬਾਜ ਸਿੰਘ ਦੀ ਇਹ ਗਲ ਸੁਣ ਕੇ ਸਰਦਾਰ ਸੁੱਖਾ ਸਿੰਘ ਹੱਸ ਪਿਆ। ਉਸ ਨੇ ਕਿਹਾ, 'ਸਰਦਾਰ ਜੀ ਕੀ ਤੁਹਾਡਾ ਮਤਲਬ ਇਹ ਹੈ ਕਿ ਦਿੱਲੀ ਦਾ ਤਖ਼ਤ ਆਪ ਹੀ ਸਿੱਖਾਂ ਦੇ ਹਵਾਲੇ ਕਰ ਦੇਵੇ।'

'ਸਮਾਂ ਆਉਣ ਤੇ ਅਸੀਂ ਆਪਣੀ ਤਾਕਤ ਨਾਲ ਦਿੱਲੀ ਭੀ ਲੈ ਲਵਾਂਗੇ।' ਸਰਦਾਰ ਬਾਜ ਸਿੰਘ ਨੇ ਉਤਰ ਦਿੱਤਾ ਉਸ ਦਾ ਜੋਸ਼ ਹਾਲਾਂ ਠੰਢਾ ਨਹੀਂ ਸੀ ਹੋਇਆ।

'ਤੁਸੀਂ ਕਿਲੇ ਵਿਚ ਜਾ ਕੇ ਆਰਾਮ ਕਰੋ, ਤੁਹਾਨੂੰ ਬਾਦਸ਼ਾਹ ਦੇ ਡੇਰੇ ਦੇ ਪਾਸ ਹੀ ਰਹਿਣਾ ਹੋਵੇਗਾ। ਤਾਰਾ ਚੰਦ ਤਾਂ ਠੀਕ ਠਾਕ ਹਨ?' ਸਰਦਾਰ ਬਾਜ ਸਿੰਘ ਨੇ ਕਰਤਾਰ ਸਿੰਘ ਨੂੰ ਸੰਬੋਧਨ ਕੀਤਾ।

'ਹਾਂ ਉਹ ਸੋਲਾਂ ਆਨੇ ਅਸਾਡੇ ਨਾਲ ਹਨ ਪੰਥ ਲਈ ਉਨਾਂ ਦੇ ਦਿਲ ਵਿਚ ਬੜੀ ਹਮਦਰਦੀ ਹੈ ਤੇ ਇਸ ਲਈ ਉਹ ਜਾਨ ਤੱਕ ਵਾਰਨ ਲਈ ਭੀ ਤਿਆਰ ਹਨ, ਪਰੰਤੂ ਇਹ ਭੀ ਹੋ ਸਕਦਾ ਹੈ ਕਿ ਅਸਾਡੇ ਭੱਜਣ ਨਾਲ ਉਨਾਂ 'ਤੇ ਕੋਈ ਬਿਪਤਾ ਆ ਗਈ ਹੋਵੇ।' ਕਰਤਾਰ ਸਿੰਘ ਨੇ ਇਹ ਗੱਲ ਦੱਸਦੇ ਹੋਏ ਕੁਝ ਤੌਖਲਾ ਜਿਹਾ ਪ੍ਰਗਟ ਕੀਤਾ।

'ਜੋ ਵਾਹਿਗੁਰੂ ਨੂੰ ਮਨਜ਼ੂਰ ਇਸ ਗੱਲ ਦਾ ਪਤਾ ਮੰਗਵਾ ਲੈਂਦੇ ਹਾਂ। ਤੁਸੀਂ ਜਾਓ ਆਰਾਮ ਕਰੋ। ਸਰਦਾਰ ਬਾਜ ਸਿੰਘ ਨੇ ਕਿਹਾ। ਉਹ ਦੋਵੇਂ ਉੱਠ ਕੇ ਕਿਲੇ ਵਿਚ ਚਲੇ ਗਏ। ਕਿਲੇ ਵਿਚ ਉਨਾਂ ਲਈ ਇਕ ਕਮਰਾ ਪਹਿਲਾਂ ਵੀ ਰਾਖਵਾਂ ਹੋ ਚੁੱਕਿਆ ਸੀ, ਉਸ ਵਿਚ ਦੋ ਮੰਜੇ ਬਿਸਤਰੇ ਰੱਖੇ ਜਾ ਚੁੱਕੇ ਸਨ। ਅੰਦਰ ਪਹੁੰਚਦਿਆਂ ਹੀ ਉਨਾਂ ਇਸ਼ਨਾਨ ਕੀਤਾ ਫੇਰ ਸੇਵਾਦਾਰ ਕਮਰੇ ਵਿਚ ਹੀ ਉਨਾਂ ਲਈ ਰੋਟੀ ਲੈ ਆਇਆ। ਰੋਟੀ ਖਾ ਕੇ ਉਹ ਲੇਟ ਗਏ। ਖ਼ਾਲਸਾ ਰਾਜ ਵਿਚ ਕੇਸਰੀ ਨਿਸ਼ਾਨ ਸਾਹਿਬ ਦੇ ਹੇਠਾਂ ਆਰਾਮ ਕਰਦਿਆਂ ਅੱਜ ਦੋਹਾਂ ਦੀ ਖ਼ੁਸ਼ੀ ਦਾ ਕੋਈ ਅੰਤ ਨਹੀਂ ਸੀ, ਉਨਾਂ ਨੂੰ ਇਕ ਨਸ਼ਾ ਜਿਹਾ ਚੜ੍ਹਿਆ ਹੋਇਆ ਸੀ। ਚਾਰ ਦਿਨ ਉਹ ਕਿਲੇ ਵਿਚ ਹੀ ਰਹੇ। ਪੰਜਵੇਂ ਦਿਨ ਸਰਦਾਰਾ ਸਿੰਘ ਨੂੰ ਫ਼ੌਜ ਵਿਚ ਭਰਤੀ ਕਰ ਲਿਆ ਗਿਆ। ਕਰਤਾਰ ਸਿੰਘ ਨੂੰ ਬਾਜ ਸਿੰਘ ਨੇ ਆਪਣੇ ਪਾਸ ਸਦਕੇ ਦੱਸਿਆ ਕਿ ਬਾਦਸ਼ਾਹ ਪੰਜਾਬ ਵਲ ਹੀ ਆ ਰਿਹਾ ਹੈ, ਲਾਲ ਸਿੰਘ ਨੇ ਖ਼ਬਰ ਪ੍ਰਾਪਤ ਕਰਕੇ ਭੇਜੀ ਹੈ।'

'ਤਾਰਾ ਸਿੰਘ ਜੀ ਦਾ ਕੋਈ ਪਤਾ ਆਇਆ?' ਕਰਤਾਰ ਸਿੰਘ ਨੇ ਪੁੱਛਿਆ।

'ਹਾਲਾਂ ਤੱਕ ਨਹੀਂ।' ਸਰਦਾਰ ਬਾਜ ਸਿੰਘ ਨੇ ਕਿਹਾ। ਸੁਣ ਕੇ ਕਰਤਾਰ ਸਿੰਘ ਦੇ ਦਿਲ ਦੀ ਚਿੰਤਾ ਹੋਰ ਵਧ ਗਈ। ਉਹਨੂੰ ਡਰ ਸੀ ਕਿ ਕਿਤੇ ਮਿਰਜ਼ਾ ਖ਼ਾਨ ਉਸ 'ਤੇ ਸਾਡੇ ਭਜਾਉਣ ਦਾ ਇਲਜ਼ਾਮ ਲਾ ਕੇ ਉਨਾਂ ਨੂੰ ਕੋਈ ਨੁਕਸਾਨ ਨਾ ਪੁਚਾਵੇ। ਉਸ ਨੂੰ ਅੱਜ ਤਾਰਾ ਚੰਦ ਦੀ ਯਾਦ ਬੁਰੀ ਤਰਾਂ ਸਤਾ ਰਹੀ ਸੀ। ਦਿੱਲੀ ਵਿਚ ਉਹ ਉਹਦੇ ਸਹਾਰੇ ਹੀ ਆਪਣੇ ਕੰਮ ਵਿਚ ਸਫਲਤਾ ਪ੍ਰਾਪਤ ਕਰ ਸਕਿਆ ਸੀ। ਉਸ ਦਾ ਦਿਲ ਅੱਜ ਉਸ ਨੂੰ ਮਿਲਣ ਲਈ ਕੁਝ ਕਾਹਲਾ ਜਿਹਾ ਪਿਆ ਹੋਇਆ ਸੀ, ਪਰੰਤੂ ਇਸ ਸਬੰਧ ਵਿਚ ਉਹ ਕਿਸੇ ਨਾਲ ਕੋਈ ਭੀ ਗਲ ਕਰਨੀ ਨਹੀਂ ਸੀ ਸਮਝਦਾ। ਉਸ ਨੂੰ ਸੋਚਾਂ ਵਿਚ ਡੁੱਬਿਆ ਵੇਖ ਕੇ ਸਰਦਾਰ ਬਾਜ ਸਿੰਘ ਨੇ ਪੁੱਛਿਆ, 'ਕੀ ਸੋਚ ਰਿਹਾ ਏ ਕਰਤਾਰ ਸਿੰਘ?'

'ਸਰਦਾਰ ਜੀ ਇਹੋ ਹੀ ਕਿ ਕਿਸੇ ਕੰਮ ਤੇ ਲਗਾ। ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਮੈਨੂੰ ਦਿੱਲੀ ਜਾਣ ਦੀ ਆਗਿਆ ਦਿਓ ਤਾਂ ਜੋ ਉੱਥੇ ਬੈਠ ਕੇ ਪੰਥ ਦੀ ਕੁਝ ਸੇਵਾ ਕਰ ਸਕਾਂਗਾ।' ਕਰਤਾਰ ਸਿੰਘ ਨੇ ਆਪਣੇ ਮਨ ਦੀ ਗੱਲ ਦਸ ਦਿੱਤੀ।

'ਨਹੀਂ ਹਾਲਾਂ ਤੁਸੀਂ ਬਾਦਸ਼ਾਹ ਦੇ ਡੇਰੇ ਦੇ ਲਾਗੇ ਛਾਗੇ ਹੀ ਰਹਿਣਾ ਹੋਵੇਗਾ ਪਰ ਕੁਝ ਦਿਨ ਹੋਰ ਅਰਾਮ ਕਰ ਲਓ। ਵੇਖਦੇ ਹਾਂ ਕਿ ਬਾਦਸ਼ਾਹ ਕਿਹੜੇ ਰਸਤੇ ਆਉਂਦਾ ਹੈ ਤੇ ਕਿਧਰ ਨੂੰ ਜਾਂਦਾ ਹੈ।' ਸਰਦਾਰ ਬਾਜ ਸਿੰਘ ਨੇ ਕਿਹਾ।

ਸਰਦਾਰਾ ਸਿੰਘ ਹੁਣ ਖ਼ਾਲਸਾ ਫ਼ੌਜ ਵਿਚ ਭਰਤੀ ਹੋ ਕੇ ਨਵੇਂ ਉਸਾਰੇ ਗਏ ਕਿਲੇ ਲੋਹਗੜ ਵਿਚ ਚੱਲਿਆ ਗਿਆ ਸੀ ਤੇ ਕਰਤਾਰ ਸਿੰਘ ਨੂੰ ਇਕਲੌਤਾ ਬਹੁਤ ਬੁਰੀ ਤਰਾਂ ਸਤਾ ਰਹੀ ਸੀ। ਪੰਜ ਦਿਨ ਇਸ ਤਰਾਂ ਹੀ ਹੋਰ ਬੀਤ ਗਏ। ਸਰਦਾਰ ਬਾਜ ਸਿੰਘ ਉਸ ਦਿਨ ਆਪ ਹੀ ਟਹਿਲਦੇ ਟਹਿਲਦੇ ਉਸ ਦੇ ਕਮਰੇ ਵਿਚ ਆ ਗਏ। ਉਹ ਇਸ ਸਮੇਂ ਬੇਹੱਦ ਖ਼ੁਸ਼ ਸਨ। ਕਰਤਾਰ ਸਿੰਘ ਇਸ ਸਮੇਂ ਇਕ ਪੁਸਤਕ ਪੜ ਰਿਹਾ ਸੀ,




ਉਹ ਉਸ ਨੂੰ ਮੰਜੇ 'ਤੇ ਰੱਖ ਕੇ ਉੱਠ ਖੜਾ ਹੋਇਆ। ਦੋਵੇਂ ਹੱਥ ਜੋੜ ਕੇ ਸਰਦਾਰ ਬਾਜ ਸਿੰਘ ਨੂੰ ਫ਼ਤਹਿ ਬੁਲਾਈ।

'ਤੁਸਾਂ ਕਾਹਨੂੰ, ਖੇਚਲ ਕੀਤੀ, ਹੁਕਮ ਕਰ ਭੇਜਦੇ ਮੈਂ ਸੇਵਾ ਵਿਚ ਹਾਜ਼ਰ ਹੋ ਜਾਂਦਾ।' ਕਰਤਾਰ ਸਿੰਘ ਨੇ ਬੜੀ ਹੀ ਨਿਮਰਤਾ ਨਾਲ ਆਖਿਆ।

'ਤੇਰੇ ਲਈ ਖ਼ੁਸ਼ਖ਼ਬਰੀ ਲੈ ਕੇ ਆਇਆ ਮੁੰਡਿਆ।' ਸਰਦਾਰ ਬਾਜ ਸਿੰਘ ਦੇ ਮੂੰਹ ਵਲ ਵੇਖਣ ਲੱਗਾ, ਉਹ ਖ਼ੁਸ਼ਖ਼ਬਰੀ ਜਾਨਣ ਲਈ ਕਾਹਲਾ ਪੈ ਰਿਹਾ ਸੀ।

ਸਰਦਾਰ ਬਾਜ ਸਿੰਘ ਮੁਸਕਰਾਏ ਉਨਾਂ ਨੇ ਕਹਾ 'ਤਾਰਾ ਚੰਦ ਦਿੱਲੀ ਪੁੱਜ ਗਏ ਹਨ, ਉਨਾਂ ਨੂੰ ਕੋਈ ਨੁਕਸਾਨ ਨਹੀਂ ਪੁੱਜਿਆ।'

'ਸੱਚਮੁੱਚ ਹੀ ਇਹ ਬੜੀ ਖ਼ੁਸ਼ੀ ਦੀ ਖ਼ਬਰ ਹੈ, ਵਾਹਿਗੁਰੂ ਦਾ ਲੱਖ ਲੱਖ ਸ਼ੁਕਰ ਹੈ।' ਕਰਤਾਰ ਸਿੰਘ ਨੇ ਕਿਹਾ ਤੇ ਨਾਲ ਹੀ ਪੁੱਛਿਆ 'ਇਹ ਖ਼ਬਰ ਕਿਸ ਤਰਾਂ ਮਿਲੀ ਹੈ?'

ਮੁੰਡਿਆ, 'ਹਾਲਾਂ ਤਾਂ ਤੂੰ ਖ਼ੁਸ਼ਖ਼ਬਰੀ ਦੀ ਭੂਮਿਕਾ ਹੀ ਸੁਣੀ ਹੈ, ਅਸਲ ਗੱਲ ਸੁਣੇਂਗਾ ਤਾਂ ਖ਼ੁਸ਼ੀ ਵਿਚ ਖੀਵਾ ਹੋ ਕੇ ਨੱਚਣ ਲੱਗ ਪਵੇਗਾ।' ਸਰਦਾਰ ਬਾਜ ਸਿੰਘ ਬੁੱਲਾਂ ਵਿਚ ਮੁਸਕਰਾਉਂਦੇ ਜਾ ਰਹੇ ਸਨ ਇਹ ਕਹਿੰਦੇ ਹੋਏ।

'ਦਸ ਦਿਓ ਨਾ ਸਰਦਾਰ ਜੀ।' ਕਰਤਾਰ ਸਿੰਘ ਤਰਲਾ ਜਿਹਾ ਲੈ ਰਿਹਾ ਸੀ।

'ਸਾਡੇ ਨਾਲ ਯੁੱਧ ਲਈ ਦਿੱਲੀ ਦਰਬਾਰ ਵੱਲੋਂ ਜਿਹੜਾ ਪ੍ਰੋਗਰਾਮ ਬਣਿਆ ਹੈ ਤੇ ਜਿਸ ਜਿਸ ਨੂੰ ਇਸ ਯੁੱਧ ਵਿਚ ਸ਼ਾਮਲ ਹੋਣ ਲਈ ਹੁਕਮਨਾਮੇ ਤੇ ਰੁਪਏ ਭੇਜੇ ਗਏ ਹਨ। ਉਸਦਾ ਸਾਰਾ ਵੇਰਵਾ ਅਸਾਡੇ ਪਾਸ ਪੁੱਜ ਗਿਆ ਹੈ।' ਸਰਦਾਰ ਬਾਜ ਸਿੰਘ ਨੇ ਦੱਸਿਆ।

'ਬੜੀ ਖ਼ੁਸ਼ੀ ਦੀ ਗੱਲ ਹੈ, ਵਧਾਈਆਂ ਹੋਣ ਸਰਦਾਰ ਜੀ।' ਕਰਤਾਰ ਸਿੰਘ ਨੇ ਕਿਹਾ। ਉਹ ਪੁੱਛਣਾ ਚਾਹੁੰਦਾ ਸੀ ਕਿ ਆਖ਼ਰ ਇਹ ਸਭ ਕੁਝ ਲੈ ਕੇ ਕੌਣ ਆਇਆ ਹੈ, ਪਰੰਤੂ ਪੁੱਛ ਨਹੀਂ ਸਕਿਆ।

'ਅਤੇ ਫੇਰ ਆਪਣੀ ਖ਼ੁਸ਼ਖ਼ਬਰੀ ਭੀ ਲੈ ਲਗਦੇ ਹੱਥ ਸੁਣ ਲੈ ਤੇਰੀ ਤਾਰਾ ਏਥੇ ਪੁੱਜ ਗਈ ਹੈ। ਕਹਿੰਦੇ ਹੋਇਆ ਸਰਦਾਰ ਬਾਜ ਸਿੰਘ ਤੇਜ਼ੀ ਨਾਲ ਬਾਹਰ ਨਿਕਲ ਗਿਆ। ਕਰਤਾਰ ਸਿੰਘ ਦਾ ਖ਼ਿਆਲ ਸੀ ਕਿ ਸਰਦਾਰ ਬਾਜ ਸਿੰਘ ਤਾਰਾ ਨੂੰ ਕਿਸੇ ਹੋਰ ਥਾਂ ਬਿਠਾ ਆਏ ਹਨ ਤੇ ਹੁਣ ਆਪਣੇ ਨਾਲ ਲੈ ਕੇ ਆਉਣਗੇ। ਉਹ ਉਸ ਦੀ ਉਡੀਕ ਵਿਚ ਜਿੱਥੇ ਖੜਾ ਸੀ, ਉੱਥੇ ਹੀ ਖੜਾ ਰਿਹਾ। ਪੰਜ ਮਿੰਟ ਬੀਤ ਗਏ, ਪਰੰਤੂ ਨਾ ਸਰਦਾਰ ਬਾਜ ਸਿੰਘ ਮੁੜੇ ਤੇ ਨਾ ਹੀ ਤਾਰਾ ਹੀ ਆਈ। ਉਹਦੇ ਲਈ ਹੁਣ ਹੋਰ ਉਡੀਕਣਾ ਅਸਹਿ ਹੋ ਚੁੱਕਿਆ ਸੀ, ਉਹ ਤੇਜ਼ੀ ਨਾਲ ਬਾਹਰ ਨਿਕਲਿਆ। ਉਸਨੇ ਦਰਵਾਜ਼ੇ ਤੋਂ ਕਦਮ ਬਾਹਰ ਰੱਖਦੇ ਹੀ ਵੇਖਿਆ ਕਿ ਤਾਰਾ ਇਕ ਪਾਸੇ ਖੜੀ ਮੁਸਕਰਾ ਰਹੀ ਸੀ। ਅੱਜ ਉਸ ਦਾ ਹੁਸਨ ਪਹਿਲਾਂ ਨਾਲੋਂ ਵਧੇਰੇ ਨਿੱਖਰਿਆ ਹੋਇਆ ਸੀ।

ਕਰਤਾਰ ਸਿੰਘ ਨੇ ਉਸ ਦਾ ਹੱਥ ਆਪਣੇ ਹੱਥ ਵਿਚ ਲੈ ਕੇ ਆਪਣੀਆਂ ਅੱਖਾਂ ਉਸ ਦੀਆਂ ਅੱਖਾਂ ਵਿਚ ਸੁੱਟ ਦਿੱਤੀਆਂ। ਦੋਵੇਂ ਹੀ ਖਿੜ ਖਿੜਾ ਕੇ ਹੱਸ ਪਏ। ਕਰਤਾਰ ਸਿੰਘ ਉਸ ਨੂੰ ਲੈ ਕੇ ਆਪਣੇ ਕਮਰੇ ਵਿਚ ਆ ਗਿਆ ਤੇ ਉਸ ਨੂੰ ਸਾਹਮਣੇ ਵਾਲੇ ਮੰਜੇ 'ਤੇ ਬਿਠਾਉਂਦਾ ਹੋਇਆ ਬੋਲਿਆ

'ਇਸ ਤਰਾਂ ਲੁਕਣ ਦੀ ਕੀ ਲੋੜ ਸੀ ਭਲਾ?'

ਤਾਰਾ ਨੇ ਇਸ ਗਲ ਦਾ ਕੋਈ ਉਤਰ ਨਹੀਂ ਦਿੱਤਾ। ਕਰਤਾਰ ਸਿੰਘ ਨੇ ਉਸ ਦੇ ਹੱਥ ਨੂੰ ਘੁੱਟਦੇ ਹੋਏ ਪੁੱਛਿਆ "ਗੁੱਸੇ ਹੋ ਗਈ ਏਂ ਸਗੋਂ?'

'ਹਾਂ, ਮੈਂ ਤਾਂ ਤੁਹਾਨੂੰ ਮਿਲਣਾ ਹੀ ਨਹੀਂ ਸਾਂ ਚਾਹੁੰਦੀ ਤੇ ਸਰਦਾਰ ਜੀ ਨੂੰ ਮਿਲ ਕੇ ਹੀ ਵਾਪਸ ਚਲੀ ਜਾਣਾ ਸੀ। ਮੈਨੂੰ ਤਾਂ ਇਸ ਗੱਲ ਦਾ ਭੀ ਪਤਾ ਨਹੀਂ ਸੀ ਕਿ ਮੇਰਾ ਚੋਰ ਭੱਜ ਕੇ ਸਿੱਖ ਰਾਜ ਦੀ ਰਾਜਧਾਨੀ ਵਿਚ ਲੁਕਿਆ ਹੋਇਆ ਹੈ। ਆਖ਼ਰ ਤੁਸੀਂ ਜੈਪੁਰ ਦੇ ਕਿਲੇ ਵਿਚੋਂ ਭੱਜੇ ਕਿਉਂ?' ਤਾਰਾ ਹੌਲੀ ਹੌਲੀ ਬੋਲ ਰਹੀ ਸੀ, ਪਰੰਤੂ ਉਸ ਦੇ ਬੋਲਾਂ ਵਿਚੋਂ ਵਿਅੰਗ ਲੋਹੜੇ ਦਾ ਉੱਠ ਰਿਹਾ ਸੀ।

'ਉਸਤਾਦ ਜੀ ਨੇ ਦੱਸਿਆ ਨਹੀਂ, ਕਲਗੀਆਂ ਵਾਲੇ ਸਤਿਗੁਰਾਂ ਦੀ ਬਖ਼ਸ਼ੀ ਸਿੱਖੀ, ਉਨਾਂ ਦੀ ਪਵਿੱਤਰ ਮੋਹਰ ਦਾਹੜੀ ਤੇ ਕੇਸ ਖ਼ਤਰੇ ਵਿਚ ਪੈ ਗਏ ਸਨ।' ਕਰਤਾਰ ਸਿੰਘ ਨੇ ਦੱਸਿਆ। ਤਾਰਾ ਇਹ ਸਾਰੀ ਕਹਾਣੀ ਆਪਣੇ ਪਿਤਾ ਤੋਂ ਸੁਣ ਚੁੱਕੀ ਸੀ, ਪਰੰਤੂ ਉਸ ਨੂੰ ਹਾਲਾਂ ਤੱਕ ਇਸ ਗੱਲ ਦਾ ਪੱਕਾ ਪਤਾ ਨਹੀਂ ਸੀ ਕਿ ਉਸ ਦਾ ਹਰੀ ਚੰਦ ਅੰਮ੍ਰਿਤਧਾਰੀ ਸਿੱਖ ਹੈ ਤੇ ਉਸ ਦਾ ਅਸਲੀ ਨਾਮ ਕਰਤਾਰ ਸਿੰਘ ਹੈ। ਇਸ ਗੱਲ ਦਾ ਪਤਾ ਤਾਂ ਉਸ ਨੂੰ ਇੱਥੇ ਪੁੱਜ ਕੇ ਸਰਦਾਰ ਬਾਜ ਸਿੰਘ ਨਾਲ ਗੱਲਬਾਤ ਕਰਕੇ ਹੀ ਲੱਗਾ ਸੀ, ਉਸ ਨੇ ਕਿਹਾ 'ਤੁਸੀਂ ਇਹ ਦੱਸੋ ਕਿ ਤੁਸੀਂ ਮੇਰੇ ਪਾਸੋਂ ਚੋਰੀ ਕਿਉਂ ਰੱਖੀ ਤੇ ਦੋ ਸਾਲ ਮੇਰੇ ਪਾਸ ਰਹਿ ਕੇ ਭੀ ਇਹ ਗੱਲ ਕਿਉਂ ਨਹੀਂ ਦੱਸੀ ਕਿ ਤੁਸੀਂ ਸਿੰਘ ਸਜੇ ਹੋਏ ਹੋ?'

'ਤਾਰਾ ਜੀ ਇਹ ਚੋਰੀ ਰੱਖਣ ਲਈ ਮੈਨੂੰ ਖਿਮਾ ਕਰ ਦਿਓ। ਭੇਦ ਭੇਦ ਹੀ ਰਹੇ ਤਾਂ ਚੰਗਾ ਹੈ ਕੋਈ ਭੇਦ ਇਕ ਦਸ ਕੇ ਇਹ ਆਸ ਰੱਖਣੀ ਬੁੱਧੀਮਾਨੀ ਨਹੀਂ ਹੈ ਕਿ ਇਸ ਦਾ ਕਿਸੇ ਹੋਰ ਨੂੰ ਪਤਾ ਨਹੀਂ ਲੱਗੇਗਾ।' ਕਰਤਾਰ ਸਿੰਘ ਦੀ ਦਲੀਲ ਸੀ।

'ਇਸ ਦਾ ਇਹ ਮਤਲਬ ਹੋਇਆ ਕਿ ਮੇਰੇ ਪਾਸ ਇਤਨਾ ਸਮਾਂ ਰਹਿ ਕੇ ਭੀ ਮੇਰੇ ਤੇ ਤੁਸੀਂ ਭਰੋਸਾ ਨਹੀਂ ਕੀਤਾ ਚਲੋ ਜੇਕਰ ਇਹ ਗੱਲ ਹੈ ਤਾਂ ਮੈਂ ਚਲੀ ਜਾਂਦੀ ਹਾਂ ਅੱਜ ਹੀ ਦਿੱਲੀ ਨੂੰ।' ਕਹਿੰਦੀ ਹੋਈ ਤਾਰਾ ਉੱਠ ਖੜੀ ਹੋਈ।

ਤਾਰਾ ਜੀ ਮੈਨੂੰ ਮਾਫ਼ ਕਰ ਦਿਓ, ਮੈਨੂੰ ਤਾਂ ਤੁਹਾਡੇ ਤੇ ਆਪਣੀ ਜਾਨ ਨਾਲੋਂ ਵੀ ਵਧੇਰੇ ਭਰੋਸਾ ਹੈ। ਸ. ਬਾਜ ਸਿੰਘ ਦਾ ਹੀ ਇਹ ਹੁਕਮ ਸੀ ਕਿ ਮੈਂ ਦਿੱਲੀ ਵਿਚ ਸਿੱਖ ਸਜਣ ਸੰਬੰਧੀ ਕਿਸੇ ਨੂੰ ਨਾਂ ਦੱਸਾਂ ਤੇ ਇਸ ਹੁਕਮ ਦੀ ਪਾਲਣਾ ਕਰਨੀ ਮੇਰੇ ਲਈ ਜ਼ਰੂਰੀ ਸੀ।' ਉਸ ਦੀ ਬਾਂਹ ਫੜ ਕੇ ਉਸ ਨੂੰ ਆਪਣੇ ਪਾਸ ਬਿਠਾਉਂਦਾ ਹੋਇਆ ਕਰਤਾਰ ਸਿੰਘ ਆਪਣੀ ਮਜਬੂਰੀ ਦਸ ਰਿਹਾ ਸੀ। ਮਾਫ਼ੀ ਦੀ ਜਾਚਨਾ ਉਸ ਨੇ ਇਕ ਵਾਰ ਫੇਰ ਕਰ ਦਿੱਤੀ ਇਸ ਨਾਲ ਤਾਰਾ ਦਾ ਗੁੱਸਾ ਇਕ ਦਮ ਠੰਢਾ ਹੋ ਗਿਆ। ਉਸ ਨੇ ਕਿਹਾ 'ਤੁਹਾਡੀ ਜੇਕਰ ਸੱਚਮੁੱਚ ਹੀ ਮਜਬੂਰੀ ਸੀ ਤਦ ਤਾਂ ਸਗੋਂ ਮੈਨੂੰ ਤੁਹਾਡੇ ਤੋਂ ਮਾਫ਼ੀ ਮੰਗਣੀ ਚਾਹੀਦੀ ਹੈ।'

ਅਤੇ ਇਸ ਤੋਂ ਪਿੱਛੋਂ ਉਨਾਂ ਨੇ ਹੌਲੀ ਹੌਲੀ ਭੇਦ ਅਤੇ ਪ੍ਰੇਮ ਪਿਆਰ ਦੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਤਾਰਾ ਦੇ ਸਰਹਿੰਦ ਆਉਣ ਦੀ ਗਲ ਲੁਕੀ ਨਹੀਂ ਰਹਿ ਸਕੀ। ਤਾਰਾ ਚੰਦ ਦਾ ਇਕ ਦੂਤ ਅਗਲੇ ਦਿਨ ਹੀ ਦਿੱਲੀ ਤੋਂ ਸਰਹਿੰਦ ਪੁੱਜ ਗਿਆ। ਉਸ ਨੇ ਦੱਸਿਆ ਕਿ ਦਿੱਲੀ ਦਰਬਾਰ ਨੂੰ ਤਾਰਾ ਦੇ ਏਥੇ ਪੁੱਜਣ ਦੀ ਖ਼ਬਰ ਮਿਲ ਗਈ ਹੈ। ਉਸ ਨੇ ਤਾਰਾ ਚੰਦ ਦਾ ਇਕ ਪੱਤਰ ਸੁਨੇਹਾ ਭੀ ਦਿੱਤਾ ਜਿਸ ਵਿਚ ਲਿਖਿਆ ਸੀ ਕਿ ਤਾਰਾ ਨੂੰ ਵਾਪਸ ਦਿੱਲੀ ਨਾ ਭੇਜਿਆ ਜਾਵੇ। ਏਥੇ ਇਹ ਗੱਲ ਖਿਲਾਰੀ ਗਈ ਹੈ ਕਿ ਉਹ ਹਰੀ ਚੰਦ ਪਾਸ ਗਈ ਹੈ ਕਿ ਜੋ ਸਿੱਖ ਸਜ ਕੇ ਕਰਤਾਰ ਸਿੰਘ ਬਣ ਚੁੱਕਿਆ ਹੈ ਤੇ ਉਸ ਦਾ ਪ੍ਰੇਮੀ ਹੈ।

ਉਸ ਤੇ ਸਿੱਖਾਂ ਦਾ ਜਾਸੂਸ ਹੋਣ ਦਾ ਸ਼ੱਕ ਭੀ ਕੀਤਾ ਜਾ ਰਿਹਾ ਹੈ, ਪਰੰਤੂ ਇਸਦਾ ਕਿਸੇ ਪਾਸ ਭੀ ਕੋਈ ਸਬੂਤ ਨਾ ਹੋਣ ਕਰਕੇ ਹਾਲਾਂ ਸਰਕਾਰੀ ਤੌਰ 'ਤੇ ਇਸਨੂੰ ਬਹੁਤ ਚੁੱਕਿਆ ਨਹੀਂ ਗਿਆ ਤੇ ਨਾ ਹੀ ਕੋਈ ਹੋਰ ਕਾਰਵਾਈ ਕੀਤੀ ਗਈ ਹੈ। ਉਸ ਦੀ ਵਾਪਸੀ ਨਾਲ ਮਾਮਲਾ ਵਿਗੜ ਸਕਦਾ ਹੈ।' ਇਸ ਦੇ ਨਾਲ ਹੀ ਕੁਝ ਜ਼ਰੂਰੀ ਖ਼ਬਰਾਂ ਭੀ ਤਾਰਾ ਚੰਦ ਨੇ ਆਪਣੇ ਦੂਤ ਦੁਆਰਾ ਭੇਜੀਆਂ ਸਨ, ਇਹ ਭੀ ਦਸ ਦਿੱਤਾ ਗਿਆ ਸੀ ਕਿ ਹਮਲੇ ਲਈ ਸਰਕਾਰੀ ਤੌਰ ਉੱਤੇ ਪ੍ਰੋਗਰਾਮ ਉਲੀਕਿਆ ਗਿਆ ਹੈ, ਉਸ ਅਨੁਸਾਰ ਸਭ ਤੋਂ ਪਹਿਲਾਂ ਹਮਲਾ ਸਢੌਰੇ 'ਤੇ ਹੋਵੇਗਾ, ਇਸ ਦੇ ਪਿੱਛੋਂ ਸਰਹਿੰਦ 'ਤੇ ਅਤੇ ਸਰਹਿੰਦ ਲੈਣ ਪਿੱਛੋਂ ਲੋਹਗੜ ਦੇ ਕਿਲੇ 'ਤੇ, ਇਹ ਭੀ ਦੱਸਿਆ ਗਿਆ ਸੀ ਕਿ ਇਹ ਯੁੱਧ ਜਿੱਤਣ ਲਈ ਬਾਦਸ਼ਾਹ ਬਹਾਦਰ ਸ਼ਾਹ ਆਪ ਭੀ ਭਾਰੀ ਲਸ਼ਕਰ ਲੈ ਕੇ ਇਸ ਇਲਾਕੇ ਵਿਚ ਪੁੱਜ ਰਿਹਾ ਹੈ।

ਸਰਦਾਰ ਬਾਜ ਸਿੰਘ ਨੇ ਕਰਤਾਰ ਸਿੰਘ ਤੇ ਤਾਰਾ ਨੂੰ ਸੱਦ ਕੇ ਇਹ ਸਭ ਕੁਝ ਦਸ ਦਿੱਤਾ।

ਤਾਰਾ ਹੱਸ ਪਈ, ਉਸ ਨੇ ਕਿਹਾ 'ਚੰਗਾ ਹੀ ਹੋਇਆ ਮੇਰਾ ਪਹਿਲਾਂ ਹੀ ਵਾਪਸ ਦਿੱਲੀ ਜਾਣ ਨੂੰ ਦਿਲ ਨਹੀਂ ਸੀ ਕਰਦਾ।

(ਚਲਦਾ...)

# ਗੁਰੂ ਨਾਨਕ ਸਾਹਿਬ ਦਾ ਧਰਮ ਯੁੱਧ ਅਤੇ ਸਨਾਤਨ ਧਰਮ

- ਪ੍ਰੋ. ਹਰਿੰਦਰ ਸਿੰਘ ਮਹਿਬੂਬ

## ਰੱਬੀ ਰਹਿਮ

ਤ੍ਰੈ ਗੁਣੀ ਸੰਸਾਰ ਦੀਆਂ ਪਾਸ਼ਵਿਕ ਸ਼ਕਤੀਆਂ ਜਦ ਵਜਦ ਵਿਚ ਆਉਣ ਤਾਂ ਮਿਹਰ ਬਣ ਜਾਂਦੀਆਂ ਹਨ ਅਤੇ ਮੂਕ ਮਿਹਰ ਕਰਨ ਦੀ ਸ਼ਕਤੀ ਧਾਰਨ ਕਰਦੀਆਂ ਹਨ। ਇਨਾਂ ਪਾਸ਼ਵਿਕ ਪਾਸ਼ ਵੀ ਨੂੰ ਵਜਦ ਵਿਚ ਲਿਆਉਣ ਵਾਲਾ ਆਵੇਸ਼ ਮੁਰਸ਼ਦ ਵੱਲੋਂ ਆਉਂਦਾ ਹੈ ਜਾਂ ਆਖੋ ਕਿ ਮੁਰਸ਼ਦ ਦਾ ਤ੍ਰੈ-ਗੁਣੀ ਸੰਸਾਰ ਨੂੰ 'ਵਾਰਿਆ ਨਾ ਜਾਵਾ ਏਕ ਵਾਰ' ਵਾਲੇ ਸਰੂਰ ਨਾਲ ਕਲਾਵੇ ਵਿਚ ਲੈਣ ਵਾਲਾ ਵਜਦ ਕਿਸੇ ਅੰਤਿਮ ਖ਼ਾਮੋਸ਼ੀ ਵਿਚ ਖਲੋ ਜਾਂਦਾ ਹੈ। ਤ੍ਰੈ-ਗੁਣੀ ਸੰਸਾਰ ਵਜਦ ਵਿਚ ਆ ਕੇ ਸਿਰਫ਼ ਰਹਿਮ ਹੀ ਕਰ ਸਕਦਾ ਹੈ। ਸੁੱਕੇ ਖੂਹਾਂ ਵਿਚ ਪਾਣੀ ਫੁੱਟਣ ਦੇ ਦ੍ਰਿਸ਼, ਬਿਰਛ ਹਰੇ ਹੋ ਜਾਣ ਦੇ ਚਮਤਕਾਰ, ਹਾਥੀ ਦੇ ਮੁੜ ਜੀਵਤ ਹੋਣ ਜਿਹੀਆਂ ਕਰਾਮਾਤਾਂ ਅਤੇ ਪਾਲੀ ਨੂੰ ਪਾਤਿਸ਼ਾਹੀ ਮਿਲਣ ਦੇ ਸਮਾਚਾਰ-ਅਜਿਹੀਆਂ ਪੌਰਾਣਿਕ ਰਸ ਵਾਲੀਆਂ ਕਥਾਵਾਂ ਹਨ, ਜਿਹੜੀਆਂ ਰੱਬੀ ਯਕੀਨ ਅਤੇ ਰੱਬੀ ਗ਼ਜ਼ਬ ਦੇ ਸਾਂਗ ਪਲਟਣ ਨਾਲ ਅਜਿਹਾ ਰੱਬੀ ਰਹਿਮ ਬਣ ਜਾਂਦੀਆਂ ਹਨ, ਜਿਸ ਵਿਚ ਸੂਫ਼ੀਆਂ ਜਿਹੀ ਬੇਖ਼ਬਰ ਅਤੇ ਮਸਤਾਨੀ ਲਟਕ ਹੈ।

ਬੇਸ਼ੱਕ ਇਨਾਂ ਸਾਖੀਆਂ ਦੇ ਪੁੰਗਰਦੇ ਅਤੇ ਵਿਕਸਿਤ ਰੂਪ ਬਾਈਬਲ, ਇਸਲਾਮੀ ਅਤੇ ਹਿੰਦੂ ਪੁਰਾਣ ਅਤੇ ਬੁੱਧ ਜਾਤਕਾਵਾਂ ਵਿਚ ਵੀ ਪ੍ਰਾਪਤ ਹਨ, ਪਰ ਗੁਰੂ ਸਾਹਿਬ ਦੇ ਪ੍ਰਸੰਗ ਵਿਚ ਇਨਾਂ ਲੋਕ ਕਥਾਵਾਂ ਦੀ ਕਾਇਆ ਕੁਲੀ ਅਤੇ ਮੁਲਾਇਮ ਨਹੀਂ ਰਹੀ, ਸਗੋਂ ਲੋਕ ਪ੍ਰਤਿਭਾ ਨੇ ਇਨਾਂ ਦੀ ਸਾਂਝ ਜੀਵਨ ਦੀ ਮਹਾਂ-ਕਾਵਿਕ, ਸੰਘਣੀ ਅਤੇ ਅਰਥ-ਗਰਭਿਤ ਸੁੰਦਰਤਾ ਨਾਲ ਜੋੜ ਦਿੱਤੀ, ਜਿਸ ਦੀ ਗਵਾਹੀ ਗੁਰੂ ਸਾਹਿਬ ਤੋਂ ਅਗਲੇ ਨੌਂ ਗੁਰੂਆਂ ਅਤੇ ਖ਼ਾਲਸਾ ਇਤਿਹਾਸ ਨੇ ਦਿੱਤੀ। ਬੋਧੀ, ਇਸਲਾਮੀ ਅਤੇ ਯਹੂਦੀ ਪੌਰਾਣਿਕ ਸੋਮਿਆਂ ਤੋਂ ਵਿਕਾਸ ਕਰਕੇ ਗੁਰੂ ਨਾਨਕ ਸਾਹਿਬ ਦੇ ਜੀਵਨ ਵਿਚ ਸੰਪੂਰਨ ਹੋਈ 'ਪੰਜਾ ਸਾਹਿਬ ਦੀ ਸਾਖੀ' ਉਨਾਂ ਦੇ ਮਿਹਰ-ਆਵੇਸ਼ (The Revelation of Grace) ਅਤੇ ਖ਼ਾਲਸਾ ਜੀ ਦੇ ਜਨਮ (ਸੰਨ 1699) ਅਤੇ ਇਤਿਹਾਸ ਦੀ ਕੇਂਦਰੀ ਕਾਵਿ ਪ੍ਰੇਰਨਾ ਦਾ ਸਿਖਰੀ ਇਲਹਾਮ ਹੈ। ਇਹ ਸਾਖੀ ਗੁਰੂ ਸਾਹਿਬ ਦੇ ਪਿਤਾ ਰੂਪ ਦੀ ਸੰਪੂਰਨਤਾ ਹੈ, ਜਿਸ ਨੇ ਦੈਵੀ ਤ੍ਰਿੱਖਾ, ਸੰਸਾਰੀ ਲੱਛਣ, ਰੂਹਾਨੀ ਸਬਰ, ਪਾਸ਼ਵੀ ਕ੍ਰੋਧ, ਰੱਬੀ ਗ਼ਜ਼ਬ ਅਤੇ ਰੱਬੀ ਰਹਿਤ ਦੀਆਂ ਬਹੁ-ਮੁਖੀ ਪ੍ਰਕਿਰਿਆਵਾਂ ਨੂੰ ਯੁੱਗ-ਪ੍ਰਤਿਭਾ ਦੇ ਇਕ ਝਲਕਾਰੇ ਵਿਚ ਸਮੇਟ ਲਿਆ।

ਜਦੋਂ ਮਹਾਤਮਾ ਗਾਂਧੀ ਗੁਰੂ ਗੋਬਿੰਦ ਸਿੰਘ ਨੂੰ 'ਗੁਮਰਾਹ ਦੇਸ਼ ਭਗਤ' ਆਖਦੇ ਹਨ ਜਾਂ ਜਦੋਂ ਵਿਵੇਕਾਨੰਦ 'ਸਰਵੋਤਮ ਹਿੰਦੂ' ਹੋਣ ਦਾ ਖ਼ਿਤਾਬ ਦਿੰਦੇ ਹਨ, ਜਾਂ ਜਦੋਂ ਟੈਗੋਰ ਆਪਣੇ ਲੇਖ 'ਸ਼ਿਵਾ ਜੀ ਅਤੇ ਗੁਰੂ ਗੋਬਿੰਦ ਸਿੰਘ' ਵਿਚ ਆਪ ਨੂੰ ਗੁਰੂ ਨਾਨਕ ਸਾਹਿਬ ਦੇ ਆਤਮਿਕ ਪੱਥ ਤੋਂ ਭਟਕਿਆ ਮੁਸਾਫ਼ਰ ਆਖ ਕੇ ਤ੍ਰਿਸਕਾਰ ਦੇ ਹਨ, ਤਾਂ ਜਿੱਥੇ ਇਹ ਸੱਜਣ ਗੁਰੂ ਗੋਬਿੰਦ ਸਿੰਘ ਪ੍ਰਤੀ ਆਪਣੀ ਨਾ-ਸਮਝੀ ਦਾ ਇਜ਼ਹਾਰ ਕਰਦੇ ਹਨ, ਉੱਥੇ ਗੁਰੂ ਨਾਨਕ ਸਾਹਿਬ ਨੂੰ ਸਮਝਣ ਵਿਚ ਵੀ ਅਗਿਆਨ ਦਾ ਸਬੂਤ ਦਿੰਦੇ ਹਨ। ਗੁਰੂ ਨਾਨਕ ਸਾਹਿਬ ਪਿੱਛੋਂ ਆਉਣ ਵਾਲੀਆਂ ਨੌਂ ਪਾਤਸ਼ਾਹੀਆਂ ਦੇ ਨਿੱਕੇ ਤੋਂ ਨਿੱਕੇ ਸੰਸਾਰੀ ਅਮਲ ਦੇ ਵਿਗਾਸ ਵਿਚ ਵੀ ਆਪਦੇ ਉਨਾਂ ਦੈਵੀ ਇਸ਼ਾਰਿਆਂ ਦਾ ਸੂਖਮ ਤਾਮੀਰ ਅਤੇ ਮਾਂ-ਅਸੀਸ ਕੰਮ ਕਰ ਰਹੀ ਹੈ, ਜਿਨਾਂ ਵਿਚ ਖੁੱਲੇ ਅਸਮਾਨ ਹੇਠ ਪ੍ਰਫੁਲਿਤ ਹੋ ਰਹੀ ਉਪਜਾਊ ਧਰਤੀ ਦਾ ਰਹੱਸ ਹੈ।

ਗੁਰੂ ਨਾਨਕ ਸਾਹਿਬ ਦੇ ਬੋਲਾਂ ਦੇ ਸੁਬਕ ਅਤੇ ਗਰਜ਼ਵੇਂ ਸੁਰ ਵਾਲੇ ਉਤਰਾ-ਚੜਾ ਉਨਾਂ ਦੇ ਨਕਸ਼ਾਂ ਦੇ ਦੈਵੀ ਕਾਂਬੇ, ਧਰਤੀ ਦੀਆਂ ਅਦਾਵਾਂ ਵਿਚੋਂ ਫੁੱਟਿਆ ਉਨਾਂ ਦਾ ਸੁਹਜ ਸੁਆਦ, ਉਨਾਂ ਦੀ ਜੀਭਾਂ ਉੱਤੇ ਗਦਗੁਦਾਏ ਬਨਾਸਪਤੀ ਦੇ ਅਨੇਕ ਸੁਆਦ, ਬਾਬਰ ਦੀ ਲਿਆਂਦੀ ਮੌਤ ਦੇ ਸਾਹਮਣੇ ਉਨਾਂ ਦੀ ਸਹਿਜ ਮੁਸਕਾਨ, ਇਲਾਹੀ ਗ਼ਜ਼ਬ, ਉਦਾਸ ਯਕੀਨ ਅਤੇ ਡਾਢਾ ਰੋਸ ਅਤੇ ਅੰਤ ਵਿਚ ਅਜਿਹਾ ਜਗਤ ਦਾ ਵਿਸਮਾਦ ਜਗਾਉਂਦਾ ਭੈ-ਕੁਝ ਐਸੇ ਅਚੰਭੇ ਹਨ, ਜਿਹੜੇ ਇਨਾਂ ਦੈਵੀ ਇਸ਼ਾਰਿਆਂ ਵਿਚ ਕਿਸੇ ਤੀਬਰ ਇਕਾਗਰਤਾ ਦਾ ਅਵਤਾਰ ਧਾਰਨ ਕਰ ਗਏ। ਪੀਰ ਦੇ ਇਨਾਂ ਦੈਵੀ ਇਸ਼ਾਰਿਆਂ ਨੇ ਮੁਰੀਦ ਦੇ ਸੀਨੇ ਵਿਚ ਬੀਜ ਸੁੱਟਿਆ। ਲੋਕ ਮਨ ਵਿਚ ਇਕ ਬਹੁਤ ਵੱਡੀ ਤਾਕਤ ਜਮਾਂ ਹੋ ਗਈ, ਜਿਸ ਦੇ ਰੱਬੀ ਯਕੀਨ ਨੇ ਆਉਣ ਵਾਲੀਆਂ ਪੁਸ਼ਤਾਂ ਨਾਲ ਵੀ ਆਪਣੇ ਰਿਸ਼ਤੇ ਕਾਇਮ ਕਰ ਲਏ। ਗੁਰੂ ਨਾਨਕ ਸਾਹਿਬ ਨੇ ਅਗਲੇ ਨੌਂ ਸਤਿਗੁਰੂ ਅਤੇ ਆਉਣ ਵਾਲੇ ਮੁਰੀਦਾਂ ਨਾਲ ਫਿਰ ਮਿਲਣ ਅਤੇ ਫੇਰ ਵਾਅਦੇ ਪੂਰਨ ਦੇ ਇਕਰਾਰ ਕੀਤੇ-ਮੁਰੀਦਾਂ ਆਉਣ ਵਾਲੇ ਮੁਰੀਦਾਂ ਨੂੰ ਅਧੂਰੀਆਂ ਵਫ਼ਾਵਾਂ ਸੰਪੂਰਨ ਕਰਨ ਦੇ ਬਚਨ ਦਿੱਤੇ। ਇਹ ਕੋਈ ਉੱਪਰ ਪ੍ਰਕਿਰਤਿਕ ਅਲੰਕਾਰ ਨਹੀਂ ਕਿ ਗੁਰੂ ਨਾਨਕ ਸਾਹਿਬ ਨੇ ਠੀਕ ਦਸਵੇਂ ਜਾਮੇ ਵਿਚ ਕਾਜ਼ੀ ਰੁਕਨਦੀਨ ਤੋਂ ਗ਼ਨੀ ਖਾਂ ਅਤੇ ਨਬੀ ਖਾਂ ਦੇ ਰੂਪ ਵਿਚ ਸੇਵਾ ਲਈ ਸੀ। ਹਜ਼ੂਰ ਮੁਰੀਦ ਦਾ ਸਿਦਕ ਅਜ਼ਮਾਉਣ ਹੀ ਮਾਛੀਵਾੜੇ ਗਏ ਸਨ, ਜੋ ਕਿ ਗੁਰੂ ਨਾਨਕ ਦਾ ਦੈਵੀ ਸੁਭਾ ਸੀ।

ਸਿੱਖ ਸ਼ਹੀਦ ਮੌਤ ਦੀ ਦਰਗਾਹ ਵਿਚ ਦੇਗ ਵਿਚ ਤੇਗ਼. ਦੀ ਖ਼ੂਬਸੂਰਤੀ ਪੈਦਾ ਕਰਦਾ ਹੈ। ਦੇਗ ਦੀ ਮਿਹਰ ਅਤੇ ਸੰਤੋਖ, ਤੇਗ਼ ਦੀ ਸਹਿਜ ਹਿੰਸਾ ਅਤੇ ਜੇਤੂ ਚਮਕ, ਗੁਰੂ ਨਾਨਕ ਦੇ ਦੈਵੀ ਇਸ਼ਾਰਿਆਂ ਵਿਚ ਮੌਜੂਦ ਸਨ। ਸਿੱਖ ਅਹਿੰਸਾ ਵਿਚ ਇਕ ਖੇੜਾ ਹੈ ਅਤੇ ਸਿੱਖ ਹਿੰਸਾ ਵਿਚ ਇਕ ਮਿਹਰ ਹੈ। (ਨਿਰੋਲ ਹਿੰਦੂ ਸਭਾ ਵਾਲੀ ਨੈਤਿਕ ਦ੍ਰਿਸ਼ਟੀ ਇਕ ਰਾਜ਼ ਨੂੰ ਨਹੀਂ ਸਮਝ ਸਕਦੀ)। ਸਿੱਖ ਸ਼ਹੀਦ ਮੌਤ ਦੇ ਦੇਸ਼ ਵਿਚ ਕੋਈ ਸੂਫ਼ੀਆਨਾ ਲਟਕ, ਬੇਖ਼ਬਰ ਸਰੂਰ, ਬੇਪ੍ਰਵਾਹ ਮੌਜ, ਇਕ ਜੇਤੂ ਖੇੜਾ ਅਤੇ ਸਬਰ ਦਾ ਕੋਈ ਗ਼ਜ਼ਬ ਪੈਦਾ ਕਰਦਾ ਹੈ: ਅਤੇ ਇਹ ਰੂਹਾਨੀ ਦ੍ਰਿਸ਼ ਮਨੁੱਖੀ ਇਤਿਹਾਸ ਨੂੰ ਇਕ ਬਿਲਕੁਲ ਨਿਆਰੇ ਅਤੇ ਵੱਖਰੇ ਮਹਾਂ-ਕਾਵਿ ਨਾਲ ਜੋੜਦੇ ਹਨ, ਜਿਸ ਵਿਚ ਕਿ ਦੇਗ ਅਤੇ ਤੇਗ਼ ਦਾ ਸਰੂਰ ਹੈ। ਕਿਸੇ ਮਹਾਂ ਸਬਰ ਵਿਚ ਕਸਾਈਆਂ ਦੇ ਵਿੰਗ ਸਹਿੰਦੇ ਸਿੱਖ ਸ਼ਹੀਦ ਅਤੇ ਮੈਦਾਨ-ਏ-ਜੰਗ ਵਿਚ ਜੂਝ ਕੇ ਡਿੱਗੇ ਸਿੱਖ ਮੈਦਾਨੀ-ਜੰਗ ਮੌਤ ਦੀ ਭਿਅੰਕਰਤਾ ਦੇ ਕੇਂਦਰ ਨੂੰ ਜ਼ਿੰਦਗੀ ਦੇ ਕਦਮਾਂ ਦੇ ਤੀਬਰ ਨਸ਼ੇ ਨਾ ਜਾ ਵਿੰਨਦੇ ਹਨ।

ਸਿੱਖ ਮੌਤ ਨੂੰ ਹਠ ਨਾਲ ਨਹੀਂ ਜਿੱਤਦਾ, ਸਗੋਂ ਵਜਦ ਨਾਲ ਜਿੱਤਦਾ ਹੈ। ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਬਾਬਰ ਨੂੰ ਰੱਬੀ ਗ਼ਜ਼ਬ ਨਾਲ ਤੱਕਦੇ ਗੁਰੂ ਨਾਨਕ ਸਾਹਿਬ ਦਾ ਹੀ ਇਕ ਪਲਟਿਆ ਇਸ਼ਾਰਾ ਹੈ। ਪੰਜੇ ਨਾਲ ਪਹਾੜ ਡੱਕਣ ਵਾਲਾ ਸਹਿਜ ਏਥੇ ਵੀ ਹੈ। ਸਿੱਖ ਇਤਿਹਾਸ ਵਿਚ ਪੀਰ ਅਤੇ ਮੁਰੀਦ ਦੀ ਪਿਰ ਹੜੀ ਹੀ ਕੁਝ ਐਸੇ ਰੰਗ ਵਾਲੀ ਹੈ ਕਿ ਪੰਚਮ ਪਿਛਾੜੀ ਨੇ ਗੁਰੂ ਨਾਨਕ ਜਿਹੇ ਕਹਿਰ ਨੂੰ ਉਨਾਂ ਦੇ ਪਹਾੜ ਰੋਕਣ ਜਿਹੇ ਸਬਰ ਨਾਲ ਹੀ ਠੱਲਿਆ।

ਪੰਚਮ ਪਾਤਸ਼ਾਹ ਦੀ ਸ਼ਹੀਦੀ ਦਾ ਇਹੋ ਰੰਗ ਹੈ, ਜੋ ਆਉਣ ਵਾਲੇ ਸਿੰਘ ਸ਼ਹੀਦਾਂ ਦੀ ਚੜਤਲ ਵਿਚ ਦਮਕਿਆਂ। ਗੁਰੂ ਤੇਗ਼ ਬਹਾਦਰ ਸਾਹਿਬ ਦੇ ਸੀਸ ਦੇਣ ਦਾ ਫ਼ਕੀਰੀ ਅੰਦਾਜ਼, ਬੁੱਧੂ ਸ਼ਾਹ ਦੇ ਸ਼ਹੀਦ ਬੇਟਿਆਂ ਦੀ ਮੈਦਾਨ-ਏ-ਜੰਗ ਵਿਚ ਮੈਦਾਨੀ-ਜੰਗ ਹੇਕ ਜਿਹੀ ਚੜਤਲ, ਵਜ਼ੀਰ ਖ਼ਾਨ ਦੇ ਦਰਬਾਰ ਵਿਚ ਛੋਟੇ ਸਾਹਿਬਜ਼ਾਦਿਆਂ ਦੇ ਸਿਦਕ ਦੀ ਮਾਸੂਮ ਸਾਦਗੀ, ਉੱਬਲਦੇ ਪਾਣੀਆਂ ਵਿਚ ਭਾਈ ਦਿਆਲਾ ਅਤੇ ਤੇਜ਼ ਆਰਿਆਂ ਹੇਠ ਭਾਈ ਮਤੀ ਦਾਸ ਦਾ ਸਿਮਰਨ ਕਰਨਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਤੇ ਉਸ ਦੀ ਸ਼ਹੀਦੀ ਪਿੱਛੋਂ ਦੇ ਤੀਹ-ਚਾਲੀ ਵਰਿਆਂ ਦੇ ਸਿੱਖ ਸ਼ਹੀਦਾਂ ਦੇ ਜੱਲਾਦ ਨੂੰ ਕੀਤੇ ਮਖ਼ੌਲ-ਕੁਝ ਅਜਿਹੀਆਂ ਮਿਸਾਲਾਂ ਹਨ, ਜਿਹੜੀਆਂ ਦੱਸਦੀਆਂ ਹਨ ਕਿ ਸਿੱਖ ਸ਼ਹੀਦ ਦੀ ਹੇਕ ਮੌਤ ਦੀ ਦਰਗਾਹ ਵਿਚ ਵੀ ਵਜਦ ਫੈਲਾ ਸਕਦੀ ਹੈ।

ਮੌਤ ਦੇ ਦਰਵਾਜ਼ਿਆਂ ਸਾਹਮਣੇ ਕਿਸੇ ਨਿਰਭੈ ਬੇਖ਼ਬਰੀ ਵਿਚ ਕੇਵਲ ਗੁਰੂ ਨਾਨਕ ਸਾਹਿਬ ਦੇ ਮੁਰੀਦਾਂ ਦੇ ਹੀ ਹਲਚਲ ਸਕਦੇ ਹਨ। ਗੁਰੂ ਨਾਨਕ ਸਾਹਿਬ ਦੀ ਅਹਿੰਸਾ, ਕਪਟੀ ਹਿੰਸਾ ਉੱਤੇ ਕ੍ਰੋਧਿਤ ਨਹੀਂ ਹੁੰਦੀ, ਸਗੋਂ ਉਸ ਦੀ ਨਿਰਬਲਤਾ ਉੱਤੇ ਕਿਸੇ ਫ਼ਕੀਰੀ ਸਹਿਜ ਵਿਚ ਮੁਸਕਰਾਉਂਦੀ ਹੈ ਅਤੇ ਫੇਰ ਪਿਤਾ-ਰੂਪ ਦੇ ਨਸ਼ੇ ਵਿਚ ਦੁਸ਼ਮਣਾਂ ਨੂੰ ਗਲੇ ਲਗਾਉਂਦੀ ਹੈ। ਜਿਨਾਂ ਨੇ ਗੁਰੂ ਨਾਨਕ ਦੀ ਇਸ ਬਲਵਾਨ ਰਮਜ਼ ਤੋਂ ਉਪਜਣ ਵਾਲੇ ਸ਼ਹੀਦੀ ਵੇਸ ਨੂੰ ਪਛਾਣਿਆ ਹੈ, ਉਹ ਜਾਣਦੇ ਹਨ ਕਿ ਵੀਹਵੀਂ ਸਦੀ ਦੀਆਂ ਅਕਾਲੀ ਲਹਿਰਾਂ ਵਿਚ ਸ਼ਹੀਦ ਹੋਣ ਵਾਲੇ ਅਨੇਕ ਸਿੰਘਾਂ ਦੀ ਸ਼ਾਂਤੀ, ਅਹਿੰਸਾ ਅਤੇ ਖੇੜੇ ਵਿਚ ਗੁਰੂ ਅਰਜਨ ਸਾਹਿਬ ਵਾਲਾ ਅੰਦਾਜ਼ ਸੀ, ਮਹਾਤਮਾ ਗਾਂਧੀ ਦੀ ਅਹਿੰਸਾ ਦੇ ਹਠੀ ਅਤੇ ਪਦਾਰਥਕ ਅੰਸ਼ਾਂ ਦੀ ਪਾਨ ਇਨਾਂ ਸ਼ਹੀਦਾਂ ਨੂੰ ਨਹੀਂ ਚੜੀ ਸੀ।

'ਨਾਮ ਜਪੋ, ਵੰਡ ਛਕੋ ਅਤੇ ਕਿਰਤ ਕਰੋ' ਦੇ ਸਿੱਖ-ਸਿਧਾਂਤ ਗੁਰੂ ਨਾਨਕ ਸਾਹਿਬ ਦੀ ਆਵਾਜ਼ ਵਿਚੋਂ ਹੀ ਪੈਦਾ ਹੋਏ। ਇਨਾਂ ਸਿਧਾਂਤਾਂ ਵਿਚ ਭਾਈ ਲਾਲੋ ਵਾਲਾ ਧਰਵਾਸ, ਮਿਠਾਸ ਅਤੇ ਸਬਰ ਹੈ, ਮੱਝੀਆਂ ਦੇ ਛੇੜੂ ਦੀ ਰੂਹਾਨੀਅਤ ਦਾ ਕਿਸਾਨ-ਚਰਿੱਤਰ ਹੈ ਅਤੇ ਗੁਰੂ ਅਰਜਨ ਸਾਹਿਬ ਦੇ ਤੱਤੀ ਤਵੀ ਉੱਤੇ ਬੈਠਣ ਵਾਲੀ ਮਹਾਨ ਚੁੱਪ ਹੈ। ਇਹ ਸਿਧਾਂਤ ਸਿੱਖ ਸਭਿਆਚਾਰ ਦਾ ਨਿਆਰਾ ਹੁਸਨ ਹਨ ਅਤੇ ਗੁਰੂ ਨਾਨਕ ਦੀ ਤਾਸੀਰ ਵਿਚੋਂ ਉਤਪੰਨ ਹੋਏ ਹਨ। ਇਨਾਂ ਸਿਧਾਂਤਾਂ ਦੇ ਪਿਛੋਕੜ ਦੀ ਪਿਤਾ-ਬਖ਼ਸ਼ੀਸ਼, ਚੁੱਪ, ਧਰਤੀ ਜਿਹਾ ਰੱਜ ਅਤੇ ਰੂਹਾਨੀਅਤ ਦੇ ਕਿਸਾਨ-ਚਰਿੱਤਰ ਦੀ ਤਾਸੀਰ ਕੁਝ ਅਜਿਹੇ ਪੱਖ ਹਨ ਜੋ ਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਪਹਿਲੀ ਵਾਰ ਸਰਹਿੰਦ ਜਿੱਤਣ ਸਮੇਂ, ਗੁਰਦਾਸ ਨੰਗਲ ਦੇ ਘੇਰੇ ਸਮੇਂ ਕਾਹਨੂੰਵਾਨ ਦੇ ਛੰਭ ਵਿਚ, ਲੱਖੀ ਦੇ ਜੰਗਲ ਵਿਚ, ਵੱਡੇ ਘੱਲੂਘਾਰੇ ਸਮੇਂ, ਅੰਤਿਮ ਵਾਰ ਸਭਰਾਵਾਂ ਦੇ ਮੈਦਾਨ ਵਿਚ ਅਤੇ ਫੇਰ ਕਦੇ ਪੰਜਾ ਸਾਹਿਬ ਦੇ ਸਾਕੇ ਨਿਰਵਿਘਨ ਰੂਪ ਵਿਚ ਅਟੱਲ ਰਹੇ।

ਖ਼ਾਲਸੇ ਦੀ ਸਿਰਜਣਾ ਨੂੰ ਕਿਸੇ ਆਧੁਨਿਕ ਮਨੋਵਿਗਿਆਨਕ ਦ੍ਰਿਸ਼ਟੀ ਅਤੇ ਸਾਧਾਰਨ ਦਾਰਸ਼ਨਿਕ ਤਰਕ ਨਾਲ ਨਹੀਂ ਸਮਝਿਆ ਜਾ ਸਕਦਾ। ਦਸਵੇਂ ਜਾਮੇ ਵਿਚ ਗੁਰੂ ਨਾਨਕ ਸਾਹਿਬ ਦੇ ਰੱਬੀ ਗ਼ਜ਼ਬ, ਰੱਬੀ ਯਕੀਨ ਅਤੇ ਰੱਬੀ ਰਹਿਤ, ਸ਼ਮਸ਼ੀਰ ਦੀ ਚਮਕ ਵਿਚ ਡੁੱਬ ਕੇ ਆਖ਼ਰੀ ਵਾਰ ਮੁਰੀਦਾਂ ਦੀ ਪਛਾਣ ਕਰਦੇ ਹਨ। ਗੁਰੂ ਨਾਨਕ ਦੀ ਪੈਗ਼ੰਬਰੀ ਪ੍ਰਤਿਭਾ ਦਾ ਸੁਹਜ ਅਤੇ ਉਸ ਸੁਹਜ ਦੀ ਧਮਕ ਲੋਕ ਮਨਾਂ ਵਿਚ ਫੈਲਦੀ ਰਹੀ ਸੀ। ਇਸ ਸੁਹਜ ਦੇ ਰੂਪ ਮਿਲ ਕੇ ਜ਼ਿੰਦਗੀ ਦਾ ਇਕ ਆਕਾਰੀ ਮਹਾਂ-ਕਾਵਿ ਸਾਜਦੇ ਹਨ, ਜਿਸ ਵਿਚ ਸ਼ਮਸ਼ੀਰ ਦਾ ਆਖ਼ਰੀ ਹੁਸਨ, ਸ਼ਹੀਦੀ ਦੀ ਆਖ਼ਰੀ ਤਰੰਗ ਅਤੇ ਕਿਰਸਾਣੀ ਦੀ ਆਖ਼ਰੀ ਮਿਠਾਸ ਦੇ ਰੰਗਾਂ ਦੀ ਪ੍ਰਧਾਨਗੀ ਸੀ। ਖ਼ਾਲਸਾ ਕਿਸੇ ਰਾਜਸੀ ਗੋਂਦ ਦਾ ਸਿੱਟਾ ਨਹੀਂ। ਨਾ ਇਸ ਦੀ ਬਣਤਰ ਲੈਨਿਨ ਦੇ ਸਾਮਵਾਦੀ ਦਲ (ਆਰਨਲਡ ਟੋਇਨਬੀ ਦਾ ਇਤਿਹਾਸਕ ਸਰਵੇਖਣ) ਵਾਂਗ ਵਿਕਾਸ ਵਿਚ ਆਈ ਹੈ। ਨਾ ਇਹ ਕਿਸੇ ਮਨੋਵਿਗਿਆਨਕ ਜਾਂ ਉਪਯੋਗ ਵਾਦੀ ਵਿਧੀ ਵਿਚੋਂ ਉਤਪੰਨ ਹੋਇਆ ਹੈ।

ਖ਼ਾਲਸਾ ਰੂਹਾਨੀ ਤਾਲੀਮ ਦੇਣ ਵਾਲੀ ਕੋਈ ਗਿਣੀ ਮਿਥੀ ਸੰਸਥਾ ਵੀ ਨਹੀਂ, ਸਗੋਂ ਖ਼ਾਲਸਾ ਗੁਰੂ ਨਾਨਕ ਸਾਹਿਬ ਦੀ ਪੈਗ਼ੰਬਰੀ ਪ੍ਰਤਿਭਾ ਦੇ ਸਿਖਰ ਦਾ ਜਲਾਲ ਹੈ। ਖ਼ਾਲਸਾ ਇਸ ਜਲਾਲ ਦੀ ਸਿਖਰ ਦੁਪਹਿਰ ਹੈ, ਗੁਰੂ ਨਾਨਕ ਸਾਹਿਬ ਦੇ ਕਰਮ ਦੀ ਆਖ਼ਰੀ ਮੰਜ਼ਿਲ ਹੈ। ਅਜਿਹੇ ਆਕਾਰੀ ਅਤੇ ਨਿਰੰਕਾਰੀ ਦੈਵੀ ਦਿਸ਼ਾ ਨਾਲ ਇਕਸੁਰ ਹੋਏ ਦਸਮੇਸ਼ ਦੇ ਮੁਰੀਦਾਂ ਦੀ ਢਾਣੀ ਨੂੰ ਖ਼ਾਲਸਾ ਆਖ ਸਕਦੇ ਹਾਂ : 1. ਖ਼ਾਲਸਾ ਜੀ ਦੀ ਚੜਤਲ ਵਿਚ ਗੁਰੂ ਨਾਨਕ ਦੇ ਉਨਾਂ ਨੈਣਾਂ ਦਾ ਤੇਜ਼ ਸੀ, ਜਿਨਾਂ ਵਿਚ ਯੋਗੀਆਂ, ਜਗਨਨਾਥ ਦੇ ਪੰਡਤਾਂ, ਕਾਜ਼ੀ ਰੁਕਨਦੀਨ, ਮੁਲਕ ਭਾਗੋ, ਬਾਬਰ ਅਤੇ ਭਾਰਤੀ ਪੁਰਾਣ ਅਤੇ ਦਰਸ਼ਨ ਨੂੰ ਖੁੱਲੀ ਵੰਗਾਰ ਸੀ 2. ਗੁਰੂ ਅਰਜਨ ਦੀ ਸ਼ਹੀਦੀ ਦੇ ਪੜਾ ਉੱਤੇ ਗੁਰੂ ਨਾਨਕ ਦੀ ਮਹਾਂ ਵੰਗਾਰ ਦੀ ਖ਼ਾਮੋਸ਼ ਅਦਾ ਅਤੇ ਨੌਂਵੇਂ ਜਾਮੇ ਵਿਚ ਦੁਨੀਆ ਦੇ ਕੂੜ ਵਪਾਰੀ ਉੱਤੇ ਹੱਸ ਸਕਣ ਦਾ ਜੇਤੂ ਤਿਆਗ। 3. ਦਸਮ ਪਾਤਸ਼ਾਹ ਦੇ ਅਨੇਕ ਚੋਜਾਂ ਵਿਚੋਂ ਫੁੱਟਦਾ ਚੜੇ ਦਰਿਆਵਾਂ ਜਿਹਾ ਸੁਹਜ। ..ਖ਼ਾਲਸੇ ਦਾ ਬਾਹਰਲਾ ਸਰੂਪ ਗੁਰੂ ਨਾਨਕ ਦੀ ਪੈਗ਼ੰਬਰੀ ਪ੍ਰਤਿਭਾ ਦੇ ਮਹਾਂ ਤੇਜ ਦੇ ਉਦੇ ਹੋਣ ਦੇ ਸਭ ਤੋਂ ਸੁਹਣੇ, ਮਨੁੱਖੀ ਵਫ਼ਾ ਦਾ ਆਖ਼ਰੀ ਇਮਤਿਹਾਨ ਲੈਂਦੇ, ਸਿਦਕ ਦੇ ਵੱਡੇ ਪ੍ਰਤਾਪ ਵਾਲੇ ਅਤੇ ਸਭ ਤੋਂ ਤੀਬਰ ਖਿਣ ਦੀ ਗਵਾਹੀ ਦਿੰਦਾ ਹੈ। ਖ਼ਾਲਸੇ ਦਾ ਬਾਹਰਲਾ ਸਰੂਪ (ਪੰਜ ਕੱਕੇ) ਗੁਰੂ ਗੋਬਿੰਦ ਸਿੰਘ ਦੀ ਬਖ਼ਸ਼ੀਸ਼ ਦੇ ਸਭ ਤੋਂ ਨਿਆਰੇ ਚੋਜ ਦਾ ਹਸ਼ਰ ਤੱਕ ਨਿਭਣ ਵਾਲਾ ਗਵਾਹ ਹੈ।

ਖ਼ਾਲਸੇ ਦੇ ਬਾਹਰਲੇ ਸਰੂਪ ਪਿੱਛੇ ਕੋਈ ਕਰਮ ਕਾਂਡ, ਰਾਜਸੀ ਜਾਂ ਮਨੋਵਿਗਿਆਨਕ ਮੰਤਵ ਨਹੀਂ, ਸਗੋਂ ਦਸਵੇਂ ਜਾਮੇ ਵਿਚ ਗੁਰੂ ਨਾਨਕ ਦੀ ਪੈਗ਼ੰਬਰੀ ਪ੍ਰਤਿਭਾ ਦੇ ਸੰਪੂਰਨ ਇਕਾਗਰ ਕਹਿਰ ਅਤੇ ਬਖ਼ਸ਼ੀਸ਼ ਦਾ ਇਹੋ ਬਾਹਰਲਾ ਸਰੂਪ ਪਹਿਲਾ ਮੁਰੀਦ ਅਤੇ ਪਹਿਲਾ ਗਵਾਹ ਬਣਿਆ। ਸੋ ਜਿੱਥੇ ਗੁਰੂ ਨਾਨਕ ਦਾ ਸੰਦੇਸ਼ ਹੈ, ਉੱਥੇ ਇਸ ਗਵਾਹ ਅਤੇ ਮੁਰੀਦ ਦਾ ਹੋਣਾ ਵੀ ਲਾਜ਼ਮੀ ਹੈ।

ਗੁਰੂ ਨਾਨਕ ਸਾਹਿਬ ਕੋਲੋਂ ਮੁਰੀਦ ਨੂੰ ਜੋ ਆਖ਼ਰੀ ਬਖ਼ਸ਼ੀਸ਼ ਹੋਈ, ਉਸ ਦੀ ਤੀਬਰ ਚਮਕ ਗੁਰੂ ਗੋਬਿੰਦ ਸਿੰਘ ਦੇ ਅਨੇਕ ਚੋਜਾਂ ਵਿਚ ਸੀ। ਸੋ ਖ਼ਾਲਸੇ ਲਈ ਇਹ ਚੋਜ ਐਸੀ ਪੈਗ਼ੰਬਰੀ ਪ੍ਰਤਿਭਾ ਬਣ ਗਏ, ਜੋ ਉਸ ਦੀ ਸੰਸਾਰੀ ਗਾਥਾ ਨੂੰ ਪੁਰਾਣਿਕ ਅਸਚਰਜਤਾ ਨਾਲ ਭਰਪੂਰ ਕਰਦੇ ਸਨ, ਉਸ ਲਈ ਕੋਈ ਅਕੱਥ ਸੁਹਜ ਮਾਰਗ ਬਣਦੇ ਸਨ ਅਤੇ ਉਸ ਦੀ ਛਾਤੀ ਅੰਦਰ ਗੁਦਗੁਦਾਉਂਦੇ ਮੋਹ ਨੂੰ ਨਿਰੰਕਾਰ ਦੀ ਅਚਿਹਨ ਲੀਲਾ ਦੇ ਰਹੱਸ ਨਾਲ ਵਿੰਨਦੇ ਸਨ। ਦ੍ਰਿਸ਼ਟਮਾਨ ਆਕਾਰੀ ਛੋਹਾਂ ਵਿਚ ਪੈਗ਼ੰਬਰੀ ਪ੍ਰਤਿਭਾ ਦਾ ਐਸਾ ਇਕਾਗਰ ਜਮਾਲ ਉੱਤਰਿਆ ਕਿ ਗੁਰੂ ਸਾਹਿਬ ਦਾ ਨੀਲਾ ਘੋੜਾ, ਬਾਜ਼, ਕਲਗ਼ੀ, ਤੀਰ-ਕਮਾਨ ਅਤੇ ਤੇਗ਼ ਦਾ ਦੀਦਾਰ ਕੋਈ ਮਹਾਨ ਮਿਹਰ ਹੋ ਨਿੱਬੜਿਆ। ਜੈਤੋ ਦੇ ਮੋਰਚੇ ਤੱਕ ਇਹ ਪੈਗ਼ੰਬਰੀ ਪ੍ਰਤਿਭਾ ਸੈਆਂ ਮੁਰੀਦਾਂ ਵਿਚ ਚਲਦੀ ਬਖ਼ਸ਼ੀਸ਼ ਦੀ ਕਿਸੇ ਨਿਰਵਿਘਨ ਤਾਰ ਵਿਚ ਐਸਾ ਉਛਾਲਾਂ, ਐਸੀ ਤੀਬਰਤਾ, ਐਸਾ ਵੇਗ ਅਤੇ ਐਸੀ ਪਰਵਾਜ਼ ਭਰਦੀ ਰਹੀ ਕਿ ਇਸ ਦੰਭੀ ਸੰਸਾਰ ਦੀ ਗੰਵਾਰ ਚਾਲ ਵਿਚ ਖ਼ਾਲਸੇ ਦੇ ਕਾਰਨਾਮੇ ਕਿਸੇ ਉੱਪਰ ਪ੍ਰਕਿਰਤਿਕ ਸੂਖਮ ਛੋਹ ਅਤੇ ਪੌਰਾਣਿਕ ਆਭਾ ਨੂੰ ਜਨਮ ਦਿੰਦੇ ਰਹੇ। ਗੁਰੂ ਨਾਨਕ ਦੀ ਇਸ ਪੈਗ਼ੰਬਰੀ ਪ੍ਰਤਿਭਾ ਵਿਚ ਐਸਾ ਪ੍ਰਚੰਡ ਵੇਗ ਸੀ ਕਿ ਮੁਰੀਦਾਂ ਦੀ ਚਾਲ-ਢਾਲ, ਸੁਆਸਾਂ ਅਤੇ ਚੇਤਨਾ ਵਿਚ ਪਿਆਰੇ ਦੇ ਅੰਦਾਜ਼ ਹੀ ਉਗਮਦੇ ਰਹੇ। ਗੁਰੂ ਗੋਬਿੰਦ ਸਿੰਘ ਦੇ ਪੜਾ ਉੱਤੇ ਪਹੁੰਚ ਕੇ ਤਾਂ ਇਸ ਪੈਗ਼ੰਬਰੀ ਪ੍ਰਤਿਭਾ ਦੇ ਹੜ ਨੇ ਮੁਰੀਦਾਂ ਨੂੰ ਕਿਸੇ ਅਜਿਹੇ ਇਮਾਨ ਵਿਚ ਕੀਲ ਲਿਆ, ਜਿਸ ਦੀ ਨਿਰਵਿਘਨ ਥਰਥਰਾਹਟ ਦਾ ਰਿਸ਼ਤਾ ਆਉਣ ਵਾਲੀਆਂ ਨਸਲਾਂ ਨਾਲ ਵੀ ਕਾਇਮ ਹੋ ਗਿਆ। ਦਸਮ ਪਾਤਸ਼ਾਹ ਦੇ ਚੋਜ ਖ਼ਾਲਸੇ ਦੇ ਇਮਾਨ ਬਣ ਗਏ ਅਤੇ ਇਨਾਂ ਚੋਜਾਂ ਦੇ ਹੁਸਨ ਪਿੱਛੋਂ ਦੋ ਸੌ ਸਾਲ ਦੇ ਮੁਰੀਦਾਂ ਦੀ ਸੰਸਾਰੀ ਦ੍ਰਿਸ਼ ਵਿਚ ਢਲੀ ਹੋਈ ਕਾਵਿ-ਦ੍ਰਿਸ਼ਟੀ ਸੀ। ਕੁਝ ਉਦਾਹਰਨਾਂ ਵੇਖੋ :-

1. ਪੰਜੇ ਉੱਤੇ ਪਰਬਤ ਠੱਲਣਾ, ਤੱਤੀ ਤਵੀ ਉੱਤੇ ਬੈਠਣਾ, ਛੇਵੇਂ ਪਾਤਸ਼ਾਹ ਦੀ ਗਵਾਲੀਅਰ ਕਿਲੇ ਦੀ ਕੈਦ ਸਮੇਂ ਜਹਾਂਗੀਰ ਦਾ ਸੁਪਨਿਆਂ ਵਿਚ ਸ਼ੇਰਾਂ ਤੋਂ ਤ੍ਰਭਕਣਾ, ਕੱਚੀ ਗੜੀ ਵਿਚ ਬੈਠ ਕੇ ਬੇਸ਼ੁਮਾਰ ਸ਼ਹਿਨਸ਼ਾਹੀ ਲਸ਼ਕਰਾਂ ਨੂੰ ਵੰਗਾਰਨਾ ਅਤੇ 'ਜ਼ਫ਼ਰਨਾਮਾ' ਵਿਚ ਕੀਤੇ ਇਲਾਹੀ ਫ਼ਰਮਾਨ, ਬਾਬਾ ਬੰਦਾ ਸਿੰਘ ਬਹਾਦਰ ਦੀ ਸਰਹਿੰਦ ਦੀ ਫ਼ਤਿਹ ਅਤੇ ਗੁਰਦਾਸ ਨੰਗਲ ਦੇ ਘੇਰੇ ਪਿੱਛੋਂ ਅੰਤਿਮ ਸ਼ਹੀਦੀ, ਵੱਡਾ ਘੱਲੂਘਾਰਾ, ਸਭਰਾਵਾਂ ਦੀ ਜੰਗ ਅਤੇ ਪੰਜੇ ਸਾਹਿਬ ਦਾ ਸਾਕਾ-ਇੱਕੋ ਤਾਸੀਰ ਵਾਲੀ ਪੈਗ਼ੰਬਰੀ ਪ੍ਰਤਿਭਾ ਦੇ ਚਮਤਕਾਰ ਹਨ ਜਿਸ ਨੇ ਕਿ ਗੁਰੂ ਨਾਨਕ ਦੇ ਰੂਪ ਵਿਚ ਭਾਰਤੀ ਦਰਸ਼ਨ ਅਤੇ ਪੌਰਾਣਿਕ ਬੁੱਤਾਂ ਦੀ ਸਰਦਾਰੀ ਨੂੰ ਖ਼ਤਮ ਕਰਕੇ ਇਕ ਨਿਆਰੇ ਅਤੇ ਜੇਤੂ ਸਿਖਰ ਵਾਲੇ 'ਸਚਿ ਖੰਡ' ਦਾ ਪਰਚਮ ਝੁਲਾਇਆ ਸੀ।

2. ਮਾਛੀਵਾੜੇ ਦੇ ਜੰਗਲਾਂ ਵਿਚ ਸੁੱਤੇ ਦਸਮੇਸ਼ ਜੀ ਦੀ ਕਲਪਨਾ ਖ਼ਾਲਸੇ ਦੀ ਯੁੱਗੋਂ ਯੁੱਗ ਅਟੱਲ ਚੇਤਨਾ ਬਣ ਗਈ ਹੈ। ਜਾਨ ਨੂੰ ਕੰਬਾ ਦੇਣ ਵਾਲੇ ਤਸੀਹਿਆਂ ਵਿਚ ਵੀ ਖ਼ਾਲਸਾ ਇਸ ਦੈਵੀ ਦ੍ਰਿਸ਼ ਵਿਚੋਂ ਸਬਰ ਦੀ ਬਰਕਤ, ਸ਼ਹਾਦਤ ਦਾ ਨਸ਼ਾ ਅਤੇ ਉਮੀਦ ਦਾ ਹੁਸਨ ਪੈਦਾ ਕਰਦਾ ਰਿਹਾ ਹੈ। ਆਪ ਦੇ 'ਸਚਿ ਖੰਡ' ਜਾਣ ਪਿੱਛੋਂ ਦੇ ਤੀਹ ਸਾਲਾਂ ਵਿਚ ਖ਼ਾਲਸਾ ਇਕ ਬਹੁਤ ਵੱਡੇ ਉਦਰੇਵੇਂ ਵਿਚ ਰਿਹਾ, ਪਰ ਇਸ ਉਦਰੇਵੇਂ ਵਿਚ ਪਿਆਰੇ ਦੇ ਵਾਪਸ ਆ ਜਾਣ ਦਾ ਇਕਰਾਰ ਵੀ ਸੀ। (ਜਿਵੇਂ ਭੈਣ ਨਾਨਕੀ ਗੁਰੂ ਨਾਨਕ ਸਾਹਿਬ ਨੂੰ ਉਡੀਕਿਆ ਕਰਦੀ ਸੀ) ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿੱਛੋਂ ਜਦੋਂ ਸਿੰਘ ਇਕ ਵਾਰ ਥਿੜਕ ਗਏ ਸਨ : ਮੀਰ ਮੰਨੂ ਦੇ ਜ਼ਮਾਨੇ ਵਿਚ ਖੇਰੂੰ ਖੇਰੂੰ ਹੋਣ ਦੇ ਕਿਨਾਰੇ ਉੱਤੇ ਪਹੁੰਚ ਗਏ ਸਨ ਅਤੇ ਗੁਜਰਾਤ ਦੀ ਜੰਗ ਪਿੱਛੋਂ ਜਦੋਂ ਬੇਸਹਾਰਾ ਹੋਏ ਔਝੜੋਂ ਔਝੜੋਂ ਫਿਰਦੇ ਸਨ, ਇਨਾਂ ਬੇਬਸੀ ਦੇ ਜ਼ਮਾਨਿਆਂ ਵਿਚ ਖ਼ਾਲਸੇ ਦੇ ਚੁੱਪ ਵਿਚ ਮਾਛੀਵਾੜਾ, ਭਾਣਾ ਮੰਨਣ ਦੇ ਕਿਸੇ ਡੂੰਘੇ ਧਰਵਾਸ ਨੂੰ ਅਤੇ ਬਰਬਾਦੀਆਂ ਦੇ ਆਖ਼ਰੀ ਮੋੜ ਉੱਤੇ ਚਮਕਦੇ ਸ਼ਹਾਦਤ ਦੇ ਹੁਸਨ ਨੂੰ ਲਗਾਤਾਰ ਪੈਦਾ ਕਰਦਾ ਰਿਹਾ ਹੈ।

3. ਦਸਮ ਪਾਤਸ਼ਾਹ ਦਾ ਬਾਜ਼ ਸਿੱਖ ਕੌਮ ਲਈ ਕੋਈ ਵਹਿਮ ਜਾਂ ਉਪ ਭਾਵੁਕ ਉਛਾਲ ਨਹੀਂ, ਨਾਂਹ ਇਹ ਕੋਈ ਕਾਵਿ ਬਿੰਬ ਅਤੇ ਇਹ ਕੋਈ ਪ੍ਰਤੀਕ ਹੈ, ਸਗੋਂ ਗੁਰੂ ਨਾਨਕ ਦੇ ਦੈਵੀ ਗ਼ਜ਼ਬ ਅਤੇ ਦਸਮੇਸ਼ ਜੀ ਦੇ ਖਿਦਰਾਣੇ ਦੀ ਢਾਬ ਉੱਤੇ ਮਹਾਂ ਸਿੰਘ ਨੂੰ ਦਿੱਤੇ ਦੈਵੀ ਧਰਵਾਸ ਦੀ ਤੀਬਰ ਅਤੇ ਵੇਗਮਈ ਇਕਾਗਰਤਾ ਹੈ, ਜੋ ਕਿ ਖ਼ਾਲਸਾ ਚੇਤਨਾ ਦਾ ਅਨਿੱਖੜ ਅੰਸ਼ ਹੈ ਅਤੇ ਸ਼ਹਾਦਤ ਦੇ ਮੋੜਾਂ ਉੱਤੇ ਉੱਭਰਦਾ ਹੈ।

4. ਬੇਦਾਵਾ ਲਿਖ ਗਏ ਮੁਰੀਦਾਂ ਦੀ ਉਦਾਸ ਵਾਪਸੀ ਦਾ ਮਹਾਨ ਕ੍ਰਿਸ਼ਮਾ ਸਿੱਖ-ਨਸਲਾਂ ਵਿਚ ਇਕ ਐਸਾ ਜ਼ਖ਼ਮੀ ਰੋਸ ਅਤੇ ਬੇਵਫ਼ਾਈ ਨੂੰ ਲੀਰੋਂ ਲੀਰ ਕਰ ਸੁੱਟਣ ਵਾਲਾ ਅਗਨ ਰੋਹ ਪੈਦਾ ਕਰ ਗਿਆ ਕਿ ਹਰ ਯੁੱਗ ਦੇ ਸਿੰਘ, ਪਿਆਰੇ ਨੂੰ ਸਭ ਤੋਂ ਖ਼ੂਬਸੂਰਤ ਸਿੱਜਦਾ ਸ਼ਹੀਦ ਹੋ ਕੇ ਹੀ ਕਰਨਗੇ। ਸੈਦ ਖ਼ਾਨ ਦਾ ਭਖੇ ਜੰਗ ਵਿਚ ਪਿਆਰੇ ਦੀ ਰਕਾਬ ਨੂੰ ਚੁੰਮਣਾ, ਬਾਬ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ, ਸ਼ਾਮ ਸਿੰਘ ਅਟਾਰੀ ਵਾਲੇ ਦਾ ਆਖ਼ਰੀ ਵਕਤ, ਗ਼ਦਰੀ ਬਾਬਿਆਂ ਦੀਆਂ ਪੰਜਾਬ ਦੇਸ਼ ਵੱਲ ਮੁਹਾਰਾਂ ਅਤੇ ਬਜਬਜ ਘਾਟ ਦਾ ਸਾਕਾ ਇੱਕੋ ਕਹਾਣੀ ਦੇ ਸੁਵੰਨੇ ਅੰਸ਼ ਹਨ।

5. ਗੁਰੂ ਨਾਨਕ ਸਾਹਿਬ ਦਾ ਪੈਗ਼ੰਬਰੀ ਜਲਾਲ ਦੁਸ਼ਮਣ ਦੀਆਂ ਸਫ਼ਾਂ ਨੂੰ ਭਸਮ ਨਹੀਂ ਸੀ ਕਰਦਾ, ਸਗੋਂ ਜਿਵੇਂ ਕਿ ਕਲਯੁਗ ਅਤੇ ਸੱਜਣ ਠੱਗ ਦੇ ਪ੍ਰਸੰਗ ਵਿਚ ਵੇਖਿਆ ਗਿਆ ਹੈ, ਉਹ ਦੰਭ ਦੇ ਸੀਸ ਉੱਤੇ ਸੱਚ ਦੇ ਮਹਾਂ ਭੁਜਾ ਨੂੰ ਉਲਾਰਦਾ ਤੱਕ ਵੀ ਨਹੀਂ। ਕੇਵਲ ਤ੍ਰੈ-ਗੁਣੀ ਸੰਸਾਰ ਦੀ ਤੁੱਛਤਾ ਸਾਹਮਣੇ ਉਹ ਸੱਚ ਦੀ ਮਹਾਨ ਚੁੱਪ ਦਾ ਭੂਚਾਲ ਵਰਗਾ ਭੈਅ ਲਿਆ ਖੜਾ ਕਰਦੇ ਹਨ, ਜਿਹੜਾ ਕਿ ਦੁਸ਼ਮਣ ਦੇ ਲਸ਼ਕਰਾਂ ਵਿਚ ਆਪਾ-ਵਿਰੋਧੀ ਦੀਆਂ ਮਾਰੂ ਤਰੇੜਾਂ ਲਿਆ ਕੇ ਗੁਨਾਹ ਦਾ ਇਕ ਜ਼ਬਰਦਸਤ ਅਹਿਸਾਸ ਪੈਦਾ ਕਰ ਦਿੰਦਾ ਹੈ। 'ਜ਼ਫ਼ਰਨਾਮਾ' ਪੜਨ ਪਿੱਛੋਂ ਔਰੰਗਜ਼ੇਬ ਅੰਦਰ ਵੀ ਆਪਣੇ ਵਡੇਰੇ ਬਾਬਰ ਅਤੇ ਦਾਦੇ ਜਹਾਂਗੀਰ ਵਾਂਗ ਗੁਨਾਹ ਦਾ ਕੋਈ ਅਕਹਿ-ਅਦ੍ਰਿਸ਼ਟ ਕਾਂਬਾ ਛਿੜਿਆ ਸੀ।

ਬਾਕੀ ਸਫ਼ਾ 32 'ਤੇ




## ਪਾਠਕਾਂ ਦਾ ਨਜ਼ਰੀਆ

### ਕਮਲਾ ਹੈਰਿਸ ਬਾਰੇ ਫ਼ਜ਼ੂਲ ਬਹਿਸ

ਜੋ ਬਿਡੇਨ ਨੇ ਕਮਲਾ ਹੈਰਿਸ ਨੂੰ ਉਪ-ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਬਣਾ ਕੇ ਨੀਰਸ ਅਮਰੀਕੀ ਰਾਸ਼ਟਰਪਤੀ ਚੋਣ ਨੂੰ ਦਿਲਚਸਪ ਬਣਾ ਦਿੱਤਾ ਹੈ। ਕੈਲੇਫੋਰਨੀਆ ਦੀ ਸੈਨੇਟਰ ਹੈਰਿਸ ਇਕ ਵੇਲੇ ਖ਼ੁਦ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਵਿਚ ਬਿਡੇਨ ਦੀ ਵਿਰੋਧੀ ਰਹਿ ਚੁੱਕੀ ਹੈ। ਇਹ ਯਕੀਨਨ ਇਤਿਹਾਸਕ ਪੜਾਅ ਹੈ ਜਿੱਥੇ ਕਿਸੇ ਵੱਡੀ ਪਾਰਟੀ ਦੁਆਰਾ ਉਪ-ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਬਣਾਈ ਜਾਣ ਵਾਲੀ ਕਮਲਾ ਹੈਰਿਸ ਪਹਿਲੀ ਸਿਆਹਫਾਮ ਤੇ ਏਸ਼ੀਆਈ ਅਮਰੀਕੀ ਮਹਿਲਾ ਹੈ। ਪੁਲਿਸ ਦੁਆਰਾ ਜਾਰਜ ਫਲੋਇਡ ਦੀ ਹੱਤਿਆ ਤੋਂ ਬਾਅਦ ਹੋਏ ਦੇਸ਼ ਵਿਆਪੀ ਰੋਸ ਪ੍ਰਦਰਸ਼ਨ ਜਦ ਚੋਣ ਲਹਿਰ ਨੂੰ ਪ੍ਰਭਾਵਿਤ ਕਰਦੇ ਦਿਖਾਈ ਦੇ ਰਹੇ ਸਨ ਉਦੋਂ ਡੈਮੋਕਰੈਟਸ ਲਈ ਮਹੱਤਵਪੂਰਨ ਸੀ ਕਿ ਉਹ ਅਫ਼ਰੀਕੀ-ਅਮਰੀਕੀ ਭਾਈਚਾਰੇ ਵਿਚ ਆਪਣੀ ਪੈਂਠ ਵਧਾਉਣ। ਹੈਰਿਸ ਦੀ ਨਾਮਜ਼ਦਗੀ ਦੇ ਨਾਲ ਉਮੀਦ ਹੈ ਕਿ ਇਹ ਤਬਕਾ ਬਿਡੇਨ ਦੇ ਪਿੱਛੇ ਇੱਕਜੁੱਟ ਹੋਵੇਗਾ। ਸਿਆਹਫਾਮ ਵੋਟਰਾਂ ਦੀ ਅਹਿਮੀਅਤ ਨਾ ਸਿਰਫ਼ ਮਿਸ਼ੀਗਨ, ਪੈਂਸਿਲਵੇਨੀਆ ਅਤੇ ਵਿਸਕਾਨਸਿਨ ਵਰਗੇ ਕਾਂਟੇ ਦੀ ਟੱਕਰ ਵਾਲੇ ਸੂਬਿਆਂ ਵਿਚ ਵਧੇਗੀ ਬਲਕਿ ਜਾਰਜੀਆ ਅਤੇ ਫਲੋਰੀਡਾ ਵਰਗੇ ਰਿਪਬਲਿਕਨ ਝੁਕਾਅ ਵਾਲੇ ਸੂਬਿਆਂ ਵਿਚ ਵੀ ਅਜਿਹਾ ਹੋਣ ਦੇ ਆਸਾਰ ਹਨ। ਕਮਲਾ ਹੈਰਿਸ ਨੌਜਵਾਨ ਵੋਟਰਾਂ ਨਾਲ ਪਾਰਟੀ ਨੂੰ ਜੋੜਨ ਵਿਚ ਵੀ ਮਦਦਗਾਰ ਸਿੱਧ ਹੋਵੇਗੀ ਜਿਸ ਦੀਆਂ ਉਮੀਦਾਂ ਸ਼ਾਇਦ 77 ਸਾਲਾ ਬਿਡੇਨ ਓਨੇ ਬਿਹਤਰ ਤਰੀਕੇ ਨਾਲ ਨਾ ਜ਼ਾਹਿਰ ਕਰ ਸਕਣ। ਉਮਰ ਦੇ ਇਸ ਪਹਿਲੂ ਨੇ ਇਨਾਂ ਅਟਕਲਾਂ ਨੂੰ ਵੀ ਮਜ਼ਬੂਤੀ ਦਿੱਤੀ ਹੈ ਕਿ ਬਿਡੇਨ ਇਕ ਹੀ ਕਾਰਜਕਾਲ ਪੂਰਾ ਕਰ ਸਕਣਗੇ ਅਤੇ 2024 ਲਈ ਹੈਰਿਸ ਰਾਸ਼ਟਰਪਤੀ ਦੀ ਸੰਭਾਵੀ ਦਾਅਵੇਦਾਰ ਹੋ ਸਕਦੀ ਹੈ। ਕਮਲਾ ਹੈਰਿਸ ’ਤੇ ਹਮਲਾ ਕਰਨ ਵਿਚ ਟਰੰਪ ਨੇ ਸਖ਼ਤ ਸ਼ਬਦਾਂ ਦੀ ਚੋਣ ਕੀਤੀ। ਓਥੇ ਹੀ ਹੈਰਿਸ ਦੀ ਨਾਮਜ਼ਦਗੀ ਨੇ ਭਾਰਤ ਵਿਚ ਇਹ ਬਹਿਸ ਛੇੜ ਦਿੱਤੀ ਹੈ ਕਿ ਉਹ ਕੀ ਤਬਦੀਲੀਆਂ ਲਿਆਵੇਗੀ ਅਤੇ ਭਾਰਤ-ਅਮਰੀਕਾ ਰਿਸ਼ਤਿਆਂ ਦੇ ਭਵਿੱਖ ਦੀ ਕੀ ਤਸਵੀਰ ਹੋਵੇਗੀ? ਇੰਨੇ ਸਾਲਾਂ ਦੇ ਸਿਆਸੀ ਸਫ਼ਰ ਵਿਚ ਉਸ ਨੇ ਭਾਰਤ ਨਾਲ ਆਪਣਾ ਕੋਈ ਖ਼ਾਸ ਮੋਹ-ਪਿਆਰ ਵੀ ਨਹੀਂ ਦਿਖਾਇਆ।

ਹੈਰਿਸ ਇਕ ਤਾਕਤਵਰ ਅਮਰੀਕੀ ਨੇਤਾ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਈ ਹੈ ਅਤੇ ਉਸ ਤੋਂ ਉਮੀਦ ਹੈ ਕਿ ਉਹ ਆਪਣੇ ਰਾਸ਼ਟਰੀ ਹਿੱਤਾਂ ਦਾ ਖ਼ਿਆਲ ਰੱਖੇ। ਸਾਨੂੰ ਉਸ ਦਾ ਮੁਲਾਂਕਣ ਉਸ ਦੀਆਂ ਭਾਰਤੀ ਜੜ੍ਹਾਂ ਨਾਲ ਨਹੀਂ ਸਗੋਂ ਵਿਦੇਸ਼ ਨੀਤੀ ’ਤੇ ਉਸ ਦੇ ਰੁਖ਼ ਦੇ ਆਧਾਰ ’ਤੇ ਕਰਨਾ ਚਾਹੀਦਾ ਹੈ। ਅਜਿਹੇ ਵਿਚ ਮੰਨਿਆ ਜਾ ਸਕਦਾ ਹੈ ਕਿ ਵਿਦੇਸ਼ ਨੀਤੀ ਅਤੇ ਰਾਸ਼ਟਰੀ ਸੁਰੱਖਿਆ ਵਰਗੇ ਮਸਲਿਆਂ ਦੇ ਤਜਰਬੇਕਾਰ ਬਿਡੇਨ ਹੀ ਇਸ ਵਿਚ ਫ਼ੈਸਲਾਕੁਨ ਹੋਣਗੇ। ਬਿਡੇਨ ਨੇ ਸਪਸ਼ਟ ਕੀਤਾ ਹੈ ਕਿ ਉਨਾਂ ਦਾ ਪ੍ਰਸ਼ਾਸਨ ਖ਼ਤਰਿਆਂ ਦਾ ਸਾਹਮਣਾ ਕਰਨ ਵਿਚ ਭਾਰਤ ਦਾ ਸਾਥ ਦੇਵੇਗਾ। ਉਨਾਂ ਨੇ ਭਾਰਤ-ਅਮਰੀਕਾ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਬਣਾਉਣ ਦਾ ਵੀ ਸੱਦਾ ਦਿੱਤਾ ਹੈ। ਭਾਰਤੀ ਅਮਰੀਕੀ ਭਾਈਚਾਰੇ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਤਹਿਤ ਉਨਾਂ ਦੀ ਪ੍ਰਚਾਰ ਮੁਹਿੰਮ ਵਿਚ ਪਹਿਲਾਂ ਤੋਂ ਹੀ ਇਹ ਰੇਖਾ-ਅੰਕਿਤ ਕੀਤਾ ਜਾ ਰਿਹਾ ਹੈ ਕਿ ਜੇ ਉਹ ਰੇਖਾਤਮਿਕ ਚੁਣੇ ਜਾਂਦੇ ਹਨ ਤਾਂ ਐੱਚ-1ਬੀ ਵੀਜ਼ਾ ਤੰਤਰ ਵਿਚ ਸੁਧਾਰ ਅਤੇ ਗਰੀਨ ਕਾਰਡ ਲਈ ਦੇਸ਼ਾਂ ਦਾ ਕੋਟਾ ਖ਼ਤਮ ਕਰਨ ਵਾਲੇ ਪਾਸੇ ਕੰਮ ਕਰਨਗੇ। ਓਧਰ ਟਰੰਪ ਨੇ ਦਾਅਵਾ ਕੀਤਾ ਹੈ ਕਿ ਭਾਰਤੀ ਮੂਲ ਦੇ ਵੋਟਰ ਹੈਰਿਸ ਨਾਲੋਂ ਜ਼ਿਆਦਾ ਉਨਾਂ ਦਾ ਸਮਰਥਨ ਕਰਦੇ ਹਨ। ਇਹ ਇਸ ਸਮੁਦਾਇ ਨੂੰ ਆਪਣੇ ਵੱਲ ਖਿੱਚਣ ਦੀ ਹੋੜ ਦਾ ਹੀ ਸੰਕੇਤ ਕਰਦਾ ਹੈ। ਇਹ ਸਭ ਇਸ ਲਈ ਹੋ ਰਿਹਾ ਹੈ ਕਿ ਖ਼ੁਦ ਦੇ ਏਜੰਡੇ ਨੂੰ ਅੱਗੇ ਵਧਾਉਣ ਵਿਚ ਆਪਣੇ ਪ੍ਰਭਾਵ ਦਾ ਇਸਤੇਮਾਲ ਕਰਨ ਵਿਚ ਭਾਰਤੀ ਅਮਰੀਕੀ ਭਾਈਚਾਰਾ ਮਾਹਿਰ ਹੋ ਗਿਆ ਹੈ। ਚਾਹੇ ਕੋਈ ਵੀ ਪਾਰਟੀ ਸੱਤਾ ਵਿਚ ਰਹੀ ਹੋਵੇ, ਅਮਰੀਕਾ ਲਈ ਭਾਰਤ ਇਕ ਮਹੱਤਵਪੂਰਨ ਸਾਥੀ ਰਿਹਾ ਹੈ ਜਿਸ ਨੂੰ ਲਗਾਤਾਰ ਆਪਣੇ ਨਾਲ ਰੱਖਣ ਦੇ ਯਤਨ ਹੋਏ ਹਨ। ਓਥੇ ਹੀ ਭਾਰਤ ਨਾਲ ਜੁੜੇ ਮੁੱਦਿਆਂ ’ਤੇ ਹੈਰਿਸ ਦੇ ਪੁਰਾਣੇ ਬਿਆਨ ਭਾਰਤੀ ਨੀਤੀਆਂ ਦੇ ਵਿਰੁੱਧ ਰਹੇ। ਧਾਰਾ 370 ਦੀ ਸਮਾਪਤੀ ’ਤੇ ਉਨਾਂ ਨੇ ਕਿਹਾ ਸੀ ਕਿ ਅਸੀਂ ਕਸ਼ਮੀਰੀਆਂ ਨੂੰ ਚੇਤੇ ਕਰਵਾਉਣਾ ਚਾਹੁੰਦੇ ਹਾਂ ਕਿ ਉਹ ਦੁਨੀਆ ਵਿਚ ਬਿਲਕੁਲ ਅਲੱਗ-ਥਲੱਗ ਨਹੀਂ ਹਨ ਅਤੇ ਅਸੀਂ ਹਾਲਾਤ ’ਤੇ ਲਗਾਤਾਰ ਨਜ਼ਰ ਟਿਕਾਈ ਬੈਠੇ ਹਾਂ। ਜੇਕਰ ਦਖ਼ਲ ਦੇਣ ਦੀ ਜ਼ਰੂਰਤ ਪਈ ਤਾਂ ਉਹ ਵੀ ਦਿੱਤਾ ਜਾਵੇਗਾ। ਉਨਾਂ ਨੇ ਵਿਦੇਸ਼ ਮਾਮਲਿਆਂ ਦੀ ਸੰਸਦੀ ਬੈਠਕ ਵਿਚ ਵਿਦੇਸ਼ ਮੰਤਰੀ ਜੈਸ਼ੰਕਰ ਦੁਆਰਾ ਹਿੱਸਾ ਨਾ ਲੈਣ ਦੀ ਵੀ ਨੁਕਤਾਚੀਨੀ ਕੀਤੀ ਸੀ ਜਿਨਾਂ ਨੇ ਪ੍ਰਮਿਲਾ ਜੈਪਾਲ ਦੀ ਮੌਜੂਦਗੀ ਕਾਰਨ ਇਸ ਬੈਠਕ ਤੋਂ ਕਿਨਾਰਾ ਕਰ ਲਿਆ ਸੀ। ਜੈਪਾਲ ਨੇ ਕਸ਼ਮੀਰ ਮਸਲੇ ’ਤੇ ਸਦਨ ਵਿਚ ਇਕ ਪ੍ਰਸਤਾਵ ਪੇਸ਼ ਕੀਤਾ ਸੀ ਜਿਸ ਨੂੰ ਜੈਸ਼ੰਕਰ ਨੇ ਖ਼ਾਰਜ ਕਰ ਦਿੱਤਾ ਸੀ। ਭਾਰਤ ਵਰਗੇ ਦੇਸ਼ ਲਈ ਇਸ ਤਰਾਂ ਦੇ ਮਾਮਲੇ ਆਮ ਹਨ। ਹੈਰਿਸ ਦੇ ਉਕਤ ਬਿਆਨ ਜਾਂ ਉਸ ਦੀਆਂ ਭਾਰਤੀ ਜੜ੍ਹਾਂ ਸਾਡੇ ਲਈ ਅਹਿਮੀਅਤ ਦਾ ਵਿਸ਼ਾ ਨਹੀਂ ਹੋਣੀਆਂ ਚਾਹੀਦੀਆਂ। ਸਾਡੇ ਲਈ ਮਹੱਤਵ ਦਾ ਮੁੱਦਾ ਇਹੀ ਹੋਣਾ ਚਾਹੀਦਾ ਹੈ ਕਿ ਕਿਉਂ ਅਸੀਂ ਖ਼ੁਦ ਨੂੰ ਆਪਣੇ ਦੇਸ਼ ਦੀ ਤਰੱਕੀ ਦੇ ਅਨੁਰੂਪ ਨਹੀਂ ਬਣਾ ਸਕੇ ਹਾਂ?

**-ਹਰਸ਼ ਵੀ. ਪੰਤ**

**-(ਲੇਖਕ ਆਬਜ਼ਰਵਰ ਰਿਸਰਚ ਫਾਊਂਡੇਸ਼ਨ ਵਿਚ ਰਣਨੀਤਕ ਅਧਿਐਨ ਪ੍ਰੋਗਰਾਮ ਦਾ ਨਿਰਦੇਸ਼ਕ ਹੈ)।**

### ਕੀ ਪ੍ਰਮਾਣੂ ਹਥਿਆਰ ‘ਸਾਂਭ ਕੇ ਰੱਖੀ ਮੌਤ’ ਹਨ?

ਵਧ ਰਹੇ ਪ੍ਰਮਾਣੂ ਅਸਤਰਾਂ ਤੋਂ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਦੁਨੀਆ ਨੇ ਅਜੇ ਤਕ ਨਾਗਾਸਾਕੀ, ਹੀਰੋਸ਼ੀਮਾ ਵਿੱਚ ਹੋਏ ਤਬਾਹਕੁਨ ਹਮਲੇ ਤੋਂ ਕੋਈ ਸਬਕ ਨਹੀਂ ਸਿੱਖਿਆ, ਜਿੱਥੇ ਹਮਲੇ ਉਪਰੰਤ ਫੈਲੇ ਰੇਡੀਏਸ਼ਨ ਕਾਰਨ ਕਈ ਨਵਜੰਮੇ ਬੱਚੇ ਅੱਜ ਵੀ ਅਪਾਹਜ ਪੈਦਾ ਹੋ ਰਹੇ ਹਨ। ਅੰਤ ਹੋਇਆ ਕੀ? ਦੋਨਾਂ ਮੁਲਕਾਂ, ਅਮਰੀਕਾ ਅਤੇ ਜਾਪਾਨ ਦੀ ਸਮੱਸਿਆ ਗੱਲਬਾਤ ਉਪਰੰਤ ਹੱਲ ਹੋ ਗਈ। ਪਰ ਕਦੀ ਕਿਸੇ ਨੇ ਸੋਚਿਆ ਕਿ ਉਨਾਂ ਹਜ਼ਾਰਾਂ ਲੋਕਾਂ ਦਾ ਕੀ ਗੁਨਾਹ ਸੀ ਜੋ ਦੋਨਾਂ ਦੇਸ਼ਾਂ ਵੱਲੋਂ ਕੀਤੇ ਇੱਕ ਦੂਜੇ ਉੱਪਰ ਹਮਲਿਆਂ ਵਿੱਚ ਮਾਰੇ ਗਏ, ਜਾਂ ਉਨਾਂ ਬੱਚਿਆਂ ਦਾ ਕੀ ਕਸੂਰ ਹੈ ਜੋ ਅੱਜ ਵੀ ਅਪਾਹਜ ਪੈਦਾ ਹੋ ਰਹੇ ਹਨ।

ਬੀਤੇ ਦਿਨੀਂ ਲੈਬਨਾਨ ਦੀ ਰਾਜਧਾਨੀ ਬੇਰੂਤ ਵਿੱਚ ਕੀ ਵਾਪਰਿਆ, ਇਹ ਸਭ ਨੇ ਦੇਖਿਆ ਕਿ ਕਿਵੇਂ ਇੱਕ ਵੱਡੇ ਧਮਾਕੇ ਨਾਲ ਦੇਖਦੇ ਹੀ ਦੇਖਦੇ ਬੇਰੂਤ ਦੇ ਆਸਮਾਨ ਵਿੱਚ ਕਾਲਾ ਧੂੰਆਂ ਛਾ ਗਿਆ। ਲੈਬਨਾਨ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਇਹ ਧਮਾਕਾ ਬਹੁਤ ਸਮੇਂ ਤੋਂ ਸਟੋਰ ਕੀਤੇ ਰਸਾਇਣਿਕ ਵਿਸਫੋਟ ਪਦਾਰਥ ਵਿੱਚ ਹੋਇਆ ਹੈ। ਪਰ ਬਹੁਤੇ ਦਾਅਵੇ ਇਹ ਵੀ ਹਨ ਕਿ ਇਹ ਇੱਕ ਹਥਿਆਰਾਂ ਦਾ ਜ਼ਖ਼ੀਰਾ ਸੀ, ਜਿਸ ਨੂੰ ਲੈਬਨਾਨ ਵਿੱਚ ਬੈਠੇ ਅੱਤਵਾਦੀ ਹਿਜ਼ਬੁਲ ਨੇ ਇਸਰਾਈਲ ਵਿਰੁੱਧ ਵਰਤਣ ਲਈ ਸਾਂਭਿਆ ਹੋਇਆ ਸੀ ਪਰ ਇਸਰਾਈਲ ਨੇ ਇਸ ਨੂੰ ਪਹਿਲਾਂ ਹੀ ਨਸ਼ਟ ਕਰ ਦਿੱਤਾ। ਚੱਲੋ! ਸੱਚ ਜੋ ਮਰਜ਼ੀ ਹੋਵੇ ਪਰ ਮਰੇ ਇਸ ਵਿੱਚ ਵੀ ਬੇਗੁਨਾਹ ਹੀ ਹਨ। ਹੁਣ ਤਕ 150 ਤੋਂ ਵੱਧ ਲੋਕ ਮਰ ਚੁੱਕੇ ਹਨ। ਪਰ ਵਿਸਫੋਟ ਦੇ ਭਿਆਨਕ ਮੰਜ਼ਰ ਨੂੰ ਦੇਖ ਕੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਮਰਨ ਵਾਲੇ ਹਜ਼ਾਰਾਂ ਦੀ ਗਿਣਤੀ ਵਿੱਚ ਹੋਣਗੇ। ਪੰਜ ਹਜ਼ਾਰ ਤੋਂ ਵੱਧ ਲੋਕ ਇਸ ਧਮਾਕੇ ਕਾਰਨ ਜ਼ਖ਼ਮੀ ਹੋਏ ਹਨ।

ਸਮੇਂ ਅਨੁਸਾਰ ਵਧ ਰਿਹਾ ਤਾਪਮਾਨ, ਆਵਾਜਾਈ ਸਾਧਨਾਂ ਵਿੱਚ ਵਾਧਾ ਅਤੇ ਰੁੱਖਾਂ ਦੀ ਕਟਾਈ ਆਦਿ ਕਾਰਨ ਤਾਪਮਾਨ ਬਹੁਤ ਉੱਪਰ ਜਾ ਰਿਹਾ ਹੈ, ਜੋ ਕਿ ਭਵਿੱਖ ਅੰਦਰ ਹੋਰ ਵੀ ਰਸਾਇਣਿਕ ਬਾਰੂਦੀ ਹਥਿਆਰਾਂ ਵਿੱਚ ਵਿਸਫੋਟ ਦਾ ਵੱਡਾ ਕਾਰਨ ਬਣ ਸਕਦਾ ਹੈ। ਪ੍ਰਮਾਣੂ ਹਥਿਆਰਾਂ ਦਾ ਵਿਰੋਧ ਪੂਰੀ ਦੁਨੀਆ ਅੰਦਰ ਹੀ ਵੱਖ ਵੱਖ ਸਮੇਂ ’ਤੇ ਹੁੰਦਾ ਰਿਹਾ ਹੈ ਅਤੇ ਇਨਾਂ ਮਾਰੂ ਹਥਿਆਰਾਂ ਉੱਪਰ ਪੂਰਨ ਪਾਬੰਦੀ ਦੀ ਗੱਲ ਉੱਠਦੀ ਰਹੀ ਹੈ। ਹੁਣ ਵਿਸ਼ਵ ਦੇ ਸਾਰੇ ਮਨੁੱਖੀ ਅਧਿਕਾਰ ਸੰਗਠਨਾਂ ਅਤੇ ਵਿਸ਼ਵ ਨੇਤਾਵਾਂ ਨੂੰ ਖ਼ੁਦ ਹੀ ਅੱਗੇ ਆ ਕੇ ਇਸ ਪ੍ਰਮਾਣੂ ਹਥਿਆਰਾਂ ਦੇ ਅਥਾਹ ਜਮਾਂ ਕੀਤੇ ਜ਼ਖੀਰੇ ਨੂੰ ਨਸ਼ਟ ਕਰ ਦੇਣਾ ਚਾਹੀਦਾ ਹੈ। ਸ਼ਾਇਦ ਇਸੇ ਲਈ ਹੀ ਕੁਦਰਤ ਸਾਨੂੰ ਕਰੋਨਾ ਮਹਾਂਮਾਰੀ ਜਾਂ ਹੁਣ ਬੇਰੂਤ ਰਸਾਇਣ ਵਿਸਫੋਟ ਵਰਗੀਆਂ ਚਿਤਾਵਨੀਆਂ ਦੇ ਕੇ ਸਾਨੂੰ ਵਾਰ-ਵਾਰ ਸੁਚੇਤ ਕਰ ਰਹੀ ਹੈ, ਕਿ ਅਜੇ ਵੀ ਸੁਧਾਰ ਵੱਲ ਕਦਮ ਚੁੱਕ ਲਵੋ, ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਅੰਜਾਮ ਇਸ ਤੋਂ ਵੀ ਕਿਤੇ ਬੁਰਾ ਭੁਗਤਣਾ ਪੈ ਸਕਦਾ ਹੈ।

**ਰਣਜੀਤ ਸਿੰਘ ਹਿਟਲਰ**

### ਵੈਸਟਰਨ ਕਲਚਰ ਜਾਂ ਅਜੋਕੀ ਐਜੂਕੇਸ਼ਨ

ਮਾਡਰਨੈਟੀ ਜਾਂ ਵੈਸਟਰਨ ਥਾਟ ਜਾਂ ਵੈਸਟਰਨ ਕਲਚਰ ਜਾਂ ਅਜੋਕੀ ਐਜੂਕੇਸ਼ਨ ਕੁਝ ਵੀ ਕਹਿ ਲਓ। ਇਹਨੇ ਇੱਕ ਅਦਬ ਜਾਂ ਐਟੀਕੇਟਸ ਦਾ ਇੱਕ ਸੈੱਟ ਨਾਲ ਲਿਆਂਦਾ ਹੈ । ਕਿਵੇਂ ਹੱਸਣਾ, ਕਿਵੇਂ ਬੋਲਣਾ, ਕਿਵੇਂ ਰੋਣਾ ਸਭ ਦਾ ਇੱਕ ਮਿਆਰ ਬੰਨ ਦਿੱਤਾ ਏ । ਮਨੁੱਖੀ ਹਾਵ ਭਾਵ, ਨੂੰ ਪ੍ਰਗਟਾਉਣ ਜਾਂ ਬੰਦੇ ਦੇ ਆਪਣੀਆਂ ਭਾਵਨਾਵਾਂ ਪ੍ਰਗਟ ਕਰਨ ਨੂੰ ਇੱਕ ਬੰਦਸ਼ ਵਿੱਚ ਬੰਨਿਆ ਹੈ । ਇਸ ਨਵੇਂ ਜ਼ਮਾਨੇ ਵਿੱਚ ਆਪਣੀ ਵੇਦਨਾ ਸੁਣਾਉਣ ,ਆਪਣੇ ਦਿਲ ਦੀ ਗੱਲ ਕਹਿਣ, ਆਪਣੀ ਖ਼ੁਸ਼ੀ ਜ਼ਾਹਿਰ ਕਰਨੀ...ਸਭ ਤੇ ਇੱਕ ਨਵੇਂ ਅਦਬ, ਸਲੀਕੇ ਦਾ ਪਹਿਰਾ ਏ।

ਇੱਕ ਬੰਦੇ ਦਾ ਦੁੱਖ ਸੁੱਖ ਉਹਦੇ ਆਪਣੇ ਤੱਕ ਸੀਮਤ ਹੋ ਗਿਆ, ਉਹ ਨਾ ਕਿਸੇ ਅੱਗੇ ਰੋਂਦਾ ਨਾ ਕਿਸੇ ਅੱਗੇ ਆਪਣੀ ਖ਼ੁਸ਼ੀ ਜਾਹਰ ਕਰਦਾ। ਉਹਨੇ ਦੁੱਖਾਂ ਦਾ ਘੋਗਾ ਆਪਣੇ ਦੁਆਲੇ ਵਲ ਲਿਆ ਏ ਜਿਸ ਵਿੱਚ ਉਹ ਰੋਗੀ ਹੋਇਆ ਬੈਠਾ ਏ।

ਉਹਦਾ ਢਿੱਡ ਦੀ ਸੁਣਾਉਣਾ, ਉਸਦਾ ਦੁੱਖ ਵਿੱਚ ਉੱਚੀ ਰੋਣਾ, ਉਹਦਾ ਖ਼ੁਸ਼ੀ ਵਿਚ ਖੇਡ ਕੇ ਹੱਸਣਾ ,ਸਭ ਮਰਿਆਦਾ ਤੋਂ ਬਾਹਰ ਹੋ ਗਿਆ। ਉਹ ਆਪਣਾ ਦੁੱਖ ਸਾਂਝਾ ਕਰਨ ਤੋਂ ਵੀ ਗਿਆ,ਅਸੀਂ ਤਾਂ ਦੁੱਖ ਚ ਦੁਖੀ ਹੋ ਸ਼ਾਮਲ ਹੁੰਦੇ ਸਾਂ ।

ਸਾਡੀਆਂ ਮਾਈਆਂ ਵੈਣ ਪਾ ਪਾ ਕੰਧਾਂ ਰਵਾ ਦਿੰਦੀਆਂ ਸੀ । ਅਹੀਂ ਖਿੜ ਖਿੜ ਹੱਸਣ ਵਾਲੇ, ਠਾਹਕੇ ਮਾਰਨ ਵਾਲੇ ਲੋਕ , ਕਿਸੇ ਦੀ ਖ਼ੁਸ਼ੀ ਤੇ ਨੱਚਣ ਗਾਉਣ ਵਾਲੇ । ਆਹ ਸਮਾਈਲ ਤਾਂ ਸਭ ਬਣਾਉਟੀ ਚੀਜ਼ ਆ, ਵੈਹੇ ਹਰ ਚੀਜ਼ ਬਣਾਉਟੀ ਹੋ ਗਈ ਆ। ਕਦੇ ਰਾਹ ਜਾਂਦੇ ਰਾਹੀ ਨੂੰ, ਨਾਲ ਬੈਠੀ ਸਵਾਰੀ ਆਪਣੇ ਸਾਰੇ ਖ਼ਣਵਾਦੇ ਦੀਆਂ ਸਾਰੀਆਂ ਵੱਡੀਆਂ ਨਿੱਕੀਆਂ ਸੁਣਾ ਦਿੰਦੀ ਸੀ। ਹੱਟੀ ਤੇ ਬੈਠੇ ਅਣਪਛਾਤੇ ਗਾਹਕ ਨਾਲ ਦੂਜੇ ਗਾਹਕ ਆਪਣਾ ਦੁਖੜਾ ਫੋਲ ਲੈਣਾ। ਬੰਦਾ ਬੰਦੇ ਦਾ ਦਾਰੂ ਸੀ ,ਹੁਣ ਇਹ ਸਭ ਬੇਵਕੂਫ਼ੀ ਬਣ ਗਿਆ ਏ। ਸੈਂਸ, ਅਕਲ ਤੋਂ ਬਾਹਰਲੀ ਸ਼ੈਅ ਬਣ ਗਈ ਆ। ਆਪਣੇ ਪਰਿਵਾਰ ਵਿੱਚ ਬਿਨਾਂ ਹਿਚਕ ਦੇ ਕਿਸੇ ਦੀਆਂ ਸੁਣਨੀਆਂ, ਕਿਸੇ ਦੀਆਂ ਦੱਸਣੀਆਂ.. ਦੁੱਖ ਸੁੱਖ ਸਾਂਝਾ ਕਰਨਾ। ਪਰ ਹੁਣ ਪਰਦਾ ਰੱਖਣ ਦੀ ਬਿਮਾਰੀ ਚਲੀ ਆ, ਝੱਗਾ ਚੁੱਕਿਆ ਢਿੱਡ ਤੇ ਭਾਵੇਂ ਨੰਗਾ ਹੋਜੇ ਪਰ ਡਿਪ੍ਰੈਸ਼ਨ ਤੋਂ ਤਾਂ ਬਚ ਜਾਈਦਾ ਸੀ। ਨਾਲੇ ਉਦੋਂ ਲੋਕ ਜਾਣਦੇ ਸਨ ਕਿ ਇਹ ਘਰ ਘਰ ਦੀ ਮਰਜ਼ ਆ, ਕੋਈ ਦਵਾ ਦਾਰੂ ਨਾ ਕਰੂ ਤਾਂ ਟਿੱਚਰ ਵੀ ਨਹੀਂ ਕਰਦਾ। ਹੁਣ ਬੰਦਾ ਬੰਦੇ ਦਾ ਦਾਰੂ ਨਹੀਂ ਬਣਦਾ ਬੱਸ ਆਪਣੇ ਜੋਗਾ ਹੋਇਆ ਆ। ਆਪਣੇ ਗ਼ਮ ਦੱਬਣ ਚ ਹੀ ਸਾਰਾ ਦਮ ਲਾਈ ਫਿਰਨ ਡਿਆ।

ਕਹਿਣ ਨੂੰ ਇਹੋ ਆ ਕਿ ਜ਼ਿਆਦਾ ਸਿਆਣਪ ਖਵਾਰ ਕਰਦੀ ਆ। ਕਿਸੇ ਦੇ ਦੁੱਖ ਸੁੱਖ ਚ ਸ਼ਰੀਕ ਹੋਏ ਰਹਿਣਾ ਚਾਹੀਦਾ ਏ, ਮਨ ਆਈ ਕਰਨੀ ਚਾਹੀਦੀ ਆ। ਲੋਕਾਂ ਨਾਲ ਦੁੱਖ ਫੋਲਿਆਂ, ਕਦੇ ਅਗਲਾ ਉਸ ਦਾ ਹੱਲ ਕੱਢ ਦਿੰਦਾ। ਦੁੱਖ ਅੰਦਰ ਪਿਆ ਬਿਮਾਰੀਆਂ ਨੂੰ ਵਾਜਾਂ ਮਾਰਦਾ ਰਹਿੰਦਾ ਏ। ਕਿਸੇ ਦਾ ਸੁਣੀਏ, ਕਿਸੇ ਨੂੰ ਕਹੀਏ... ਦੁਨੀਆ ਬੰਦਿਆਂ ਦਾ ਮੇਲਾ ਬਣ ਜਾਵੇ।

ਸਨਦੀਪ ਸਿੰਘ ਤੇਜਾ

### ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲੀ ਭਾਰਤੀ-ਨੀਤੀ

ਜਿਹੜੇ ਪੁਲਸੀਆਂ,ਲੀਡਰਾਂ ਤੇ ਹੋਰ ਲੋਕਾਂ ਨੇ 1978 ਤੋਂ 1995 ਤੱਕ ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲੀ ਭਾਰਤੀ-ਨੀਤੀ ਦੀ ਡਟ ਕੇ ਹਮਾਇਤ ਕੀਤੀ ਸੀ ਉਨਾਂ ਵਿਚ ਆਪਦੇ ਧੀਆਂ-ਪੁੱਤਾਂ ਨੂੰ ਵਿਦੇਸ਼ਾਂ ਵਿਚ ਭੇਜਣ ਦੀ ਹੋੜ ਸਭ ਤੋਂ ਵੱਧ ਲੱਗੀ ਹੋਈ ਹੈ।ਸਿੱਖਾਂ ਦੇ ਕਤਲੇਆਮ ਦੇ ਇਹ ਹਮਾਇਤੀ ਦਾਅਵਾ ਕਰਦੇ ਰਹੇ ਨੇ ਕਿ ਜਿੰਨਾ ਨੂੰ ਮਾਰਿਆ ਗਿਆ ਉਨਾਂ ਨੂੰ ਮਾਰਨਾ ਬੇਹੱਦ ਜ਼ਰੂਰੀ ਸੀ,ਨਹੀਂ ਤਾਂ ਪੰਜਾਬ ਬਰਬਾਦ ਹੋ ਜਾਂਦਾ ਤੇ ਉਨਾਂ ਨੂੰ ਮਾਰਨ ਮਗਰੋਂ ਹੀ ਪੰਜਾਬ ਵਿਚ ਸ਼ਾਂਤੀ,ਖ਼ੁਸ਼ਹਾਲੀ ਤੇ ਸਥਿਰਤਾ ਆਈ ਹੈ।ਜੇ ਉਹ ਸਿੱਖ ਖ਼ਤਮ ਕਰ ਦਿੱਤੇ ਗਏ ਨੇ ਜੋ ਪੰਜਾਬ ਦੀ ਬਰਬਾਦੀ ਵਾਲਾ ਮਹੌਲ ਸਿਰਜ ਰਹੇ ਸੀ,ਜੇ ਉਹ ਲੋਕ ਮਾਰਨ ਮਗਰੋਂ ਇੱਥੇ ਪੰਜਾਬ ਵਿਚ ਸ਼ਾਂਤੀ,ਖ਼ੁਸ਼ਹਾਲੀ ਤੇ ਸਥਿਰਤਾ ਦੇ ਝੰਡੇ ਝੂਲਦੇ ਨੇ ਤਾਂ ਫੇਰ ਹੁਣ ਪੰਜਾਬ ਵਿਚ ਰਹਿਣ ਵਿਚ ਕੀ ਮੁਸ਼ਕਿਲ ਹੈ?ਜੇ ਝੂਠੇ ਮੁਕਾਬਲਿਆਂ ਵਿਚ ਮਾਰਕੇ,ਲਾਵਾਰਸ ਲਾਸ਼ਾਂ ਐਲਾਨ ਕੇ ਸਾੜਕੇ,ਜ਼ੁਲਮ ਕਰਕੇ,ਤਰੱਕੀਆਂ ਤੇ ਇਨਾਮ ਲੈ ਕੇ ਪੰਜਾਬ ਨੂੰ ਹਰ ਤਰਾਂ ਸਮਰੱਥ ਤੇ ਸ਼ਾਨਦਾਰ ਸੂਬਾ ਬਣਾ ਹੀ ਲਿਆ ਗਿਆ ਹੈ ਤਾਂ ਇਹ ਜ਼ੁਲਮ ਕਰਨ ਵਾਲੇ ਪੁਲਸੀਏ,ਲੀਡਰ ਤੇ ਹੋਰ ਲੋਕ ਆਪਦੇ ਪਰਿਵਾਰਾਂ ਨੂੰ ਵਿਦੇਸ਼ ਕਿਉਂ ਭੇਜ ਰਹੇ ਹਨ?ਜਿਹੜੇ ਲੋਕਾਂ ਦਾ ਕੋਈ ਹੀਲਾ ਨਹੀਂ,ਜਿਹੜੇ ਪਹਿਲੇ ਦਿਨ ਤੋਂ ਹੀ ਹਕੂਮਤੀ ਸਿਸਟਮ ਦਾ ਸ਼ਿਕਾਰ ਹਨ,ਜਿਹੜੇ ਲੋਕ ਹਕੂਮਤੀ ਜ਼ੁਲਮਾਂ ਦੇ ਸਤਾਏ ਹੋਏ ਨੇ,ਜਿਹੜੇ ਲੋਕ ਹਕੂਮਤ ਦੀਆਂ ਮਾਰੂ ਨੀਤੀਆਂ ਸਾਹਮਣੇ ਬੇਵੱਸ ਨੇ ਜੇ ਉਹ ਆਪਦੀ ਹੋਂਦ-ਹਸਤੀ ਬਚਾਉਣ ਤੇ ਰੋਟੀ ਕਮਾਉਣ ਲਈ ਵਿਦੇਸ਼ਾਂ ਨੂੰ ਜਾਣ ਤਾਂ ਗੱਲ ਸਮਝ ਆਉਂਦੀ ਹੈ ਪਰ ਸਿੱਖਾਂ ਦੇ ਘਾਣ ਦੇ ਹਮਾਇਤੀ ਕਿਹੜੇ ਮੂੰਹ ਨਾਲ ਇੱਥੋਂ ਜਾ ਰਹੇ ਨੇ? ਇੱਥੇ ਰਹਿਣ।ਬਥੇਰੇ ਪੈਸੇ ਕਮਾਏ ਨੇ ਸਿੱਖਾਂ ਉੱਤੇ ਜ਼ੁਲਮ ਕਰਕੇ।ਇੱਥੇ ਆਪਦੇ ਧੀਆਂ-ਪੁੱਤਾਂ ਨੂੰ ਦਿਖਾਉਣ ਕਿ ਆਹ ਪੰਜਾਬ ਸਿਰਜਿਆ ਅਸੀਂ!

**ਸਰਬਜੀਤ ਸਿੰਘ ਘੁਮਾਣ**

### ਐੱਸਵਾਈਐੱਲ ’ਤੇ ਪੰਜਾਬ ਦਾ ਸਟੈਂਡ

ਸੁਪਰੀਮ ਕੋਰਟ ਵੱਲੋਂ ਸਤਲੁਜ-ਯਮੁਨਾ ਲਿੰਕ ਨਹਿਰ (ਐੱਸਵਾਈਐੱਲ) ਬਾਰੇ ਦਿੱਤੇ ਗਏ ਫ਼ੈਸਲੇ ਦੀ ਰੌਸ਼ਨੀ ਵਿਚ ਕੇਂਦਰੀ ਜਲ ਸਰੋਤ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਦੀ ਹਾਜ਼ਰੀ ਵਿਚ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਵਿਚਕਾਰ ਹੋਈ ਵੀਡੀਓ ਕਾਲ ਮੀਟਿੰਗ ਸਮੇਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਰੁਸਤ ਸਟੈਂਡ ਲਿਆ ਹੈ। ਉਨਾਂ ਵੱਲੋਂ ਕਿਹਾ ਗਿਆ ਹੈ ਕਿ ਪਾਣੀ ਦੀ ਉਪਲਬਧਤਾ ਦਾ ਪਤਾ ਲਾਉਣ ਲਈ ਵੱਖਰਾ ਟ੍ਰਿਬਿਊਨਲ ਬਣਾਇਆ ਜਾਵੇ। ਜਿਸ ਤਰਾਂ ਪੰਜਾਬ ਵਿਚ ਪਿਛਲੇ ਸਮੇਂ ਦੌਰਾਨ ਕਿਸਾਨੀ ਦਾ ਆਰਥਿਕ ਸੰਕਟ ਗਹਿਰਾਈਆਂ ਹੈ ਅਤੇ ਕਿਸਾਨੀ ਖ਼ੁਦਕੁਸ਼ੀਆਂ ਪੰਜਾਬ ਦਾ ਆਮ ਵਰਤਾਰਾ ਬਣੀਆਂ ਹਨ ਉਸ ਨੂੰ ਵੇਖਦਿਆਂ ਕੈਪਟਨ ਅਮਰਿੰਦਰ ਸਿੰਘ ਵੱਲੋਂ ਦਿੱਤੀ ਗਈ ਇਹ ਚੇਤਾਵਨੀ ਬਿਲਕੁਲ ਦਰੁਸਤ ਹੈ ਕਿ ਇਹ ਮੁੱਦਾ ਦੇਸ਼ ਦੀ ਸੁਰੱਖਿਆ ਨੂੰ ਵੀ ਭੰਗ ਕਰਨ ਲਈ ਚੰਗਿਆੜੀ ਬਣ ਸਕਦਾ ਹੈ।

ਕੇਂਦਰ ਸਰਕਾਰ ਨੂੰ ਸਮਝਣਾ ਚਾਹੀਦਾ ਹੈ ਕਿ ਪੰਜਾਬ ਦੀ ਆਰਥਿਕਤਾ ਦਾ ਧੁਰਾ ਵਾਹੀ ਯੋਗ ਜ਼ਮੀਨ ਹੈ ਅਤੇ ਇਸ ਜ਼ਮੀਨ ਦੀ ਉਪਜਾਊ ਸ਼ਕਤੀ ਪੂਰੀ ਤਰਾਂ ਕੁਦਰਤੀ ਸਰੋਤਾਂ ਤੋਂ ਪ੍ਰਾਪਤ ਹੋ ਸਕਦੇ ਪਾਣੀਆਂ ’ਤੇ ਨਿਰਭਰ ਹੈ। ਪਾਣੀ ਦੀ ਸੰਜਮ ਰਹਿਤ ਵਰਤੋਂ ਤੇ ਵੱਧ ਪਾਣੀ ਦੀ ਮੰਗ ਕਰਦੇ ਗ਼ਲਤ ਫ਼ਸਲੀ ਚੱਕਰ ਕਾਰਨ ਪੰਜਾਬ ਦੀ ਧਰਤੀ ਹੇਠਲੇ ਪਾਣੀ ਦਾ ਪੱਧਰ ਜਿਵੇਂ-ਜਿਵੇਂ ਨੀਵਾਂ ਹੁੰਦਾ ਜਾ ਰਿਹਾ ਹੈ, ਤਿਵੇਂ-ਤਿਵੇਂ ਦਰਿਆਈ ਪਾਣੀਆਂ ’ਤੇ ਕਿਸਾਨਾਂ ਦੀ ਨਿਰਭਰਤਾ ਵੀ ਵਧਦੀ ਜਾ ਰਹੀ ਹੈ। ਪੰਜਾਬ ਦੇ ਪਾਣੀਆਂ ਦੀ ਅਸਲ ਲੜਾਈ ਤਾਂ ਪੰਜਾਬ ਦੇ ਕਿਸਾਨਾਂ ਨੂੰ ਖ਼ੁਦ ਲੜਨੀ ਪਵੇਗੀ ਪਰ ਪਾਣੀਆਂ ਦੇ ਮੁੱਦੇ ’ਤੇ ਕੁਰਸੀ ਸਿਆਸੀ ਪਾਰਟੀਆਂ ਦੇ ਹਿੱਸੇ ਆਵੇਗੀ।

ਕੁਝ ਵਰੇ ਪਹਿਲੋਂ ਆਈ ਸਰਦਾਰਾ ਸਿੰਘ ਜੌਹਲ ਕਮੇਟੀ ਦੀ ਰਿਪੋਰਟ ਵੀ ਪੰਜਾਬੀਆਂ ਦੇ ਪਾਣੀਆਂ ਦੀ ਰਾਖੀ ਲਈ ਪ੍ਰਤੀ ‘ਕਰੋ ਜਾਂ ਮਰੋ’ ਦੀ ਲੜਾਈ ਵਾਲੇ ਜਜ਼ਬੇ ਨੂੰ ਪੂਰੀ ਤਰਾਂ ਵਾਜਬ ਠਹਿਰਾਉਂਦੀ ਹੈ। ਇਸ ਰਿਪੋਰਟ ਅਨੁਸਾਰ ਪੰਜਾਬ ਵਿਚ ਸਾਰੇ ਜਲ ਸਾਧਨਾਂ ਤੋਂ ਪ੍ਰਾਪਤ ਪਾਣੀ ਦੀ ਮਾਤਰਾ 31.3 ਲੱਖ ਹੈਕਟੇਅਰ ਮੀਟਰ ਹੈ ਜਿਸ ਵਿਚ 14.5 ਲੱਖ ਹੈਕਟੇਅਰ ਮੀਟਰ ਨਹਿਰੀ ਪਾਣੀ ਅਤੇ 16.8 ਲੱਖ ਹੈਕਟੇਅਰ ਮੀਟਰ ਜ਼ਮੀਨੀ ਪਾਣੀ ਹੈ। ਪੰਜਾਬ ਦੇ ਫ਼ਸਲੀ ਚੱਕਰ ਅਨੁਸਾਰ 43.7 ਲੱਖ ਹੈਕਟੇਅਰ ਮੀਟਰ ਪਾਣੀ ਦੀ ਲੋੜ ਹੈ। ਇਸ ਹਿਸਾਬ ਨਾਲ 12.4 ਲੱਖ ਹੈਕਟੇਅਰ ਮੀਟਰ ਜ਼ਮੀਨੀ ਪਾਣੀ ਵੱਧ ਇਸਤੇਮਾਲ ਕੀਤਾ ਜਾ ਰਿਹਾ ਹੈ। ਹੁਣ ਸਥਿਤੀ ਇਸ ਰਿਪੋਰਟ ਨਾਲੋਂ ਵੀ ਗੰਭੀਰ ਹੋ ਚੁੱਕੀ ਹੈ। ਜ਼ਮੀਨਦੋਜ਼ ਪਾਣੀ ਦੀ ਵਧੇਰੇ ਮਾਤਰਾ ਵਿਚ ਵਰਤੋਂ ਨਾਲ ਕਿਸਾਨਾਂ ਦੀ ਆਰਥਿਕਤਾ ’ਤੇ ਬਹੁਤ ਮਾਰੂ ਪ੍ਰਭਾਵ ਪੈ ਰਿਹਾ ਹੈ। ਖੇਤੀ ਮਾਹਿਰਾਂ ਦੀ ਰਿਪੋਰਟ ਅਨੁਸਾਰ ਹਰ ਸਾਲ ਜ਼ਮੀਨੀ ਪਾਣੀ ਦਾ ਪੱਧਰ ਔਸਤਨ 30 ਸੈਂਟੀਮੀਟਰ ਹੇਠਾਂ ਹੁੰਦਾ ਜਾ ਰਿਹਾ ਹੈ। ਪੰਜਾਬ ਦੇ ਮਾਲਵਾ ਖੇਤਰ ਵਿਚ ਤਾਂ ਇਹ ਦਸ ਮੀਟਰ ਤੋਂ ਵੀ ਵੱਧ ਖ਼ਤਰਨਾਕ ਪੱਧਰ ਤਕ ਹੇਠਾਂ ਚੱਲਿਆ ਗਿਆ ਹੈ। ਖੇਤੀ ਦੀ ਸਿਹਤ ਲਈ ਨੁਕਸਾਨਦੇਹ ਤੇ ਕਈ ਤਰਾਂ ਦੇ ਰਸਾਇਣਿਕ ਪਦਾਰਥਾਂ ਦੀ ਮਿਲਾਵਟ ਵਾਲੇ ਜ਼ਮੀਨੀ ਪਾਣੀ ਨੇ ਮਾਲਵਾ ਖੇਤਰ ਦੀ ਭੂਮੀ ਨੂੰ ਬਹੁਤ ਹੱਦ ਤਕ ਬੰਜਰ ਬਣਾ ਦਿੱਤਾ ਹੈ। ਜ਼ਮੀਨ ਦੀ ਉਪਜਾਊ ਸ਼ਕਤੀ ਲਗਾਤਾਰ ਘੱਟ ਰਹੀ ਹੈ ਜਿਸ ਕਾਰਨ ਪੰਜਾਬ ਦਾ ਕਿਸਾਨ ਆਤਮਘਾਤ ਦੇ ਰਾਹ ਪੈਣ ਲਈ ਮਜਬੂਰ ਹੈ। ਹਰਿਆਣਾ ਤੇ ਰਾਜਸਥਾਨ ਸਰਕਾਰ ਵੱਲੋਂ ਪੰਜਾਬ ਦਾ ਧੰਨਵਾਦ ਕੀਤਾ ਜਾਣਾ ਬਣਦਾ ਹੈ ਕਿ ਇਸ ਨਾਜ਼ੁਕ ਸਥਿਤੀ ਵਿਚ ਵੀ ਪੰਜਾਬ ਹਰਿਆਣਾ ਨੂੰ 9.95 ਐੱਮਏਐੱਫ ਤੇ ਰਾਜਸਥਾਨ ਨੂੰ 8.60 ਐੱਮਏਐੱਫ ਪਾਣੀ ਦੇ ਰਿਹਾ ਹੈ ਜਦੋਂਕਿ ਪੰਜਾਬ ’ਚੋਂ ਲੰਘਦੇ ਦਰਿਆਵਾਂ ਦੀ ਪਾਣੀ ਦੀ ਮਾਤਰਾ ਪਹਿਲਾਂ ਨਾਲੋਂ ਬਹੁਤ ਘੱਟ ਗਈ ਹੈ।

ਜਿਵੇਂ-ਜਿਵੇਂ ਪੰਜਾਬ ਵਿਚ ਟਿਊਬਵੈੱਲਾਂ ਦੀ ਗਿਣਤੀ ਵੱਧ ਰਹੀ ਹੈ ਤਿਵੇਂ-ਤਿਵੇਂ ਧਰਤੀ ਹੇਠਲਾ ਪਾਣੀ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ। ਜਦੋਂ ਸਤਲੁਜ-ਯਮੁਨਾ ਲਿੰਕ ਨਹਿਰ ਸਮਝੌਤਾ

ਅਮਲ ਵਿਚ ਆਇਆ ਸੀ ਤਾਂ ਪੰਜਾਬ ਵਿਚ ਪਾਣੀ ਦੀ ਘਾਟ ਦਾ ਮਸਲਾ ਜ਼ਿਆਦਾ ਗੰਭੀਰ ਨਹੀਂ ਸੀ। ਇਰਾਕੀ ਕਮਿਸ਼ਨ ਵੱਲੋਂ ਹਰਿਆਣਾ ਤੇ ਪੰਜਾਬ ਸਰਕਾਰ ਵਿਚਕਾਰ ਪਾਣੀ ਦੀ ਵੰਡ ਦੀ ਤਜਵੀਜ਼ ਚਾਰ ਦਹਾਕੇ ਪੁਰਾਣੀ ਹੈ ਜਦੋਂਕਿ ਪਾਣੀ ਦੀ ਵੰਡ ਦੇ ਕੌਮਾਂਤਰੀ ਨਿਯਮ ਆਖਦੇ ਹਨ ਕਿ ਹਰ 26 ਸਾਲ ਬਾਅਦ ਨਵੀਂ ਸਥਿਤੀ ਦਾ ਪਤਾ ਲਾਇਆ ਜਾਣਾ ਜ਼ਰੂਰੀ ਹੈ। ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਦਰਬਾਰਾ ਸਿੰਘ ਹਰਿਆਣਾ ਦੇ ਮੁੱਖ ਮੰਤਰੀ ਚੌਧਰੀ ਭਜਨ ਲਾਲ ਤੇ ਰਾਜਸਥਾਨ ਦੇ ਮੁੱਖ ਮੰਤਰੀ ਸ਼ਿਵ ਚਰਨ ਮਾਥੁਰ ਵਿਚਕਾਰ ਸਿਆਸੀ ਦਬਾਅ ਅਧੀਨ ਪੰਜਾਬ ਦੇ ਪਾਣੀਆਂ ਨੂੰ ਵੰਡਣ ਦਾ ਸਮਝੌਤਾ ਤਾਂ ਹੋ ਗਿਆ ਪਰ ਇਸ ਵੰਡ ਅਨੁਸਾਰ ਹਰਿਆਣਾ ਤੇ ਰਾਜਸਥਾਨ ਨੂੰ ਪਾਣੀ ਦੇਣ ਲਈ ਐੱਸਵਾਈਐੱਲ ਨਹਿਰ ਦਾ ਨਿਰਮਾਣ ਪੰਜਾਬੀਆਂ ਦੇ ਜ਼ਬਰਦਸਤ ਵਿਰੋਧ ਕਾਰਨ ਅੱਜ ਤਕ ਰੁਕਿਆ ਪਿਆ ਹੈ। ਇਸ ਨਹਿਰ ਦੀ ਉਸਾਰੀ ਰੋਕਣ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਲਾਇਆ ਕਪੂਰੀ ਦਾ ਮੋਰਚਾ ਆਪਣੇ-ਆਪ ਵਿਚ ਵੱਡੀ ਇਤਿਹਾਸਕ ਮਹੱਤਤਾ ਰੱਖਦਾ ਹੈ। ਇਸ ਮੋਰਚੇ ਨੂੰ ਉਸ ਵੇਲੇ ਖੱਬੀ ਧਿਰ ਦਾ ਵੀ ਸਮਰਥਨ ਹਾਸਲ ਰਿਹਾ। ਮੋਰਚੇ ਦੌਰਾਨ ਪੰਜਾਬ ਦੇ ਲੋਕਾਂ ਨੇ ਰਾਜਸੀ ਹਿੱਤਾਂ ਤੋਂ ਉੱਪਰ ਉੱਠ ਕੇ ਇੰਨੀਆਂ ਗ੍ਰਿਫ਼ਤਾਰੀਆਂ ਦਿੱਤੀਆਂ ਕਿ ਪੰਜਾਬ ਦੀਆਂ ਸਾਰੀਆਂ ਜੇਲਾਂ ਨੱਕੋ-ਨੱਕ ਭਰ ਗਈਆਂ।

ਨਹਿਰ ਦੀ ਖ਼ੁਦਾਈ ਦਾ ਕੰਮ ਭਾਵੇਂ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸੋਨੇ ਦੀ ਕਹੀ ਨਾਲ ਟੱਕ ਲਾ ਕੇ ਕੀਤਾ ਸੀ ਪਰ ਪੰਜਾਬੀਆਂ ਦੇ ਆਪਣੇ ਪਾਣੀਆਂ ਦੀ ਰਾਖੀ ਲਈ ਮਰ-ਮਿਟਣ ਦੇ ਜਜ਼ਬੇ ਵੱਲ ਵੇਖਦਿਆਂ ਕੇਂਦਰ ਸਰਕਾਰ ਇਸ ਨਹਿਰ ਦੀ ਖ਼ੁਦਾਈ ਜਾਰੀ ਰੱਖਣ ਦੀ ਹਿੰਮਤ ਨਾ ਕਰ ਸਕੀ।

ਸੰਨ 2005 'ਚ ਸੁਪਰੀਮ ਕੋਰਟ ਨੇ ਐੱਸਵਾਈਐੱਲ ਨਹਿਰ ਦੀ ਰੁਕੀ ਉਸਾਰੀ ਨੂੰ ਫਿਰ ਤੋਂ ਸ਼ੁਰੂ ਕਰਨ ਦਾ ਆਦੇਸ਼ ਜਾਰੀ ਕਰ ਦਿੱਤਾ। ਪੰਜਾਬ ਵਾਸੀਆਂ ਨੇ ਫਿਰ ਘੋਲ ਲੜਿਆ ਸੀ। ਉਸ ਵੇਲੇ ਦੇ ਕਾਂਗਰਸ ਪਾਰਟੀ ਨਾਲ ਸਬੰਧਿਤ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਹੀ ਪਾਰਟੀ ਦੇ ਮੁੱਖ ਮੰਤਰੀ ਰਹੇ ਦਰਬਾਰਾ ਸਿੰਘ ਵੱਲੋਂ ਪਾਣੀਆਂ ਦੀ ਵੰਡ ਸਬੰਧੀ ਗੁਆਂਢੀ ਰਾਜਾਂ ਨਾਲ ਕੀਤੇ ਗਏ ਪਿਛਲੇ ਸਮਝੌਤੇ ਨੂੰ ਰੱਦ ਕਰ ਦਿੱਤਾ ਗਿਆ। ਭਾਵੇਂ ਸੁਪਰੀਮ ਕੋਰਟ ਨੇ ਇਸੇ ਰੱਦ ਕੀਤੇ ਪਾਣੀਆਂ ਦੇ ਸਮਝੌਤੇ ਨੂੰ ਇਕਪਾਸੜ ਕਰਾਰ ਦੇ ਕੇ ਇਸ ਨੂੰ ਗ਼ੈਰ-ਸੰਵਿਧਾਨਕ ਠਹਿਰਾ ਦਿੱਤਾ ਗਿਆ ਹੈ ਪਰ ਪੰਜਾਬੀਆਂ ਦੀ ਮਾਨਸਿਕਤਾ ਅਜੇ ਵੀ ਇਸ ਫ਼ੈਸਲੇ ਨਾਲ ਜੁੜੀ ਹੋਈ ਹੈ। ਪੰਜਾਬ ਦੇ ਪਾਣੀਆਂ ਦੀ ਰਾਖੀ ਤਾਂ ਹੀ ਹੋ ਸਕੇਗੀ ਜੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਆਪੋ-ਆਪਣੇ ਸੌੜੇ ਸਿਆਸੀ ਹਿੱਤਾਂ ਤੋਂ ਉੱਪਰ ਉੱਠ ਕੇ ਇਸ ਗੱਲ 'ਤੇ ਕੌਮੀ ਰਾਇ ਬਣਾਉਣ ਦੀ ਕੋਸ਼ਿਸ਼ ਕਰਨਗੀਆਂ ਕਿ 35 ਸਾਲ ਪਹਿਲਾਂ ਦੋ ਧਿਰਾਂ ਵਿਚ ਹੋਇਆ ਸਮਝੌਤਾ ਪੂਰੀ ਤਰ੍ਹਾਂ ਗ਼ੈਰ-ਵਾਜਬ ਸੀ।

ਪਹਿਲਾਂ ਪਾਣੀਆਂ ਦੀ ਵੰਡ ਦਾ ਸਮਝੌਤਾ ਕਰਨ ਅਤੇ ਇਸ ਨੂੰ ਤੋੜਨ ਵਿਚ ਕੇਵਲ ਰਾਜਨੀਤਕ ਧਿਰਾਂ ਹੀ ਸ਼ਾਮਲ ਸਨ ਪਰ ਹੁਣ ਨਿਆਂਪਾਲਿਕਾ ਵੱਲੋਂ ਇਸ ਵਿਚ ਦਖ਼ਲਅੰਦਾਜ਼ੀ ਕਰਨ ਸਦਕਾ ਮਾਮਲਾ ਥੋੜ੍ਹਾ ਪੇਚੀਦਾ ਹੋ ਗਿਆ ਹੈ। ਜੇ ਸਿਆਸੀ ਪਾਰਟੀਆਂ ਇਕ-ਦੂਜੀ 'ਤੇ ਦੂਸ਼ਣਬਾਜ਼ੀ ਕਰ ਕੇ ਆਪ ਸੱਚੀਆਂ ਹੋਣ ਦਾ ਯਤਨ ਕਰਦੀਆਂ ਰਹੀਆਂ ਤਾਂ ਇਹ ਹੋਰ ਵੀ ਗੁੰਝਲਦਾਰ ਹੋ ਜਾਵੇਗਾ।

ਚੰਗਾ ਤਾਂ ਇਹੀ ਹੋਵੇਗਾ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਆਪੋ-ਆਪਣੀ ਡਫਲੀ ਵਜਾਉਣ ਦੀ ਥਾਂ ਇਕਸੁਰ ਹੋ ਕੇ ਪੰਜਾਬ ਦੇ ਪਾਣੀਆਂ ਦੀ ਰਾਖੀ ਕਰਨ ਲਈ ਆਵਾਜ਼ ਬੁਲੰਦ ਕਰਨ।

ਨਿਰੰਜਣ ਬੋਹਾ
ਮੋਬਾਈਲ-89682-82700

## ਪੰਜ-ਆਬ ਦਾ ਪਹਿਲਾ...

ਸੰਘਰ ਆਪਣੀਆਂ ਫ਼ੌਜਾਂ ਨੂੰ ਮੋਰਚੇਬੰਦ ਕਰਕੇ ਆਪਣੇ ਪਿਤਾ ਵੱਲ ਸੁਨੇਹਾ ਭੇਜ ਕੇ ਆਪ ਇਕਦਮ ਸਿਕੰਦਰ ਉੱਪਰ ਟੁੱਟ ਪਿਆ। ਪੋਰਸ ਦੇ ਪੁੱਤਰ ਕੋਲ 120 ਰੱਥ ਅਤੇ 2000 ਪੈਦਲ ਸਿਪਾਹੀ ਅਤੇ ਪੰਜ ਸੌ ਘੋੜ-ਸਵਾਰ ਸਨ। ਉਸ ਨੇ ਇੰਨੀ ਤੇਜ਼ੀ ਨਾਲ ਸਿਕੰਦਰ 'ਤੇ ਹਮਲਾ ਕੀਤਾ ਕਿ ਸਿਕੰਦਰ ਨੂੰ ਭੱਜ ਕੇ ਜਾਨ ਬਚਾਉਣੀ ਪਈ ਪਰ ਉਹ ਬਹੁਤ ਜ਼ਖ਼ਮੀ ਹੋ ਗਿਆ ਅਤੇ ਉਸ ਦਾ ਸਭ ਤੋਂ ਪਿਆਰਾ ਅਤੇ ਵਧੀਆ ਘੋੜਾ ਬੁਕੇਫੱਲਸ ਮਾਰਿਆ ਗਿਆ। ਯੂਨਾਨੀ ਲੇਖਕ ਕਰਟੀਅਸ ਲਿਖਦਾ ਹੈ: "ਸਿਕੰਦਰ ਝਟਪਟ ਲੜਾਈ ਵਿੱਚ ਸ਼ਾਮਲ ਹੋ ਗਿਆ ਪਰ ਉਸ ਦਾ ਘੋੜਾ ਪਹਿਲੇ ਹੱਲੇ ਵਿੱਚ ਹੀ ਜ਼ਖ਼ਮੀ ਹੋ ਗਿਆ ਅਤੇ ਉਹ ਸਿਰ-ਪਰਨੇ ਧਰਤੀ ਉੱਤੇ ਜਾ ਡਿੱਗਿਆ। ਅੰਗ ਰੱਖਿਅਕਾਂ ਨੇ ਫੁਰਤੀ ਨਾਲ ਕੋਲ ਪਹੁੰਚ ਕੇ ਸਿਕੰਦਰ ਨੂੰ ਬਚਾ ਲਿਆ ਸੀ।" ਪੋਰਸ ਦੇ ਪੁੱਤਰ ਦੀ ਬਾਜ਼ ਜਿਹੀ ਝਪਟ ਦੇਖ ਕੇ ਸਿਕੰਦਰ ਸੋਚਾਂ ਵਿੱਚ ਪੈ ਗਿਆ ਸੀ ਕਿ ਜਦੋਂ ਖ਼ੁਦ ਪੋਰਸ ਲੜਾਈ ਵਿੱਚ ਉੱਤਰੇਗਾ ਤਾਂ ਕੀ ਹਾਲ ਹੋਵੇਗਾ ?

ਉੱਧਰ ਜਦੋਂ ਪੋਰਸ ਨੂੰ ਸੁਨੇਹਾ ਮਿਲਿਆ ਤਾਂ ਉਹ ਹੈਰਾਨ ਪਰੇਸ਼ਾਨ ਹੋ ਗਿਆ। ਉਹ ਤਾਂ ਸਮਝਦਾ ਸੀ ਕਿ ਸਿਕੰਦਰ ਉਸ ਦੇ ਸਾਹਮਣੇ ਹੈ। ਫਿਰ ਵੀ ਉਹ ਪੂਰੀ ਤੇਜ਼ੀ ਨਾਲ ਆਪਣੇ ਪੁੱਤਰ ਨਾਲ ਰਲਣ ਲਈ ਉੱਧਰ ਨੂੰ ਰਵਾਨਾ ਹੋ ਗਿਆ। ਸੰਘਰ ਅਤੇ ਸਿਕੰਦਰ ਵਿਚਕਾਰ ਐਸਾ ਘਮਸਾਣ ਯੁੱਧ ਹੋਇਆ ਕਿ ਦੋਵੇਂ ਧਿਰਾਂ ਨੂੰ ਹੀ ਆਪਣੀਆਂ-ਆਪਣੀਆਂ ਮੁੱਖ ਫ਼ੌਜਾਂ ਉਡੀਕਣ ਦੀ ਵਿਹਲ ਨਹੀਂ ਮਿਲੀ। ਪੋਰਸ ਦੇ ਪਹੁੰਚਣ ਤੱਕ ਉਸ ਦਾ ਪੁੱਤਰ ਲੜਦਾ ਹੋਇਆ ਮਾਰਿਆ ਗਿਆ ਸੀ। ਪੋਰਸ ਨੇ ਆਉਂਦਿਆਂ ਹੀ ਸਿਕੰਦਰ ਉੱਪਰ ਹਮਲਾ ਕਰ ਦਿੱਤਾ। ਬੜੀ ਘਮਸਾਣ ਦੀ ਲੜਾਈ ਹੋਣ ਲੱਗੀ। ਮਸਤ ਹਾਥੀਆਂ ਨੇ ਭਿਅੰਕਰ ਆਵਾਜ਼ਾਂ ਕੱਢ-ਕੱਢ ਕੇ ਯੂਨਾਨੀ ਘੋੜਿਆਂ ਅਤੇ ਸਿਪਾਹੀਆਂ ਨੂੰ ਆਪਣੇ ਸੁੰਡਾਂ ਨਾਲ ਉਲਟਾ ਦਿੱਤਾ ਸੀ। ਯੂਨਾਨੀ ਇਤਿਹਾਸਕਾਰ ਕਰਟੀਅਸ ਲਿਖਦਾ ਹੈ, "ਰਥਵਾਨਾਂ ਨੇ ਆਪਣੇ ਰੱਥ ਪੂਰੀ ਰਫ਼ਤਾਰ ਨਾਲ ਲੜਾਈ ਵਿੱਚ ਝੋਕ ਦਿੱਤੇ। ਉਨ੍ਹਾਂ ਦਾ ਖ਼ਿਆਲ ਸੀ ਕਿ ਇਸ ਤਰ੍ਹਾਂ ਉਹ ਵਧੀਆ ਢੰਗ ਨਾਲ ਆਪਣੇ ਸਾਥੀਆਂ ਦੀ ਮਦਦ ਕਰ ਸਕਣਗੇ। ਇਸ ਨਾਲ ਸਭ ਪਾਸੇ ਲੜਾਈ ਗਰਮ ਹੋ ਗਈ। ਇਹ ਕਹਿਣਾ ਮੁਸ਼ਕਲ ਹੈ ਕਿ ਇਸ ਮੁੱਠਭੇੜ ਵਿੱਚ ਬਹੁਤਾ ਨੁਕਸਾਨ ਕਿਹੜੀ ਧਿਰ ਦਾ ਹੋਇਆ। ਜੇ ਇੱਕ ਪਾਸੇ ਮਕਦੂਨੀਆਂ ਦੇ ਪਿਆਦੇ, ਜਿਨ੍ਹਾਂ ਨੂੰ ਹਮਲੇ ਦੀ ਪਹਿਲੀ ਚੋਟ ਸਹਿਣੀ ਪਈ ਸੀ, ਹਾਥੀਆਂ ਦੇ ਪੈਰਾਂ ਹੇਠ ਲਿਤਾੜੇ ਗਏ ਸਨ ਤਾਂ ਦੂਜੇ-ਪਾਸੇ ਉੱਚੀ-ਨੀਵੀਂ ਤੇ ਤਿਲਕਵੀਂ ਧਰਤੀ 'ਤੇ ਦੌੜਦੇ ਰੱਥਾਂ ਦੇ ਝਟਕਿਆਂ ਨਾਲ ਰਥਵਾਨ ਉੱਛਲ ਕੇ ਹੇਠਾਂ ਜਾ ਡਿਗਦੇ ਸਨ। ਕੁਝ ਘੋੜੇ ਡਰ ਕੇ ਰੱਥਾਂ ਨੂੰ ਧੂਹ ਕੇ ਨਾ ਸਿਰਫ਼ ਜਿੱਲਣ ਤੇ ਖੋਭੇ ਵਿੱਚ ਹੀ ਲੈ ਗਏ ਸਨ ਸਗੋਂ ਸਿਰ-ਪਰਨੇ ਦਰਿਆ ਵਿੱਚ ਜਾ ਡਿੱਗੇ ਸਨ।"

ਇਹ ਬਿਆਨ ਸਿਕੰਦਰ ਦੀ ਆਪਣੀ ਧਿਰ ਦੇ ਇਤਿਹਾਸਕਾਰ ਦਾ ਹੈ। ਉਸ ਦਾ ਆਪਣਾ ਇਤਿਹਾਸਕਾਰ ਕਹਿ ਰਿਹਾ ਹੈ ਕਿ ਕਿਹਾ ਨਹੀਂ ਜਾ ਸਕਦਾ ਕਿ ਕਿਹੜੀ ਧਿਰ ਦਾ ਨੁਕਸਾਨ ਜ਼ਿਆਦਾ ਹੋਇਆ ਹੈ ਤੇ ਕਿਹੜੀ ਦਾ ਘੱਟ। ਇਸ ਗੱਲ ਤੋਂ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬੀ ਫ਼ੌਜ ਨੇ ਸਿਕੰਦਰ ਦੀ ਫ਼ੌਜ ਦਾ ਬੁਰਾ ਹਾਲ ਕਰ ਦਿੱਤਾ ਸੀ। ਪੋਰਸ ਆਪਣੀ ਫ਼ੌਜ ਦੀ ਤਰਤੀਬ ਕਰਕੇ ਉਸ ਥਾਂ ਆ ਗਿਆ ਜਿੱਥੇ ਧਰਤੀ ਪੱਧਰੀ ਸੀ। ਯੂਨਾਨੀ ਇਤਿਹਾਸਕਾਰ ਏਰੀਅਨ ਦੱਸਦਾ ਹੈ ਕਿ ਪੋਰਸ ਨਾਲ ਚਾਰ ਹਜ਼ਾਰ ਘੋੜ-ਸਵਾਰ, ਤਿੰਨ ਸੌ ਰੱਥ, 200 ਹਾਥੀ ਅਤੇ 30,000 ਪੈਦਲ ਸਿਪਾਹੀ ਸਨ। ਇਹ ਹਾਥੀ ਸਾਢੇ ਤੇਤੀ-ਤੇਤੀ ਗਜ਼ਾਂ ਦੀ ਦੂਰੀ 'ਤੇ ਖੜੇ ਕੀਤੇ ਗਏ ਸਨ। ਇਨ੍ਹਾਂ ਦੇ ਵਿਚਕਾਰ ਪੈਦਲ ਸਿਪਾਹੀ ਸਨ। ਇਸ ਤਰ੍ਹਾਂ ਪੋਰਸ ਦੀ ਫ਼ੌਜ 'ਇੱਕ ਵਿਸ਼ਾਲ ਕਿਲੇ ਦੀ ਫ਼ਸੀਲ ਵਾਂਗ ਜਾਪਦੀ ਸੀ ਜਿਸ ਦੇ ਵਿਚਕਾਰ ਦੈਂਤਾ ਵਰਗੇ ਹਾਥੀ ਬੁਰਜਾਂ ਵਾਂਗ ਜਾਪਦੇ ਸਨ ਅਤੇ ਦੋਵੇਂ ਪਾਸੇ ਖੜੇ ਘੋੜ-ਸਵਾਰ ਅਤੇ ਰੱਥ ਮੁਨਾਰਿਆਂ ਵਾਂਗ ਜਾਪਦੇ ਸਨ।"

ਇੱਕ ਹੋਰ ਯੂਨਾਨੀ ਇਤਿਹਾਸਕਾਰ ਕਰਟੀਅਸ ਮੁਤਾਬਿਕ ਪੋਰਸ ਦੀ ਫ਼ੌਜ ਦੀ ਇਹ ਦਿੱਖ ਦੇਖ ਕੇ ਇੱਕ ਵਾਰ ਤਾਂ ਮਕਦੂਨੀਆਂ ਵਾਲੇ ਠਠੰਬਰ ਗਏ ਸਨ। "ਨਾ ਸਿਰਫ਼ ਦੈਂਤਾਂ ਵਰਗੇ ਹਾਥੀਆਂ ਦੇ ਨਜ਼ਾਰੇ ਨੇ ਸਗੋਂ ਪੋਰਸ ਦੀ ਆਪਣੀ ਦਿੱਖ ਨੇ ਮਕਦੂਨੀਆਂ ਵਾਲਿਆਂ ਨੂੰ ਹੈਰਾਨ ਕਰ ਦਿੱਤਾ ਸੀ ਅਤੇ ਉਹ ਕੁਝ ਚਿਰ ਲਈ ਰੁਕਣ ਵਾਸਤੇ ਮਜਬੂਰ ਹੋ ਗਏ ਸਨ। ਫ਼ੌਜ ਦੀਆਂ ਕਤਾਰਾਂ ਵਿਚਕਾਰ ਥੋੜੇ-ਥੋੜੇ ਫ਼ਾਸਲੇ 'ਤੇ ਖੜੇ ਕੀਤੇ ਹਾਥੀ ਦੂਰੋਂ ਬੁਰਜਾਂ ਵਾਂਗ ਜਾਪਦੇ ਸਨ। ਪੋਰਸ ਦਾ ਆਪਣਾ ਕੱਦ ਮਨੁੱਖਾਂ ਦੇ ਮਿਆਰੀ ਕੱਦ ਨਾਲੋਂ ਬਹੁਤ ਉੱਚਾ ਸੀ। ਅੱਗੋਂ ਉਹ ਅਜਿਹੇ ਹਾਥੀ ਉੱਪਰ ਸਵਾਰ ਸੀ ਜਿਹੜਾ ਬਾਕੀ ਹਾਥੀਆਂ ਨਾਲੋਂ ਉੱਚਾ ਸੀ। ਇਸ ਲਈ ਪੋਰਸ ਹੋਰ ਸਭ ਸਿਪਾਹੀਆਂ ਨਾਲੋਂ ਅਸਾਧਾਰਨ ਤੌਰ 'ਤੇ ਬਹੁਤ ਉੱਚਾ ਦਿਸਦਾ ਸੀ। ਸਿਕੰਦਰ ਨੇ ਪੋਰਸ ਦੀ ਫ਼ੌਜ 'ਤੇ ਧਿਆਨ ਨਾਲ ਨਜ਼ਰ ਮਾਰਨ ਤੋਂ ਬਾਅਦ ਆਪਣੇ ਕੋਲ ਖੜੇ ਜਰਨੈਲਾਂ ਨੂੰ ਬਿਨਾਂ ਝਿਜਕ ਕਿਹਾ ਸੀ, "ਅੱਜ ਮੈਂ ਇੱਕ ਅਜਿਹਾ ਖ਼ਤਰਾ ਦੇਖ ਰਿਹਾ ਹਾਂ ਜਿਹੜਾ ਮੇਰੇ ਹੌਸਲੇ ਨੂੰ ਪਰਖੇਗਾ। ਅੱਜ ਦੈਂਤਾ ਵਰਗੇ ਹਾਥੀਆਂ ਅਤੇ ਮਨੁੱਖਾਂ ਨਾਲ ਇੱਕੋ ਸਮੇਂ ਹੀ ਲੜਨਾ ਹੋਵੇਗਾ।"

ਯੂਨਾਨੀ ਇਤਿਹਾਸਕਾਰ ਜਸਟਿਨ ਲਿਖਦਾ ਹੈ ਕਿ ਪੋਰਸ ਨੇ ਸਿਕੰਦਰ ਨੂੰ ਸਾਹਮਣੇ ਖੜਾ ਦੇਖ ਕੇ ਲਲਕਾਰਿਆ ਕਿ ਲੜਾਈ ਜਿੱਤਣ ਲਈ ਫ਼ੌਜੀਆਂ ਨੂੰ ਮਰਵਾਉਣ ਦਾ ਕੀ ਫ਼ਾਇਦਾ ਹੈ ? ਤੂੰ ਸਾਹਮਣੇ ਆ, ਆਪਾਂ ਦੋਵੇਂ ਲੜਦੇ ਹਾਂ, ਜਿਹੜਾ ਜਿੱਤ ਗਿਆ ਜਿੱਤ ਉਸੇ ਦੀ ਹੋਵੇਗੀ। ਪਰ ਸਿਕੰਦਰ ਨੇ ਉਸ ਦੀ ਕਿਸੇ ਲਲਕਾਰ ਦਾ ਜਵਾਬ ਨਹੀਂ ਦਿੱਤਾ ਅਤੇ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਲੜਾਈ ਦੀ ਯੂਨਾਨੀ (ਮਕਦੂਨੀ) ਅਤੇ ਪੰਜਾਬੀ ਤਕਨੀਕ ਵਿੱਚ ਬਹੁਤ ਫ਼ਰਕ ਸੀ। ਸਿਕੰਦਰ ਦੂਰ ਵਾਲੀ ਥਾਂ 'ਤੇ ਘੋੜ-ਸਵਾਰ ਹੋਇਆ ਇੱਕ ਸੁਰੱਖਿਅਤ ਘੇਰੇ ਵਿੱਚ ਖੜਾ ਸੀ ਜਦੋਂਕਿ ਪੋਰਸ ਆਪਣੀ ਫ਼ੌਜ ਦੇ ਬਿਲਕੁਲ ਮੂਹਰੇ ਹੋ ਕੇ ਲੜ ਅਤੇ ਲੜਾ ਰਿਹਾ ਸੀ। ਬਾਕੀ ਸਾਰੇ ਹਾਥੀ ਪੋਰਸ ਦੇ ਹਾਥੀ ਨੂੰ ਆਪਣੇ ਸਾਹਮਣੇ ਦੇਖ ਕੇ ਅੱਗੇ ਵਧ ਰਹੇ ਸਨ। ਪੋਰਸ ਹੌਦੇ ਵਿੱਚ ਖੜਾ ਨੇਜ਼ੇ ਐਸੀ ਤਾਕਤ ਅਤੇ ਤੇਜ਼ੀ ਨਾਲ ਸੁੱਟ ਰਿਹਾ ਸੀ ਕਿ ਉਹ ਜਿਹੜੇ ਵੀ ਘੋੜੇ ਜਾਂ ਸਿਪਾਹੀ ਨੂੰ ਵੱਜਦਾ ਸੀ ਉਹ ਉਲਟ ਜਾਂਦਾ ਸੀ। ਪੋਰਸ ਨੂੰ ਉਸ ਦੀ ਸਾਰੀ ਫ਼ੌਜ ਦੇਖ ਰਹੀ ਸੀ। ਉਹ ਸਿਕੰਦਰ ਕੋਲ ਪਹੁੰਚ ਕੇ ਉਸ ਉੱਪਰ ਨੇਜ਼ਾ ਸੁੱਟਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਸਿਕੰਦਰ ਉਸ ਦੇ ਨੇਜ਼ੇ ਦੀ ਮਾਰ ਤੋਂ ਦੂਰ ਰਹਿ ਰਿਹਾ ਸੀ।

ਪ੍ਰੋ. ਬੁੱਧ ਪ੍ਰਕਾਸ਼ ਵੱਲੋਂ ਯੂਨਾਨੀ ਇਤਿਹਾਸਕਾਰਾਂ ਜਸਟਿਨ ਅਤੇ ਕਰਟੀਅਸ ਦੀ ਜਾਣਕਾਰੀ ਦੇ ਆਧਾਰ 'ਤੇ ਪੇਸ਼ ਕੀਤੇ ਗਏ ਦ੍ਰਿਸ਼ ਮੁਤਾਬਿਕ ਸਭ ਤੋਂ ਪਹਿਲਾਂ ਇੱਕ ਹਜ਼ਾਰ ਘੋੜ-ਸਵਾਰ ਤੀਰ ਅੰਦਾਜ਼ਾ ਦੇ ਦਸਤੇ ਨੇ ਪੋਰਸ ਦੀ ਖੱਬੀ ਬਾਹੀ ਉੱਪਰ, ਜਿਹੜੀ ਦਰਿਆ ਦੇ ਕੰਢੇ ਨੇੜੇ ਸੀ, ਇੱਕ ਡਾਢਾ ਮਾਰੂ ਹਮਲਾ ਕੀਤਾ। ਸਿਕੰਦਰ ਨੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਪੋਰਸ ਦੀ ਫ਼ੌਜ ਦੀ ਖੱਬੀ ਬਾਹੀ ਵਿਰੁੱਧ ਬੜੀ ਫੁਰਤੀ ਨਾਲ ਅੱਗੇ ਵੱਲ ਕੂਚ ਕੀਤਾ। ਉਸ ਸਮੇਂ ਤੱਕ ਉਹ ਫ਼ੌਜੀ ਕਤਾਰਾਂ ਵਿੱਚ ਹੀ ਸਨ ਤੇ ਉਨ੍ਹਾਂ ਨੂੰ ਤਰਤੀਬ ਵਿੱਚ ਖੜਾ ਨਹੀਂ ਕੀਤਾ ਗਿਆ ਸੀ। ਸਿਕੰਦਰ ਦੇ ਜਰਨੈਲ ਕੋਇਨੌਸ ਨੇ ਵੀ ਪੂਰੇ ਜ਼ੋਰ ਨਾਲ ਆਪਣੇ ਘੋੜ-ਸਵਾਰਾਂ ਨੂੰ ਖੱਬੇ ਪਾਸੇ ਵੱਲ ਝੋਕ ਦਿੱਤਾ। ਇਨ੍ਹਾਂ ਘੋੜ-ਸਵਾਰਾਂ ਦੇ ਜ਼ੋਰਦਾਰ ਹਮਲੇ ਸਾਹਮਣੇ ਪੋਰਸ ਦੇ ਰੱਥ ਹਿੱਲ ਗਏ। ਉਹ ਇੰਨੇ ਭਾਰੇ ਸਨ ਕਿ ਚਿੱਕੜ ਤੇ ਖੋਭੇ ਵਾਲੀ ਧਰਤੀ ਵਿੱਚ ਚੱਲਣੋਂ ਰਹਿ ਗਏ। ਇਸ ਲਈ ਪੋਰਸ ਦੇ ਘੋੜ-ਸਵਾਰ ਵੀ ਸੱਜੇ-ਖੱਬੇ ਪਾਸਿਉਂ ਆ ਇਕੱਠੇ ਹੋਏ ਤਾਂ ਜੋ ਆਪਣੇ ਰੱਥਾਂ ਨੂੰ ਦੁਸ਼ਮਣ ਦੇ ਹਮਲੇ ਤੋਂ ਬਚਾਅ ਸਕਣ।

ਉਸੇ ਵੇਲੇ ਕੋਇਨੌਸ ਆਪਣੀ ਵਿਉਂਤ ਅਨੁਸਾਰ ਸੱਜੇ ਪਾਸੇ ਮੁੜ ਗਿਆ। ਉਸ ਨੇ ਪੰਜਾਬੀ ਘੋੜ-ਸਵਾਰਾਂ ਉੱਪਰ ਪਿੱਛੋਂ ਦੀ ਹੋ ਕੇ ਹਮਲਾ ਕਰ ਦਿੱਤਾ। ਦੋਵਾਂ ਹਮਲਿਆਂ ਦੇ ਵਿਚਕਾਰ ਕਾਬੂ ਆ ਜਾਣ ਉੱਤੇ ਪੰਜਾਬੀ ਘੋੜ-ਸਵਾਰਾਂ ਨੇ ਬੜੀ ਤੇਜ਼ੀ ਨਾਲ ਆਪਣੇ-ਆਪ ਨੂੰ ਦੋ ਭਾਗਾਂ ਵਿੱਚ ਵੰਡ ਲਿਆ। ਇੱਕ ਨੇ ਸਾਹਮਣੇ ਅਤੇ ਦੂਜੇ ਨੇ ਪਿਛਲੇ ਪਾਸੇ ਦਾ ਹਮਲਾ ਰੋਕਣ ਦਾ ਯਤਨ ਕੀਤਾ। ਅਜੇ ਇਹ ਘੋੜ-ਸਵਾਰ ਆਪਣੀਆਂ ਕਤਾਰਾਂ ਤੇ ਥਾਵਾਂ ਬਦਲਣ ਹੀ ਲੱਗੇ ਸਨ ਕਿ ਸਿਕੰਦਰ ਨੇ ਖ਼ੁਦ ਅੱਗੋਂ ਤੇ ਕੋਇਨੌਸ ਨੇ ਪਿੱਛੋਂ ਦੀ ਜ਼ੋਰ ਪਾ ਕੇ ਉਨ੍ਹਾਂ ਦੇ ਹੋਸ਼-ਹਵਾਸ ਗੁੰਮ ਕਰ ਦਿੱਤੇ।

ਇਸ ਨਾਲ ਉਨ੍ਹਾਂ ਨੂੰ ਆਪਣੇ-ਆਪ ਦੀ ਪੈ ਗਈ ਅਤੇ ਉਨ੍ਹਾਂ ਨੇ ਆਪਣੇ ਪਿਆਦਿਆਂ ਦੇ ਅੱਗੋਂ ਦੀ ਭੱਜ ਕੇ ਦੋ-ਦੋ ਹਾਥੀਆਂ ਵਿਚਕਾਰ ਛੱਡੇ ਹੋਏ ਖਪਿਆਂ ਵਿੱਚ ਪਨਾਹ ਲੈ ਲਈ। ਫਿਰ ਜਿੰਨੀ ਛੇਤੀ ਹੋ ਸਕਿਆ, ਉਹ ਆਪਣੀਆਂ ਪਲਟਣਾਂ ਦੀਆਂ ਵਿੱਥਾਂ ਵਿੱਚੋਂ ਲੰਘ ਕੇ ਕੁਝ ਸਮੇਂ ਲਈ ਲੜਾਈ ਤੋਂ ਬਾਹਰ ਹੋ ਗਏ।

ਯੂਨਾਨੀ ਘੋੜ-ਸਵਾਰਾਂ ਦੇ ਮਾਰੂ ਹਮਲੇ ਅਤੇ ਆਪਣੇ ਘੋੜ-ਸਵਾਰਾਂ ਦਾ ਹਾਲ ਦੇਖ ਕੇ ਪੋਰਸ ਨੇ ਆਪਣੇ ਹਾਥੀਆਂ ਨਾਲ ਉਨ੍ਹਾਂ ਉੱਪਰ ਬਹੁਤ ਜ਼ੋਰਦਾਰ ਹਮਲਾ ਕੀਤਾ। ਇਸ ਹਮਲੇ ਨੇ ਯੂਨਾਨੀ ਘੋੜ-ਸਵਾਰਾਂ ਨੂੰ ਐਸੀ ਮਾਰ ਮਾਰੀ ਕਿ ਉਨ੍ਹਾਂ ਦੇ ਹਮਲੇ ਦੇ ਅਸਰ ਨੂੰ ਬਿਲਕੁਲ ਬੇਕਾਰ ਕਰ ਦਿੱਤਾ। ਉਹ ਘੋੜਿਆਂ ਨੂੰ ਆਪਣੀਆਂ ਸੁੰਡਾਂ ਨਾਲ ਉਲਟਾ ਕੇ ਧਰਤੀ 'ਤੇ ਸੁੱਟ ਦਿੰਦੇ ਅਤੇ ਸਿਪਾਹੀਆਂ ਨੂੰ ਪੈਰਾਂ ਹੇਠਾਂ ਮਿੱਧ ਦਿੰਦੇ ਸਨ। ਇਸ ਤਰ੍ਹਾਂ ਜਦੋਂ ਮਹਾਵਤਾਂ ਨੇ ਆਪਣੇ ਹਾਥੀਆਂ ਨੂੰ ਬੁਰੀ ਤਰ੍ਹਾਂ ਭੜਕਾ ਕੇ ਯੂਨਾਨੀ ਫ਼ੌਜ ਉੱਪਰ ਚਾੜ੍ਹ ਦਿੱਤਾ ਤਾਂ ਉਨ੍ਹਾਂ ਦੀ ਓਟ ਵਿੱਚ ਪੰਜਾਬੀ ਪੈਦਲ ਸਿਪਾਹੀਆਂ ਨੇ ਹੱਲਾ ਬੋਲ ਦਿੱਤਾ। ਯੂਨਾਨੀ ਘੋੜ-ਸਵਾਰਾਂ ਦਾ ਬੁਰਾ ਹਾਲ ਤੱਕ ਕੇ ਸਿਕੰਦਰ ਨੇ ਆਪਣੇ ਫੈਲੈਂਕਸ ਦਸਤਿਆਂ ਨੂੰ ਅੱਗੇ ਵਧਾਇਆ ਪਰ ਇਹ ਫੈਲੈਂਕਸ ਦਸਤੇ ਵੀ ਹਾਥੀਆਂ ਦੇ ਹਮਲੇ ਨੂੰ ਪਛਾੜ ਨਹੀਂ ਸਕੇ। ਪੋਰਸ ਦੇ ਹਾਥੀ ਯੂਨਾਨੀ ਸੈਨਾ ਨੂੰ ਪੈਰਾਂ ਹੇਠ ਲਿਤਾੜਦੇ ਅਤੇ ਮਾਰਦੇ ਹੋਏ ਅੱਗੇ ਵਧਦੇ ਗਏ। ਇਸ ਨਾਲ ਪੂਰੀ ਯੂਨਾਨੀ ਫ਼ੌਜ ਵਿੱਚ ਭਗਦੜ ਮੱਚ ਗਈ। ਏਰੀਅਨ ਲਿਖਦਾ ਹੈ: "ਇਹ ਲੜਾਈ ਉਨ੍ਹਾਂ ਸਾਰੀਆਂ ਲੜਾਈਆਂ ਤੋਂ ਬਿਲਕੁਲ ਵੱਖਰੀ ਸੀ ਜਿਹੜੀਆਂ ਯੂਨਾਨੀ ਫ਼ੌਜ ਨੂੰ ਹੁਣ ਤੱਕ ਕਰਨੀਆਂ ਪਈਆਂ ਸਨ। ਇਹ ਭਾਰੇ ਭਾਰੇ ਹਾਥੀ, ਪਿਆਦਾ ਪਲਟਣਾਂ ਉੱਤੇ ਹਮਲੇ ਕਰਦੇ ਜਿੱਧਰ ਜਾਂਦੇ ਸਨ, ਮਕਦੂਨੀਆਂ ਅਤੇ ਫੈਲੈਂਕਸ ਨੂੰ ਮਿੱਧਦੇ ਤੇ ਚਿੱਥਦੇ ਹੋਏ ਲੰਘ ਜਾਂਦੇ ਸਨ ਭਾਵੇਂ ਉਹ ਕਿੰਨੀਆਂ ਵੀ ਗੁੱਥਵੀਆਂ ਕਤਾਰਾਂ ਵਿੱਚ ਹੁੰਦੇ ਸਨ।"

ਯੂਨਾਨੀ ਇਤਿਹਾਸਕਾਰ ਕਰਟੀਅਸ ਨੇ ਇਸ ਲੜਾਈ ਦਾ ਦ੍ਰਿਸ਼ ਇਉਂ ਪੇਸ਼ ਕੀਤਾ ਹੈ: "ਇਨ੍ਹਾਂ ਹਾਥੀਆਂ ਨੇ ਸਭ ਪਾਸੇ ਭੈਅ ਦਾ ਵਾਤਾਵਰਣ ਪੈਦਾ ਕਰ ਦਿੱਤਾ ਸੀ। ਉਨ੍ਹਾਂ ਦੀਆਂ ਅਜੀਬ ਅਤੇ ਕੁਰਖ਼ਤ ਦਹਾੜਾਂ ਨੇ ਸਿਰਫ਼ ਘੋੜਿਆਂ ਨੂੰ ਹੀ ਨਹੀਂ ਡਰਾਇਆ ਸਗੋਂ ਸਿਪਾਹੀਆਂ ਅਤੇ ਜਰਨੈਲਾਂ ਨੂੰ ਵੀ ਭੈ-ਭੀਤ ਕਰ ਦਿੱਤਾ ਸੀ। ਨਤੀਜੇ ਵਜੋਂ, ਜਿਹੜੇ ਯੂਨਾਨੀ ਜੇਤੂ ਹੁੰਦੇ ਦਿਸ ਰਹੇ ਸਨ, ਉਹ ਇਨ੍ਹਾਂ ਹਾਥੀਆਂ ਦੀ ਮਾਰ ਤੋਂ ਡਰਦੇ ਲੁਕਣ ਲਈ ਥਾਵਾਂ ਲੱਭ ਰਹੇ ਸਨ। ਇਹ ਦੇਖ ਕੇ ਸਿਕੰਦਰ ਨੇ ਹਲਕੇ ਹਥਿਆਰਾਂ ਵਾਲੇ ਐਗਰੀਐਨੀਅਨਾਂ ਤੇ ਥਰੇਸ਼ੀਅਨਾਂ ਨੂੰ ਅੱਗੇ ਲਿਆਂਦਾ ਜਿਹੜੇ ਹੱਥੋ-ਹੱਥ ਦੀ ਲੜਾਈ ਵਿੱਚ ਬਹੁਤ ਮਾਹਿਰ ਸਨ। ਇਨ੍ਹਾਂ ਨੇ ਪੂਰੇ ਜ਼ੋਰ ਨਾਲ ਹਾਥੀਆਂ ਉੱਪਰ ਤੀਰਾਂ ਦੀ ਬੁਛਾੜ ਕਰ ਦਿੱਤੀ। ਇਸ ਨਾਲ ਹਾਥੀਆਂ ਦੇ ਹਮਲੇ ਵਿੱਚ ਕੁਝ ਖੜੋਤ ਆ ਗਈ। ਤੁਰੰਤ ਹੀ ਪਿਆਦੇ ਫੈਲੈਂਕਸ ਵੀ ਅੱਗੇ ਵਧ ਗਏ ਸਨ। ਇਨ੍ਹਾਂ ਨੇ ਹਾਥੀਆਂ ਨੂੰ ਜ਼ਖ਼ਮੀ ਕਰ ਕੇ ਇਤਨਾ ਖਿਝਾ ਦਿੱਤਾ ਕਿ ਉਹ ਗ਼ੁੱਸੇ ਅਤੇ ਰੋਹ ਵਿੱਚ ਅੰਨੇ ਹੋਏ, ਬਿਨਾਂ ਕਿਸੇ ਤੀਰ ਅਤੇ ਜ਼ਖ਼ਮ ਦੀ ਪ੍ਰਵਾਹ ਕਰਦਿਆਂ ਉਨ੍ਹਾਂ ਉੱਪਰ ਜਾ ਚੜ੍ਹੇ। ਇਸ ਮਾਰ ਨੂੰ ਦੇਖ ਕੇ ਯੂਨਾਨੀਆਂ ਨੂੰ ਕੰਨ ਹੋ ਗਏ ਕਿ ਹਾਥੀਆਂ ਨੂੰ ਜ਼ਖ਼ਮੀ ਕਰਨਾ ਬਹੁਤ ਖ਼ਤਰੇ ਵਾਲੀ ਗੱਲ ਹੁੰਦੀ ਹੈ। ਇਸ ਸਮੇਂ ਸਭ ਤੋਂ ਵੱਧ ਡਰਾਉਣੀ ਝਾਕੀ ਉਹ ਹੁੰਦੀ ਸੀ ਜਦੋਂ ਹਾਥੀ, ਸਿਪਾਹੀ ਨੂੰ ਆਪਣੀ ਸੁੰਡ ਨਾਲ ਚੁੱਕ ਕੇ ਧਰਤੀ 'ਤੇ ਪਟਕਾ ਕੇ ਮਾਰਦਾ ਸੀ। ਘੋੜਿਆਂ ਨੂੰ ਉਹ ਆਪਣੇ ਲੰਮੇ ਦੰਦਾਂ ਦੇ ਹੁੱਡਾਂ ਨਾਲ ਉਲਟਾ ਸੁੱਟਦੇ ਸਨ। ਡਿੱਗੇ ਪਏ ਸਿਪਾਹੀਆਂ ਨੂੰ ਹਾਥੀ ਬੜੇ ਗੁੱਸੇ ਨਾਲ ਪੈਰਾਂ ਹੇਠ ਮਿੱਧ ਦਿੰਦੇ ਸਨ। ਇਸ ਲਈ ਸਵੇਰ ਤੋਂ ਸ਼ੁਰੂ ਹੋਈ ਲੜਾਈ ਲੌਢੇ ਪਹਿਰ ਤੱਕ ਇਸੇ ਤਰ੍ਹਾਂ ਚੱਲ ਰਹੀ ਸੀ ਅਤੇ ਨਿਸ਼ਚੇ ਨਾਲ ਕੁਝ ਵੀ ਨਹੀਂ ਕਿਹਾ ਜਾ ਸਕਦਾ ਸੀ ਕਿ ਜਿੱਤ ਕਿਸ ਦੀ ਹੋਵੇਗੀ। ਮਕਦੂਨੀਆਂ ਵਾਲੇ ਕਦੇ ਹਾਥੀਆਂ ਪਿੱਛੇ ਭੱਜਦੇ ਤੇ ਕਦੇ ਉਨ੍ਹਾਂ ਤੋਂ ਡਰਦੇ ਪਰੇ ਨੂੰ ਭੱਜਦੇ। ਲੌਢੇ ਪਹਿਰ ਤੀਕ ਇਹ ਲੜਾਈ ਇਸੇ ਤਰ੍ਹਾਂ ਚੱਲ ਰਹੀ ਸੀ।"

ਲੜਾਈ ਦਾ ਇਹ ਸਾਰਾ ਬਿਰਤਾਂਤ ਯੂਨਾਨੀ ਇਤਿਹਾਸਕਾਰਾਂ ਦੀਆਂ ਲਿਖਤਾਂ ਮੁਤਾਬਿਕ ਹੈ। ਇਸ ਬਿਰਤਾਂਤ ਵਿੱਚ ਪੋਰਸ ਦਾ ਹੀ ਪਲੜਾ ਭਾਰੀ ਰਹਿੰਦਾ ਹੈ। ਇਸ ਬਿਰਤਾਂਤ ਵਿੱਚ ਜ਼ਿਆਦਾ ਵੇਰਵਾ ਪੋਰਸ ਦਾ ਹੀ ਹੈ। ਸਿਕੰਦਰ ਦਾ ਵੇਰਵਾ ਇਸ ਤੋਂ ਘੱਟ ਹੈ। ਜੇ ਸਿਕੰਦਰ ਦੇ ਆਪਣੇ ਇਤਿਹਾਸਕਾਰ ਹੀ ਇਸ ਤਰ੍ਹਾਂ ਦਾ ਵੇਰਵਾ ਦੇ ਰਹੇ ਹਨ ਤਾਂ ਸਮਝਣਾ ਚਾਹੀਦਾ ਹੈ ਕਿ ਅਸਲ ਗੱਲ ਇਸ ਤੋਂ ਵੀ ਜ਼ਿਆਦਾ ਹੋਣੀ ਹੈ। ਦੁਸ਼ਮਣ ਕਦੇ ਵੀ ਆਪਣੇ ਵਿਰੋਧੀ ਦੀ ਬਹਾਦਰੀ ਦਾ ਵੇਰਵਾ ਛੇਤੀ ਕੀਤਿਆਂ ਵਧਾ ਕੇ ਨਹੀਂ ਦਿੰਦਾ। ਇਹ ਵੇਰਵਾ ਉਹ ਤਾਂ ਹੀ ਦੇਵੇਗਾ ਜੇ ਦੁਸ਼ਮਣ ਦੀ ਬਹਾਦਰੀ ਹੱਦੋਂ ਵੱਧ ਹੋਵੇਗੀ। ਜੇ ਇਹ ਵੇਰਵੇ ਕਿਸੇ ਪੰਜਾਬੀ ਜਾਂ ਹਿੰਦੁਸਤਾਨੀ ਦੇ ਦਿੱਤੇ ਹੁੰਦੇ ਤਾਂ ਵੀ ਸਮਝਿਆ ਜਾ ਸਕਦਾ ਸੀ ਕਿ ਇਨ੍ਹਾਂ ਵਿੱਚ ਕੁਝ ਪੱਖਪਾਤ ਹੋਵੇਗਾ। ਪਰ ਪੰਜਾਬੀ ਅਤੇ ਹਿੰਦੁਸਤਾਨੀ ਵੇਰਵੇ ਤਾਂ ਹਨ ਹੀ ਨਹੀਂ। ਇੱਕ ਇਰਾਨੀ ਬਿਰਤਾਂਤ ਫਿਰਦੌਸੀ ਦਾ ਹੈ। ਉਸ ਵਿੱਚ ਵੀ ਪੋਰਸ ਦੀ ਬਹਾਦਰੀ ਹੀ ਸਾਹਮਣੇ ਆਉਂਦੀ ਹੈ। ਇਹ ਸਭ ਕੁਝ ਹੋਣ ਦੇ ਬਾਵਜੂਦ ਯੂਨਾਨੀ ਇਤਿਹਾਸਕਾਰਾਂ ਨੇ ਅਖੀਰ ਵਿੱਚ ਇਕਦਮ ਸਿਕੰਦਰ ਨੂੰ ਜਿੱਤਿਆ ਅਤੇ ਪੋਰਸ ਨੂੰ ਹਾਰਿਆ ਹੋਇਆ ਦਿਖਾ ਦਿੱਤਾ।

ਪ੍ਰੋ. ਬੁੱਧ ਪਰਕਾਸ਼ ਨੇ ਸਪਸ਼ਟ ਰੂਪ ਵਿੱਚ ਲਿਖਿਆ ਹੈ ਕਿ ਸਿਕੰਦਰ ਦੇ ਇਤਿਹਾਸਕਾਰਾਂ ਨੇ ਸਿਕੰਦਰ ਦੇ ਨੁਕਸਾਨ ਅਤੇ ਕਮਜ਼ੋਰੀਆਂ ਬਾਰੇ ਜਾਣ-ਬੁੱਝ ਕੇ ਪਰਦਾ ਪਾਇਆ ਅਤੇ ਇਨ੍ਹਾਂ ਨੂੰ ਘਟਾ ਕੇ ਦੱਸਿਆ ਹੈ। ਇਹ ਉਨ੍ਹਾਂ ਦਾ ਫ਼ਰਜ਼ ਵੀ ਸੀ। ਪਰ ਅਸਲੀਅਤ ਤਾਂ ਅਸਲੀਅਤ ਹੀ ਰਹਿੰਦੀ ਹੈ ਜਿਹੜੀ ਆਪਣੇ ਆਪ ਸਾਹਮਣੇ ਆ ਜਾਂਦੀ ਹੈ। ਪ੍ਰੋ. ਬੁੱਧ ਪਰਕਾਸ਼ ਨੇ ਈਥੋਪੀਆਈ ਲਿਖਤਾਂ ਅਤੇ ਲੜਾਈ ਦੇ ਸਿੱਟਿਆਂ ਦੇ ਆਧਾਰ 'ਤੇ ਇਹ ਨਤੀਜਾ ਕੱਢਿਆ ਹੈ ਕਿ ਸਿਕੰਦਰ ਨੇ ਜਦੋਂ ਦੇਖਿਆ ਕਿ ਉਹ ਪੋਰਸ ਤੋਂ ਜਿੱਤ ਨਹੀਂ ਸਕਦਾ ਅਤੇ ਜਦੋਂ ਦੋਵੇਂ ਬਾਦਸ਼ਾਹ ਧਰਤੀ 'ਤੇ ਇੱਕ-ਦੂਜੇ ਦੇ ਸਾਹਮਣੇ ਆਪਣੇ-ਆਪਣੇ ਮਰੇ ਹੋਏ ਜਾਨਵਰਾਂ ਪਾਸ ਖੜੇ ਇੱਕ-ਦੂਜੇ ਨੂੰ ਦੇਖ ਰਹੇ ਸਨ ਤਾਂ ਸਿਕੰਦਰ ਨੇ ਪਹਿਲ ਕਰਦਿਆਂ ਕਿਹਾ, "ਪੋਰਸ ਮੈਂ ਤੇਰਾ ਦੋਸਤ ਹਾਂ। ਆ, ਆਪਾਂ ਰਲ ਕੇ ਇੱਕ ਨਵਾਂ ਇਤਿਹਾਸ ਸਿਰਜੀਏ।" ਇੱਥੋਂ ਹੀ ਲੜਾਈ ਦੇ ਸਿੱਟਿਆਂ ਦਾ ਪਤਾ ਲੱਗਦਾ ਹੈ। ਪ੍ਰੋ. ਬੁੱਧ ਪਰਕਾਸ਼ ਨੇ ਇਸ ਲੜਾਈ ਵਿੱਚ ਪੰਜਾਬ ਦੀ ਜਿੱਤ ਹੋਈ ਲਿਖਿਆ ਹੈ। ਉਸ ਨੇ ਆਪਣੀ ਕਿਤਾਬ ਦਾ ਦਸਵਾਂ ਕਾਂਡ ਇਸੇ ਸਿਰਲੇਖ 'ਪੰਜਾਬ ਦੀ ਜਿੱਤ' ਹੇਠ ਦਿੱਤਾ ਹੈ। ਉਹ ਲਿਖਦਾ ਹੈ ਕਿ ਲੜਾਈ ਵਿੱਚ ਪੰਜਾਬ ਦੀ ਜਿੱਤ ਹੋਈ। ਜਿਹੜਾ ਪੋਰਸ ਲੜਾਈ ਤੋਂ ਪਹਿਲਾਂ ਪੰਜਾਬ ਦੇ ਸਿਰਫ਼ ਦੋ ਦੁਆਬੀਆਂ, ਚੱਜ ਅਤੇ ਰਚਨਾ ਦੁਆਬ ਦਾ ਹੀ ਮਾਲਕ ਸੀ ਉਹੀ ਪੋਰਸ ਲੜਾਈ ਤੋਂ ਬਾਅਦ ਸਾਰੇ ਪੰਜਾਬ ਅਰਥਾਤ ਪੰਜਾਬ ਦੇ ਪੰਜੇ ਦੁਆਬੀਆਂ ਦਾ ਮਾਲਕ ਬਣ ਗਿਆ। ਇਹ ਤੱਥ ਸਪਸ਼ਟ ਰੂਪ ਵਿੱਚ ਇਸ ਗੱਲ ਨੂੰ ਸਾਹਮਣੇ ਲਿਆਉਂਦਾ ਹੈ ਕਿ ਪੋਰਸ ਦੀ ਜਿੱਤ ਹੋਈ ਸੀ ਭਾਵੇਂ ਜੰਗ ਦੇ ਮੈਦਾਨ ਵਿੱਚ ਦੋਵਾਂ ਧਿਰਾਂ ਦੀ ਮਿੱਤਰਤਾ ਹੋ ਗਈ ਸੀ। ਅਤੇ ਇਸ ਜਿੱਤ ਦਾ ਸਿੱਟਾ ਪੋਰਸ ਦੀ ਤਾਕਤ ਅਤੇ ਬਾਦਸ਼ਾਹਤ ਦੇ ਵਾਧੇ ਵਿੱਚ ਨਿਕਲਿਆ ਸੀ। ਇਹ ਗੱਲ ਇਸ ਤੱਥ ਦੇ ਬਾਵਜੂਦ ਹੋਈ ਸੀ ਕਿ ਪੋਰਸ ਦੇ ਦੁਸ਼ਮਣ ਅੰਭੀ, ਚਾਣਕਯ ਅਤੇ ਚੰਦਰ ਗੁਪਤ, ਸਿਕੰਦਰ ਦੇ ਨਾਲ ਸਨ। ਜਦੋਂ ਸਿਕੰਦਰ ਅਤੇ ਪੋਰਸ ਨੇ ਦੋਸਤੀ ਪਾ ਕੇ ਲੜਾਈ ਬੰਦੀ ਦਾ ਐਲਾਨ ਕੀਤਾ ਤਾਂ ਇਹ ਤਿੰਨੇ ਸਿਕੰਦਰ ਦੀ ਫ਼ੌਜ ਵਿੱਚੋਂ ਖਿਸਕ ਗਏ ਸਨ। ਸਿਕੰਦਰ ਅਤੇ ਪੋਰਸ ਇਕੱਠੇ ਦੋਸਤੀ ਦੇ ਸ਼ਗਨ ਮਨਾਉਂਦੇ ਹੋਏ ਪੋਰਸ ਦੀ ਰਾਜਧਾਨੀ ਮਦਰਕੋਟ ਪਹੁੰਚ ਗਏ ਸਨ।

## ਗੁਰੂ ਨਾਨਕ ਸਾਹਿਬ ਦਾ ਧਰਮ...

ਬਾਬਾ ਬੰਦਾ ਸਿੰਘ ਬਹਾਦਰ ਦੇ ਸਰਹਿੰਦ ਧਾਵਾ ਕਰਨ ਤੋਂ ਪਹਿਲਾਂ ਵਜ਼ੀਰ ਖ਼ਾਨ ਦੀ ਬੇਚੈਨੀ ਵੀ ਔਰੰਗਜ਼ੇਬ ਜਿਹੀ ਹੀ ਸੀ।

ਜ਼ਕਰੀਆ ਖ਼ਾਨ ਅਤੇ ਮੀਰ ਮਨੂ ਦੇ ਆਖ਼ਰੀ ਵਕਤ ਵੀ ਸ਼ੈਤਾਨ ਦੇ ਕਰਾਹੁਣ ਦਾ ਨਜ਼ਾਰਾ ਪੇਸ਼ ਕਰਦੇ ਹਨ। ਏਥੇ ਸੱਚ ਦੀ ਭਰੀ-ਪੀਤੀ ਚੁੱਪ-ਖਲੋਤੀ ਹਨੇਰੀ ਤੋਂ ਮਨੁੱਖੀ ਹੋਂਦ ਨੂੰ ਵਲੂੰਧਰ ਦੇਣ ਵਾਲਾ ਜੋ ਭੈਅ ਉਪਜਿਆ, ਉਸ ਦਾ ਸ਼ਿਕਾਰ ਇਕੱਲੇ ਇਕੱਲੇ ਵਿਅਕਤੀ ਹੀ ਹੋਏ, ਪਰ ਸਿੰਘਾਂ ਦੀ ਫ਼ਰੰਗੀਆਂ ਨਾਲ ਪਹਿਲੀ ਜੰਗ ਪਿੱਛੋਂ ਇਤਿਹਾਸ ਵਿਚ ਇਹ ਗੱਲ ਪਹਿਲੀ ਵਾਰ ਵੇਖਣ ਵਿਚ ਆਈ ਕਿ ਸਮੁੱਚੀ ਜੇਤੂ ਕੌਮ ਹੀ ਗੁਨਾਹ ਦੇ ਇਕ ਤਿੱਖੇ ਵਾਰ ਹੇਠ ਆ ਗਈ ਹੋਵੇ। ਡੋਗਰਿਆਂ ਅਤੇ ਪੂਰਬੀਆਂ ਦੇ ਕਪਟ ਕਾਰਨ ਜਦ ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਤਾਂ ਇਨਾਂ ਦੰਭ ਵਿਚ ਘਿਰੇ ਸ਼ੇਰਾਂ ਦੀ ਬੇਵਸੀ ਰਣਜੀਤ ਦੀ ਸ਼ਾਦ ਵਿਚ ਰੋਂਦਾ ਸਬਰ, ਤੋਪਾਂ ਦੇ ਗੋਲਿਆਂ ਹੇਠ ਦਲੀਪ ਦੀ ਸਲਾਮਤੀ ਲਈ ਕੀਤੀ ਦੁਆ ਅਤੇ ਸਭਰਾਵਾਂ ਦੇ ਮੈਦਾਨ ਵਿਚ ਭੁੱਖਿਆਂ ਹੀ ਇਲਾਹੀ ਸ਼ੁਕਰ ਵਿਚ ਤੇਗ਼ਾਂ ਉਠਾਉਣ ਦਾ ਵਲਵਲਾ ਅੰਗਰੇਜ਼ ਕੌਮ ਦੀ ਨਾਸਤਿਕ-ਪਾਸੀ ਬਿਰਤੀ ਵਿਚ ਆਪਣੀ ਫ਼ਕੀਰੀ, ਤੀਖਣਤਾ ਅਤੇ ਸੋਜ਼ ਨਾਲ ਇਕ ਅਜੀਬ ਗੁਨਾਹ ਭਰੀ ਚੀਸ ਪੈਦਾ ਕਰਦੇ ਹਨ। ਜਾਹਨ ਐਮ ਲੁਡਲੋ, ਸਰ ਚਾਰਲਸ ਨੇਪੀਅਰ, ਹੈਨਰੀ ਹੇਵਲਾਕ, ਆਦਮ, ਵਿਲੀਅਮ ਐਡਵਰਡਜ਼ ਅਤੇ ਕਲਿੰਘਮ ਦੀਆਂ ਲਿਖਤਾਂ ਅਤੇ ਕਦੇ ਕਦੇ ਹਾਰਡਿੰਗ ਅਤੇ ਡਲਹੌਜ਼ੀ ਦੇ ਖ਼ਤਾਂ ਤੋਂ ਵੀ ਇਕ ਅਜੀਬ ਕਿਸਮ ਦਾ ਭੈਅ, ਪਛਤਾਵਾ, ਗੁਨਾਹ ਦਾ ਇਕਬਾਲ ਆਪਣੇ ਆਪ ਨੂੰ ਕੋਸਣ ਦੀ ਤਸੱਲੀ ਅਤੇ ਉਨਾਂ ਗ਼ੱਦਾਰਾਂ ਨਾਲ ਹੀ ਘ੍ਰਿਣਾ, ਜਿਨਾਂ ਦੇ ਕਾਰਨ ਫ਼ਰੰਗੀਆਂ ਨੂੰ ਕਾਮਯਾਬੀ ਨਸੀਬ ਹੋਈ ਸੀ-ਕੁਝ ਅਜਿਹੇ ਪੱਖ ਸਾਹਮਣੇ ਆਉਂਦੇ ਹਨ ਜਿਹੜੇ ਇਕ ਜੇਤੂ ਕੌਮ ਦੀ ਉਖੜ-ਦੁਖੜੀ ਦਾ ਸਾਕਾਰ ਚਿੱਤਰ ਹਨ। ਸ਼ਾਹ ਮੁਹੰਮਦ ਅਨੁਸਾਰ ਸਿੰਘ ਜਿੱਤ ਕੇ ਹਾਰੇ ਸਨ, ਪਰ ਉਹ ਹਾਰੇ ਹੋਈ ਵੀ ਫ਼ਰੰਗੀਆਂ ਲਈ ਆਤਮਿਕ ਸੰਸਾਰ ਦੇ ਸ਼ਾਹ ਸਵਾਰ ਹੀ ਰਹੇ। ਸਿੱਖਾਂ ਦੀ ਪਹਿਲੀ ਜੰਗ ਨੇ ਅੰਗਰੇਜ਼ ਕੌਮ ਅੰਦਰ ਇਕ ਮਹਾਨ ਰੂਹਾਨੀ ਸੰਕਟ ਪੈਦਾ ਕੀਤਾ।

ਗੁਰੂ ਨਾਨਕ ਨੂੰ ਸਮਝੇ ਬਿਨਾਂ ਸਿੱਖ ਇਤਿਹਾਸ ਨਹੀਂ ਸਮਝਿਆ ਜਾ ਸਕਦਾ, ਕਿਉਂਕਿ ਉਨਾਂ ਦੀ ਪੈਗ਼ੰਬਰੀ ਪ੍ਰਤਿਭਾ ਦੇ ਨਿਰਾਕਾਰ ਵੇਗ ਦੀ ਵਿਸ਼ਾਲਤਾ, ਅਨੇਕਤਾ, ਤੀਬਰਤਾ ਅਤੇ ਗਹਿਰਾਈ ਖ਼ਾਲਸਾ ਚੇਤਨਾ ਹੀ ਬਣ ਗਈ ਹੈ। ਖ਼ਾਲਸਾ ਚੇਤਨਾ ਅਨੇਕ ਜੀਵਨ ਸਿਧਾਂਤਾਂ, ਦੇਗ-ਤੇਗ ਦੇ ਨਜ਼ਾਰਿਆਂ ਅਤੇ ਸ਼ਹੀਦੀਆਂ ਦੀ ਜਾਨ ਹੈ ਅਤੇ ਤਿੰਨ ਸਦੀਆਂ ਤੋਂ ਖ਼ਾਲਸੇ ਦੇ ਜੌਹਰ ਨੂੰ ਨਿਆਰਾ ਅਤੇ ਵਿਲੱਖਣ ਬਣਾ ਰਹੀ ਹੈ। ਸਿੰਘ ਬਾਬਾ ਬੰਦਾ ਸਿੰਘ ਬਹਾਦਰ ਵਾਂਗ ਮੈਦਾਨ-ਏ-ਜੰਗ ਵਿਚ ਰੂਹਾਨੀਅਤ ਦੀ ਸਜ ਧਜ ਦਾ ਹੁਸਨ ਲੈ ਕੇ ਬਹੁੜਦਾ ਹੈ ਅਤੇ ਤੇਗ਼ ਦੇ ਜੌਹਰ ਵਿਖਾਉਂਦਾ ਹੋਇਆ ਇਮਾਨ ਦੇ ਕੋਟ ਖੜੇ ਕਰਦਾ ਹੈ। ਵੀਹਵੀਂ ਸਦੀ ਦੇ ਸਿੰਘ ਦੀ ਸਿਮਰਤੀ ਵਿਚ ਵੀ ਪਿਛਲੀਆਂ ਸਦੀਆਂ ਦੇ ਰਣਾਂ ਵਿਚ ਖਲੋਤੇ ਉਨਾਂ ਇਮਾਨ ਦੇ ਕੋਟਾਂ ਦਾ ਜੇਤੂ ਜਲਾਲ ਕਾਇਮ ਹੈ।

ਕਾਰਲ ਮਾਰਕਸ ਦੀ ਕੈਪੀਟਲ ਦੀ ਵਿਸ਼ਾਲ ਦ੍ਰਿਸ਼ਟੀ ਅਨੁਸਾਰ ਇਤਿਹਾਸ ਪੈਦਾਵਾਰੀ ਸਾਧਨਾਂ ਦੀ ਪ੍ਰੇਰਨਾ ਅਧੀਨ ਹੋਂਦ ਵਿਚ ਆਈਆਂ ਮਾਦੇ ਦੀਆਂ ਅਨੇਕ ਬਾਰੀਕ ਸ਼ਕਲਾਂ, ਉਨਾਂ ਬਾਰੀਕ ਸ਼ਕਲਾਂ ਨਾਲ ਪੈਦਾ ਹੋਏ ਦਵੰਦ ਦਾ ਫੈਲਾਓ ਅਤੇ ਉਸ ਫੈਲਾਓ ਦੀ ਰਗੜ ਵਿਚੋਂ ਪੈਦਾ ਹੋਏ ਮਨੁੱਖੀ ਪ੍ਰਤੀ ਕਰਮਾਂ ਦੇ ਸਾਂਝੇ ਅਮਲ ਅਤੇ ਸਾਂਝੀ ਗਤੀ ਦਾ ਸਿੱਟਾ ਹੈ, ਪਰ ਸਿੱਖ ਇਤਿਹਾਸ ਦੀ ਵਿਆਖਿਆ ਮਾਰਕਸੀ ਦ੍ਰਿਸ਼ਟੀਕੋਣ ਤੋਂ ਨਹੀਂ ਹੋ ਸਕਦੀ।

ਸਿੱਖ ਇਤਿਹਾਸ ਅਜਿਹੇ ਅਮਲ ਦੀ ਕੋਈ ਵਿਸ਼ਾਲ ਲਰਜ਼ ਹੈ, ਜਿਸ ਦਾ ਪ੍ਰਿਥਮ ਰੂਪ ਮਨੁੱਖੀ ਚੇਤਨਾ ਵਿਚ ਆਪਣੀ ਜੜ ਫੜਦਾ ਹੈ ਅਤੇ ਫੇਰ ਮਾਦੇ ਦੀਆਂ ਬਾਰੀਕ ਸ਼ਕਲਾਂ ਨੂੰ ਆਪਣੇ ਚਿਹਨ ਚੱਕਰਾਂ ਵਿਚ ਢਾਲਦਾ ਹੋਇਆ ਇਤਿਹਾਸਕ ਗਤੀ ਨੂੰ ਜਨਮ ਦਿੰਦਾ ਹੈ। ਮਿਸਾਲ ਲਈ ਬਾਬਾ ਬੰਦਾ ਸਿੰਘ ਬਹਾਦਰ ਦੇ ਸਭ ਪੁਰਾਤਨ ਸੰਸਕਾਰ ਗੁਰੂ ਨਾਨਕ ਪ੍ਰਤਿਭਾ ਦੇ ਵਿਸ਼ਾਲ ਲਰਜ਼ੇ ਵਿਚ ਭਸਮ ਹੋ ਜਾਂਦੇ ਹਨ। ਰੱਬੀ ਤਰਸ ਦਾ ਇਲਾਹੀ ਜਜ਼ਬਾ ਐਸੀ ਸਿਖਰ ਉੱਤੇ ਪਹੁੰਚਦਾ ਹੈ ਕਿ ਇਸ ਦਾ ਅਮਲ ਹਿੰਸਕ ਹੋ ਜਾਂਦਾ ਹੈ। ਅੰਤ ਵਿਚ ਇਹ ਹਿੰਸਕ ਅਮਲ ਅਤੇ ਸਰਹਿੰਦ ਦਾ ਵਿਨਾਸ਼ ਇਕ ਚੀਜ਼ ਹੋ ਜਾਂਦੇ ਹਨ। ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣ ਦਾ ਕਹਿਰ ਬਾਬਾ ਬੰਦਾ ਸਿੰਘ ਬਹਾਦਰ ਦੇ ਮਨ ਦੀ ਪ੍ਰਚੰਡ ਹਿੰਸਾ ਹੀ ਹੈ, ਜਿਸ ਵਿਚ ਕਿ ਰਹਿਮ, ਸਬਰ ਅਤੇ ਯਕੀਨ ਦਾ ਸਾਂਝਾ ਸੇਕ ਹੈ। ਜਿਵੇਂ ਭਾਰਤੀ ਅਤੇ ਇਸਲਾਮੀ ਵਧਾਉਣ ਅਤੇ ਪੁਰਾਣ ਅਤੇ ਇਤਿਹਾਸ ਦੇ ਮਹਾਨ ਨਾਇਕ ਗੁਰੂ ਨਾਨਕ ਸਾਹਿਬ ਦੇ 'ਸਚਿ ਖੰਡ' ਦੀ ਕਾਵਿ ਦ੍ਰਿਸ਼ਟੀ ਹੇਠਾਂ ਅਕਾਲ ਸ਼ਕਤੀ ਦੇ ਲਘੂ ਬਿੰਦੂ ਬਣ ਕੇ ਘੁੰਮਣ ਘੇਰੀਆਂ ਖਾ ਰਹੇ ਹਨ, ਇਸੇ ਤਰਾਂ ਇਕ ਵਾਰ ਬਾਬਾ ਬੰਦਾ ਸਿੰਘ ਬਹਾਦਰ ਦੀ ਰੱਬੀ ਮਿਹਰ ਹੀ ਚਮਕਦੀ ਸਿਖਰ ਉਸ ਦੇ ਸਭ ਬਲਹੀਣ ਸੰਸਾਰ ਭਸਮ ਹੋ ਗਏ ਹਨ। ਸਰਹਿੰਦ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਕਤੀ ਦਾ ਸੋਮਾ ਹੈ, ਉੱਥੇ ਹੀ ਉਸ ਦੇ ਇਮਾਨ ਦਾ ਕੇਂਦਰ ਹੈ।

ਜਿਨਾਂ ਕੋਲ ਧਰਤਿ ਦੇ ਸਬਰ ਦਾ ਕੋਈ ਇਮਾਨ ਸੀ, ਜਿਨਾਂ ਅੱਤਾਰ ਦੀ ਅੰਤਿਮ ਮੰਜ਼ਲ 'ਵਾਇਦੇ-ਫ਼ਨਾ' ਦਾ ਰਸ ਚੱਖਿਆ ਸੀ, ਵਜਦ ਦੀ ਉਸ ਧਰਤੀ ਵਿਚ ਗੁਰੂ ਨਾਨਕ ਦੀ ਫ਼ਸਲ ਬਹੁਤ ਉੱਗੀ। ਰਾਇ ਬੁਲਾਰ, ਮਰਦਾਨਾ, ਮੀਆਂ ਮੀਰ, ਪੀਰ ਬੁੱਧੂ ਸ਼ਾਹ, ਸੈਦ ਖ਼ਾਨ, ਗ਼ਨੀ ਖਾਂ ਅਤੇ ਨਬੀ ਖਾਂ, ਭਾਈ ਨੰਦ ਲਾਲ ਅਤੇ ਸ਼ਾਹ ਮੁਹੰਮਦ ਖ਼ਾਲਸਾ-ਚੇਤਨਾ ਦੇ ਦੇਗ-ਤੇਗ਼ ਦੀ ਅਮੀਰੀ ਦੇ ਫ਼ਕੀਰ-ਗਵਾਹ ਹਨ, ਪਰ ਗੁਰੂ ਨਾਨਕ ਸਾਹਿਬ ਦੀ ਪੈਗ਼ੰਬਰੀ ਪ੍ਰਤਿਭਾ ਵਿਚ ਇਕ ਮਸੂਮੀਅਤ ਵੀ ਹੈ, ਜਿਸ ਨੂੰ ਤ੍ਰੈ-ਗੁਣੀ ਸੰਸਾਰ ਦਾ ਸਾਜ਼ਿਸ਼ੀ ਕਪਟ ਵਕਤੀ ਤੌਰ 'ਤੇ ਨੁਕਸਾਨ ਪਹੁੰਚਾਉਂਦਾ ਹੈ, ਪਰ ਇਸ ਦੇ ਹਰ ਆਕਰਮਣ ਨਾਲ ਖ਼ਾਲਸਾ-ਚੇਤਨਾ ਦਾ ਸੇਕ ਅਤੇ ਸੂਹਜ ਹੋਰ ਡੂੰਘਾ ਹੋ ਜਾਂਦਾ ਹੈ।

ਸੱਜਣ ਠੱਗ, ਚੰਦੂ, ਗੰਗੂ, ਲਖਪਤ ਰਾਏ, ਜ਼ਕਰੀਆ ਖ਼ਾਨ ਦੇ ਜ਼ਮਾਨੇ ਦੇ ਅਨੇਕ ਚੁਗ਼ਲ ਖੋਰ, ਗੁਲਾਬ ਸਿੰਘ ਅਤੇ ਉਸ ਦੇ ਹੋਰ ਡੋਗਰੇ ਸਾਥੀ, ਲਾਲ ਸਿੰਘ ਅਤੇ ਤੇਜ ਸਿੰਘ ਜਿਹੇ ਕਪਟੀ ਪੂਰਬੀਏ-ਇਕ ਐਸੇ ਮੀਸਣੇ ਦੰਭ ਦਾ ਫੈਲਾਓ ਹਨ, ਜੋ ਰੱਬੀ ਗ਼ਜ਼ਬ ਦੀ ਚੁੱਪ ਵਿਚ ਹੋਰ ਕਹਿਰ ਜਮਾਂ ਕਰਦੇ ਹਨ। ਇਸ ਮੀਸਣੇ ਦੰਭ ਨਾਲ ਖ਼ਾਲਸਾ-ਚੇਤਨਾ ਨੂੰ ਕਦੇ ਕਦੇ ਮਾਰੂ ਝਟਕਾ ਵੀ ਵੱਜਦਾ ਹੈ, ਪਰ ਯਕੀਨ ਦੀ ਸ਼ਾਨ ਖ਼ਾਲਸਾ-ਚੇਤਨਾ ਦੇ ਦੋਖੀਆਂ ਨੂੰ ਹੋਰ ਵੀ ਤੁੱਛ ਬਣਾ ਜਾਂਦੀ ਹੈ।

## ਧਰਮ ਗ੍ਰੰਥਾਂ ਦੀ ਭਾਸ਼ਾ...

ਜੁਨੈਦ ਮਨਸੂਰ ਨੂੰ ਆਖਦਾ ਹੈ, "ਤੂੰ ਈਮਾਨ ਲਿਆ। ਈਮਾਨ ਲਿਆਏਂਗਾ ਤਾਂ ਦੇਖੀਂ ਹਜ਼ਾਰਾਂ ਮਣ ਭਾਰੇ ਪਹਾੜ ਤੁਰਨ ਲੱਗਣਗੇ, ਨੱਚਣ ਲੱਗਣਗੇ ਤੇ ਬੱਦਲਾਂ ਵਾਂਗ ਉੱਡਣ ਲੱਗਣਗੇ। ਈਮਾਨ ਲਿਆਏਂਗਾ ਤਾਂ ਪਹਾੜਾਂ ਨੂੰ ਉੱਡਦਿਆਂ ਦੇਖ ਕੇ ਤੈਨੂੰ ਹੈਰਾਨੀ ਨਹੀਂ ਹੋਵੇਗੀ।"

ਧਰਮ ਗ੍ਰੰਥ ਦੀ ਬੌਧਿਕ ਵਿਆਖਿਆ ਧਰਮ ਨਹੀਂ ਕਿਉਂਕਿ ਹਰੇਕ ਵਿਆਖਿਆ ਅਧੂਰੀ ਹੈ ਜਦੋਂ ਕਿ ਧਰਮ ਅਤੇ ਧਰਮ ਗ੍ਰੰਥ ਪੂਰਨ ਹੈ। ਧਰਮ ਗ੍ਰੰਥ ਦਾ ਹਰ ਵਾਕ ਹੁਕਮ ਹੈ। ਹੁਕਮ ਮੰਨਣਾ ਪ੍ਰਥਮ ਕਾਰਜ ਹੈ, ਉਸਦੀ ਵਿਆਖਿਆ ਦੂਜੈਲਾ ਕਾਰਜ ਹੈ। ਉਦਾਸੀ ਦੌਰਾਨ ਭਾਈ ਮਰਦਾਨਾ ਗੁਰੂ ਜੀ ਨੂੰ ਪੁੱਛਦੇ ਹਨ, "ਬਾਬਾ ਕਿੰਨੇ ਹਜ਼ਾਰ ਕੋਸ ਦੂਰ ਆ ਗਏ ਹਾਂ ਆਪਾਂ ਤਲਵੰਡੀ ਤੋਂ?" ਗੁਰੂ ਜੀ ਆਖਦੇ ਹਨ, "ਭਾਈ ਜੀ ਗਿਣਤੀਆਂ ਨਹੀਂ ਕਰਨੀਆਂ।" ਫਿਰ ਕਿਸੇ ਦਿਨ ਹੋਰ ਪੁੱਛਦੇ ਹਨ, "ਬਾਬਾ ਜੀ ਕਿੰਨੇ ਸਾਲ ਹੋ ਗਏ ਹਨ ਅਸਾਂ ਨੂੰ ਤੁਰਿਆਂ?" ਗੁਰੂ ਜੀ ਉੱਤਰ ਦਿੰਦੇ ਹਨ, "ਅੱਗੇ ਵੀ ਆਖਿਆ ਸੀ ਭਾਈ ਗਿਣਤੀਆਂ ਨਹੀਂ ਕਰਨੀਆਂ।" ਗੁਰੂਆਂ/ਪੈਗ਼ੰਬਰਾਂ ਦੇ ਵਾਕ ਨਾ ਸਮਾਂ ਮਿਣਦੇ ਹਨ ਨਾ ਸਥਾਨ। ਸਮਾਂ ਅਤੇ ਸਥਾਨ ਛੋਟੇ ਹਨ ਤੇ ਵਾਕ ਵੱਡੇ। ਵੱਡੇ ਫੀਤੇ ਨਾਲ ਛੋਟੀ ਚੀਜ਼ ਮਿਣਨ ਦਾ ਯਤਨ ਕਰਨ ਦੀ ਲੋੜ ਨਹੀਂ। ਸਮਾਂ ਅਤੇ ਸਥਾਨ ਧਰਮ ਦੀ ਭਾਸ਼ਾ ਨੂੰ ਜਾਣਨ ਤੇ ਮਿਣਨ ਦੀ ਕੋਸ਼ਿਸ਼ ਕਰਦੇ ਹਨ ਪਰ ਧਰਮ ਇਹਨਾਂ ਤੋਂ ਪਾਰ ਹੈ।

ਕੁੱਰਮ ਦਰਿਆ ਦੇ ਕਿਨਾਰੇ ਜਦੋਂ ਭਾਈ ਮਰਦਾਨਾ ਜੀ ਸਰੀਰ ਤਿਆਗਣ ਲੱਗੇ ਤਾਂ ਗੁਰੂ ਜੀ ਨੇ ਉਨਾਂ ਨੂੰ ਵਿਦਾ ਕਰਨ ਵੇਲੇ ਕੁੱਝ ਮੰਗਣ ਲਈ ਕਿਹਾ। ਉਹ ਖ਼ਾਮੋਸ਼ ਰਹੇ। ਗੁਰੂ ਜੀ ਨੇ ਕਿਹਾ, "ਭਾਈ ਜੀ ਖ਼ਾਲੀ ਹੱਥ ਨਹੀਂ ਜਾਣ ਦਿਆਂਗੇ। ਕੁੱਝ ਮੰਗੋ।" ਭਾਈ ਸਾਹਿਬ ਦੀ ਆਖ਼ਰੀ ਇੱਛਾ ਇਹ ਸੀ, "ਤੂੰ ਖੁਦਾਇ ਦਾ ਡੂਮ। ਮੈਂ ਤੇਰਾ ਡੂਮ। ਬਾਬਾ ਤੈਂ ਖੁਦਾਇ ਦੇਖਿਆ ਹੈ, ਤੈਂ ਖੁਦਾਇ ਪਾਇਆ ਹੈ ਅਰ ਤੇਰਾ ਕਿਹਾ ਖੁਦਾਈ ਕਰਦੀ ਹੈ। ਮੈਂ ਤੈਨੂੰ ਦੇਖਿਆ ਅਰ ਤੈਨੂੰ ਪਾਇਆ। ਤੁਧੁ ਆਗੇ ਅਸਾਂ ਦੀ ਬੇਨਤੀ ਹੈ ਅੱਜ ਇੱਕ। ਅਸਾਂ ਨੂੰ ਵਿਛੋੜਣਾ ਨਾਹੀਂ ਆਪਣੇ ਨਾਲਹੁੰ। ਨਾ ਏਥੈ ਨਾ ਉਥੈ।" ਗੁਰੂ ਮਹਾਰਾਜ ਨੇ ਫ਼ੁਰਮਾਇਆ, "ਭਾਈ ਤੁਧੁ ਊਪਰ ਅਸਾਡੀ ਖ਼ੁਸ਼ੀ ਹੈ। ਜਿੱਥੈ ਤੇਰਾ ਵਾਸਾ ਤਿੱਥੈ ਮੇਰਾ ਵਾਸਾ।" ਇਹ ਭਾਈ ਮਰਦਾਨਾ ਜੀ ਦੀ ਵਸੀਅਤ ਹੈ। ਧਰਮ ਨੂੰ ਧਾਰਨ ਕਰਨ ਵਾਲੇ ਵਿਅਕਤੀਆਂ ਲਈ ਮਿਲਾਪ, ਸਦੀਵੀ ਮਿਲਾਪ ਤੋਂ ਇਲਾਵਾ ਹੋਰ ਕੋਈ ਵਸੀਅਤ ਹੋ ਹੀ ਨਹੀਂ ਸਕਦੀ।

ਪ੍ਰੋ: ਸਾਹਿਬ ਸਿੰਘ ਜੀ ਦਾ ਹਵਾਲਾ ਦੇ ਕੇ ਮੈਂ ਆਪਣੇ ਦੋਸਤਾਂ ਨੂੰ ਕਿਹਾ, "ਭਾਈ ਮਰਦਾਨਾ ਜੀ ਨੇ 46 ਸਾਲ ਗੁਰੂ ਨਾਨਕ ਦੇਵ ਜੀ ਦਾ ਸਾਥ ਨਿਭਾਇਆ।" ਇੱਕ ਮਿੱਤਰ ਨੇ ਉੱਤਰ ਦਿੱਤਾ, "ਤੂੰ 46 ਸਾਲਾਂ ਦੀ ਗਿਣਤੀ ਤਦ ਕਰਦਾ ਜੇ ਇੰਨੇ ਸਮੇਂ ਬਾਦ ਭਾਈ ਸਾਹਿਬ ਗੁਰੂ ਜੀ ਦਾ ਸਾਥ ਛੱਡ ਕੇ ਵਾਪਸ ਆ ਜਾਂਦੇ। ਉਨਾਂ ਨੇ ਨਾ ਕੇਵਲ ਸਾਰੀ ਉਮਰ ਸਾਥ ਨਿਭਾਇਆ ਸਗੋਂ ਜੋਤੀ ਜੋਤ ਸਮਾਉਣ ਵਕਤ ਵੀ ਮਿਲਾਪ ਮੰਗ ਕੀਤੀ ਤੇ ਉਨਾਂ ਦੀ ਮੰਗ ਸਵੀਕਾਰ ਹੋਈ। ਅੱਜ ਤੱਕ ਅਤੇ ਹਮੇਸ਼ ਤੱਕ ਉਹ ਇਕੱਠੇ ਰਹਿਣਗੇ।"

ਜਦੋਂ ਗਿਆਨੀ, ਬੀ.ਏ ਤੇ ਐਮ.ਏ ਦੇ ਕੋਰਸਾਂ ਵਿਚ ਪੰਜਾਬੀ ਸਾਹਿਤ ਪੜਾਇਆ ਜਾਣ ਲੱਗਾ ਤਦ ਪਾਠ ਪੁਸਤਕਾਂ ਵਿਚ ਕਵਿਤਾ-ਸੰਗ੍ਰਹਿਆਂ ਅੰਦਰ ਗੁਰਬਾਣੀ ਛਾਪੀ ਗਈ ਤੇ ਅਧਿਆਪਨ ਹੋਣ ਲੱਗਾ। ਜਿਵੇਂ ਕਵਿਤਾ ਦਾ ਅਧਿਐਨ ਪਰੰਪਰਾਗਤ ਹੁੰਦਾ ਆਇਆ ਹੈ, ਬਾਣੀ ਨੂੰ ਵੀ ਉਨਾਂ ਹੀ ਮਾਪਦੰਡਾਂ ਉੱਤੇ ਪਰਖਿਆ ਗਿਆ। ਛੰਦ, ਅਲੰਕਾਰ, ਤੋਲ ਤੁਕਾਂਤ, ਭਾਸ਼ਾ, ਸ਼ੈਲੀ ਆਦਿਕ ਪੱਖਾਂ ਉੱਪਰ ਲਿਖਿਆ ਪੜਿਆ ਗਿਆ ਜਦੋਂ ਕਿ ਗੁਰਬਾਣੀ ਦਾ ਅਧਿਐਨ ਅਤੇ ਅਧਿਆਪਨ ਬਾਕੀ ਪੰਜਾਬੀ-ਸਾਹਿਤ ਨਾਲੋਂ ਭਿੰਨ ਸ਼ੈਲੀ ਦੀ ਮੰਗ ਕਰਦਾ ਹੈ। ਮੈਂ ਇਹ ਅਨੁਭਵ ਕਰਦਾ ਹਾਂ ਕਿ ਪੰਜਾਬੀ ਸਾਹਿਤ ਉੱਪਰ ਟਿੱਪਣੀ ਕਰਨ ਵਕਤ ਗੁਰਬਾਣੀ ਨੂੰ ਲੌਕਿਕ ਕਾਵਿ ਤੋਂ ਨਿਖੇੜਨ ਦੀ ਜ਼ਰੂਰਤ ਹੈ। ਭਾਈ ਗੁਰਦਾਸ ਜੀ ਦੀ ਰਚਨਾ, ਜਨਮ-ਸਾਖੀਆਂ, ਸ੍ਰੀ ਦਸਮ ਗ੍ਰੰਥ ਸਾਹਿਬ ਤੇ ਭਾਈ ਨੰਦ ਲਾਲ ਜੀ ਦੀ ਰਚਨਾ ਨੂੰ ਸਿੱਖ ਸਾਹਿਤ ਦੇ ਖਾਨੇ ਵਿਚ ਰੱਖਿਆ ਜਾ ਸਕਦਾ ਹੈ ਤੇ ਸਾਹਿਤ ਦੀਆਂ ਪ੍ਰਚੱਲਿਤ ਵਿਧੀਆਂ ਰਾਹੀਂ ਇਹਨਾਂ ਦੀ ਆਲੋਚਨਾ/ ਮੁਲਾਂਕਣ/ ਅਧਿਐਨ/ ਅਧਿਆਪਨ ਹੋਣਾ ਵਾਜਬ ਹੈ। ਭਾਈ ਗੁਰਦਾਸ ਜੀ ਦੀ ਰਚਨਾ ਨੂੰ ਦਰਬਾਰ ਸਾਹਿਬ ਵਿਚ ਗਾਇਆ ਜਾਂਦਾ ਹੈ ਤੇ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਗੁਰਬਾਣੀ ਦੀ ਕੁੰਜੀ ਕਿਹਾ ਹੈ। ਸੋ ਕੁੰਜੀ ਹਥਿਆਰ ਹੈ, ਸਾਧਨ ਹੈ, ਮੰਜ਼ਲ ਨਹੀਂ। ਮੰਜ਼ਲ ਗੁਰਬਾਣੀ ਹੈ। ਗੁਰਮਤਿ ਦਰਸ਼ਨ ਅਨੁਸਾਰ ਗੁਰੂ, ਸ਼ਬਦ ਅਤੇ ਅਕਾਲ ਪੁਰਖ ਵਿਚ ਕੋਈ ਭੇਦ ਨਹੀਂ, ਇਹ ਇਕ ਸੱਤਾ ਦੇ ਤਿੰਨ ਨਾਮ ਹਨ। ਜੇ ਗੁਰਬਾਣੀ ਅਕਾਲ ਪੁਰਖ ਹੈ ਤਦ ਇਸ ਨੂੰ ਸਾਧਨ ਨਹੀਂ ਆਖ ਸਕਦੇ ਮੰਜ਼ਲ ਕਹਾਂਗੇ। ਬਾਕੀ ਦਾ ਸਾਹਿਤ ਸਾਧਨ ਹੈ। ਸਾਧਨ ਚੰਗੇ ਹੋਣ ਤਾਂ ਟਿਕਾਣੇ ਤੇ ਜਲਦੀ ਅਤੇ ਆਰਾਮ ਨਾਲ ਪੁੱਜਿਆ ਜਾ ਸਕਦਾ ਹੈ।

ਸ੍ਰੀ ਦਸਮ ਗ੍ਰੰਥ ਨੂੰ ਸਿੱਖ-ਸਾਹਿਤ ਵਜੋਂ ਪਰਖਣਾ ਚਾਹੀਦਾ ਹੈ। ਮੈਂ ਇਹ ਸਮਝਦਾ ਹਾਂ ਕਿ ਇਸ ਗ੍ਰੰਥ ਦਾ ਅਧਿਐਨ ਕਈ ਪੱਖਾਂ ਤੋਂ ਹੋਵੇ। ਪਹਿਲਾ ਪੱਖ ਇਹ ਕਿ ਇਸ ਵਿਚ ਅਕਾਲ ਪੁਰਖ ਦਾ ਵਰਣਨ, ਸੁਚੇਤ ਰੂਪ ਵਿਚ ਉਦੋਂ ਦਾ ਕੀਤਾ ਗਿਆ ਹੈ ਜਦੋਂ ਉਹ ਇਤਿਹਾਸ ਵਿਚ ਪ੍ਰਵੇਸ਼ ਕਰਦਾ ਹੈ ਜਿਸ ਨੂੰ ਈਸਾਈ ਚਿੰਤਕ **God in History** ਆਖਦੇ ਹਨ।

ਅਨੇਕ ਵਾਰ ਜਿਸ ਵਿਸ਼ੇਸ਼ਣ ਨੂੰ ਦੁਹਰਾਇਆ ਗਿਆ ਹੈ ਉਹ 'ਕਾਲਪੁਰਖ' ਹੈ 'ਅਕਾਲਪੁਰਖ' ਨਹੀਂ। ਇਸ ਪੱਖੋਂ ਗੁਰੂ ਗ੍ਰੰਥ ਸਾਹਿਬ ਨਾਲੋਂ ਇਸ ਗ੍ਰੰਥ ਦੀ ਸੁਰ ਇਸੇ ਥਾਂ ਭਿੰਨ ਹੋ ਜਾਂਦੀ ਹੈ। ਜਿੱਥੇ ਗੁਰਬਾਣੀ ਵਿਚ ਅਕਾਲ ਪੁਰਖ ਨਿਰਗੁਣ ਵਧੀਕ ਹੈ ਉੱਥੇ ਸਰਗੁਣ ਸਰੂਪ ਦੇ ਵੀ ਕੁੱਝ ਇਸ਼ਾਰੇ ਆਏ ਹਨ ਪਰ ਥੋੜਾ। ਪਰਧਾਨ ਸੁਰ ਨਿਰਗੁਣ ਕਰਤਾਰ ਦੀ ਹੈ। ਇੱਥੇ ਦਸਮ ਗ੍ਰੰਥ ਵਿਚ ਨਿਰਗੁਣ ਸਰੂਪ ਦਾ ਵੀ ਜ਼ਿਕਰ ਹੈ ਪਰ ਪਰਧਾਨ ਸੁਰ ਵਿਸ਼ਵ ਵਿਚ ਵਿਚਰਦੇ ਕ੍ਰਿਆਸ਼ੀਲ ਕਾਲਪੁਰਖ ਦੀ ਹੈ। ਦੂਜਾ ਪੱਖ ਸ਼ਸਤਰਧਾਰੀ ਰੱਬ ਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਿਤੇ ਨਹੀਂ ਮਿਲੇਗਾ ਕਿ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਉਸ ਨੇ ਖੰਡਾ ਸਿਰਜਿਆ। ਗੁਰਬਾਣੀ ਵਿਚ ਉਹ ਰੌਸ਼ਨ-ਸਰੂਪ ਹੈ, ਦਸਮ ਗ੍ਰੰਥ ਵਿਚ ਉਹ ਅੰਧਕਾਰ ਵੀ ਹੈ (ਨਮੋ ਅੰਧਕਾਰੇ) ਤੇ ਕ੍ਰੂਰ ਕਰਮ ਕਰਨ ਵਾਲਾ ਵੀ ਹੈ, ਬਾਦ ਬਾਦੇ ਵੀ ਹੈ, ਕਲਹ ਕਰਤਾ ਵੀ ਹੈ। ਕਾਲਪੁਰਖ ਖ਼ੁਦ ਹਥਿਆਰਬੰਦ ਹੈ, ਸਰਬਕਾਲ ਹੈ ਅਤੇ ਕਾਲਾਂ ਦਾ ਕਾਲ ਹੈ; ਖੜਗ, ਖੰਡਾ, ਤੇਗ, ਤੀਰ, ਤਬਰ, ਤਲਵਾਰ, ਸ਼ਸਤਰ ਸਭ ਉਸਨੇ ਧਾਰਨ ਤਾਂ ਕੀਤੇ ਹੋਏ ਹਨ ਹੀ ਉਹ ਖ਼ੁਦ ਸ਼ਸਤਰ ਰੂਪਹੈ, ਖੜਗਕੇਤ, ਸ਼੍ਰੀ ਅਸਿਧੁਜ ਹੈ। ਇਹ ਸਾਰੇ ਵਿਸ਼ੇਸ਼ਣ ਉਸਦੇ ਲੌਕਿਕ ਰੂਪ ਦੇ ਬਲਵਾਨ ਤੇਜੱਸਵੀ ਨਾਮ ਹਨ। ਸ਼ਸਤਰਧਾਰੀ ਖ਼ਾਲਸਾ ਉਸਦੀ ਫ਼ੌਜ ਹੈ ਤੇ ਇਸ ਫ਼ੌਜ ਦੀ ਫ਼ਤਿਹ, ਵਾਹਿਗੁਰੂ ਜੀ ਕੀ ਫ਼ਤਿਹ ਹੈ। ਦਸਮ ਗ੍ਰੰਥ ਦੀ ਬਾਣੀ ਵਿਚੋਂ ਸਾਨੂੰ ਦਿਸਦਾ ਹੈ ਕਿ ਜੇ ਵਿਸ਼ਵ ਵਿਚ ਪੱਤਾ ਵੀ ਉਸਦੇ ਹੁਕਮ ਬਗੈਰ ਨਹੀਂ ਹਿੱਲਦਾ ਤਾਂ ਫਿਰ ਬਦੀ ਕਿਸਨੇ ਪੈਦਾ ਕੀਤੀ? ਜੇ ਉਸਨੇ ਦੇਵਤੇ ਤੇ ਅਵਤਾਰ ਪੈਦਾ ਕੀਤੇ ਤਦ ਦੈਂਤ, ਜੱਛ ਤੇ ਗੰਧਰਵ ਵੀ ਉਸੇ ਦੀ ਰਚਨਾ ਹਨ। ਉਸ ਨੇ ਖ਼ੁਧਰਮ ਅਤੇ ਅਧਰਮ ਦਾ ਸੰਘਰਸ਼ ਛੇੜਿਆ ਹੈ। ਬਾਬੇ ਕੇ ਜੇ ਉਸਨੇ ਸਾਜੇ ਤਦ ਬਾਬਰ ਕੇ ਵੀ ਉਸੇ ਦੀ ਦੇਣ ਹਨ, ਇਹਨਾਂ ਦੀ ਟੱਕਰ ਵੀ ਉਸਦੇ ਹੁਕਮ ਨਾਲ ਹੋਈ ਤੇ ਨਤੀਜੇ ਵੀ ਉਸਦੀ ਮਰਜ਼ੀ ਦੇ ਨਿਕਲਣਗੇ।

ਤੀਜਾ ਨੁਕਤਾ ਮੇਰੇ ਦਿਮਾਗ਼ ਵਿਚ ਇਹ ਹੈ ਕਿ ਦਸਮ ਗ੍ਰੰਥ ਵਿਚ ਮੌਜੂਦ ਵਧੀਕ ਸਮਗਰੀ, ਖ਼ਾਸ ਕਰਕੇ ਅਵਤਾਰ-ਕਥਾਵਾਂ; ਵਾਸਤਵ ਵਿਚ ਹਿੰਦੂ ਸਭਿਆਚਾਰ ਅਤੇ ਹਿੰਦੂ ਪੌਰਾਣਿਕ ਸਾਹਿਤ ਨੂੰ ਪਹਿਲੀ ਵਾਰ ਗੁਰਮਤਿ ਦ੍ਰਿਸ਼ਟੀਕੋਣ ਤੋਂ ਚਿਤਰਿਆ ਗਿਆ ਹੈ। ਇਸ ਵਿਚਲੇ ਦੇਵਤੇ, ਦੇਵੀਆਂ ਅਤੇ ਅਵਤਾਰਾਂ ਦੇ ਚਿੱਤਰ ਤੁਹਾਨੂੰ ਪੁਰਾਣੇ ਸੰਸਕ੍ਰਿਤ ਦੇ ਚਿੱਤਰਾਂ ਤੋਂ ਵੱਖਰੀ ਪ੍ਰਕਾਰ ਦੇ ਮਿਲਣਗੇ। ਜੇ ਚੰਡੀ ਦੀ ਵਾਰ ਰਚੀ ਜਾ ਰਹੀ ਹੈ ਤਦ ਉਸਦਾ ਆਰੰਭ ਵੀ "ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ" ਨਾਲ ਹੋ ਰਿਹਾ ਹੈ। ਕ੍ਰਿਸ਼ਨ ਅਵਤਾਰ, ਰਾਮ ਅਵਤਾਰ ਜਿਹੀਆਂ ਲੰਮੇਰੀਆਂ ਰਚਨਾਵਾਂ ਹੋਈਆਂ ਹਨ ਪਰ ਨਾਲ ਨਾਲ ਦੱਸਿਆ ਜਾ ਰਿਹਾ ਹੈ ਕਿ ਇਹਨਾਂ ਦੀ ਪੂਜਾ ਕਰਨ ਦੀ ਲੋੜ ਨਹੀਂ, ਉਸੇ ਦਾ ਸਿਮਰਨ ਕਰੋ ਜਿਸਨੇ ਇਹ ਪੈਦਾ ਕੀਤੇ, ਕਰੋੜਾਂ ਦੀ ਗਿਣਤੀ ਵਿਚ ਪੈਦਾ ਕਰਕੇ ਖਪਾ ਵੀ ਦਿੱਤੇ। ਵਕਤੀ ਤੌਰ ਤੇ ਸਿਆਸੀ ਹਿੱਤਾਂ ਤੋਂ ਪ੍ਰੇਰਿਤ ਹੋ ਕੇ ਜੋ ਮਰਜ਼ੀ ਇਸ ਗ੍ਰੰਥ ਬਾਰੇ ਕਿਹਾ ਸੁਣਿਆ ਜਾਵੇ, ਹਿੰਦੂ ਜਗਤ ਵਿਚ ਸ੍ਰੀ ਦਸਮ ਗ੍ਰੰਥ ਕਦੀ ਪ੍ਰਵਾਨ ਨਹੀਂ ਹੋਵੇਗਾ। ਪ੍ਰਵਾਨ ਹੋਣਾ ਚਾਹੀਦਾ ਸੀ, ਕਿਉਂਕਿ ਸਿੱਖ ਆਖਦੇ ਹਨ ਇਸ ਵਿਚ ਤਾਂ ਹਨ ਹੀ ਪੁਰਾਣ ਕਥਾਵਾਂ। ਸਹੀ ਹੈ ਕਿ ਪੁਰਾਣ ਕਥਾਵਾਂ ਹਨ ਪਰ ਉਹ ਵੈਦਿਕ ਨਜ਼ਰੀਏ ਤੋਂ ਨਹੀਂ ਰਚੀਆਂ ਗਈਆਂ। ਅਵਤਾਰਾਂ ਬਾਰੇ ਅਜਿਹੀਆਂ ਅਨੇਕ ਟਿੱਪਣੀਆਂ ਪ੍ਰਾਪਤ ਹੋ ਜਾਂਦੀਆਂ ਹਨ ਜੋ ਵੈਦਿਕ ਚਿੰਤਨ ਹਜ਼ਮ ਨਹੀਂ ਕਰ ਸਕਦਾ। ਸਿੱਖਾਂ ਨੇ ਗੰਭੀਰਤਾ ਨਾਲ ਇਸ ਗ੍ਰੰਥ ਦਾ ਅਧਿਐਨ ਕਰਨ ਦੀ ਥਾਂ ਇਸ ਦੇ ਕਰਤਾ ਬਾਰੇ ਸ਼ੋਰ ਪਾ ਰੱਖਿਆ ਹੈ। ਇੱਥੇ ਵੀ ਚੇਤੰਨ ਤੌਰ 'ਤੇ ਮੈਂ ਸ਼ਬਦ 'ਸ਼ੋਰ' ਲਿਖਿਆ ਹੈ ਕਿਉਂਕਿ ਅਧਿਐਨ ਦੀ ਪ੍ਰਧਾਨਤਾ ਨਾਲੋਂ ਸ਼ੋਰ ਪ੍ਰਧਾਨ ਹੈ।

## ਹਿੰਦੂ ਰਾਸ਼ਟਰਵਾਦ ਦੀ ਸਿਆਸਤ

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਕਿਰਤ ਅਧਿਐਨ ਕੇਂਦਰ ਦੇ ਸਾਬਕਾ ਚੇਅਰਪਰਸਨ ਕਿਰਤ ਅਰਥ ਸ਼ਾਸਤਰੀ ਸੰਤੋਸ਼ ਮਹਿਰੋਤਰਾ ਦਾ ਕਹਿਣਾ ਹੈ ਕਿ ਸਾਰੀਆਂ ਨੌਕਰੀਆਂ ਦੀ ਬਹਾਲੀ 2023-24 ਤੱਕ ਹੋਣ ਦੀ ਆਸ ਕੀਤੀ ਜਾ ਸਕਦੀ ਹੈ। ਉਦੋਂ ਤੱਕ ਕੰਮ ਲੱਭਣ ਵਾਲੇ ਹੋਰ ਵੀ ਮਾਰਕਿਟ ਵਿਚ ਆ ਜਾਣੇ ਹਨ। ਸੋ ਜ਼ਬਰਦਸਤ ਬੇਰੁਜ਼ਗਾਰੀ ਦੀ ਹਾਲਤ ਕਈ ਸਾਲ ਰਹੇਗੀ। ਹਰ ਸਾਲ ਇਕ ਕਰੋੜ ਤੋਂ ਵੱਧ ਲੋਕ ਨੌਕਰੀਆਂ ਲਈ ਇਮਤਿਹਾਨ ਦਿੰਦੇ ਹਨ। ਮਹਿਰੋਤਰਾ ਨੇ ਇਸ ਤੱਥ ਵੱਲ ਵੀ ਧਿਆਨ ਦਿਵਾਇਆ ਹੈ ਕਿ 1947 ਤੋਂ ਬਾਅਦ ਆਏ ਤਿੰਨ ਆਰਥਿਕ ਮੰਦਵਾੜੇ ਦਾ ਕਾਰਨ ਮੁੱਖ ਤੌਰ 'ਤੇ ਸੋਕਾ ਤੇ ਅਦਾਇਗੀਆਂ ਦੇ ਸੰਤੁਲਨ ਵਿਚ ਝੋਲ ਸੀ। ਵਰਤਮਾਨ ਮੰਦਵਾੜੇ ਦਾ ਕਾਰਨ ਚੀਜ਼ਾਂ ਦੀ ਮੰਗ ਦੀ ਘਾਟ ਹੈ, ਕਿਉਂਕਿ ਲੋਕਾਂ ਕੋਲ ਪੈਸੇ ਨਹੀਂ। ਇਸ ਦਾ ਇੱਕੋ-ਇੱਕ ਇਹੀ ਹੱਲ ਹੈ ਕਿ ਸਰਕਾਰ ਲਗਭਗ 60 ਫ਼ੀਸਦੀ ਲੋਕਾਂ ਦੇ ਖਾਤਿਆਂ ਵਿਚ ਛੇ ਮਹੀਨਿਆਂ ਤੱਕ ਨਕਦ ਪੈਸੇ ਪਾਏ। ਕਮਿਊਨਿਸਟ ਪਾਰਟੀਆਂ ਸਮੇਤ ਕਈ ਆਪੋਜ਼ੀਸ਼ਨ ਪਾਰਟੀਆਂ ਨੇ ਲੋਕਾਂ ਦੇ ਖਾਤੇ ਵਿਚ ਪੈਸੇ ਪਾਉਣ ਦੀ ਮੰਗ ਜ਼ੋਰ-ਸ਼ੋਰ ਨਾਲ ਉਠਾਈ ਹੈ, ਪਰ ਅਰਥਚਾਰੇ ਦੀ ਸੁਰਜੀਤੀ ਦੇ ਨਾਂਅ 'ਤੇ ਕਾਰਪੋਰੇਟਾਂ ਨੂੰ ਕਰੋੜਾਂ ਰੁਪਏ ਦੀਆਂ ਸਹੂਲਤਾਂ ਦੇਣ ਵਾਲੀ ਮੋਦੀ ਸਰਕਾਰ ਇਹ ਮੰਗ ਮੰਨਣ ਲਈ ਤਿਆਰ ਨਹੀਂ। ਸੀ ਐੱਮ ਆਈ ਈ ਦੇ ਸਰਵੇ ਦੇ ਨਾਲ ਹੀ ਇੰਟਰਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ ਤੇ ਏਸ਼ੀਅਨ ਡਿਵੈਲਪਮੈਂਟ ਬੈਂਕ ਦੀ ਦੋ ਦਿਨ ਪਹਿਲਾਂ ਆਈ ਰਿਪੋਰਟ ਵਿਚ ਇਹ ਗੱਲ ਆਖੀ ਗਈ ਹੈ ਕਿ ਅਪ੍ਰੈਲ, ਮਈ ਤੇ ਜੂਨ ਵਿਚ ਭਾਰਤ ਵਿਚ 20 ਤੋਂ 29 ਸਾਲ ਦੇ 41 ਲੱਖ ਨੌਜਵਾਨਾਂ ਨੇ ਨੌਕਰੀਆਂ ਗੁਆਈਆਂ ਹਨ। ਇਹ ਰਿਪੋਰਟਾਂ ਮੁਕਾਬਲਤਨ ਚੰਗੀਆਂ ਕੰਪਨੀਆਂ ਤੇ ਫ਼ਰਮਾਂ ਆਦਿ ਦੇ ਨੌਕਰੀਪੇਸ਼ਾ ਲੋਕਾਂ ਨਾਲ ਸੰਬੰਧਿਤ ਹਨ। ਬੇਰੁਜ਼ਗਾਰ ਹੋਣ ਵਾਲਿਆਂ ਦੀ ਗਿਣਤੀ ਇਸ ਨਾਲੋਂ ਕਿਤੇ ਵੱਧ ਹੈ। ਘਰੇਲੂ ਵਰਕਰਾਂ ਤੇ ਅਖ਼ਬਾਰੀ ਹਾਕਰਾਂ ਦਾ ਕੰਮ ਚੰਗੀ ਤਰਾਂ ਸ਼ੁਰੂ ਨਹੀਂ ਹੋ ਸਕਿਆ ਹੈ। ਇਕ ਹੋਰ ਕਿਰਤ ਅਰਥਸ਼ਾਸਤਰੀ ਰਵੀ ਸ੍ਰੀਵਾਸਤਵ ਮੁਤਾਬਿਕ ਮਹੀਨੇ ਬਾਅਦ ਤਨਖ਼ਾਹ ਲੈਣ ਵਾਲੇ 70 ਫ਼ੀਸਦੀ ਲੋਕ ਤਾਂ ਗ਼ੈਰਰਸਮੀ ਖੇਤਰ ਵਿਚ ਕੰਮ ਕਰਦੇ ਹਨ। ਇਸ ਖੇਤਰ ਦੀ ਸੁਰਜੀਤੀ ਬਹੁਤ ਹੀ ਧੀਮੀ ਹੈ। ਸਰਕਾਰ ਕੋਰੋਨਾ ਤੋਂ ਠੀਕ ਹੋਣ ਵਾਲਿਆਂ ਦੀ ਗਿਣਤੀ ਵਿਚ ਵਾਧੇ ਦੀ ਖ਼ਬਰ ਰੋਜ਼ ਦੇ ਰਹੀ ਹੈ, ਪਰ ਇਹ ਨਹੀਂ ਦੱਸ ਰਹੀ ਕਿ ਕੋਰੋਨਾ ਦੇ ਚੱਕਰ ਵਿਚ ਨੌਕਰੀਆਂ ਤੇ ਰੁਜ਼ਗਾਰ ਗੁਆਉਣ ਵਾਲਿਆਂ ਵਿੱਚੋਂ ਕਿੰਨਿਆਂ ਦੀ ਹਾਲਤ ਵਿਚ ਸੁਧਾਰ ਹੋਇਆ ਹੈ। ਮੋਦੀ ਸਰਕਾਰ ਤਾਂ ਹਰ ਰੋਜ਼ ਪਬਲਿਕ ਸੈਕਟਰ ਦੇ ਕਿਸੇ ਨਾ ਕਿਸੇ ਉੱਦਮ ਨੂੰ ਸੇਲ 'ਤੇ ਲਾ ਰਹੀ ਹੈ। ਉਸ ਨੇ ਰੇਲਵੇ, ਬੈਂਕ, ਐੱਲ ਆਈ ਸੀ, ਆਰਡੀਨੈਂਸ ਫ਼ੈਕਟਰੀਆਂ, ਰੇਲਵੇ ਕਾਰਖ਼ਾਨੇ, ਬੀ ਐੱਸ ਐੱਨ ਐੱਲ, ਬੀ ਪੀ ਸੀ ਐਲ ਸਣੇ 46 ਉੱਦਮਾਂ ਨੂੰ ਕੋਰੋਨਾ ਕਾਲ ਵਿਚ ਹੀ ਨਿੱਜੀ ਹੱਥਾਂ ਵਿਚ ਵੇਚਣ ਦੇ ਫ਼ੈਸਲੇ ਕਰ ਦਿੱਤੇ ਹਨ। ਇਕੱਲੇ ਬੀ ਐੱਸ ਐੱਨ ਐੱਲ ਵਿਚ 90 ਹਜ਼ਾਰ ਮੁਲਾਜ਼ਮ ਹਨ। ਆਰਡੀਨੈਂਸ ਫ਼ੈਕਟਰੀਆਂ ਵਿਚ ਵੀ ਏਨੇ ਹੀ ਹਨ। ਜਦੋਂ ਇਨਾਂ ਦੀਆਂ ਨੌਕਰੀਆਂ ਜਾਣਗੀਆਂ ਤਾਂ ਬੇਰੁਜ਼ਗਾਰਾਂ ਦੇ ਅੰਕੜੇ ਹੋਰ ਡਰਾਉਣੇ ਹੋ ਜਾਣਗੇ।

ਭਾਵੇਂ ਕਿ ਨੌਕਰੀਆਂ ਦੀ ਮੰਗ ਕਰਨ ਵਾਲਿਆਂ ਦਾ ਅਤੇ ਕੋਰੋਨਾ ਕਾਰਨ ਦੇਸ਼ ਦੇ ਹੋਏ ਨੁਕਸਾਨ ਦਾ ਸਹੀ ਤੱਥ ਨਾ ਵਿਖਾ ਕੇ ਗੋਦੀ ਮੀਡੀਆ ਵੀ ਸਮੇਂ ਸਮੇਂ 'ਤੇ ਮਜ਼ਾਕ ਉਡਾਉਂਦਾ ਰਹਿੰਦਾ ਹੈ, ਪਰ ਦੂਜੇ ਪਾਸੇ ਇਹੀ ਗੋਦੀ ਮੀਡੀਆ ਝੂਠਾਂ ਦੇ ਭੰਡਾਰ ਡੁੱਲ ਕਰਕੇ, ਜਨਤਾ ਮੂਹਰੇ ਪੰਡਾਲ ਤੋਲ ਕੇ ਸਰਕਾਰ ਵੱਲੋਂ ਨੌਕਰੀਆਂ ਦੇਣ ਦੇ ਦਾਅਵੇ ਕਰਦਾ ਰਹਿੰਦਾ ਹੈ। ਭਾਰਤ ਵਾਸੀ ਸਾਡੀ ਗੱਲ ਦੇ ਨਾਲ ਸਹਿਮਤ ਨਹੀਂ ਹੋਣਗੇ, ਪਰ ਸਾਡਾ ਤਰਕ ਹੈ ਕਿ ਜਿਸ ਪ੍ਰਕਾਰ ਮੋਦੀ ਦੇ ਵੱਲੋਂ ਦੇਸ਼ ਨੂੰ ਵੇਚਣਾ ਸ਼ੁਰੂ ਕਰ ਦਿੱਤਾ ਹੈ, ਆਉਣ ਵਾਲੇ ਕੁੱਝ ਹੀ ਮਹੀਨਿਆਂ ਦੇ ਅੰਦਰ ਅੰਦਰ ਸਾਡਾ ਦੇਸ਼ ਦੁਨੀਆ ਦਾ ਪਹਿਲਾ ਐਸਾ ਦੇਸ਼ ਬਣ ਜਾਵੇਗਾ, ਜਿੱਥੇ ਰੁਜ਼ਗਾਰ ਕਿਸੇ ਨੂੰ ਵੀ ਨਹੀਂ ਦਿੱਤਾ ਜਾਇਆ ਕਰੇਗਾ। ਕਰੋਨਾ ਵਾਇਰਸ, ਡੁੱਬਦੀ ਆਰਥਿਕਤਾ, ਨੌਜਵਾਨਾਂ ਨੂੰ ਰੁਜ਼ਗਾਰ ਅਤੇ ਸਰਹੱਦਾਂ 'ਤੇ ਤਣਾਅ ਦੇ ਵੱਧ ਰਹੇ ਕੇਸਾਂ ਕਾਰਨ ਮੋਦੀ ਹਕੂਮਤ ਚੁੱਪੀ ਤਾਣੀ ਬੈਠੀ ਹੈ ਅਤੇ ਦੇਸ਼ ਦਾ ਨੁਕਸਾਨ ਕਰਵਾ ਰਹੀ ਹੈ।

## ਕਾਂਗਰਸ ਵਿਚ ਲੈਟਰ ਬੰਬ 'ਤੇ...

ਉੱਤੇ ਆਉਣ ਵਾਲੇ ਕਸਬਿਆਂ ਵਿੱਚ 75 ਰਾਮ ਮੰਦਰ ਉਸਾਰੇ ਜਾਣਗੇ। ਇਸ ਯੋਜਨਾ ਲਈ 137 ਕਰੋੜ ਰੁਪਏ ਦੀ ਰਕਮ ਮਨਜ਼ੂਰ ਕੀਤੀ ਗਈ ਹੈ। ਪਿਛਲੇ ਦਿਨੀਂ ਮੁੱਖ ਮੰਤਰੀ ਭੁਪੇਸ਼ ਬਘੇਲ ਨੇ ਇਸ ਯੋਜਨਾ ਦੇ ਪ੍ਰਚਾਰ ਲਈ ਆਪਣੇ ਨਿਵਾਸ ਸਥਾਨ ਤੋਂ ਇੱਕ ਵਿਸ਼ੇਸ਼ ਰਥ ਨੂੰ ਝੰਡੀ ਦੇ ਕੇ ਰਵਾਨਾ ਕੀਤਾ ਸੀ। ਇਸ ਯੋਜਨਾ ਦੀ ਸ਼ੁਰੂਆਤ ਚੰਦਖੁਰੀ ਤੋਂ ਹੋ ਚੁੱਕੀ ਹੈ, ਇੱਥੋਂ ਦੇ ਮਾਤਾ ਕੌਸ਼ਲਿਆ ਮੰਦਰ ਦੇ ਵਿਕਾਸ ਲਈ 15 ਕਰੋੜ 45 ਲੱਖ ਰੁਪਏ ਖ਼ਰਚੇ ਜਾਣਗੇ। ਇਸ ਯੋਜਨਾ ਤੋਂ ਬਾਅਦ ਆਦਿ-ਵਾਸੀ ਸਮਾਜ ਕਾਂਗਰਸ ਦੇ ਵਿਰੁੱਧ ਬੋਲ ਰਿਹਾ ਹੈ ਕਿ ਕਾਂਗਰਸ ਨੇ ਇਹ ਯੋਜਨਾ ਅਸਲ ਵਿੱਚ ਉਨਾਂ ਦੇ ਸਭਿਆਚਾਰ ਨੂੰ ਤਬਾਹ ਕਰਨ ਲਈ ਅਪਣਾਈ ਹੈ। ਆਦਿ-ਵਾਸੀ ਸਮਾਜ ਦੇ ਆਗੂਆਂ ਵੱਲੋਂ 9 ਅਗਸਤ ਨੂੰ ਕੌਮਾਂਤਰੀ ਆਦਿ-ਵਾਸੀ ਦਿਵਸ ਦੇ ਮੌਕੇ ਉੱਤੇ ਰਾਸ਼ਟਰਪਤੀ, ਰਾਜਪਾਲ ਤੇ ਮੁੱਖ ਮੰਤਰੀ ਨੂੰ ਯਾਦ ਪੱਤਰ ਦੇ ਕੇ ਮੰਗ ਕੀਤੀ ਗਈ ਸੀ ਕਿ ਇਸ ਯੋਜਨਾ ਨੂੰ ਤੁਰੰਤ ਬੰਦ ਕੀਤਾ ਜਾਵੇ। ਉਨਾਂ ਮੰਗ ਕੀਤੀ ਹੈ ਕਿ ਭੁਪੇਸ਼ ਸਰਕਾਰ ਜੇਕਰ ਸਹੀ ਅਰਥਾਂ ਵਿੱਚ ਆਦਿਵਾਸੀਆਂ ਦਾ ਵਿਕਾਸ ਚਾਹੁੰਦੀ ਹੈ ਤਾਂ ਇਸ ਯੋਜਨਾ ਉੱਤੇ ਖ਼ਰਚੀ ਜਾਣ ਵਾਲੀ ਰਕਮ ਨੂੰ ਜਨ ਜਾਤੀ ਖੇਤਰ ਵਿੱਚ ਸਕੂਲ ਤੇ ਹਸਪਤਾਲ ਬਣਾਉਣ ਲਈ ਇਸਤੇਮਾਲ ਕੀਤਾ ਜਾਵੇ। ਆਦਿ-ਵਾਸੀ ਆਗੂਆਂ ਨੇ ਕਿਹਾ ਕਿ ਕਾਂਗਰਸੀ ਆਗੂਆਂ ਵੱਲੋਂ ਰਾਮ ਨਾਮ ਦੀ ਬੇੜੀ ਰਾਹੀਂ ਚੋਣ ਨਦੀ ਪਾਰ ਕਰਨ ਦੀ ਇਸ ਖਾਹਸ਼ ਦਾ ਬਸਤਰ ਦੀਆਂ ਸਭਿਆਚਾਰਕ, ਸਮਾਜਿਕ ਤੇ ਇਤਿਹਾਸਕ ਪਰੰਪਰਾਵਾਂ ਉੱਤੇ ਮਾਰੂ ਪ੍ਰਭਾਵ ਪਵੇਗਾ। ਇਸ ਨਾਲ ਆਦਿ-ਵਾਸੀ ਤੇ ਹਿੰਦੂ ਭਾਈਚਾਰੇ ਵਿਚਾਲੇ ਟਕਰਾਅ ਸ਼ੁਰੂ ਹੋ ਸਕਦਾ ਹੈ।

**ਕਾਂਗਰਸ ਲਈ ਵੱਡੇ ਚੈਲੰਜ**

ਮੱਧ ਪ੍ਰਦੇਸ਼ ਅਤੇ ਰਾਜਸਥਾਨ ਤੋਂ ਬਾਅਦ ਹੁਣ ਪੰਜਾਬ, ਮਹਾਰਾਸ਼ਟਰ ਅਤੇ ਝਾਰਖੰਡ ਵਿਚਲੀਆਂ ਕਾਂਗਰਸੀ ਸਰਕਾਰਾਂ ਦੀ ਵਾਰੀ ਹੈ। ਹਾਲਾਂਕਿ ਪੰਜਾਬ ਵਿਚ ਕਾਂਗਰਸ ਚੰਗੀ ਸਥਿਤੀ ਵਿਚ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ 'ਤੇ ਪੂਰੀ ਪਕੜ ਹੈ ਪਰ ਸਾਬਕਾ ਪੰਜਾਬ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਅਤੇ ਦੂਲੋ ਵੱਲੋਂ ਕੈਪਟਨ ਸਰਕਾਰ 'ਤੇ ਨਿਸ਼ਾਨਾ ਸਾਧਿਆ ਜਾ ਰਿਹਾ ਹੈ ਜੋ ਕੈਪਟਨ ਲਈ ਚਿੰਤਾ ਦਾ ਵਿਸ਼ਾ ਜ਼ਰੂਰ ਹੈ।

ਮਹਾਰਾਸ਼ਟਰ ਦੇ ਜਨਰਲ ਸਕੱਤਰ ਇੰਚਾਰਜ ਮਲਿਕ ਅਰਜੁਨ ਖੜਗੇ ਦੀ ਬੇਚੈਨੀ ਵਧ ਰਹੀ ਹੈ, ਕਿਉਂਕਿ ਉਨਾਂ ਦੀਆਂ ਸਰਗਰਮੀਆਂ ਨੂੰ ਸੀਮਤ ਕਰ ਦਿੱਤਾ ਗਿਆ ਹੈ। ਖੜਗੇ ਬਹੁਤ ਘੱਟ ਮਹਾਰਾਸ਼ਟਰ ਜਾਂਦੇ ਹਨ ਅਤੇ ਉਨਾਂ 'ਤੇ ਸਭ ਤੋਂ ਵੱਡਾ ਦੋਸ਼ ਇਹ ਹੈ ਕਿ ਉਹ ਸਾਰਿਆਂ ਨੂੰ ਇਕੱਠਿਆਂ ਨਹੀਂ ਕਰਦੇ। ਇੱਥੋਂ ਤੱਕ ਕਿ ਮਹਾਰਾਸ਼ਟਰ ਦੇ ਬਹੁਤ ਸਾਰੇ ਆਗੂਆਂ ਨੇ ਨਵੇਂ ਅਤੇ ਹੋਰ ਸਰਗਰਮ ਜਨਰਲ ਸਕੱਤਰ ਦੀ ਨਿਯੁਕਤੀ ਦੀ ਮੰਗ ਕਰ ਦਿੱਤੀ ਹੈ। ਕਾਂਗਰਸ ਦੇ ਸੂਤਰਾਂ ਅਨੁਸਾਰ ਖੜਗੇ ਨੂੰ ਆਉਣ ਵਾਲੇ ਮਹੀਨਿਆਂ ਦੌਰਾਨ ਰਾਜ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਵਜੋਂ ਗ਼ੁਲਾਮ ਨਬੀ ਆਜ਼ਾਦ ਦੀ ਜਗਾ ਦਿੱਤੀ ਜਾ ਸਕਦੀ ਹੈ। ਝਾਰਖੰਡ ਵਿਚ ਇੰਚਾਰਜ ਆਰ.ਪੀ.ਐਨ. ਸਿੰਘ ਦੇ ਕਈ ਆਲੋਚਕ ਹਨ ਜੋ ਕੇਂਦਰੀ ਲੀਡਰਸ਼ਿਪ ਨੂੰ ਉਨਾਂ ਬਾਰੇ ਸ਼ਿਕਾਇਤਾਂ ਕਰ ਰਹੇ ਹਨ। ਆਰ.ਪੀ.ਐਨ. ਨੇ ਹਾਈ ਕਮਾਂਡ ਵਿਚ ਵੀ ਆਪਣੇ ਕਈ ਦੁਸ਼ਮਣ ਬਣਾ ਲਏ ਹਨ, ਜਿਸ ਕਾਰਨ ਉਨਾਂ ਦਾ ਨੁਕਸਾਨ ਹੋ ਸਕਦਾ ਹੈ।

**ਰਾਜਸਥਾਨ ਦੀ ਸਿਆਸੀ ਸਥਿਤੀ**

ਆਖ਼ਰਕਾਰ ਰਾਜਸਥਾਨ ਵਿਚ ਅਸ਼ੋਕ ਗਹਿਲੋਤ ਦੀ ਸਰਕਾਰ ਉੱਥੋਂ ਦੀ ਵਿਧਾਨ ਸਭਾ ਵਿਚ ਵਿਸ਼ਵਾਸ ਮਤ ਜਿੱਤ ਗਈ। ਪਹਿਲਾਂ ਇਸ ਨੂੰ ਕਾਂਗਰਸ ਤੇ ਭਾਜਪਾ ਵਿਚ ਚੱਲ ਰਹੀ ਲੜਾਈ ਦੇ ਰੂਪ ਵਿਚ ਵੇਖਿਆ ਗਿਆ ਪਰ ਬਾਅਦ ਵਿਚ ਇਹ ਗੱਲ ਸਾਹਮਣੇ ਆਈ ਕਿ ਇਹ ਦੋਵਾਂ ਪਾਰਟੀਆਂ ਵਿਚਲੀਆਂ ਕੁਝ ਸ਼ਖ਼ਸੀਅਤਾਂ ਵਿਚਲੀ ਲੜਾਈ ਸੀ। ਬੀਤੇ 18 ਮਹੀਨਿਆਂ ਦੌਰਾਨ ਗਹਿਲੋਤ ਸਚਿਨ ਨੂੰ ਨਜ਼ਰਅੰਦਾਜ਼ ਕਰਦੇ ਰਹੇ ਸਨ। ਜਦੋਂ ਕਿ ਗਹਿਲੋਤ ਨੇ ਆਪਣੀ ਮਸ਼ਹੂਰੀ ਲਈ ਸਰਕਾਰੀ ਖਾਤੇ ਵਿਚੋਂ 27 ਕਰੋੜ ਰੁਪਏ ਖ਼ਰਚੇ ਸਨ ਪਰ ਸਚਿਨ ਲਈ ਇਕ ਪੈਸਾ ਵੀ ਨਹੀਂ ਖ਼ਰਚਿਆ, ਕਿਉਂਕਿ ਗ੍ਰਹਿ ਤੇ ਵਿੱਤ ਮੰਤਰਾਲਾ ਗਹਿਲੋਤ ਕੋਲ ਸੀ, ਉਨਾਂ ਨੇ ਇਹ ਯਕੀਨੀ ਬਣਾ ਕੇ ਰੱਖਿਆ ਕਿ ਪਾਇਲਟ ਦੇ ਵਿਭਾਗਾਂ ਲਈ ਕੋਈ ਫ਼ੰਡ ਨਾ ਜਾਰੀ ਕੀਤਾ ਜਾਵੇ, ਇਹ ਵੀ ਕਿ ਪਾਇਲਟ ਨੂੰ ਆਪਣਾ ਅਮਲਾ ਫੈਲਾ ਵੀ ਖ਼ੁਦ ਚੁਣਨ ਦੀ ਇਜਾਜ਼ਤ ਨਹੀਂ ਸੀ। ਇੱਥੋਂ ਤੱਕ ਕਿ ਕਾਂਗਰਸ ਆਲਾ ਕਮਾਨ ਦੀ ਦਖ਼ਲਅੰਦਾਜ਼ੀ ਤੋਂ ਬਾਅਦ ਗਹਿਲੋਤ ਨੇ ਸਚਿਨ ਨੂੰ ਸਵੀਕਾਰ ਕਰ ਲਿਆ ਸੀ ਪਰ ਦਿਲੋਂ ਨਹੀਂ, ਦੂਜੇ ਪਾਸੇ ਸਚਿਨ ਨੇ ਵੀ ਗਹਿਲੋਤ ਨੂੰ ਆਗੂ ਵਜੋਂ ਸਵੀਕਾਰ ਨਹੀਂ ਕੀਤਾ। ਦੂਜੇ ਪਾਸੇ ਭਾਜਪਾ ਦੀ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਸਿੰਧੀਆ ਨੂੰ ਵੀ ਆਲਾ ਕਮਾਨ ਤੇ ਸੂਬਾ ਭਾਜਪਾ ਮੁਖੀ ਸਤੀਸ਼ ਪੂਨੀਆ ਵੱਲੋਂ ਨਜ਼ਰਅੰਦਾਜ਼ ਕੀਤਾ ਗਿਆ ਤੇ ਕੇਂਦਰੀ ਮੰਤਰੀ ਗਜੇਂਦਰ ਸ਼ੇਖਾਵਤ ਨੂੰ ਇਹ ਕੰਮ ਸੌਂਪਿਆ ਕਿ ਰਾਜਸਥਾਨ ਵਿਚ ਕਾਂਗਰਸ ਸਰਕਾਰ ਡੇਗ ਦਿੱਤੀ ਜਾਵੇ। ਨਤੀਜੇ ਵਜੋਂ, ਪੂਨੀਆ ਤੇ ਗਜੇਂਦਰ ਸਿੰਘ ਵੱਲੋਂ ਚੁੱਕੇ ਕਦਮਾਂ ਵਿਚ ਵਸੁੰਧਰਾ ਰਾਜੇ ਵੱਲੋਂ ਅੜਿੱਕੇ ਡਾਹੇ ਗਏ। ਗਹਿਲੋਤ ਨੂੰ ਭਰੋਸਾ ਸੀ ਕਿ ਜੇਕਰ ਪਾਇਲਟ ਅਤੇ ਉਨਾਂ ਦੇ ਸਮਰਥਕ ਵਿਧਾਇਕ ਉਨਾਂ ਦਾ ਸਾਥ ਛੱਡ ਵੀ ਦੇਣ ਤਾਂ ਵੀ ਵਸੁੰਧਰਾ ਨਾਲ ਨੇੜਤਾ ਕਾਰਨ ਉਹ ਵਿਸ਼ਵਾਸ ਮਤ ਜਿੱਤਣ ਵਿਚ ਕਾਮਯਾਬ ਹੋ ਜਾਣਗੇ।

**ਬਿਹਾਰ ਵਿਚ ਸਭ ਠੀਕ ਨਹੀਂ**

ਬਿਹਾਰ ਵਿਧਾਨ ਸਭਾ ਚੋਣਾਂ ਦੀ ਤਰੀਕ ਅਜੇ ਐਲਾਨੀ ਨਹੀਂ ਗਈ ਪਰ ਸਾਰੇ ਸਿਆਸਤਦਾਨ ਤਿਆਰੀਆਂ ਵਿਚ ਰੁੱਝੇ ਹੋਏ ਹਨ। ਵਿਰੋਧੀ ਧਿਰਾਂ ਦੇ ਮੁਕਾਬਲੇ ਸੱਤਾਧਾਰੀ ਪਾਰਟੀ, ਖ਼ਾਸ ਤੌਰ 'ਤੇ ਜੇ.ਡੀ.(ਯੂ) ਜ਼ਿਆਦਾ ਸਰਗਰਮ ਜਾਪਦੀ ਹੈ। ਇਸੇ ਸਮੇਂ ਦੌਰਾਨ ਵਿਰੋਧੀ ਗੱਠਜੋੜ ਭਾਈਵਾਲ ਇਕ ਦੂਜੇ ਨਾਲ ਲੜ ਰਹੇ ਹਨ ਖ਼ਾਸ ਤੌਰ 'ਤੇ ਲੋਕ ਜਨਸ਼ਕਤੀ ਪਾਰਟੀ ਦੇ ਰਾਮ ਵਿਲਾਸ ਪਾਸਵਾਨ ਤੇ ਜੇ.ਡੀ.(ਯੂ)। ਜੇ.ਡੀ.(ਯੂ) ਫ਼ਿਲਹਾਲ ਐਲ. ਜੇ.ਪੀ. ਨੂੰ ਆਪਣੇ ਗੱਠਜੋੜ ਵਿਚ ਸਵੀਕਾਰ ਕਰਨ ਲਈ ਤਿਆਰ ਨਹੀਂ ਹੈ ਅਤੇ ਸੰਸਦ ਮੈਂਬਰ ਚਿਰਾਗ਼ ਪਾਸਵਾਨ ਮੁੱਖ ਮੰਤਰੀ ਨਿਤਿਸ਼ ਦੀ ਆਲੋਚਨਾ ਕਰ ਰਹੇ ਹਨ ਅਤੇ ਉਦੋਂ ਤੱਕ ਵਿਧਾਨ ਸਭਾ ਚੋਣਾਂ ਨਹੀਂ ਚਾਹੁੰਦੇ ਜਦੋਂ ਤੱਕ ਕੋਵਿਡ-19 ਦਾ ਖ਼ਾਤਮਾ ਨਹੀਂ ਹੋ ਜਾਂਦਾ ਪਰ ਨਿਤਿਸ਼ ਮਿਥੇ ਸਮੇਂ 'ਤੇ ਚੋਣਾਂ ਚਾਹੁੰਦੇ ਹਨ। ਦੂਜੇ ਪਾਸੇ ਭਾਜਪਾ ਨੇ ਸਪਸ਼ਟ ਕਰ ਦਿੱਤਾ ਹੈ ਕਿ ਨਿਤਿਸ਼ ਹੀ ਗੱਠਜੋੜ ਦਾ ਮੁੱਖ ਮੰਤਰੀ ਚਿਹਰਾ ਹੋਣਗੇ। ਚਿਰਾਗ਼ ਪਾਸਵਾਨ ਵੀ ਮੁੱਖ ਮੰਤਰੀ ਬਣਨ ਦੇ ਚਾਹਵਾਨ ਹਨ ਅਤੇ ਉਨਾਂ ਨੇ ਐਲਾਨ ਕੀਤਾ ਹੈ ਕਿ ਭਾਜਪਾ ਨੇ ਉਨਾਂ ਨੂੰ ਭਰੋਸਾ ਦਿੱਤਾ ਹੈ ਕਿ ਐਲ.ਜੇ.ਪੀ. 243 ਵਿਚੋਂ 42 ਸੀਟਾਂ 'ਤੇ ਚੋਣ ਲੜੇਗੀ।

## ਭਾਰਤ 'ਚ ਮਨੁੱਖੀ ਅਧਿਕਾਰਾਂ...

ਕਈਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਕਈਆਂ ਨੂੰ ਸੰਮਨ ਅਤੇ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਹਨ। ਹੁਣੇ ਜਿਹੇ ਉੱਤਰ-ਪੂਰਬੀ ਦਿੱਲੀ ਵਿੱਚ ਤਿੰਨ ਕਾਰਵਾਂ ਪੱਤਰਕਾਰਾਂ ਉੱਤੇ ਇੱਕ ਭੀੜ ਨੇ ਹਮਲਾ ਕੀਤਾ ਸੀ ਤੇ ਪੱਤਰਕਾਰ ਬੀਬੀ ਨਾਲ ਅਸ਼ਲੀਲ ਹਰਕਤਾਂ ਕਰਕੇ ਜ਼ਲੀਲ ਵੀ ਕੀਤਾ। ਪਰ ਪੁਲੀਸ ਨੇ ਕੋਈ ਕਾਰਵਾਈ ਨਹੀਂ ਕੀਤੀ। ਸਿਟੀਜ਼ਨਸ਼ਿਪ ਸੋਧ ਐਕਟ ਦੇ ਵਿਰੁੱਧ ਅੰਦੋਲਨ ਵਿਚ ਹਿੱਸਾ ਲੈਣ ਵਾਲੇ ਗੁਲਫਿਸਾਂ ਫਾਤਿਮਾ, ਸਫੂਰਾ ਜਰਜਰ, ਦੇਵਾਨਗਾਨਾ ਕਾਲੀਤਾ, ਨਤਾਸ਼ਾ ਨਰਵਾਲ ਅਤੇ ਹੋਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਬੁੱਧੀਜੀਵੀਆਂ ਅਤੇ ਸਮਾਜ ਸੇਵਕਾਂ ਜਿਵੇਂ ਹਰਸ਼ ਮੰਡੇਰ, ਅਪੁਰਵਾਨੰਦ, ਯੋਗੇਂਦਰ ਯਾਦਵ ਆਦਿ ਨੂੰ ਪੁਲੀਸ ਰਾਹੀਂ ਧਮਕਾਇਆ ਜਾ ਰਿਹਾ ਹੈ। ਫਿਰ ਅਜ਼ਾਦੀ ਕਿਵੇਂ ਕਾਇਮ ਰੱਖੀ ਜਾ ਸਕਦੀ ਹੈ? ਇਹ ਵਰਤਾਰਾ ਭਾਰਤ ਦੀ ਸਾਂਝੀ ਵਿਰਾਸਤ ਦੀ ਮੂਲ ਭਾਵਨਾ ਦੇ ਉਲਟ ਹੈ। ਲੋੜ ਆਜ਼ਾਦੀ ਨੂੰ ਬਚਾਉਣ ਦੀ ਹੈ ਤੇ ਵੰਨ-ਸੁਵੰਨੀ ਸਭਿਅਤਾ ਨੂੰ ਕਾਇਮ ਰੱਖਿਆ ਜਾਣਾ ਚਾਹੀਦਾ ਹੈ।

## ਆਹਲੂਵਾਲੀਆ ਦੀ ਰਿਪੋਰਟ...

ਮਾਹਿਰਾਂ ਦੇ ਗਰੁੱਪ ਵੱਲੋਂ ਕਾਰਪੋਰੇਟ ਸੈਕਟਰ ਅਤੇ ਸਨਅਤਕਾਰਾਂ ਦੀਆਂ ਝੋਲੀਆਂ ਭਰਨ ਲਈ ਕੰਟਰੈਕਟ ਫਾਰਮਿੰਗ ਤਹਿਤ ਬੀਜ ਕੰਪਨੀ ਨੂੰ ਕੰਮ ਕਰਨ ਦੀ ਖੁੱਲ ਦੇਣ ਦੀ ਸਿਫ਼ਾਰਸ਼ ਕੀਤੀ ਹੈ। ਕੀ ਕਿਸਾਨ 500 ਏਕੜ ਜਾਂ 1000 ਏਕੜ ਦੀ ਇਕੱਠੇ ਹੋ ਕੇ ਫਾਰਮਿੰਗ ਕਰਨ ਦੇ ਸਮਰੱਥ ਹੈ? ਇਹ ਸਮਰੱਥਾ ਸਿਰਫ਼ ਕਾਰਪੋਰੇਟ ਸੈਕਟਰ ਕੋਲ ਹੈ, ਜੋ ਕਿਸਾਨਾਂ ਤੋਂ ਉਨਾਂ ਦੀ ਜ਼ਮੀਨ ਲੈ ਕੇ ਖੇਤ ਕਾਮੇ ਬਣਨ ਲਈ ਉਨਾਂ ਨੂੰ ਮਜਬੂਰ ਕਰ ਦੇਣਗੇ ਅਤੇ ਆਪ ਵੱਡਾ ਨਫ਼ਾ ਕਮਾਉਣਗੇ। ਪੰਜਾਬ ਦੇ ਕਿਸਾਨ ਕੋਲ ਤਾਂ ਪਹਿਲਾਂ ਹੀ ਛੋਟਾ ਰਕਬਾ ਹੈ, ਜਿਸ ਉੱਤੇ ਖੇਤੀ ਕਰਕੇ ਉਹ ਆਪਣਾ ਨਿਬੇੜਾ ਕਰਦਾ ਹੈ। ਇੰਜ ਕੀ ਇਹ ਰਿਪੋਰਟ ਕਿਸਾਨਾਂ ਪੱਖੀ ਸਿਫ਼ਾਰਸ਼ ਦੀ ਥਾਂ ਸਨਅਤਕਾਰ ਪੱਖੀ ਨਹੀਂ ਹੈ? ਵਪਾਰੀਕਰਨ, ਨਿੱਜੀਕਰਨ ਵੱਲ ਵਧਦੇ ਕੇਂਦਰ ਸਰਕਾਰ ਦੇ ਕਦਮਾਂ ਨੂੰ ਪੰਜਾਬ 'ਚ ਪੱਕੇ ਪੈਰੀਂ ਕਰਨ ਲਈ ਜਿੱਥੇ ਇਸ ਕਮੇਟੀ ਨੇ ਕੇਂਦਰੀ ਕਿਸਾਨ ਆਰਡੀਨੈਂਸ ਲਾਗੂ ਕਰਨ ਦੀ ਵਕਾਲਤ ਕੀਤੀ ਹੈ, ਉੱਥੇ ਵੱਡੇ ਸ਼ਹਿਰਾਂ ਵਿਚ ਬਿਜਲੀ ਵੰਡ ਕੰਮ ਪ੍ਰਾਈਵੇਟ ਹੱਥਾਂ 'ਚ ਦੇਣ ਅਤੇ ਸਨਅਤਕਾਰਾਂ ਨੂੰ ਵਨ ਪਾਰਟ ਟੈਰਿਫ਼ ਦੇਣ ਦੀ ਸਿਫ਼ਾਰਸ਼ ਕਰਕੇ ਉਨਾਂ ਦਾ ਪੱਖ ਪੂਰਿਆ ਹੈ ਤੇ ਫਿਕਸਡ ਚਾਰਜਿਜ਼ ਦੀ 1500 ਕਰੋੜ ਸਲਾਨਾ ਦੀ ਰਾਸ਼ੀ ਦਾ ਭਾਰ ਦੂਜੇ ਖਪਤਕਾਰਾਂ ਉੱਤੇ ਪਾਉਣ ਦੀ ਸਿਫ਼ਾਰਸ਼ ਹੈ। ਪੰਜਾਬ ਦੀ ਕਾਂਗਰਸ ਸਰਕਾਰ ਪੰਜਾਬ ਦੇ ਕਿਸਾਨਾਂ ਦੇ ਨਾਲ ਖੜੋਨ ਦੀ ਗੱਲ ਕਰਦੀ ਹੈ। ਉਹ ਅਕਾਲੀ-ਭਾਜਪਾ ਪਾਰਟੀਆਂ ਉੱਤੇ ਤਿੰਨ ਕਿਸਾਨ ਆਰਡੀਨੈਂਸਾਂ ਦੇ ਹੱਕ 'ਚ ਖੜੇ ਹੋਣ ਦਾ ਵਿਰੋਧ ਵੀ ਕਰਦੀ ਹੈ। ਕੀ ਕੇਂਦਰ ਸਰਕਾਰ ਦੇ ਕਿਸਾਨ ਮਾਰੂ ਇਹਨਾਂ ਆਰਡੀਨੈਂਸਾਂ ਦੇ ਵਿਰੋਧ 'ਚ ਪੰਜਾਬ ਸਰਕਾਰ ਖੜੀ ਰਹੇਗੀ? ਤਿੰਨ ਕਿਸਾਨ ਆਰਡੀਨੈਂਸ, ਜੋ ਪੰਜਾਬ ਨੂੰ ਤਬਾਹੀ ਵੱਲ ਧੱਕਣ ਦਾ ਵੱਡਾ ਯਤਨ ਹਨ, ਇਹਨਾਂ ਦਾ ਪੰਜਾਬ 'ਚ ਹਰ ਪਾਸੇ ਵਿਰੋਧ ਹੋ ਰਿਹਾ ਹੈ। ਕੀ ਪੰਜਾਬ ਸਰਕਾਰ ਲੋਕਾਂ ਨਾਲ ਖੜੇ ਨਾ ਰਹਿ ਕੇ ਤੇ ਆਹਲੂਵਾਲੀਆ ਕਮੇਟੀ ਦੀਆਂ ਸਿਫ਼ਾਰਸ਼ਾਂ ਲਾਗੂ ਕਰਕੇ ਉਨਾਂ ਦੀ ਆਪਣੀ ਪਾਰਟੀ ਦੇ ਪੈਰੀਂ ਕੁਹਾੜਾ ਨਹੀਂ ਮਾਰੇਗੀ? ਪੰਜਾਬ ਦੇ ਮੁਲਾਜ਼ਮ, ਪਹਿਲਾਂ ਹੀ ਪੰਜਾਬ ਦੀ ਸਰਕਾਰ ਤੋਂ ਖ਼ਫ਼ਾ ਹਨ। ਨਿੱਤ ਮੁਜ਼ਾਹਰੇ ਹੋ ਰਹੇ ਹਨ। ਕੇਂਦਰੀ ਸਰਕਾਰ ਦੇ ਮੁਲਾਜ਼ਮਾਂ ਦੀ ਸਕੇਲ ਤਰਜ਼ ਤਹਿਤ ਪਹਿਲਾਂ ਹੀ ਪੰਜਾਬ ਸਰਕਾਰ ਨਵੀਂ ਭਰਤੀ ਕਰ ਰਹੀ ਹੈ, ਪਰ ਜੇਕਰ ਗਰੁੱਪ ਦੇ ਸੁਝਾਅ ਅਨੁਸਾਰ ਸੂਬੇ ਦੇ ਮੁਲਾਜ਼ਮਾਂ ਦੀਆਂ ਕੇਂਦਰੀ ਸਰਕਾਰ ਦੀਆਂ ਤਨਖ਼ਾਹਾਂ ਘੱਟ ਕੀਤੀਆਂ ਗਈਆਂ, ਮਹਿੰਗਾਈ ਭੱਤਾ ਫਰੀਜ਼ ਕਰ ਦਿੱਤਾ ਗਿਆ ਤਾਂ ਸੂਬੇ ਦੇ ਮੁਲਾਜ਼ਮਾਂ 'ਚ ਹੋਰ ਰੋਸ ਵਧੇਗਾ ਤੇ ਕਰੋਨਾ ਕਾਲ 'ਚ ਪਹਿਲਾਂ ਹੀ ਪ੍ਰਭਾਵਿਤ ਹੋਏ ਸਰਕਾਰੀ ਕੰਮਕਾਜ 'ਚ ਹੋਰ ਵੀ ਵਿਘਨ ਪਏਗਾ। ਆਹਲੂਵਾਲੀਆ ਕਮੇਟੀ ਦੀ ਇਹ ਸਿਫ਼ਾਰਸ਼ ਵੀ ਜੇਕਰ ਮੰਨ ਲਈ ਜਾਂਦੀ ਹੈ ਕਿ ਪੁਲਿਸ ਦੀ ਨਫ਼ਰੀ ਪੰਜਾਬ 'ਚ ਅਬਾਦੀ ਅਨੁਪਾਤ ਅਨੁਸਾਰ ਵੱਧ ਹੈ ਤਾਂ "ਕਾਨੂੰਨ ਵਿਵਸਥਾ" ਕਾਇਮ ਰੱਖਣ ਲਈ ਪਹਿਲਾਂ ਹੀ ਔਖਿਆਈਆਂ ਝੱਲ ਰਹੇ ਇਸ ਵਿਭਾਗ ਨੂੰ ਹੋਰ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਏਗਾ। ਕੁਝ ਨੌਜਵਾਨ ਜਿਹੜੇ ਪੁਲਿਸ ਅਤੇ ਹੋਰ ਮਹਿਕਮਿਆਂ 'ਚ ਰੁਜ਼ਗਾਰ ਪ੍ਰਾਪਤ ਕਰਕੇ ਸੂਬੇ 'ਚ ਸੇਵਾ ਨਿਭਾਉਂਦੇ ਹਨ, ਤਾਂ ਕੀ ਉਨਾਂ ਵਿਚ ਪ੍ਰਵਾਸ ਦੀ ਹੋੜ ਹੋਰ ਵੀ ਤਿੱਖੀ ਨਹੀਂ ਹੋਵੇਗੀ? ਉਹ ਪੰਜਾਬ ਛੱਡ ਕੇ ਪ੍ਰਦੇਸ਼ ਜਾਣ ਲਈ ਮਜਬੂਰ ਨਹੀਂ ਹੋਣਗੇ? ਪੰਜਾਬ ਖੇਤੀ ਖੇਤਰ 'ਚ ਮੋਹਰੀ ਰੋਲ ਅਦਾ ਕਰ ਰਿਹਾ ਹੈ। ਪੰਜਾਬ ਦੀ ਕੁਲ ਧਰਤੀ ਦਾ 82ਫ਼ੀਸਦੀ ਖੇਤੀ ਅਧੀਨ ਹੈ ਜਦਕਿ ਰਾਸ਼ਟਰੀ ਪੱਧਰ ਤੇ 40ਫ਼ੀਸਦੀ ਜ਼ਮੀਨ ਖੇਤੀ ਯੋਗ ਹੈ। ਸਾਲ 2019-20 'ਚ ਕੀਤੇ ਇਕ ਸਰਵੇ ਅਨੁਸਾਰ ਪੰਜਾਬ ਦੀ ਧਰਤੀ ਨੇ 31.53 ਮਿਲੀਅਨ ਮੀਟਰਿਕ ਟਨ ਅਨਾਜ ਪੈਦਾ ਕੀਤਾ। ਕੁਲ ਮਿਲਾ 7342 ਮੀਟਰਕ ਟਨ ਫਲ ਪੈਦਾ ਕੀਤੇ। ਪੰਜਾਬ ਪੂਰੇ ਦੇਸ਼ ਵਿਚ ਗਰਮ ਕੱਪੜਿਆਂ ਦੀ ਪੈਦਾਵਾਰ ਦਾ 95ਫ਼ੀਸਦੀ, ਸਿਲਾਈ ਮਸ਼ੀਨਾਂ ਦਾ 85ਫ਼ੀਸਦੀ ਤੇ ਖੇਡਾਂ ਦੇ ਸਮਾਨ ਦਾ 75ਫ਼ੀਸਦੀ ਪੈਦਾ ਕਰਦਾ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਪੰਜਾਬ ਦੀ ਆਰਥਿਕਤਾ ਅਸਥਿਰ ਬਣੀ ਹੋਈ ਹੈ, ਕਿਉਂਕਿ ਕੇਂਦਰ ਸਰਕਾਰ ਦਾ ਪੰਜਾਬ ਸਬੰਧੀ ਵਤੀਰਾ ਸਦਾ ਮਤਰੇਆ ਰਿਹਾ ਹੈ। ਇੱਥੇ ਕੋਈ ਵੱਡੀ ਇੰਡਸਟਰੀ ਨਹੀਂ ਲਗਾਈ ਗਈ। ਖੇਤੀ ਖੇਤਰ ਨੂੰ ਨਰੋਆ ਬਣਾਉਣ ਲਈ ਕੋਈ ਸਾਰਥਿਕ ਕਦਮ ਨਹੀਂ ਪੁੱਟੇ ਗਏ ਸਗੋਂ ਹਰੇ ਇਨਕਲਾਬ ਤੋਂ ਬਾਅਦ ਪੰਜਾਬ ਦੀ ਉਪਜਾਊ ਧਰਤੀ ਦਾ ਨਾਸ ਮਾਰਿਆ ਗਿਆ ਹੈ। ਇੱਥੇ ਖਾਦਾਂ, ਕੀਟਨਾਸ਼ਕਾਂ ਦਵਾਈਆਂ ਦੇ ਵੱਧ ਪੈਦਾਵਾਰ ਪ੍ਰਾਪਤ ਕਰਨ ਦੀ ਹੋੜ ਨਾਲ ਵਾਤਾਵਰਨ ਦੂਸ਼ਿਤ ਹੋਇਆ। ਪੰਜਾਬ ਦੇ ਜ਼ਮੀਨੀ ਪਾਣੀ ਦਾ ਪੱਧਰ ਨਿੱਤ ਸਾਲ ਨੀਵਾਂ ਗਿਆ। ਖੇਤੀ ਮਹਿੰਗੀ ਹੁੰਦੀ ਗਈ। ਛੋਟਾ ਕਿਸਾਨ ਮਹਿੰਗੀ ਖੇਤੀ ਕਾਰਨ ਖੇਤੀ ਛੱਡਣ 'ਤੇ ਮਜਬੂਰ ਹੋਇਆ। ਖੇਤ ਮਜ਼ਦੂਰਾਂ ਦੀ ਪਿੰਡਾਂ 'ਚ ਹਾਲਤ 'ਚ ਨਿਘਾਰ ਆਇਆ। ਉੱਪਰੋਂ ਨਿੱਤ ਨਵੇਂ ਕਿਸਾਨ ਵਿਰੋਧੀ ਆਰਡੀਨੈਂਸਾਂ ਨੇ ਕਿਸਾਨਾਂ ਲਈ ਔਕੜਾਂ ਪੈਦਾ ਕੀਤੀਆਂ। ਕਦੇ ਕਿਸਾਨ ਦੀ ਆਮਦਨ ਦੁੱਗਣੀ ਕਰਨ, ਕਦੇ ਰਾਸ਼ਟਰੀ ਮੰਡੀਆਂ 'ਚ ਅਨਾਜ ਵੇਚਣ ਲਈ ਖੁੱਲੀ ਮੰਡੀ ਵਰਗੇ 'ਮ੍ਰਿਗਤ੍ਰਿਸ਼ਨਾਮਈ' ਨਾਅਰੇ ਤੇ ਕਾਰੇ ਕਿਸਾਨ ਦਾ ਲੱਕ ਤੋੜਨ (ਕਾਰਪੋਰੇਟ ਸੈਕਟਰ ਦੀਆਂ ਝੋਲੀਆਂ ਭਰਨ ਵਾਲੇ) ਵਾਲੇ ਲਗਾਏ ਜਾ ਰਹੇ ਹਨ। ਬਿਜਲੀ ਸਹੂਲਤ ਉਨਾਂ ਤੋਂ ਖੋਹੀ ਜਾ ਰਹੀ ਹੈ। ਸਬਸਿਡੀਆਂ ਖ਼ਤਮ ਕਰਨ ਵੱਲ ਅੱਗੇ ਵਧਿਆ ਜਾ ਰਿਹਾ ਹੈ ਅਤੇ ਪੰਜਾਬ ਦੀ ਸਰਕਾਰ ਵੀ ਕੇਂਦਰ ਸਰਕਾਰ ਦਾ ਹੱਥ-ਠੋਕਾ ਬਣ ਕੇ ਨਿੱਜੀਕਰਨ ਵਪਾਰੀਕਰਨ ਦੀਆਂ ਨੀਤੀਆਂ ਨੂੰ ਆਪਣਾ ਖ਼ਜ਼ਾਨਾ ਭਰਨ ਦਾ ਅਧਾਰ ਬਣਾ ਰਹੀ ਹੈ। ਜੇਕਰ ਆਹਲੂਵਾਲੀਆ ਕਮੇਟੀ ਦੀਆਂ ਰਿਪੋਰਟਾਂ ਨੂੰ ਪ੍ਰਵਾਨ ਕੀਤਾ ਜਾਂਦਾ ਹੈ ਤਾਂ ਇਹ ਪੰਜਾਬ ਦੀ ਆਰਥਿਕਤਾ ਦੀ ਤਬਾਹੀ ਤਾਂ ਹੋਏਗਾ ਹੀ ਲੋਕ ਮਾਰੂ ਵੀ ਸਿੱਧ ਹੋਏਗਾ।

## "ਭਾਈ ਢੱਡਰੀਆਂ ਵਾਲੇ ਦਾ...

ਸਿੱਖ ਪੰਥ ਦੀ ਧਾਰਮਿਕ ਤੇ ਵਿੱਦਿਅਕ ਸੰਸਥਾ ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਵਿਚ ਮੈਂਬਰ ਭਰਤੀ ਕਰਨ ਸਮੇਂ ਓ-ਫਾਰਮ ਸੰਬੰਧੀ ਅੰਮ੍ਰਿਤ ਛਕੇ ਜਾਂ ਨਾ ਛਕੇ ਹੋਣ ਬਾਰੇ ਜਾਣਕਾਰੀ ਮੰਗੀ ਗਈ ਸੀ. ਵਾਰ-ਵਾਰ ਪੱਤ੍ਰਿਕਾਵਾਂ ਭੇਜਣ 'ਤੇ ਵੀ ਇਨਾਂ ਵੱਲੋਂ ਜਾਣਕਾਰੀ ਨਹੀਂ ਭੇਜੀ ਗਈ। ਇਸ ਸੰਬੰਧੀ ਇਕੱਤਰਤਾ ਵਿਚ ਵਿਚਾਰ ਕਰਨ ਉਪਰੰਤ ਫ਼ੈਸਲਾ ਹੋਇਆ ਕਿ ਪ੍ਰਧਾਨ ਤੇ ਅਹੁਦੇਦਾਰ ਸੰਬੰਧਿਤ ਜਾਣਕਾਰੀ ਲੈ ਕੇ ਖ਼ੁਦ 19 ਸਤੰਬਰ (ਸ਼ੁੱਕਰਵਾਰ) ਨੂੰ ਅਕਾਲ ਤਖ਼ਤ ਸਾਹਿਬ ਵਿਖੇ ਸਵੇਰੇ 10 ਵਜੇ ਹਾਜ਼ਰ ਹੋਣ।

**ਆਰਤੀ ਗੁਰਦੁਆਰੇ ਦੇ ਵਿਵਾਦ ਬਾਰੇ**

ਬਾਬਾ ਸ਼ਮਸ਼ੇਰ ਸਿੰਘ ਨਾਮੀ ਵਿਅਕਤੀ ਨੇ ਜਗਨਨਾਥ ਪੁਰੀ ਉੜੀਸਾ ਵਿਖੇ ਗੁਰਦੁਆਰਾ ਸਾਹਿਬ ਬਣਾਇਆ, ਜਿਸ ਦਾ ਨਾਮ ਆਰਤੀ ਸਾਹਿਬ ਰੱਖਿਆ, ਜਦ ਕਿ ਇਹ ਉਹ ਅਸਥਾਨ ਨਹੀਂ, ਜਿੱਥੇ ਗੁਰੂ ਨਾਨਕ ਦੇਵ ਜੀ ਨੇ ਆਰਤੀ ਉਚਾਰੀ ਸੀ। ਪਹਿਲਾਂ ਵੀ ਇਸ ਨੂੰ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਹਰਿਮੰਦਰ ਪਟਨਾ ਸਾਹਿਬ ਵੱਲੋਂ ਜ਼ੁਬਾਨੀ ਆਦੇਸ਼ ਕੀਤਾ ਗਿਆ ਸੀ ਕਿ ਇਸ ਗੁਰਦੁਆਰਾ ਸਾਹਿਬ ਦਾ ਨਾਂ ਤਬਦੀਲ ਕੀਤਾ ਜਾਵੇ, ਪਰੰਤੂ ਇਸ ਨੇ ਕੋਈ ਅਮਲ ਨਹੀਂ ਕੀਤਾ, ਇਸ ਸੰਬੰਧੀ ਇਕੱਤਰਤਾ ਵਿਚ ਵਿਚਾਰ ਕਰਨ ਉਪਰੰਤ ਫ਼ੈਸਲਾ ਹੋਇਆ ਕਿ ਬਾਬਾ ਸ਼ਮਸ਼ੇਰ ਸਿੰਘ ਇੱਕ ਮਹੀਨੇ ਦੇ ਅੰਦਰ-ਅੰਦਰ ਗੁਰਦੁਆਰਾ ਸਾਹਿਬ ਦਾ ਨਾਂਅ ਤਬਦੀਲ ਕਰਕੇ ਜਾਣਕਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜੇ, ਨਹੀਂ ਤਾਂ ਅਗਲੀ ਇਕੱਤਰਤਾ ਵਿਚ ਗੁਰਮਤਿ ਅਨੁਸਾਰ ਬਾਬਾ ਸ਼ਮਸ਼ੇਰ ਸਿੰਘ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ।

**ਲੰਗਾਹ ਬਾਰੇ ਜਥੇਦਾਰ ਸਖ਼ਤ**

ਅਕਾਲੀ ਆਗੂ ਤੇ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਬਾਰੇ ਜਥੇਦਾਰ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਵੱਲੋਂ ਉਸ ਨੂੰ ਕੋਈ ਮੁਆਫ਼ੀ ਨਹੀਂ ਦਿੱਤੀ ਗਈ ਤੇ ਅਕਾਲ ਤਖ਼ਤ ਤੋਂ ਜਾਰੀ ਹੋਏ ਹੁਕਮਨਾਮੇ ਅਨੁਸਾਰ ਸੰਗਤਾਂ ਉਸ ਨਾਲ ਕਿਸੇ ਕਿਸਮ ਦੀ ਮਿਲਵਰਤਨ ਨਾ ਰੱਖਣ। ਵਰਨਣਯੋਗ ਹੈ ਕਿ ਸੁੱਚਾ ਸਿੰਘ ਲੰਗਾਹ ਦੇ ਫ਼ਰਜ਼ੰਦ ਤੇ ਅਕਾਲੀ ਆਗੂ ਸੁਖਵਿੰਦਰ ਸਿੰਘ ਲੰਗਾਹ ਵੱਲੋਂ ਸੁੱਚਾ ਸਿੰਘ ਲੰਗਾਹ ਨੂੰ ਲੱਗੀ ਤਨਖ਼ਾਹ ਤੇ ਖਿਮਾ ਯਾਚਨਾ ਦਾ ਪੱਤਰ ਅਕਾਲ ਤਖ਼ਤ 'ਤੇ ਪੇਸ਼ ਕੀਤਾ, ਜਿਸ ਨੂੰ ਜਥੇਦਾਰ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ।

ਤਖ਼ਤ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ ਅਯੁੱਧਿਆ ਵਿਖੇ ਹੋਏ ਰਾਮ ਮੰਦਰ ਦੇ ਨੀਂਹ ਰੱਖਣ ਸਮੇਂ ਸਿੱਖਾਂ ਨੂੰ ਲਵ ਕੁਸ਼ ਦੀ ਔਲਾਦ ਦੱਸਣ ਦੇ ਦਿੱਤੇ ਬਿਆਨ ਨਾਲ ਅਸਹਿਮਤੀ ਜਿਤਾਉਂਦਿਆਂ ਜਥੇਦਾਰ ਨੇ ਕਿਹਾ ਕਿ ਸਿੱਖ ਇੱਕ ਵੱਖਰੀ ਕੌਮ ਸੀ, ਹੈ ਅਤੇ ਰਹੇਗੀ, ਇਸ ਸੰਬੰਧੀ ਸਿੱਖਾਂ ਨੂੰ ਕਿਸੇ ਕੋਲੋਂ ਕੋਈ ਸਰਟੀਫਿਕੇਟ ਲੈਣ ਦੀ ਲੋੜ ਨਹੀਂ ਅਤੇ ਗਿਆਨੀ ਇਕਬਾਲ ਸਿੰਘ ਦੇ ਬਿਆਨ ਵੱਲ ਸੰਗਤਾਂ ਧਿਆਨ ਨਾ ਦੇਣ।

ਸੁੱਚਾ ਸਿੰਘ ਲੰਗਾਹ ਵੱਲੋਂ ਕੀਤੇ ਗਏ ਮੁਆਫ਼ੀ ਦੇ ਪਰਪੰਚ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਣ ਵਾਲੇ ਪ੍ਰੋ. ਸਰਚਾਂਦ ਸਿੰਘ ਵੱਲੋਂ ਦਿੱਤੇ ਗਏ ਸਪਸ਼ਟੀਕਰਨ 'ਤੇ ਅਸੰਤੁਸ਼ਟੀ ਪ੍ਰਗਟ ਕਰਦਿਆਂ ਜਥੇਦਾਰ ਨੇ ਹਦਾਇਤ ਕੀਤੀ ਕਿ ਉਹ ਆਪਣਾ ਸਪਸ਼ਟੀਕਰਨ ਵਲ-ਫਰੇਬ ਵਾਲਾ ਨਹੀਂ, ਸਗੋਂ ਸਪਸ਼ਟ ਪੇਸ਼ ਕਰੇ, ਨਹੀਂ ਤਾਂ ਅਗਲੀ 19 ਸਤੰਬਰ ਨੂੰ ਹੋਣ ਵਾਲੀ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

**ਗ੍ਰਿ.ਫਤਾਰ ਸਿੱਖ ਨੌਜਵਾਨਾਂ ਦੀ ਨਿੰਦਾ**

ਪਿਛਲੇ ਦਿਨੀਂ ਗੁਰਦੁਆਰਾ ਸਾਹਿਬਾਨਾਂ ਵਿਚ ਅਰਦਾਸ ਕਰਨ ਵਾਲੇ ਕੁਝ ਸਿੱਖ ਨੌਜਵਾਨਾਂ ਨੂੰ ਸਰਕਾਰ ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਪੰਜ ਸਿੰਘ ਸਾਹਿਬਾਨ ਨੇ ਕਿਹਾ ਕਿ ਸਰਕਾਰ ਦੀ ਇਹ ਕਾਰਵਾਈ ਪੂਰੀ ਤਰਾਂ ਗ਼ਲਤ ਹੈ, ਕਿਉਂਕਿ ਸਿੱਖ ਪੰਥ ਵਿੱਚ ਅਰਦਾਸ ਦਾ ਵਿਸ਼ੇਸ਼ ਮਹੱਤਵ ਹੈ ਅਤੇ ਅਰਦਾਸ ਕਰਨਾ ਸਿੱਖ ਦਾ ਧਾਰਮਿਕ ਫ਼ਰਜ਼ ਹੈ। ਸਿੱਖ ਹਮੇਸ਼ਾ ਹੀ ਅਰਦਾਸ ਰਾਹੀਂ ਰਾਜ ਕਰੇਗਾ ਖ਼ਾਲਸਾ ਦੇ ਸੰਕਲਪ ਨੂੰ ਦ੍ਰਿੜ ਕਰਦਾ ਹੈ। ਇਸ ਲਈ ਅਰਦਾਸ ਕਰਨਾ ਕੋਈ ਜੁਰਮ ਨਹੀਂ. ਪੈਸੇ ਦੇ ਲਾਲਚ ਵਿਚ ਕੀਤੀ ਜਾਂ ਕਰਵਾਈ ਅਰਦਾਸ ਲਈ ਸਿੱਖ ਪੰਥ ਵਿੱਚ ਕੋਈ ਸਥਾਨ ਨਹੀਂ ਤੇ ਸਿੱਖ ਨੌਜਵਾਨ ਅਜਿਹੇ ਪ੍ਰਚਾਰ ਤੋਂ ਸੁਚੇਤ ਰਹਿਣ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com




cost plus
30 to 80
cents discount

at
TA Petro fuel station




TA TravelCenters of America

PETRO Stopping Centers

We also offer Line of Credit for Fuel Card

Additional Services with our Fuel Card

✓ National Tire Program ✓ PM & Light Mechanical
✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com



SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com